ੴ ਸਤਿਗੁਰ ਪ੍ਰਸਾਦਿ ॥

ਯੋਗ ਰਾਜ ਭਰਥਰੀ ਜੀ ਕ੍ਰਿਤ

# ਵੈਰਾਗ ਸ਼ੱਤਕ ਸਟੀਕ

ਕ੍ਰਿਤ

ਸ੍ਰੀਮਾਨ ਪੰਡਤ ਹਰਦਿਆਲ ਜੀ

ਟੀਕਾਕਾਰ

ਪੰਡਤ ਨਰੈਣ ਸਿੰਘ ਜੀ ਗਿਆਨੀ

ਮਹਾਨ ਵਿਦਵਾਨ ਪੰਡਤ ਨਰੈਣ ਸਿੰਘ ਜੀ ਨੇ ਕਈ ਗ੍ਰੰਥਾਂ ਦੇ ਟੀਕੇ ਕੀਤੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਗਿਆਨੀ, ਮਹਾਂਪੁਰਖ ਲਾਭ ਉਠਾ ਰਹੇ ਸਨ। ਉਹਨਾਂ ਨੇ ਹੀ ਵੈਰਾਗ ਸ਼ੱਤਕ ਦਾ ਟੀਕਾ ਪੰਜਾਬੀ ਵਿਚ ਕੀਤਾ ਹੈ, ਜੋ ਅਸੀਂ ਪਾਠਕਾਂ ਨੂੰ ਪੇਸ਼ ਕਰ ਰਹੇ ਹਾਂ, ਇਹ ਪੜ੍ਹ ਕੇ ਅਨੰਦ ਮਾਣਨ ਅਤੇ ਆਪਣੇ ਜੀਵਨ ਨੂੰ ਪਰਮਾਰਥ ਦੇ ਰਾਹ ਵੱਲ ਤੋਰਨ।

ਪ੍ਰਕਾਸ਼ਕ-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

ISBN 81-7601-715-9

ਨਵੀਂ ਸੋਧੀ ਹੋਈ ਐਡੀਸ਼ਨ ਨਵੰਬਰ 2005

ਭੇਟਾ-200.00

An ISO 9001:2000 Certified Publishing House

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

E-mail csjsexports@vsnl.com,csjs@vsnl.com
Visit our Website www.csjs.com
**ਟੈਲੀ-ਫੈਕਸ (0183) 2542346, 2547974, 2557973**

(Printed in India)

**ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774, 3094012**

ੴ ਸਤਿਗੁਰ ਪ੍ਰਸਾਦਿ

# ਮਹਾਰਾਜਾ ਭਰਥਰੀ ਹਰੀ ਦੀ ਸੰਖੇਪ ਜੀਵਨੀ

ਰਾਜਪੂਤਾਨੇ ਦੇ ਮਾਲਵਾ ਦੇਸ ਦੀ ਉਜੈਨ ਨਗਰੀ ਵਿਚ ਅੱਜ ਤੋਂ ਕੋਈ ਢਾਈ ਕੁ ਹਜ਼ਾਰ ਵਰ੍ਹਾ ਪਹਿਲੋਂ ਦੇ ਸਮੇਂ ਵਿਚ ਜਿਸ ਨੂੰ ਅੱਜਕਲ੍ਹ ਉਜੈਨ ਆਖਦੇ ਹਨ। ਇਕ ਬੜੀ ਉਚੀ ਕੁਲ ਵਾਲਾ ਵਿਦਵਾਨ ਪੰਡਤ, ਨੀਤੀ ਨਿਪੁੰਨ, ਨਯਾਯਸ਼ੀਲ, ਪਰਜਾ ਦਾ ਪਿਆਰਾ ਸਾਰੇ ਗੁਣਾਂ 'ਚ ਸੰਪੰਨ ਰਾਜਾ ਰਾਜ ਕਰਦਾ ਸੀ ਜਿਸ ਦਾ ਸ਼ੁਭ ਨਾਮ ਭਰਥਰੀ ਸੀ। ਰਾਜਾਵਲੀ ਵਿਚ ਇਸ ਦੇ ਪਿਤਾ ਦਾ ਨਾਮ ਰਾਜਾ ਗੰਧ੍ਰਬ ਸੈਨ ਲਿਖਿਆ ਹੈ ਪਰ ਮਾਤਾ ਦਾ ਨਾਮ ਨਹੀਂ ਦੱਸਿਆ ਸਗੋਂ ਲਿਖਿਆ ਹੈ ਕਿ ਇਹ ਇਕ ਦਾਸੀ ਦੇ ਪੇਟੋਂ ਹੋਇਆ ਸੀ।

ਇਸ ਰਾਜੇ ਦੇ ਤਿੰਨ ਚਾਰ ਵਿਆਹ ਹੋ ਚੁੱਕੇ ਸਨ, ਪਰ ਇਕ ਹੋਰ ਰਾਜਕੁਮਾਰੀ ਜੋ ਮਹਾਨ ਸੁੰਦਰੀ ਸੀ। ਉਸ ਦੀ ਕੀਰਤੀ ਇਸ ਨੇ ਸੁਣੀ ਤਾਂ ਇਸ ਨੇ ਉਸ ਨੂੰ ਭੀ ਵਿਆਹ ਲਿਆ, ਉਹ ਸਭ ਤੋਂ ਪਿਛੋਂ ਵਿਆਹੀ ਹੋਈ ਰਾਜਕੁਮਾਰੀ ਦਾ ਨਾਮ ਪਿੰਗਲਾ ਸੀ। ਉਸ ਦੇ ਰੂਪ ਤੇ ਗੁਣਾਂ ਦਾ ਰਾਜੇ ਭਰਥਰੀ ਉਤੇ ਅਜਿਹਾ ਜਾਦੂ ਚੱਲਿਆ ਜੋ ਰਾਜਾ ਉਸ ਦੇ ਮੁੱਲ ਖਰੀਦੇ ਗ਼ੁਲਾਮ ਸਮਾਨ ਹੋ ਗਿਆ। ਜਿਵੇਂ ਨੂਰਜਹਾਂ ਬੇਗਮ ਦਾ ਬਾਦਸ਼ਾਹ ਸ਼ਾਹਜਹਾਂ ਉਤੇ ਹੁਕਮ ਚੱਲਦਾ ਸੀ, ਠੀਕ ਓਹੀ ਦਸ਼ਾ ਮਹਾਰਾਜੇ ਭਰਥਰੀ ਦੀ ਹੋ ਗਈ।

ਰਾਣੀ ਪਿੰਗਲਾ ਦੇ ਹੁਕਮ ਵਿਚ ਜਦ ਰਾਜਾ ਹੀ ਹਾਜ਼ਰ ਸੀ ਤਾਂ ਉਸ ਨੂੰ ਹੋਰ ਕਿਸ ਦਾ ਡਰ ਹੋਣਾ ਸੀ। ਉਹ ਨਿੱਡਰ ਹੋ ਕੇ ਸੁਤੰਤ੍ਰ ਵਿਚਰਨ ਲੱਗੀ ਤੇ ਉਸ ਨੇ ਅਸਤਬਲ ਦੇ ਦਰੋਗੇ ਨਾਲ ਪਿਆਰ ਪਾ ਲਿਆ।

ਰਾਣੀ ਦਾ ਦੇਵਰ ਅਤੇ ਮਹਾਰਾਜੇ ਭਰਥਰੀ ਜੀ ਦਾ ਇਕ ਛੋਟਾ ਭਰਾ ਸੀ, ਜੋ ਆਪਣੇ ਵੱਡੇ ਭਰਾ ਨੂੰ ਪਿਤਾ ਸਮਾਨ ਜਾਣਦਾ ਤੇ ਰਾਣੀ ਨੂੰ ਆਪਣੀ ਮਾਤਾ ਸਮਾਨ ਸਮਝਦਾ ਸੀ। ਉਹ ਉਹਨਾਂ ਦੀ ਹਰ ਤਰ੍ਹਾਂ ਦੀ ਆਗਿਆ ਦਾ ਪਾਲਣ ਕਰਦਾ ਸੀ। ਮਹਾਰਾਜੇ ਨੇ ਇਸ ਨੂੰ ਪ੍ਰਧਾਨ ਮੰਤਰੀ ਦੀ ਜਗ੍ਹਾ ਦਿੱਤੀ ਹੋਈ ਸੀ ਤੇ ਇਹ ਆਪਣੇ ਕੰਮ ਨੂੰ ਪੂਰੀ-ਪੂਰੀ ਯੋਗਤਾ ਨਾਲ ਚਲਾ ਰਿਹਾ ਸੀ। ਇਸ ਦਾ ਨਾਮ ਸੀ ਵੀਰ ਵਿਕ੍ਰਮਾਦਿਤਯ ਇਹ ਓਹੀ ਮਹਾਂਪੁਰਸ਼ ਹੈ, ਜੋ ਥੋੜੇ ਚਿਰ ਮਗਰੋਂ ਮਹਾਰਾਜਾ ਬਿਕ੍ਰਮਾਜੀਤ ਦੇ ਨਾਮ ਨਾਲ ਜਗਤ ਪ੍ਰਸਿੱਧ ਹੋਇਆ ਤੇ ਜਿਸ ਦੇ ਨਾਮ ਦਾ ਅੱਜ ਤੱਕ ਸੰਮਤ ਚਲ ਰਿਹਾ ਹੈ। ਸਭ ਤੋਂ ਪਹਿਲੇ ਇਸ ਦੇ ਵੀਰ ਵਿਕ੍ਰਮਾਦਿਤਯ ਨੂੰ ਰਾਣੀ ਪਿੰਗਲਾ ਦੇ ਵਿਭਚਾਰ ਦੀ ਸੂਹ ਲੱਗੀ ਸੀ। ਇਸ ਦੇ ਬੜੀ ਸੋਚ-ਵਿਚਾਰ ਦੇ ਬਾਅਦ ਮਹਾਰਾਜੇ ਭਰਥਰੀ ਕੋਲ ਮਹਾਰਾਣੀ ਦੇ ਭ੍ਰਿਸ਼ਟ ਕਰਮ ਦੀ ਸੂਚਨਾ ਦਿੱਤੀ ਤਾਂ ਮਹਾਰਾਜਾ ਜੋ ਪਿੰਗਲਾ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਸੀ ਉਸ ਨੂੰ ਭਰਾ ਦਾ ਕਹਿਣਾ ਬਹੁਤ ਬੁਰਾ ਲੱਗਾ ਤੇ ਉਲਟਾ ਉਸ ਨੂੰ ਤਾੜਨਾ ਕੀਤੀ, ਇਥੋਂ ਤੱਕ ਆਖਿਆ-"ਤੂੰ ਮੇਰਾ ਛੋਟਾ ਭਰਾ ਹੈਂ ਇਸ ਲਈ ਚੁੱਪ ਰਹਿੰਦਾ ਹਾਂ, ਕੋਈ ਹੋਰ ਹੁੰਦਾ

ਤਾਂ ਸੂਲੀ 'ਤੇ ਟੰਗਵਾਂ ਦਿੰਦਾ। ਮੈਂ ਜਾਣਦਾ ਹਾਂ, ਇਸ ਸਮਾਨ ਇਸ ਸਮੇਂ ਵਿਚ ਹੋਰ ਕੋਈ ਸਤੀ ਸਾਵਿਤ੍ਰੀ ਵੀ ਨਹੀਂ ਹੈ। ਜਦ ਪਿੰਗਲਾ ਨੂੰ ਪਤਾ ਲੱਗਾ ਕਿ ਦੇਵਰ ਨੇ ਮੇਰੀ ਸ਼ਿਕਾਇਤ ਕੀਤੀ ਹੈ ਤਾਂ ਉਹ ਅੱਗੇ ਨਾਲੋਂ ਵੀ ਵਧੀਕ ਰਾਜੇ ਨਾਲ ਪਿਆਰ ਕਰਨ ਲੱਗ ਪਈ ਅਤੇ ਕੁਝ ਦਿਨਾਂ ਮਗਰੋਂ ਮਹਾਰਾਜੇ ਕੋਲ ਅਰਜ਼ ਕੀਤੀ ਆਪ ਜੀ ਦਾ ਛੋਟਾ ਭਰਾ ਕੁਮਾਰ ਬਿਕ੍ਰਮਾਜੀਤ, ਮੇਰੇ ਪੁੱਤਰ ਦੇ ਸਥਾਨ ਹੈ ਅਤੇ ਮੈਂ ਉਸਦੀ ਮਾਤਾ ਸਮਾਨ ਹਾਂ ਪਰ ਉਹ ਮੇਰੇ ਵੱਲ ਬੁਰੀ ਨੀਯਤ ਨਾਲ ਵੇਖਦਾ ਹੈ ਜੇ ਕੋਈ ਹੋਰ ਇਸਤ੍ਰੀ ਹੁੰਦੀ ਤਾਂ ਅੱਜ ਤੱਕ ਉਸ ਦੇ ਜਾਲ ਵਿਚ ਫਸ ਗਈ ਹੁੰਦੀ ਇਕ ਮੈਂ ਹੀ ਹਾਂ ਜੋ ਉਸ ਤੋਂ ਬਚ ਰਹੀ ਹਾਂ, ਉਸ ਨੇ ਤਾਂ ਮੇਰਾ ਸਤ ਧਰਮ ਨਾਸ਼ ਕਰਨ ਵੱਲੋਂ ਕੋਈ ਕਸਰ ਨਹੀਂ ਛੱਡੀ ਹੈ, ਮੇਰੇ ਉਤੇ ਹੀ ਨਹੀਂ, ਸਗੋਂ ਸ਼ਹਿਰ ਭਰ ਦੀਆਂ ਕਈਆਂ ਸਤਵੰਤੀਆਂ ਦੇ ਸਤ ਧਰਮ ਉਸ ਨੇ ਨਾਸ਼ ਕੀਤੇ ਹਨ। ਅਜੇ ਥੋੜ੍ਹੇ ਦਿਨਾਂ ਦੀ ਗੱਲ ਹੈ, ਜੋ ਬ੍ਰਾਹਮਣਾਂ ਦੀ ਨੂੰਹ ਨੂੰ ਭਰਮਾਉਣ ਲਈ ਕਈ ਦੂਤੀਆਂ ਉਸ ਦੇ ਮਗਰ ਲਾਈਆਂ ਉਹ ਭੀ ਮੇਰੇ ਸਮਾਨ ਪਤੀਬ੍ਰਤਾ ਹੈ ਇਸ ਲਈ ਉਥੇ ਵੀ ਇਸ ਦੀ ਦਾਲ ਨਹੀਂ ਗਲੀ ਹੈ। ਮੈਂ ਆਪ ਜੀ ਦੀ ਸੇਵਾ ਵਿਚ ਅਰਜ਼ ਕਰਦੀ ਹਾਂ, ਆਪ ਜੀ ਨੇ ਇਸ ਤਰ੍ਹਾਂ ਦੇ ਅਧਰਮੀ ਪਾਸੋਂ ਸਦਾ ਹੀ ਸਾਵਧਾਨ ਰਹਿਣਾ, ਕਿਤੇ ਅਜਿਹਾ ਨਾ ਹੋਵੇ ਜੋ ਆਪ ਜੀ ਦੇ ਦੁਸ਼ਮਣਾਂ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਪੈ ਜਾਵੇ। ਇਹ ਗੱਲ ਸੁਣ ਕੇ ਮਹਾਰਾਜੇ ਨੇ ਪਿੰਗਲਾ ਦੇ ਕਹੇ ਨੂੰ ਅੱਖਰ-ਅੱਖਰ ਸੱਚ ਮੰਨ ਲਿਆ।

ਫਿਰ ਰਾਣੀ ਪਿੰਗਲਾ ਨੇ ਬ੍ਰਾਹਮਣਾ ਨੂੰ ਸੱਦ ਕੇ ਕਿਹਾ ਤੈਨੂੰ ਪਤਾ ਹੈ ਜੋ ਮਹਾਰਾਜਾ ਸਾਹਿਬ ਮੇਰੇ ਕਹੇ ਵਿਚ ਤੁਰਦਾ ਹੈ ਜੇ ਤੂੰ ਆਪਣਾ ਭਲਾ ਚਾਹੁੰਦਾ ਹੈ ਤਾਂ ਜਿਵੇਂ ਮੈਂ ਕਹਿੰਦੀ ਹਾਂ ਤਾਂ ਤਿਵੇਂ ਹੀ ਜਾ ਕੇ ਮਹਾਰਾਜੇ ਕੋਲ ਪੁਕਾਰ ਕਰ ਨਹੀਂ ਤਾਂ ਯਾਦ ਰੱਖ ਮੈਂ ਤੇਰਾ ਘਾਨ-ਬੱਚਾ ਕੋਹਲੂ ਪਿੜਵਾਂ ਦੇਵਾਂਗੀ। ਇਹ ਬ੍ਰਾਹਮਣ ਜਾਣਦਾ ਸੀ ਜੋ ਮਹਾਰਾਜਾ ਭਰਥਰੀ ਸੱਚਮੁਚ ਹੀ ਪਿੰਗਲਾ ਦੇ ਅਧੀਨ ਹੈ ਇਹ ਜੋ ਕੁਝ ਵੀ ਰਾਜੇ ਨੂੰ ਆਖੇਗੀ, ਮਹਾਰਾਜਾ ਓਹੀ ਕੁਝ ਕਰੇਗਾ। ਉਸ ਨੇ ਅਰਜ਼ ਕੀਤੀ ਮਹਾਰਾਣੀ ਸਾਹਿਬ ਆਪ ਜੋ ਵੀ ਹੁਕਮ ਕਰਦੇ ਹੋ ਮੈਂ ਉਸ ਨੂੰ ਸਿਰ ਮੱਥੇ ਮੰਨਦਾ ਹਾਂ। ਰਾਣੀ ਪਿੰਗਲਾ ਨੇ ਕਿਹਾ-ਤੂੰ ਮਹਾਰਾਜਾ ਸਾਹਿਬ ਜੀ ਦੇ ਦਰਬਾਰ ਵਿਚ ਜਾ ਕੇ ਫਰਿਆਦ ਕਰ! ਜਦੋਂ ਤੈਨੂੰ ਮਹਾਰਾਜ ਸਾਹਿਬ ਪੁੱਛਣ ਤਾਂ ਤੂੰ ਆਖੀਂ ਕਿ ਕੁਮਾਰ ਬਿਕ੍ਰਮਾਜੀਤ ਮੇਰੀ ਨੂੰਹ ਦੇ ਧਰਮ ਨੂੰ ਭ੍ਰਿਸ਼ਟ ਕਰਨਾ ਚਾਹੁੰਦਾ ਹੈ, ਜੇਕਰ ਆਪ ਨੇ ਉਸ ਨੂੰ ਇਸੇ ਤਰ੍ਹਾਂ ਨਿਰੰਕੁਸ ਕਰਨ ਦੇਣਾ ਹੈ, ਤਾਂ ਮੈਂ ਆਪ ਜੀ ਦਾ ਨਗਰ ਰਾਜ ਛੱਡਕੇ ਕਿਤੇ ਹੋਰ ਥੇ ਚਲਾ ਜਾਂਦਾ ਹਾਂ। ਆਪਣੀ ਇੱਜ਼ਤ ਤੇ ਇਸਤਰੀ ਦੇ ਧਰਮ, ਨੂੰ ਨਸ਼ਟ ਨਹੀਂ ਹੋਣ ਦੇਣਾ ਚਾਹੁੰਦਾ, ਪਰ ਯਾਦ ਰੱਖੀਂ ਕਿਸੇ ਤਰ੍ਹਾਂ ਦੇ ਲਿਹਾਜ ਵਗੈਰਾ ਵਿਚ ਨਾ ਆਵੀਂ। ਅਗਲੇ ਹੀ ਦਿਨ ਇਸ ਬ੍ਰਾਹਮਣ ਨੇ ਜਾ ਕੇ ਮਹਾਰਾਜੇ ਦੇ ਦਰਬਾਰ ਵਿਚ ਰਾਣੀ ਪਿੰਗਲਾ ਦੇ ਪੜ੍ਹਾਏ ਹੋਏ ਸਬਕ ਨੂੰ ਹੋਰ ਵੀ ਮਸਾਲੇ ਲਾ-ਲਾ ਕੇ ਮਹਾਰਾਜੇ ਨੂੰ ਸੁਣਾ ਦਿੱਤਾ, ਜਿਸ ਨੂੰ ਸੁਣਦਿਆਂ ਹੀ ਮਹਾਰਾਜੇ ਨੂੰ ਬੜਾ ਕ੍ਰੋਧ ਆਇਆ। ਉਹਨਾਂ ਨੇ ਕੋਈ ਪੜਤਾਲ ਨਾ ਕੀਤੀ ਤੇ ਆਪਣੇ ਛੋਟੇ ਭਰਾ ਨੂੰ ਦੇਸ ਨਿਕਾਲੇ ਦਾ ਹੁਕਮ ਦੇ ਦਿੱਤਾ ਜਿਸ ਨੂੰ ਬੀਰ ਬਿਕ੍ਰਮਾਜੀਤ ਜੀ ਨੇ ਬੜੇ ਪਿਆਰ ਤੇ ਹੌਂਸਲੇ ਨਾਲ ਪ੍ਰਵਾਨ ਕੀਤਾ ਅਤੇ ਉਸੇ ਵੇਲੇ ਹੀ ਉਠ ਕੇ ਆਪਣੇ ਘਰ ਨੂੰ ਚਲੇ ਆਏ ਤੇ ਆਪਣੇ ਬਾਲ-ਬੱਚੇ ਨੂੰ ਨਾਲ ਲੈ ਕੇ ਦੇਸ ਤੋਂ ਨਿਕਲ ਕੇ ਚਲੇ ਗਏ।

ਇਸ ਸਮੇਂ ਦੌਰਾਨ ਇਕ ਹੋਰ ਘਟਨਾ ਵਾਪਰੀ। ਇਕ ਦਿਨ ਇਕ ਬ੍ਰਾਹਮਣ ਰਾਜ ਦਰਬਾਰ ਵਿਚ ਆਣ ਹਾਜ਼ਰ ਹੋਇਆ। ਉਸ ਨੇ ਮਹਾਰਾਜੇ ਭਰਥਰੀ ਕੋਲ ਅਰਜ਼ ਕੀਤੀ - "ਅੱਜ ਤੋਂ ੨੫ ਵਰ੍ਹੇ ਪਹਿਲੇ ਦੀ ਗੱਲ ਹੈ, ਮੈਂ ਦ੍ਰਿੜ ਸੰਕਲਪ ਹੋ ਕੇ ਦੇਵਤੇ ਨੂੰ ਪ੍ਰਸੰਨ ਕਰਨ ਲਈ ਤਪ ਕਰਨ ਲੱਗਾ ਸਾਂ ਦੇਵਤਾ ਹੁਣ ਪ੍ਰਸੰਨ ਹੋਇਆ ਹੈ, ਉਸ ਨੇ ਮੈਨੂੰ ਅਮਰ ਫਲ ਦਿੱਤਾ ਹੈ। ਮੈਂ ਉਹ ਫਲ ਲੈ ਕੇ ਆ ਗਿਆ ਹਾਂ ਤਾਂ ਮੇਰੀ ਇਸਤਰੀ ਨਾ ਤਾਂ ਉਹ ਫਲ ਆਪ ਖਾਂਦੀ ਹੈ ਤੇ ਨਾ ਹੀ ਮੈਨੂੰ ਖਾਣ ਦੇਂਦੀ ਹੈ। ਉਸ ਦਾ ਕਹਿਣਾ ਹੈ, ਅਸੀਂ ਅੰਨ-ਧਨ ਤੋਂ ਦੁਖੀ ਹਾਂ ਜੇ ਅਮਰ ਫਲ ਖਾ ਲਿਆ ਤਾਂ ਸਾਡਾ ਉਹ ਦੁੱਖ ਹੋਰ ਵੀ ਮਹਾਨ ਹੋ ਜਾਏਗਾ। ਹੁਣ ਤਾਂ ਆਸ ਹੈ ਜੋ ਮੌਤ ਸਾਨੂੰ ਭੁੱਖ-ਨੰਗ ਦੇ ਦੁੱਖ ਤੋਂ ਛੁਟਕਾਰਾ ਕਰਾ ਦੇਵੇਗੀ ਪਰ ਜੇ ਫਲ ਖਾ ਕੇ ਅਮਰ ਹੋ ਗਏ ਤਾਂ ਫਿਰ ਸਾਡੀ ਮੌਤ ਹੀ ਨਹੀਂ ਹੋਣੀ ਤਾਂ ਨੰਗ-ਭੁੱਖ ਦਾ ਦੁੱਖ ਕਿਸ ਤਰ੍ਹਾਂ ਸਹਾਰਿਆ ਜਾਵੇਗਾ, ਇਸ ਲਈ ਉਮਰ ਦੀ ਵਿਚਾਰ ਹੈ ਜੋ ਮੈਂ ਇਹ ਫਲ ਆਪ ਨੂੰ ਦੇ ਦੇਵਾਂ ਤਾਂ ਕਿ ਆਪ ਉਸ ਨੂੰ ਖਾ ਕੇ ਅਮਰ ਹੋ ਜਾਓ ਤੇ ਧਰਮ ਦਾ ਰਾਜ ਕਰੋ ਅਤੇ ਉਸ ਦੇ ਬਦਲੇ ਵਿਚ ਤੁਸੀਂ ਧਨ ਦੇ ਦਿਓ ਤਾਂ ਕਿ ਸਾਡਾ ਨੰਗ-ਭੁੱਖ ਦਾ ਦੁੱਖ ਦੂਰ ਹੋ ਜਾਵੇ। ਰਾਜੇ ਭਰਥਰੀ ਜੀ ਨੇ ਪੰਡਤ ਪਾਸੋਂ 'ਅਮਰ ਫਲ' ਲੈ ਲਿਆ ਅਤੇ ਉਸ ਬ੍ਰਾਹਮਣ ਨੂੰ ਕਈ ਲੱਖਾਂ ਮੋਹਰਾਂ ਦੇ ਦਿੱਤੀਆਂ, ਜਿਸ ਨਾਲ ਬ੍ਰਾਹਮਣ ਦੇਵਤਾ ਭੀ ਪ੍ਰਸੰਨ ਹੋ ਕੇ ਘਰ ਨੂੰ ਚਲਾ ਗਿਆ।

ਰਾਜੇ ਨੇ ਉਹ ਅਮਰ ਫਲ ਆਪ ਨਾ ਖਾਧਾ, ਆਪਣੀ ਪਿਆਰੀ ਪਿੰਗਲਾ ਰਾਣੀ ਨੂੰ ਜਾ ਦਿੱਤਾ। ਰਾਣੀ ਨੇ ਕਿਹਾ ਮੈਂ ਨ੍ਹਾ ਧੋ ਕੇ ਫਲ ਖਾਵਾਂਗੀ, ਪਰ ਰਾਜਾ ਚਲਾ ਗਿਆ ਤਾਂ ਮਗਰੋਂ ਆਪਣੇ ਮਿੱਤਰ ਹਾਥੀਵਾਨ ਨੂੰ ਸੱਦ ਕੇ ਉਹ ਫਲ ਦੇ ਦਿੱਤਾ ਉਹ ਭੀ ਫਲ ਲੈ ਕੇ ਘਰ ਚਲਾ ਗਿਆ ਤੇ ਉਸ ਨੇ ਭੀ ਨਾ ਖਾਧਾ ਅਤੇ ਆਪਣੀ ਪਿਆਰੀ ਕੰਜਰੀ ਨੂੰ ਜਾ ਦਿੱਤਾ, ਕੰਜਰੀ ਨੇ ਫਲ ਹਾਥੀਵਾਨ ਕੋਲੋਂ ਲੈ ਲੀਤਾ ਤੇ ਵਿਚਾਰ ਕੀਤੀ "ਮੈਂ ਸਾਰੀ ਉਮਰ ਪਾਪ ਕਰਮ ਕਰਦੀ ਰਹੀ ਹਾਂ। ਕਈਆਂ ਦੇ ਸੁਹਾਗ ਮੈਂ ਖੋਹੇ ਤੇ ਕਈਆਂ ਸਤਵੰਤੀਆਂ ਨੂੰ ਕੁਭਾਗ ਮੈਂ ਕੀਤਾ ਹੈ, ਜੇ ਮੈਂ ਅਮਰ ਹੋ ਗਈ ਤਾਂ ਸਾਰੀ ਉਮਰਾ ਏਹੋ ਕੁਝ ਪਾਪ ਕਰਦੀ ਰਹਾਂਗੀ, ਚੰਗਾ ਤਾਂ ਇਹ ਹੈ ਜੋ ਮੈਂ ਇਹ ਫਲ ਆਪ ਨਾ ਖਾਵਾਂ ਅਤੇ ਆਪਣੇ ਮਹਾਰਾਜੇ ਨੂੰ ਜਾ ਦੇਵਾਂ, ਜਿਸ ਦੇ ਰਾਜ ਵਿਚ ਮੈਂ ਹਰ ਤਰ੍ਹਾਂ ਨਾਲ ਸੁਖੀ ਵੱਸ ਰਹੀ ਹਾਂ। ਉਸ ਨੇ ਅਜਿਹੀ ਵਿਚਾਰ ਕਰਕੇ ਉਹ ਫਲ ਲਿਜਾ ਕੇ ਮਹਾਰਾਜੇ ਭਰਥਰੀ ਨੂੰ ਦੇ ਦਿੱਤਾ। ਭਰਥਰੀ ਉਸ ਫਲ ਨੂੰ ਦੇਖਕੇ ਪਹਿਲੇ ਤਾਂ ਹੈਰਾਨ ਹੋਇਆ ਫੇਰ ਉਸ ਨੇ ਵੇਸਵਾ ਤੋਂ ਪੁੱਛਿਆ ਤੂੰ ਇਹ ਫਲ ਕਿਥੋਂ ਲਿਆ ਹੈ ? ਉਸ ਨੇ ਸੱਚ-ਸੱਚ ਕਹਿ ਦਿੱਤਾ ਆਪ ਜੀ ਦੇ ਅਸਤਬਲ ਦਾ ਦਰੋਗਾ ਮੇਰਾ ਮਿੱਤਰ ਹੈ, ਉਸ ਨੇ ਇਹ ਫਲ ਮੈਨੂੰ ਦਿੱਤਾ ਹੈ, ਦਰੋਗੇ ਨੂੰ ਸੱਦ ਕੇ ਪੁੱਛਿਆ ਤਾਂ ਉਸ ਨੇ ਮਹਾਰਾਜੇ ਦੇ ਚਰਨਾਂ ਉਤੇ ਸਿਰ ਧਰ ਕੇ ਸਾਰੀ ਦੀ ਸਾਰੀ ਵਾਰਤਾ ਸੁਣਾ ਦਿੱਤੀ, ਜਿਸ ਨੂੰ ਸੁਣਦਿਆਂ ਹੀ ਮਹਾਰਾਜੇ ਨੂੰ ਰਾਣੀ ਸਮੇਤ ਸਾਰੇ ਸੰਸਾਰ ਵੱਲੋਂ ਨਫ਼ਰਤ ਹੋ ਗਈ, ਪੂਰਨ ਵੈਰਾਗ ਜਾਗ ਪਿਆ। ਆਪ ਨੇ ਉਸ ਵੇਲੇ ਮਹਾਂ ਮੰਤਰੀ ਨੂੰ ਬੁਲਾ ਕੇ ਕਿਹਾ-

"ਇਹ ਰਾਜ ਸਾਂਭੋ, ਮੈਂ ਜਾਂਦਾ ਹਾਂ। ਮੈਂ ਬਿਕ੍ਰਮਾਜੀਤ ਨੂੰ ਦੇਸ ਤੋਂ ਕੱਢ ਕੇ ਦੁਖੀ ਕੀਤਾ ਸੀ, ਉਸ ਨੂੰ ਬੁਲਾ ਕੇ ਰਾਜ ਗੱਦੀ 'ਤੇ ਬਿਠਾ ਦਿਓ।" ਏਨੀ ਗੱਲ ਕਹਿੰਦੇ ਹੋਇਆਂ ਹੀ ਰਾਜ ਦਰਬਾਰ ਦੇ ਕੱਪੜੇ ਉਤਾਰ ਦਿੱਤੇ ਤੇ ਕੇਵਲ ਇਕ ਕੁਪੀਨ ਮਾਤ੍ਰ ਨੂੰ ਪਹਿਨ ਕੇ ਗੋਰਖ ਕੋਲ ਚਲੇ ਗਏ।

ਮਹਾਰਾਜਾ ਭਰਥਰੀ ਜੀ ਨੇ ਪਹਿਲੇ ਸਮੇਂ ਵਿਚ "ਸ਼ਿੰਗਾਰ ਸ਼ੱਤਕ" ਤੇ ਰਾਜ ਦੇ ਸਮੇਂ ਵਿਚ 'ਨੀਤੀ ਸ਼ੱਤਕ' ਤੇ ਵੈਰਾਗ ਨੂੰ ਪ੍ਰਾਪਤ ਕਰਕੇ "ਵੈਰਾਗ ਸ਼ੱਤਕ" ਬਣਾ ਕੇ ਆਪਣੇ ਮਨ ਦੇ ਭਾਵ ਨੂੰ ਪ੍ਰਗਟ ਕੀਤਾ ਹੈ। 'ਵੈਰਾਗ ਸ਼ੱਤਕ' ਗ੍ਰੰਥ ਨੂੰ ਚੂਹਨੀਆਂ ਨਗਰ ਦੇ ਰਹਿਣ ਵਾਲੇ ਮਹਾਨ ਵਿਦਵਾਨ ਕਵੀ ਪੰਡਤ ਹਰਿ ਦਿਆਲ ਜੀ ਨੇ ਬ੍ਰਿਜ ਭਾਸ਼ਾ ਵਿਚ ਤਿਆਰ ਕੀਤਾ ਸੀ। ਉਸ ਦਾ ਪੰਜਾਬੀ ਵਿਚ ਕੀਤਾ ਗਿਆ ਤਾਂ ਜੋ ਪੰਜਾਬੀ ਪੜ੍ਹੇ ਹੋਏ ਵੀ ਇਸ ਗ੍ਰੰਥ ਨੂੰ ਪੜ੍ਹ-ਸਮਝ ਕੇ ਕੁਝ ਸਿਖਿਆ ਲੈਣ ਅਤੇ ਪਰਮਾਰਥ ਦੇ ਰਾਹ ਦੀ ਜਾਣਕਾਰੀ ਹਾਸਕ ਕਰਨ!

**ਪੰਡਤ ਨਰੈਣ ਸਿੰਘ ਗਿਆਨੀ,**

# ਅਥ ਵੈਰਾਗ ਸ਼ੱਤਕ ਸਟੀਕ

## ਦੋਹਰਾ

**ਦੁਰਦ ਬਦਨਦੁਰਜਨ ਦਲਨ ਮਦਨ ਕਦਨ ਸਿਵਨੰਦ।**
**ਏਕ ਰਦਨ ਸੁਖ ਸਦਨ ਕੇ ਪਾਦ ਪਦਮ ਪ੍ਰਤਿ ਬੰਦ।**

ਦੁਰਦ—(ਦੁ+ਰਦ+ਦੰਦ) ਦੋ ਦੰਦਾਂ ਵਾਲਾ ਹਾਥੀ ਦੇ ਦੋ ਤਰ੍ਹਾਂ ਦੇ ਦੰਦ ਹੁੰਦੇ ਹਨ। ਇਕ ਦੰਦ ਉਹ ਹਨ, ਜਿਨ੍ਹਾਂ ਨਾਲ ਖੁਰਾਕ ਨੂੰ ਚਿੱਥਦਾ ਹੈ ਅਤੇ ਦੂਜੇ ਉਹ ਹਨ, ਜੋ ਬਾਹਰ ਦਿਖਾਈ ਦੇਂਦੇ ਹਨ। ਇਸ ਕਰ ਕੇ ਹਾਥੀ ਦਾ ਨਾਮ 'ਦੁਰਦ' ਹੈ।

ਬਦਨ-ਮੂੰਹ ਦਾ ਢਾਂਚਾ, ਚਿਹਰਾ; ਜਿਸ ਵਿਚ ਨੱਕ-ਕੰਨ ਆਦਿਕ ਸ਼ਾਮਲ ਹਨ। ਮਦਨ ਕਦਨ-(ਮਦਨ- ਕਾਮਦੇਵ+ਕਦਨ=ਕੱਟਨਾ, ਮਾਰਨਾ।) ਕਾਮਦੇਵ ਨੂੰ ਮਾਰਨ ਵਾਲਾ ਸ਼ਿਵ ਜੀ।

ਪੁਰਾਣਾਂ ਵਿਚ ਕਥਾ ਹੈ, ਜਦੋਂ ਸਤੀ ਆਪਣੇ ਪਿਤਾ (ਦੱਖਯ) ਦੇ ਘਰ ਜਾ ਕੇ,ਪਤੀ ਦੀ ਨਿਰਾਦ੍ਰੀ ਵੇਖ ਕੇ, ਹਵਨ ਕੁੰਡ ਵਿਚ ਸੜ ਕੇ ਮਰ ਗਈ ਅਤੇ ਹਿਮਾਲਯ ਦੇ ਘਰ ਜਨਮ ਲੈ ਕੇ ਸ਼ਿਵ ਜੀ ਨੂੰ ਪਤੀ ਪ੍ਰਾਪਤ ਕਰਨ ਦੀ ਇੱਛਾ ਨਾਲ ਤਪ ਕਰ ਰਹੀ ਸੀ ਉਸ ਵੇਲੇ 'ਤਾਰਕ ਦੈਂਤ' ਦੇਵਤਿਆਂ ਨੂੰ ਦੁੱਖ ਦੇ ਰਿਹਾ ਸੀ ਅਤੇ ਸ਼ਿਵ ਜੀ ਦੇ ਪੁੱਤ੍ਰ ਹੱਥੋਂ ਹੀ ਤਾਰਕ ਦੀ ਮੌਤ ਹੋਣੀ ਸੀ। ਉਧਰ ਸਤੀ ਦੇ ਮਰਨ ਜਾਣ ਮਗਰੋਂ ਸ਼ਿਵ ਜੀ ਨੂੰ ਅਖੰਡ ਸਮਾਧੀ ਲਗਾ ਕੇ ਬੈਠੇ ਹੋਇਆਂ ਨੂੰ ਕਿੰਨੇ ਹੀ ਵਰ੍ਹੇ ਗੁਜ਼ਰ ਗਏ ਸਨ। ਤਦ ਦੇਵਤਿਆਂ ਦੇ ਪ੍ਰੇਰੇ ਹੋਏ ਕਾਮਦੇਵ ਨੇ ਆ ਕੇ ਸ਼ਿਵ ਜੀ ਨੂੰ ਆਪਣਾ 'ਉਚਾਟਨ' ਤੀਰ ਮਾਰਿਆ, ਜਿਸ ਕਰਕੇ ਉਸਦੀ ਸਮਾਧੀ ਖੁੱਲ੍ਹ ਗਈ, ਪਰ ਇਸਤ੍ਰੀ ਦੇ ਕੋਲ ਨਾ ਹੋਣ ਕਰਕੇ ਸ਼ਿਵ ਜੀ ਕਾਮ ਇੱਛਾ ਦੇ ਕਾਰਨ ਬਹੁਤ ਦੁਖੀ ਹੋਣ ਲੱਗੇ। ਉਸ ਦੁਖ ਨਾਲ ਦੁਖੇ ਹੋਏ ਸ਼ਿਵ ਜੀ ਨੇ ਕ੍ਰੋਧ ਕਰਕੇ ਅਪਣੀ ਤਮੋ ਗੁਣ ਪ੍ਰਧਾਨ ਤੀਜੀ ਅੱਖ ਨੂੰ ਖੋਲ੍ਹ ਕੇ ਕਾਮਦੇਵ ਵੱਲ ਵੇਖਿਆ ਅਤੇ ਕ੍ਰੋਧ ਅਗਨੀ ਨਾਲ ਉਸ ਨੂੰ ਫੂਕ ਦਿੱਤਾ ਜਿਸ ਕਰਕੇ ਸ਼ਿਵ ਜੀ ਦਾ ਨਾਮ 'ਮਦਨ ਕਦਨ' ਤੇ 'ਕਾਮ ਅਰਿ' ਪ੍ਰਸਿੱਧ ਹੋ ਗਿਆ।

ਸਿਵ ਨੰਦ-(ਨੰਦ-ਪੁੱਤ੍ਰ।) ਸ਼ਿਵ ਜੀ ਦਾ ਪੁੱਤ੍ਰ-ਗਣੇਸ਼।

ਭਾਵੇਂ ਗਣੇਸ਼ ਨੂੰ ਪਾਰਬਤੀ ਨੇ ਆਪਣੇ ਤਨ ਦੀ ਮੈਲ ਤੋਂ ਹੀ ਪੈਦਾ ਕੀਤਾ ਸੀ, ਜਿਸ ਕਰਕੇ ਕਿਤੇ ਕਿਤੇ ਇਸ ਦਾ ਨਾਮ 'ਗੌਰੀ ਪੁੱਤ੍ਰ' ਭੀ ਲਿਖਿਆ ਹੈ, ਪਰ ਹਮੇਸ਼ਾਂ ਪਿਤਾ ਦੇ ਹੀ ਨਾਮ ਤੋਂ ਪੁੱਤ੍ਰ ਪ੍ਰਸਿੱਧੀ ਹੁੰਦੀ ਹੈ ਅਤੇ ਪਿਤਾ ਦੀ ਹੀ ਜਾਤ ਸਦਵਾਂਦਾ ਹੈ, ਇਸ ਕਾਰਨ ਕਰਕੇ ਗਣੇਸ਼ ਨੂੰ ਸ਼ਿਵ ਜੀ

ਦਾ ਪੁੱਤ੍ਰ ਕਿਹਾ ਹੈ।

ਏਕ ਰਦਨ-(ਰਦਨ-ਦੰਦ।) ਇਕ ਦੰਦ ਵਾਲਾ।

ਭਾਵੇਂ ਹਾਥੀ ਦੇ ਚਿਹਰੇ ਉਤੇ ਦੋ ਦੰਦ ਵਿਖਾਈ ਦੇਂਦੇ ਹਨ, ਪਰ ਜਿਸ ਹਾਥੀ ਦਾ ਸਿਰ ਸ਼ਿਵ ਜੀ ਨੇ ਕੱਟ ਕੇ ਗਣੇਸ਼ ਦੇ ਧੜ ਨਾਲ ਜੋੜਿਆ ਸੀ, ਉਸਦਾ ਇਕ ਦੰਦ ਟੁੱਟ ਚੁੱਕਾ ਹੋਇਆ ਸੀ, ਇਸ ਕਰਕੇ ਗਣੇਸ਼ ਦੇ ਚਿਹਰੇ ਉਤੇ ਇਕੋ ਦੰਦ ਹੈ।

ਸਦਨ-ਘਰ। ਪਾਦ- (ਪਦ ਦਾ ਬਹੁ ਬਲ) ਪੈਰਾਂ। ਪਦਰਮ-ਕਮਲ ਫੁੱਲ।

ਪ੍ਰਤਿ-ਨੂੰ। ਬੰਦ-ਨਮਸਕਾਰ।

ਅਰਥ—(ਜੋ) ਹਾਥੀ ਦੇ ਮੂੰਹ ਵਾਲਾ, ਬੁਰੇ ਪੁਰਸ਼ਾਂ ਨੂੰ ਮਾਰ ਸੁੱਟਣ ਵਾਲਾ ਤੇ ਕਾਮਦੇਵ ਨੂੰ ਸਾੜਨ ਵਾਲੇ ਸ਼ਿਵ ਜੀ ਦਾ ਪੁੱਤਰ। ਇਕ ਦੰਦ ਵਾਲਾ ਤੇ ਸੁੱਖਾਂ ਦਾ ਘਰ (ਰੂਪ ਗਣੇਸ਼ ਹੈ, ਉਸ) ਦੇ, ਕਮਲ ਫੁੱਲ (ਵਰਗੇ ਕੋਮਲ) ਪੈਰਾਂ ਨੂੰ (ਮੈਂ) ਨਮਸਕਾਰ ਕਰਦਾ ਹਾਂ ॥1॥

ਪ੍ਰਸ਼ਨ—ਜਦ ਕਿ ਸਾਰੇ ਹਾਥੀਆਂ ਦੇ ਦੋ ਦੰਦ ਹੁੰਦੇ ਹਨ, ਤਾਂ ਫਿਰ ਗਣੇਸ਼ ਦੇ ਚਿਹਰੇ ਉਤੇ ਇਕ ਦੰਦ ਕਿਉਂ ਹੈ? ਦੂਜਾ - ਸ਼ਿਵਜੀ ਨੇ ਹੱਥਣੀ ਦੇ ਬੱਚੇ ਦਾ ਸਿਰ ਕੱਟ ਕੇ ਪਾਰਬਤੀ ਦੇ ਬੱਚੇ ਦੇ ਧੜ ਨਾਲ ਜੋੜ ਕੇ, ਉਸ ਨੂੰ ਜਿਵਾ ਦਿੱਤਾ ਤੇ ਹੱਥਣੀ ਦਾ ਪੁੱਤ੍ਰ ਮਾਰ ਦਿੱਤਾ ਤਾਂ ਫਿਰ ਸ਼ਿਵਜੀ ਨੂੰ ਸੁਆਰਥੀ ਅਤੇ ਕੁਲ ਘਾਤੀ ਕਿਉਂ ਨਾ ਕਿਹਾ ਜਾਵੇ?

ਉੱਤਰ—ਇਕ ਬਨ ਵਿਚ ਹਾਥੀਆਂ ਦਾ ਟੋਲਾ ਰਹਿੰਦਾ ਸੀ, ਉਸੇ ਹੀ ਬਨ ਵਿਚ ਪਾਣੀ ਦੀ ਝੀਲ ਭੀ ਸੀ, ਜਿਸ ਵਿਚੋਂ ਹਾਥੀ ਪਾਣੀ ਪੀਤਾ ਕਰਦੇ ਸਨ, ਪਰ ਹਾਥੀਆਂ ਨੂੰ ਉਥੇ ਜਾਣ ਵਾਸਤੇ ਇਕ ਵੱਡੇ ਸਾਰੇ ਪਹਾੜ ਦਾ ਚੱਕਰ ਕੱਟ ਕੇ ਜਾਣਾ ਪੈਂਦਾ ਸੀ, ਜਿਸ ਕਰਕੇ ਹਾਥੀਆਂ ਦਾ ਵਕਤ ਭੀ ਬਹੁਤ ਖਰਚ ਹੁੰਦਾ ਅਤੇ ਪੈਂਡਾ ਭੀ ਬਹੁਤਾ ਕਰਨਾ ਪੈਂਦਾ, ਜੇਕਰ ਉਹ ਪਹਾੜ ਵਿਚਾਲੇ ਨਾ ਹੁੰਦਾ ਤਦ ਤਲਾਉ ਤੱਕ ਜਾਣ ਵਾਸਤੇ ਕੇਵਲ ਇਕ ਦੋ ਫਰਲਾਂਗ ਜਿੰਨਾ ਹੀ ਪੈਂਡਾ ਕਰਨਾ ਪੈਂਦਾ, ਪਰ ਪਹਾੜ ਦੀ ਪ੍ਰਕਰਮਾ ਦੇ ਸਬੱਬ ਦੇ ਤਿੰਨ ਮੀਲ ਜਿੰਨਾ ਹੋ ਚੁੱਕਾ ਸੀ।

ਇਕ ਦਿਨ ਇਕ 'ਕਰਭ' (ਹੱਥਣੀ ਦਾ ਉਹ ਬੱਚਾ ਜਿਸਦੇ ਦੰਦ ਅਜੇ ਥੋੜੇ ਹੀ ਦਿਨਾਂ ਦੇ ਬਾਹਰ ਦਿੱਸਣ ਲੱਗੇ ਹੋਣ) ਨੇ ਆਪਣੀ ਮਾਂ ਨੂੰ ਕਿਹਾ ਮਾਤਾ! ਜੇਕਰ ਮੈਨੂੰ ਹੁਕਮ ਦੇਵੋ ਤਾਂ ਮੈਂ ਇਸ ਪਹਾੜ ਨੂੰ ਟੱਕਰ ਮਾਰ ਕੇ ਰਾਹ ਵਿਚੋਂ ਦੂਰ ਕਰ ਦੇਵਾਂ, ਤਾਂ ਕਿ ਸਾਨੂੰ ਬਹੁਤਾ ਪੈਂਡਾ ਨਾ ਕਰਨਾ ਪਿਆ ਕਰੇ? ਹੱਥਨੀ ਨੇ ਕਿਹਾ—ਪੁੱਤਰ! ਏਹ ਪਹਾੜ ਹੈ, ਕੋਈ ਰੂੰ ਦਾ ਬੋਰਾ ਨਹੀਂ ਜੋ ਤੇਰੀ ਟੱਕਰ ਨਾਲ ਪਰ੍ਹੇ ਹਟ ਜਾਏਗਾ। ਇਸ ਨੂੰ ਤੂੰ ਤਾਂ ਕਿਤੇ ਰਿਹਾ ਵੱਡੇ-ਵੱਡੇ ਹਾਥੀ ਵੀ ਪਰ੍ਹੇ ਨਹੀਂ ਹਟਾ ਸਕਦੇ। ਪਰ ਉਸ ਬੇਸਮਝ ਬੱਚੇ ਨੇ ਮਾਂ ਦੇ ਕਹੇ ਵੱਲ ਧਿਆਨ ਨਾ ਦਿੱਤਾ ਅਤੇ ਮਾਤਾ ਦੇ ਮਨ੍ਹਾਂ ਕਰਨ ਉਤੇ ਭੀ ਪਹਾੜ ਨੂੰ ਜਾ ਕੇ ਟੱਕਰ ਮਾਰ ਦਿੱਤੀ, ਜਿਸ ਕਰਕੇ ਉਸ ਦਾ ਦੰਦ ਟੁੱਟ ਗਿਆ ਫਿਰ ਦੁਖੀ ਹੋ ਕੇ ਮਾਂ ਕੋਲ ਆਇਆ ਤਾਂ ਅਗੋਂ ਮਾਂ ਨੇ ਹੋਰ ਮਾਰਿਆ ਤੇ ਉਸ ਵੱਲ ਪਿੱਠ ਕਰਕੇ ਕਿਹਾ ਤੂੰ ਬੜਾ ਬੇ-ਸਮਝ ਤੇ ਮੂਰਖ ਹੈਂ ਤੈਨੂੰ ਮਨ੍ਹਾਂ ਕੀਤਾ ਸੀ, ਤੂੰ ਵਰਜਿਆਂ ਵੀ ਨਹੀਂ ਰਿਹਾ ਜਿਸ ਦਾ ਫਲ ਤੈਨੂੰ ਮਿਲ ਗਿਆ ਹੈ। ਮੈਂ ਤੇਰੇ ਵਰਗੇ ਅਨ-ਆਗਿਆਕਾਰ ਬੱਚੇ ਨਾਲ ਪਿਆਰ ਕਰਨਾ ਨਹੀਂ ਚਾਹੁੰਦੀ, ਸਗੋਂ ਤੇਰੇ ਦੁੱਖ ਨੂੰ ਵੇਖਕੇ ਹੋਰਨਾਂ ਨੂੰ ਸਿੱਖਿਆ ਮਿਲੇਗੀ ਕਿ ਮਾਪਿਆਂ ਦੀ ਆਗਿਆ ਦੇ ਉਲਟ ਕੰਮ ਕਰਨ ਵਾਲੇ ਨੂੰ ਅਜਿਹਾ ਦੁੱਖ ਹੁੰਦਾ ਹੈ, ਇਸ ਕਰਕੇ ਭੀ ਬੱਚਾ ਮਾਤਾ ਦੀ ਆਗਿਆ ਦੇ ਉਲਟ ਨਹੀਂ ਹੋਵੇਗਾ।'

ਜਿਸ ਸਮੇਂ ਇਹ ਹਥਣੀ ਦਾ ਬੱਚਾ ਮਾਤਾ ਪਾਸੋਂ ਧੱਕਿਆ ਹੋਇਆ ਦੰਦ ਤੁੜਾ ਕੇ ਦੁੱਖ ਪਾ ਰਿਹਾ ਸੀ ਠੀਕ ਉਸੇ ਸਮੇਂ ਸ਼ਿਵਜੀ ਕਿਸੇ ਸਿਰ ਦੀ ਤਲਾਸ਼ ਕਰਦਾ ਹੋਇਆ ਉਥੇ ਆ ਗਿਆ। ਸ਼ਿਵ ਜੀ ਨੇ ਵੇਖਿਆ ਇਹ ਹਾਥੀ ਦਾ ਬੱਚਾ ਇਕ ਦੋ ਘੰਟਿਆਂ ਨੂੰ ਜ਼ਰੂਰ ਮਰ ਜਾਏਗਾ। ਜਿੰਨਾ ਚਿਰ ਇਹ ਮਰਦਾ ਨਹੀਂ ਓਨਾ ਚਿਰ ਇਹ ਦੁੱਖ ਹੀ ਪਾਂਦਾ ਰਹੇਗਾ, ਜੇਕਰ ਇਸ ਨੂੰ ਹੁਣੇ ਮਾਰ ਦਿੱਤਾ ਜਾਏ ਤਦ ਇਸ ਦੇ ਦੁੱਖ ਦੀ ਮਿਆਦ ਘਟ ਜਾਏਗੀ। ਦੂਜਾ ਇਸ ਵੇਲੇ ਇਸ ਦੀ ਮਾਂ ਦਾ ਇਸ ਦੀ ਹੂੜਤਾ ਨੂੰ ਵੇਖ ਕੇ ਇਸਦੇ ਨਾਲ ਮੋਹ ਪਿਆਰ ਨਹੀਂ ਰਿਹਾ, ਜਿਸ ਕਰਕੇ ਇਸ ਨੂੰ ਮਾਰਿਆਂ ਉਨ੍ਹਾਂ ਦੀ ਆਤਮਾ ਨੂੰ ਕਲੇਸ਼ ਨਹੀਂ ਹੋਵੇਗਾ, ਕਲੇਸ਼ ਦੇ ਨਾਂ ਹੋਣ ਦੇ ਸਬੱਬ, ਕੋਈ ਪਾਪ ਵੀ ਨਹੀਂ ਲੱਗੇਗਾ। ਤੀਜਾ ਇਹ ਭੀ ਬੱਚਾ ਹੈ ਤੇ ਪਾਰਬਤੀ ਦਾ ਭੀ ਬੱਚਾ ਹੈ, ਦੋਹਾਂ ਬੱਚਿਆਂ ਦੇ ਸਿਰ ਧੜ ਦਾ ਮੇਲ ਹੋ ਜਾਣਾ ਭੀ ਕੁਦਰਤੀ ਤਰੀਕੇ ਨਾਲ ਠੀਕ ਹੈ, ਇਸ ਤਰ੍ਹਾਂ ਦੀ ਵਿਚਾਰ ਕਰਦਿਆਂ ਹੀ ਸ਼ਿਵਜੀ ਨੇ ਉਸ 'ਕਰਭ' ਦਾ ਸਿਰ ਲਾਹ ਕੇ, ਪਾਰਬਤੀ ਦੇ ਬੱਚੇ ਦੇ ਧੜ ਨਾਲ ਉਹ ਸਿਰ ਜੋੜ ਕੇ, ਉਸ ਨੂੰ ਜਿਵਾ ਦਿੱਤਾ ਅਤੇ ਉਸਨੂੰ ਕਈ ਤਰ੍ਹਾਂ ਦੇ ਵਰ ਦੇ ਕੇ ਪਾਰਬਤੀ ਨੂੰ ਖੁਸ਼ ਕਰ ਲਿਆ ਸੀ ਇਸ ਕਾਰਨ ਕਰਕੇ ਗਣੇਸ਼ ਦਾ ਇਕੋ ਹੀ ਦੰਦ ਰਿਹਾ ਸੀ।

ਦੂਜਾ ਜਦ ਕਿ ਉਹ ਹਾਥੀ ਦਾ ਬੱਚਾ ਇਕ ਦੋ ਘੰਟਿਆਂ ਨੂੰ ਮਰ ਹੀ ਜਾਣਾ ਸੀ, ਤਾਂ ਮਰਣ ਵਾਲੇ ਨੂੰ ਮਾਰ ਦੇਣ ਨਾਲ ਪਾਪ ਹੁੰਦਾ ਹੀ ਨਹੀਂ, ਇਸ ਕਾਰਨ ਕਰਕੇ ਸ਼ਿਵਜੀ ਕੁਲ ਘਾਤੀ ਨਹੀਂ ਕਿਹਾ ਜਾ ਸਕਦਾ।

### ਸ੍ਵੈਯਾ

**ਜਿਹ ਸੇਸ ਕੀ ਸੇਜ ਪੈ ਸੈਨ ਕੀਯੋ,**
**ਪਦ ਕੋਮਲ ਕੋ ਮਲਤੀ ਕਮਲਾ ਹੀ।**
**ਕਰ ਮੈ ਦਰ ਚਕ੍ਰ ਸਰੋਜ ਗਦਾ,**
**ਭ੍ਰਿਗਪਾਦ ਗਰੇ ਸ੍ਰਿਕ ਅੰਗਦੁ ਬਾਂਹੀ।**
**ਜਿਹਪਾਦ ਕੇ ਵਾਰਿ ਸੁ ਚਾਰ ਬਿਚਾਰਿ ਧਰਯੋ,**
**ਤ੍ਰਿਪੁਰਾਰਿ ਸਦਾ ਸਿਰਮਾਂਹੀ।**
**ਅਸ ਰੂਪ ਜਿਸੇ ਉਰ ਭੀਤਰ ਹੈ,**
**ਭਵ ਭੀਤ ਰਹੈ ਕਛੁ ਤਾਂ ਉਰ ਨਾਹੀ ॥੨॥**

ਸੇਸ-ਸ਼ੇਸ਼ ਨਾਗ। ਸੈਨ-ਬਿਸ੍ਰਾਮ, ਸੌਣਾ। ਕੋਮਲ-ਕੂਲੇ, ਨਰਮ। ਕਮਲਾ- ਲੱਛਮੀ। ਕਰ-ਹੱਥ। ਦਰ-ਸੰਖ। ਸਰੋਜ-ਕਮਲ। ਗਦਾ-(ਇਕ ਤਰ੍ਹਾਂ ਦੇ ਸਸਤ੍ਰ ਦਾ ਨਾਮ ਹੈ)। ਭ੍ਰਿਗਪਾਦ-ਭ੍ਰਿਗੂ ਰਿਖੀ ਦੇ ਪੈਰਾਂ ਦਾ ਨਿਸ਼ਾਨ।

ਇਕ ਸਮੇਂ ਰਿਖੀਆਂ ਨੇ ਦੇਵਤਿਆਂ ਦੀ ਪਰੀਖਿਆ ਕਰਨ ਦਾ ਵਿਚਾਰ ਕੀਤਾ। ਸਭਨਾਂ ਦੀ ਸਲਾਹ

ਨਾਲ ਭ੍ਰਿਗੂ ਜੀ ਤੁਰ ਪਏ। ਪਹਿਲੇ ਬ੍ਰਹਮਾ ਕੋਲ ਗਏ। ਉਸਨੇ ਭ੍ਰਿਗੂ ਜੀ ਨਾਲ ਹੰਕਾਰ ਭਰਿਆ ਵਰਤਾਅ ਕੀਤਾ। ਫੇਰ ਸ਼ਿਵਜੀ ਕੋਲ ਗਏ, ਉਸ ਨੇ ਵੀ ਕ੍ਰੋਧ ਭਰਿਆ ਸਲੂਕ ਕੀਤਾ। ਅੰਤ ਵਿਚ ਵਿਸ਼ਨੂੰ ਜੀ ਕੋਲ ਗਏ ਤੇ ਜਾਂਦਿਆਂ ਹੀ ਸੁੱਤੇ ਪਏ ਵਿਸ਼ਨੂੰ ਨੂੰ ਲੱਤ ਮਾਰ ਦਿੱਤੀ ਤਾਂ ਅਗੋਂ ਉਠ ਕਰਕੇ ਵਿਸ਼ਨੂੰ ਜੀ ਨੇ ਭ੍ਰਿਗੂ ਦੇ ਚਰਨਾਂ ਨੂੰ ਫੜ ਲਿਆ ਤੇ ਕਿਹਾ - "ਭਗਵਾਨ! ਮੇਰਾ ਸਰੀਰ ਕਠੋਰ ਸੀ ਆਪ ਜੀ ਦੇ ਕੋਮਲ ਸਰੀਰ ਨੂੰ ਸੱਟ ਤਾਂ ਨਹੀਂ ਵੱਜੀ ?" ਇਹ ਬਚਨ ਸੁਣ ਕੇ ਭ੍ਰਿਗੂ ਜੀ ਪ੍ਰਸੰਨ ਹੋ ਕੇ ਕਹਿਣ ਲੱਗੇ-'ਵੱਡਿਆਂ ਦੇ ਵੱਡੇ ਹੀ ਜਿਗਰੇ ਹੁੰਦੇ ਹਨ, ਆਪ ਸੱਚ-ਮੁੱਚ ਹੀ ਸਾਰਿਆਂ ਦੇ ਸਿਰਤਾਜ ਦੇਵਤੇ ਹੋ, ਜੇਕਰ ਆਪ ਜੀ ਮੇਰੇ ਉਤੇ ਨਰਾਜ਼ ਨਹੀਂ ਹੋਏ ਤਾਂ ਮੈਂ ਜੋ ਆਪ ਜੀ ਨੂੰ ਪੈਰ ਮਾਰਿਆ ਹੈ ਇਸ ਪੈਰ ਦਾ ਨਿਸ਼ਾਨ ਆਪ ਜੀ ਦੇ ਸਰੀਰ ਉਤੇ ਸਦਾ ਹੀ ਰਹਿਣਾ ਚਾਹੀਦਾ ਹੈ ਅਤੇ ਜੋ ਜੋ ਭੀ ਅਵਤਾਰ ਆਪ ਧਾਰਨ ਕਰੋ, ਉਥੇ-ਉਥੇ ਹੀ ਇਹ ਚਰਨ ਚਿੰਨ੍ਹ ਰਹਿਣਾ ਚਾਹੀਦਾ ਹੈ, ਉਸਦਾ ਨਾਮ ਹੈ 'ਭ੍ਰਿਗਪਾਦ' ਜਾਂ 'ਭ੍ਰਿਗ ਲਤ'। ਇਸ ਦਾ ਵਿਸਥਾਰ ਪੂਰਬਕ ਵਰਣਨ 'ਦਸਮ ਗੁਰੂ ਗ੍ਰੰਥ ਸਾਹਿਬ ਸਟੀਕ ਦੇ ਤੀਜੇ ਭਾਗ ਵਿਚ ਪੜ੍ਹੋ।

ਗਰੇ-ਗਲ ਵਿਚ। ਸ੍ਰਿਕ-ਮਾਲਾ। ਬੇਜੰਤੀਮਾਲਾ। ਬੇਜੰਤ ਮਾਲਾ-ਬਾਂਸ ਦਾ ਮੋਤੀ, ਸਿਪ ਦਾ ਮੋਤੀ, ਸੂਰ ਦੇ ਮੱਥੇ ਵਿਚੋਂ ਨਿਕਲਿਆ ਹੋਇਆ ਮੋਤੀ, ਪਹਾੜ ਵਿਚੋਂ ਨਿਕਲਿਆ ਮਾਣਕ ਜਾਂ ਮੋਤੀ, ਹਾਥੀ ਦੇ ਮੱਥੇ ਵਿਚੋਂ ਨਿਕਲਿਆ ਮੋਤੀ, ਕੱਛੂ ਦੇ ਸਿਰ ਦਾ ਮੋਤੀ ਇਹ ਛੇ ਤਰ੍ਹਾਂ ਦੇ ਮੋਤੀ ਜਿਸ ਵਿਚ ਪ੍ਰੋਤੇ ਜਾਣ ਉਸ ਦਾ ਨਾਮ ਬੇਜੰਤੀ ਮਾਲਾ ਹੈ।

ਦੂਜਾ—ਬਨ ਵਿਚ ਪੈਦਾ ਹੋਏ ਛੇ ਤਰ੍ਹਾਂ ਦੇ ਫੁੱਲਾਂ ਦੀ ਬਣਾਈ ਹੋਈ ਮਾਲਾ ਜੋ ਗੋਡਿਆਂ ਤੋਂ ਹੇਠਾਂ ਤੱਕ ਲੰਮੀ ਹੋਵੇ, ਉਸ ਦਾ ਨਾਮ ਹੈ ਅੰਗਦੁ-ਬੁਹੱਟਾ (ਇਕ ਤਰ੍ਹਾਂ ਦਾ ਗਹਿਣਾ ਜੋ ਡੋਲੇ ਉਤੇ ਪਾਇਆ ਜਾਂਦਾ ਹੈ)। ਪਾਦ ਕੋ ਵਾਰਿ - ਪੈਰਾਂ ਦਾ ਪਾਣੀ, ਜਦ ਵਿਸ਼ਨੂੰ ਨੇ ਬਾਵਨ ਅਵਤਾਰ ਧਾਰਿਆ ਸੀ, ਉਸ ਵੇਲੇ ਬ੍ਰਹਮਾ ਨੇ ਉਹਨਾਂ ਦੇ ਚਰਨਾਂ ਨੂੰ ਧੋਤਾ ਅਤੇ ਉਹ ਚਰਨਾਂ ਦੇ ਧੋਣ ਰੂਪ ਪਾਣੀ ਨੂੰ ਕਰਮੰਡਲ ਵਿਚ ਪਾ ਰਖਿਆ, ਜੋ ਗੰਗਾ ਨਾਮ ਤੋਂ ਮਸ਼ਹੂਰ ਹੋ ਗਿਆ ਤੇ ਮਗਰੋਂ ਭਗੀਰਥੀ ਦੇ ਮੰਗਣ ਉਤੇ ਮਾਤ ਲੋਕ ਵਿਚ ਭੇਜਿਆ ਗਿਆ,ਜਿਸ ਨੂੰ ਸ਼ਿਵ ਜੀ ਨੇ ਸਿਰ ਉਤੇ ਧਾਰਨ ਕੀਤਾ।

ਤ੍ਰਿਪੁਰਾਰਿ—(ਤ੍ਰਿਪੁਰ+ਅਰਿ) ਸ਼ਿਵ ਜੀ। ਤ੍ਰਿਪੁਰ ਨਾਮ ਵਾਲੇ ਦੈਂਤ ਨੂੰ ਮਾਰਨ ਕਰਕੇ ਸ਼ਿਵ ਜੀ ਦਾ ਨਾਮ 'ਤ੍ਰਿਪੁਰਾਰਿ ਹੋ ਗਿਆ ਹੈ। ਵਿਸਥਾਰ ਸਹਿਤ ਪ੍ਰਸੰਗ ਦੇਖੋ ਦਸਮ ਗ੍ਰੰਥ ਸਟੀਕ ਦੇ ਦੂਜੇ ਭਾਗ ਵਿਚ ਰੁਦ੍ਰ ਅਵਤਾਰ ਦਾ ਖੁਲਾਸਾ।

ਅਸ—ਇਸ ਤਰ੍ਹਾਂ ਦਾ। ਉਰ ਭੀਤਰ-ਹਿਰਦੇ ਵਿਚ। ਭਵ ਭੀਤ- ਜਨਮ-ਮਰਨ ਦਾ ਡਰ।

ਅਰਥ—ਜਿਸ ਨੇ ਸ਼ੇਸ਼ਨਾਗ ਦੀ ਸੇਜਾ ਉਤੇ ਸੌਣਾ ਕੀਤਾ ਹੋਇਆ ਹੈ, (ਅਤੇ ਜਿਸ ਦੇ) ਕੋਮਲ ਚਰਨਾਂ ਨੂੰ ਲੱਛਮੀ ਮਲ ਰਹੀ ਹੈ। (ਜਿਸ ਨੇ) ਹੱਥ ਵਿਚ ਸੰਖ, ਚੱਕ੍ਰ ਗਦਾ ਤੇ ਪਦਮ ਫੜਿਆ ਹੋਇਆ ਹੈ, ਜਿਸ ਦੀ ਵੱਖੀ ਵਿਚ) ਭ੍ਰਿਗੂ ਦੇ ਚਰਨ ਦਾ ਚਿੰਨ੍ਹ ਹੈ, ਗਲ ਵਿਚ ਬੇਜੰਤੀ ਮਾਲਾ ਹੈ ਅਤੇ ਬਾਹਾਂ ਵਿਚ ਬੁਹੱਟਾ ਪਹਿਨਿਆ ਹੋਇਆ ਹੈ। ਜਿਸ ਦੇ ਚਰਨਾਂ ਦੇ ਪਾਣੀ ਨੂੰ ਪਵਿੱਤ੍ਰ ਵੀਚਾਰ ਕਰਕੇ, ਸ਼ਿਵ ਜੀ ਸਦਾ ਹੀ ਸਿਰ ਉਤੇ ਧਾਰਨ ਕਰੀ ਰੱਖਦਾ ਹੈ। ਇਸ ਤਰ੍ਹਾਂ ਦੇ ਰੂਪ (ਦਾ ਧਿਆਨ) ਜਿਸ ਦੇ ਹਿਰਦੇ ਵਿਚ (ਬਿਰਾਜ ਰਿਹਾ ਹੈ, ਉਸ ਦੇ) ਹਿਰਦੇ ਵਿਚ ਜਨਮ-ਮਰਨ ਦਾ ਡਰ ਕੁਝ ਵੀ ਨਹੀਂ ਰਹਿੰਦਾ॥੨॥

(ਗ੍ਰੰਥ ਕਰਤਾ ਜੀ, ਕ੍ਰਿਤ ਮੰਗਲਾਚਰਣ)

### ਦੋਹਰਾ

## ਸ਼ਾਂਤਿ ਪ੍ਰਕਾਸ਼ ਸ੍ਵਰੂਪ ਪ੍ਰਤਿ ਨਮੋ ਸਰਬਦਾ ਹੋਇ ॥
## ਸ੍ਰਿਸ਼ਟਿ ਸਥਿਤ ਲਯ ਖਯੋਭ ਬਿਨੁ ਰਵਿ ਸਸਿ ਭਾਸਕ ਸੋਇ ॥੩॥

ਸਰਬਦਾ - ਹਮੇਸ਼ਾਂ, ਸਾਰਿਆਂ ਸਮਿਆਂ ਵਿਚ। ਸ੍ਰਿਸਟਿ- ਉਤਪਤੀ। ਸਥਿਤ-ਸਥਿਰਤਾ, ਹੋਂਦ। ਲਯ-ਨਾਸ, ਪਰਲੌ। ਰਵ-ਸੂਰਜ। ਸਸਿ-ਚੰਦ੍ਰਮਾਂ। ਭਾਸਕ-ਪ੍ਰਕਾਸ਼ ਕਰਾਉਣ ਵਾਲਾ। ਸੋਇ-ਓਹੀ।

ਅਰਥ—ਸ਼ਾਂਤਿ ਤੇ ਪ੍ਰਕਾਸ਼ ਸ੍ਵਰੂਪ ਨੂੰ (ਮੇਰੀ) ਸਦਾ ਹੀ ਨਮਸ਼ਕਾਰ ਹੋਵੇ। (ਜੋ) ਉਤਪਤੀ, ਪਾਲਨਾ ਤੇ ਪ੍ਰਲੌ ਦੇ ਖਯੋਭ ਤੋਂ ਬਿਨਾਂ ਹੈ ਅਤੇ ਓਹੀ ਸੂਰਜ ਤੇ ਚੰਦ੍ਰਮਾਂ ਤੋਂ ਪ੍ਰਕਾਸ਼ ਕਰਾਉਣ ਵਾਲਾ ਹੈ ॥੩॥

### ਦੋਹਰਾ

## ਦਿਕ ਕਾਲਾਦਿ ਪ੍ਰਛੇਦ ਬਿਨ, ਚਿਦਾਨੰਦ ਬਪੁ ਜੋਇ ॥
## ਸ੍ਵਾਨਭਵੇਕ ਪ੍ਰਮਾਨੁ ਤਿਹ, ਨਮੋ ਕਾਵਯ ਇਤਿ ਹੋਇ ॥੪॥

ਦਿਕ-ਉੱਤਰ, ਦੱਖਣ, ਪੂਰਬ, ਪੱਛਮ, ਈਸਾਨ, ਨੈਰਤ, ਵਾਯਬੀ, ਅਗਨਿ, ਅਧੋ (ਹੇਠਾਂ) ਤੇ ਉਰਧ (ਉਪਰ) ਇਹ ਦਸ ਦਿਸ਼ਾਂ ਹਨ। ਕਾਲ-ਭੂਤ (ਬੀਤ ਚੁੱਕਾ ਸਮਾਂ) ਵਰਤਮਾਨ (ਬੀਤ ਰਿਹਾ ਸਮਾਂ), ਭਵਿੱਖਤ (ਅੱਗੇ ਆਉਣ ਵਾਲਾ ਸਮਾਂ) ਇਹ ਤਿੰਨ ਕਾਲ ਕਹੇ ਜਾਂਦੇ ਹਨ। ਪ੍ਰਛੇਦ-ਖੰਡ, ਟੁਕੜੇ ਲੰਡੇ, ਹਿੱਸੇ ਭਾਗ। ਚਿਦਾਨੰਦ-(ਸੱਤ-ਚਿਤ-ਅਨੰਦ) ਹੋਂਦ, ਚੇਤਨਤਾ ਤੇ ਪ੍ਰਸੰਨਤਾ। ਅਥਵਾ - ਅਸਤੀ, ਭਾਂਤੀ ਤੇ ਪ੍ਰੇਯ। ਬਪੁ-ਸਰੀਰ। ਸ੍ਵਾਨਭਵੇਕ - (ਸ੍ਵ+ਅਨਭਵ+ਏਕ) ਆਪਣਾ ਅਨੁਭਵ ਹੀ ਇਕ। ਜੋ ਦਿਸ਼ਾਂ ਤੇ ਕਾਲ ਦੀ ਵੰਡ ਤੋਂ ਬਿਨਾਂ ਹੈ, ਸਤ-ਚਿਤ- ਅਨੰਦ (ਹੀ) ਜਿਸ ਦਾ ਸਰੀਰ ਹੈ। ਇਕ ਆਪਣਾ ਅਨੁਭਵ ਹੀ ਉਸ ਵਿਚ ਪ੍ਰਮਾਣ ਹੈ, (ਉਸਨੂੰ) ਨਮਸ਼ਕਾਰ ਕਰਦਾ ਹਾਂ, (ਤਾਂ ਕਿ ਮੇਰੀ) ਕਮਿਤਾ (ਨਿਰਵਿਘਨ ਹੀ) ਸੰਪੂਰਨ ਹੋ ਜਾਵੇ ॥੪॥

ਵਿਸਥਾਰ—'ਲਖਣ ਤੇ ਪ੍ਰਮਾਣ ਤੋਂ ਵਸਤੂ ਦੀ ਸਿੱਧੀ ਹੁੰਦੀ ਹੈ' ਇਹ ਨਿਯਮ ਹੈ, ਇਸ ਕਰਕੇ ਗ੍ਰੰਥ ਕਰਤਾ ਜੀ ਨੇ 'ਬ੍ਰਹਮ' ਦਾ ਮੰਗਲ ਕਰਦਿਆਂ ਹੋਇਆ ਲਖਣ ਕੀਤਾ ਹੈ।

(ਜੋ) "ਸ਼ਾਂਤਿ ਤੇ ਪ੍ਰਕਾਸ਼ ਸ੍ਵਰੂਪ ਹੈ, ਉਤਪਤੀ ਪਾਲਨਾ ਤੇ ਪਰਲੌ ਦੇ ਖਯੋਭ ਤੋਂ ਬਿਨਾਂ ਹੈ, ਸੂਰਜ ਚੰਦ੍ਰਮਾਂ ਦਾ ਪ੍ਰਕਾਸ਼ਕ ਹੈ, ਦਿਸ਼ਾਂ ਤੇ ਕਾਲ ਆਦਿਕ ਦੀ ਵੰਡ ਤੋਂ ਰਹਿਤ ਹੈ ਤੇ ਸਤ ਚਿਤ ਅਨੰਦ ਰੂਪ ਹੈ।"

ਗ੍ਰੰਥਾਂ—ਪੁਸਤਕਾਂ ਵਿਚ ਖਟ ਪ੍ਰਮਾਣ ਕਹੇ ਹਨ

ਪ੍ਰਤੱਖ, ਅਨੁਮਾਨ, ਉਪਮਾਨ, ਅਰਥਾਪਤੀ, ਸਬਦ ਅਤੇ ਅਭਾਵ। ਪਰ ਬ੍ਰਹਮ ਨੂੰ ਜਨਾਉਣ ਵਿਚ ਇਹਨਾਂ ਛੇਆਂ ਪ੍ਰਮਾਣਾਂ ਤੋਂ ਬਿਨਾਂ ਕੇਵਲ "ਆਪਣਾ ਅਨੁਭਵ ਹੀ ਪ੍ਰਮਾਣ" ਹੈ, ਆਪਣੇ ਅਨੁਭਵ ਤੋਂ ਬਿਨਾਂ ਉਹ ਹੋਰ ਕਿਸੇ ਤਰ੍ਹਾਂ ਭੀ ਜਾਣਿਆਂ ਨਹੀਂ ਜਾ ਸਕਦਾ। ਕਿਉਂਕਿ ਬ੍ਰਹਮਾ ਜਾਂ ਆਤਮਾਂ ਦਾ ਕੋਈ ਸਥੂਲ ਸਰੀਰ ਨਹੀਂ ਹੈ, ਸਥੂਲ ਸਰੀਰ ਦੇ ਨਾ ਹੋਣ ਕਰਕੇ ਉਹ ਪ੍ਰਤੱਖਯ ਪ੍ਰਮਾਣ ਦਾ ਵਿਸ਼ਾ ਨਹੀਂ ਹੈ ਫਿਰ ਬ੍ਰਹਮ ਜਾਂ ਆਤਮਾਂ ਦਾ ਕਈ ਚਿੰਨ੍ਹ- ਚੱਕਰ ਨਹੀਂ ਹੈ, ਇਸ ਕਾਰਣ ਕਰਕੇ ਉਹ ਅਨੁਮਾਨ

ਪ੍ਰਮਾਣ ਦਾ ਭੀ ਵਿਸ਼ਾ ਨਹੀਂ ਹੈ। ਤੀਜਾ 'ਬ੍ਰਹਮ ਜਾਂ ਆਤਮਾਂ' ਵਰਗਾ ਹੋਰ ਕੋਈ ਦੂਜਾ ਹੈਗਾ ਨਹੀਂ ਤਾਂ ਉਹ ਅਪਮਾਨ ਪ੍ਰਮਾਣ ਦਾ ਭੀ ਵਿਸ਼ਾ ਨਾ ਹੋਇਆ। ਆਤਮਾਂ ਕਾਰਜ-ਕਾਰਣ ਭਾਵ ਤੋਂ ਭੀ ਰਹਿਤ ਹੈ, ਅਰਥਾਤ ਨਾ ਉਹ ਕਿਸੇ ਦਾ ਕਾਰਜ ਹੈ ਨਾਂ ਹੀ ਉਸ ਦਾ ਕੋਈ ਕਾਰਣ ਹੈ, ਇਸੇ ਕਰਕੇ ਉਹ ਅਰਥਾਪਤੀ ਪ੍ਰਮਾਣ ਦਾ ਭੀ ਵਿਸ਼ਾ ਨਹੀਂ ਹੈ। 'ਅਪਤ ਪੁਰਸ਼ਾਂ ਦੇ ਬਚਨ ਦਾ ਨਾਮ ਸ਼ਬਦ ਹੈ, ਅਤੇ 'ਯਥਾਰਥ ਵਕਤਾ ਪੁਰਸ਼ ਦਾ ਨਾਮ ਅਪਤ' ਹੈ, ਇਸ ਤਰ੍ਹਾਂ ਮਹਾਂਪੁਰਸ਼ਾਂ ਦੇ ਬਚਨਾਂ ਤੋਂ ਭੀ ਇਹ ਸਿੱਧ ਹੁੰਦਾ ਹੈ ਕਿ 'ਹਰਿ ਕੀ ਗਤਿ ਨਹਿ ਕੋਊ ਜਾਨੈ॥ ਜੋਗੀ ਜਤੀ ਤਪੀ ਪਚਹਾਰੇ ਅਰ ਬਹੁ ਲੋਗ ਸਿਆਣੇ॥' ਤਾਂ ਫਿਰ ਬ੍ਰਹਮ ਸ਼ਬਦ ਪ੍ਰਮਾਣ ਦਾ ਭੀ ਵਿਸ਼ਾ ਨਾ ਹੋਇਆ। ਉਹ ਬ੍ਰਹਮ ਹਰ ਥਾਂ ਤੇ ਹਰ ਸਮੇਂ ਵਿਚ ਵਿਆਪਕ ਹੈ, ਕਿਸੇ ਸਮੇਂ ਵਿਚ ਤੇ ਕਿਸੇ ਥਾਂ ਉਤੇ ਭੀ ਉਸ ਦਾ ਅਭਾਵ ਨਹੀਂ ਹੈ, ਇਸ ਕਰਕੇ ਉਹ ਅਭਾਵ ਪ੍ਰਮਾਣ ਦਾ ਭੀ ਵਿਸ਼ਾ ਨਹੀਂ ਹੈ, ਕੇਵਲ ਇਕੋ-ਇਕ ਆਪਣੇ ਅਨੁਭਵ ਤੋਂ ਹੀ ਜਾਣਿਆਂ ਜਾਂਦਾ ਹੈ, ਇਸ ਕਰਕੇ ਉਸ ਨੂੰ ਜਣਾਉਣ ਵਿਚ ਇਕ ਆਪਣਾ ਅਨੁਭਵ ਹੀ ਪਰਮਾਣ ਹੈ।

[ਨਿਜ ਇਸ਼ਟ ਦਾ ਮੰਗਲ ਕਰਦੇ ਹਨ]

### *ਸ਼ਿਵ ਉਪਮਾ-ਤੋਟਕ ਛੰਦ ॥*

**ਹਰ ਗਯਾਨ ਪ੍ਰਦੀਪ ਸਦਾ ਲਸ਼ਕੇ॥**
**ਮਨ ਮੰਦਿਰ ਯੋਗਿਨ ਕੇ ਬਸ ਕੇ॥**
**ਬਹੁ ਮੋਹ ਉਦੇ ਜੁ ਰਿਦੈ ਤਿਨ ਕੇ॥**
**ਤਮ ਪੁੰਜ ਵਹੀ ਤਿਨ ਕੋ ਹਨ ਕੇ ॥੫॥**

ਹਰ-ਸ਼ਿਵ ਜੀ। ਪ੍ਰਦੀਪ-ਜਗਦਾ ਹੋਇਆ ਦੀਵਾ। ਲਸ਼ਕੇ-ਪ੍ਰਕਾਸ਼ ਰਿਹਾ ਹੈ, ਬਲ ਰਿਹਾ ਹੈ। ਯੋਗਿਨ=ਜੋਗੀਆਂ। ਤਮ-ਹਨੇਰਾ। ਹਨ ਕੇ-ਨਾਸ ਕਰ ਕੇ।

ਸ਼ਿਵ ਜੀ ਸਦਾ ਹੀ ਜਗਦੇ ਹੋਏ ਦੀਵੇ (ਸਮਾਨ) ਗਿਆਨ (ਰੂਪ) ਚਾਨਣ ਕਰ ਰਿਹਾ ਹੈ। ਜੋਗੀ-ਜਨਾਂ ਦੇ ਮਨ ਰੂਪ ਮੰਦਰ ਦੇ ਵਿਚ ਵੱਸ ਕੇ (ਚਾਨਣ ਕਰ ਰਿਹਾ ਹੈ)। ਉਹਨਾਂ (ਜੋਗੀ-ਜਨਾਂ) ਦੇ ਹਿਰਦੇ ਵਿਚ (ਯੋਗਾਵਸਥਾ ਤੋਂ ਪਹਿਲੇ) ਜੋ ਮੋਹ ਪੈਦਾ ਹੋ ਰਿਹਾ ਸੀ। ਉਹੋ ਹੀ ਤਮ ਪੁੰਜ [ਮਹਾਂ ਅੰਧਕਾਰ] ਹੈ, ਉਸ ਨੂੰ ਨਾਸ ਕਰਕੇ (ਚਾਨਣ ਕਰ ਰਿਹਾ ਹੈ)।

ਖੁਲਾਸਾ—ਇਥੇ ਗਿਆਨ ਸਰੂਪ ਸ਼ਿਵਜੀ ਨੂੰ ਪ੍ਰਕਾਸ਼ ਰੂਪ ਦੀਵੇ ਦੀ ਸਮਾਨਤਾ ਦਿੱਤੀ ਹੈ, ਜਿਸ ਤਰ੍ਹਾਂ ਦੀਵਾ ਮੰਦਰ ਵਿਚ ਬਲਦਾ ਹੈ, ਇਸੇ ਤਰ੍ਹਾਂ ਸ਼ਿਵਜੀ ਜੋਗੀ-ਜਨਾਂ ਦੇ ਹਿਰਦੇ ਵਿਚ ਸੋਭਾ ਸੰਯੁਕਤ ਬਿਰਾਜ ਰਿਹਾ ਹੈ, ਜਿਸ ਤਰ੍ਹਾਂ ਦੀਵੇ ਦੇ ਪ੍ਰਕਾਸ਼ ਹੋਣ ਤੋਂ ਪਹਿਲੇ ਘਰ ਦੇ ਅੰਦਰ ਹਨ੍ਹੇਰਾ ਫੈਲਿਆ ਹੁੰਦਾ ਹੈ ਜੋ ਦੀਵੇ ਦੇ ਪ੍ਰਕਾਸ਼ ਹੁੰਦਿਆਂ ਹੀ ਨਸ਼ਟ-ਭ੍ਰਸ਼ਟ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਜੋਗੀ-ਜਨਾਂ ਦੇ ਹਿਰਦੇ ਵਿਚ ਗਿਆਨ ਪ੍ਰਾਪਤੀ ਤੋਂ ਪਹਿਲੇ ਜੋ ਇਸਤ੍ਰੀ ਪੁੱਤ੍ਰ ਧਨ, ਦੌਲਤ ਆਦਿਕਾਂ ਦਾ ਮੋਹ ਪ੍ਰਗਟ ਹੋ ਰਿਹਾ ਸੀ, ਉਹੋ ਹੀ ਭਿਆਨਕ ਹਨੇਰਾ ਸੀ, ਜਿਸ ਨੂੰ ਇਸ ਗਿਆਨ ਰੂਪ ਚਾਨਣ ਨੇ ਨਸ਼ਟ ਕਰ ਦਿੱਤਾ ਹੈ।

ਪ੍ਰਸ਼ਨ—ਦੀਵੇ ਉਤੇ ਪਤੰਗਾ ਆਣ ਕੇ ਸੜਦਾ ਹੈ, ਦੀਵੇ ਵਿਚ ਤੇਲ ਤੇ ਬੱਤੀ ਹੁੰਦੀ ਹੈ, ਜਿਸ ਕਰਕੇ ਉਹ ਮੱਚਦਾ ਹੈ, ਜੇਕਰ ਸ਼ਿਵਜੀ 'ਗਿਆਨ ਪ੍ਰਦੀਪ' ਹੈ ਤਾਂ ਇਸ ਵਿਚ ਤੇਲ ਤੇ ਬੱਤੀ ਕਿਹੜੀ ਹੈ ਅਤੇ ਪਤੰਗਾ ਕਿਹੜਾ ? ਇਸ ਦਾ ਉੱਤਰ ਦੇਂਦੇ ਹਨ

**ਪੁਨ ਲੋਲ ਅਨੰਗ ਪਤੰਗ ਮਹਾ॥**
**ਖਿਣ ਮਾਹਿ ਸੁਭਾਵਿਕ ਤਾਹਿ ਕਹਾ॥**
**ਨਿਹਕਾਮ ਸਮੂਹ ਗੁਣਾਗ੍ਰ ਦਿਪੈ॥**
**ਸੁ ਸਨੇਹ ਸਨੇਹ ਵਹੀ ਅਰਪੈ॥**

ਲੋਲ—ਚੰਚਲ। ਅਨੰਗ-[ਅਨ-ਨਹੀਂ ਹੈ + ਅੰਗ=ਸਰੀਰ] ਜਿਸ ਦਾ ਸਰੀਰ ਨਹੀਂ ਹੈ-ਕਾਮਦੇਵ। ਪਤੰਗ-ਪਤੰਗਾ, ਭੰਬਟ, (ਦੀਵੇ ਦਾ ਆਸ਼ਿਕ ਜੰਤੂ, ਜੋ ਦੀਵੇ ਦੀ ਲਾਟ ਉਤੇ ਡਿੱਗ ਕੇ ਸੜ ਮਰਦਾ ਹੈ।)

ਦਹਾ-ਸਾੜ ਦਿੱਤਾ। ਨਿਹਕਾਮ-ਕਾਮਨਾ ਤੋਂ ਰਹਿਤ ਹੋਣਾ। ਗੁਣਾਗ੍ਰ-ਬੱਤੀ, (ਜੋ ਦੀਵੇ ਵਿਚ ਸੜਦੀ ਹੈ)। ਦਿਪੈ-ਸੜਦੀ ਹੋਈ ਪ੍ਰਕਾਸ਼ ਕਰ ਰਹੀ ਹੈ। ਸਨੇਹ-ਪ੍ਰੇਮ ਸਨੇਹ-ਤੇਲ।

ਜੋ ਮਹਾਂ ਚੰਚਲ ਕਾਮਦੇਵ ਹੈ, (ਏਹੀ ਇਸ ਦੀਵੇ ਉਤੇ) ਪਤੰਗਾ ਹੈ। ਉਸ ਨੂੰ (ਸ਼ਿਵਜੀ ਰੂਪ ਦੀਵੇ ਨੇ) ਇਕ ਖਿਨ ਵਿਚ ਸੁਭਾਵਕ ਹੀ ਸਾੜ ਸੁੱਟਿਆ ਹੈ। (ਜੋ) ਨਿਸ਼ਕਾਮ (ਗੁਣਾਂ ਦਾ) ਝੁੰਡ (ਹੈ, ਏਹੋ ਹੀ) ਬੱਤੀ (ਰੂਪ ਹੋ ਕੇ ਇਸ ਵਿਚ) ਉਜਾਲਾ ਕਰ ਰਹੀ ਹੈ। (ਜੋ ਜੋਗੀ-ਜਨਾਂ ਦੇ ਹਿਰਦੇ ਵਿਚ ਪੂਰਨ) ਪ੍ਰੇਮ ਹੈ, ਉਹੀ ਤੇਲ ਹੈ, (ਜੋ ਉਹਨਾਂ ਨੇ ਇਸ ਗਿਆਨ ਪ੍ਰਦੀਪ ਵਿਚ) ਪਾਇਆ ਹੋਇਆ ਹੈ ॥੬॥

**ਜਿਨ ਕੇ ਅਤਿ ਭਾਲ ਕੋ ਭਾਲ ਭਲੇ॥**
**ਅਸ ਦੀਪਕ ਤਾਂ ਮਨ ਧਾਮ ਜਲੇ॥**
**ਜਿਨ ਭੂਖਨ ਮਾਲ ਮਯੰਕ ਸਹੀ॥**
**ਕਲਿ ਕਾ ਕਲਿ ਦੂਰ ਕਲੰਕ ਨਹੀ॥**

ਭਾਲ-ਮੱਥਾ। ਭਾਗ-ਲੇਖ, ਕਿਸਮਤ। ਅਸ-ਅਜਿਹਾ, ਇਸ ਤਰ੍ਹਾਂ ਦਾ। ਧਾਮ-ਮੰਦਰ, ਘਰ। ਭੂਖਨ-ਗਹਿਣਾ। ਮਯੰਕ-ਚੰਦਰਮਾਂ। ਕਲਿ-ਕਲਿਯੁਗ। (੨) ਕਲਪਨਾਂ।

ਜਿਨ੍ਹਾਂ (ਪੁਰਸ਼ਾਂ) ਦੇ ਮੱਥੇ ਦੇ ਭਾਗ ਬਹੁਤ ਹੀ ਚੰਗੇ ਹਨ, ਉਹਨਾਂ ਦੇ ਮਨ ਰੂਪ ਘਰ ਵਿਚ ਇਸ ਤਰ੍ਹਾਂ ਦਾ ਦੀਵਾ ਜਗਦਾ ਹੈ।

ਪ੍ਰਸ਼ਨ—ਗਿਆਨ ਪ੍ਰਦੀਪ ਰੂਪ ਸ਼ਿਵਜੀ ਕੈਸਾ ਹੈ ? ਉੱਤਰ:-

ਜਿਸ ਦੇ ਮੱਥੇ ਉਤੇ ਚੰਦਰਮਾਂ ਰੂਪ ਗਹਿਣਾ ਸੋਭਾ ਪਾ ਰਿਹਾ ਹੈ, (ਜਿਸ) ਦੂਜੇ (ਦੇ ਚੰਦਰਮਾਂ ਨੂੰ) ਕਲਿਜੁਗ ਦੀ ਕਲਪਨਾਂ ਰੂਪ ਕਲੰਕ ਨਹੀਂ ਹੈ ॥੭॥

**ਬਿਬ ਤਾਸ ਸਿਖਾਂ ਪ੍ਰਕਾਸ਼ ਸਮੰ॥**
**ਦਿਨ ਰਾਤ ਵਿਭਾਸ ਪ੍ਰਸ਼ਾਤ ਤਮੰ॥**
**ਪੁਨ ਤੀਨ ਗੁਣੋ ਯੁਤ ਦੇਵ ਤ੍ਰਏ॥**
**ਦ੍ਰਿਗਤੀਨ ਕੇ ਨੈਂ ਮੇ ਐਨ ਕਏ ॥੮॥**

ਬਿਬ-ਦੋ। ਸਿਖਾ-ਚੋਟੀ। ਪਰਕਾਸ਼-ਚਾਨਣ। ਵਿਭਾਸ-ਪ੍ਰਕਾਸ਼ ਕਰਦਾ ਹੋਇਆ। ਪ੍ਰਸ਼ਾਤ-ਪੂਰਨ ਨਾਸ ਕਰਤਾ ਰਿਹਾ ਹੈ। ਤੀਨ ਗੁਣੋ-ਰਜੋ, ਤਮੋ, ਤੇ ਸਤੋ ਗੁਣ ਦੇ। ਯੁਤ-ਸਮੇਤ। ਦੇਵ ਤ੍ਰਈ-ਤਿੰਨ ਦੇਵਤੇ-ਬ੍ਰਹਮਾਂ ਵਿਸ਼ਨ ਤੇ ਸ਼ਿਵ। ਦ੍ਰਿਗਤੀਨ-ਤਿੰਨ ਅੱਖਾਂ ਵਾਲਾ ਸ਼ਿਵਜੀ। ਐਨ-ਘਰ। ਕਏ-ਬਣਾਏ ਹੋਏ ਹਨ।

ਉਸ ਚੰਦਰਮਾਂ) ਦੀਆ ਦੋ ਚੋਟੀਆਂ ਹਨ ਤੇ ਚਾਨਣ ਇਕੋ ਜਿਹਾ ਹੈ। ਦਿਨ-ਰਾਤ ਚਾਨਣ ਕਰਦਾ ਹੋਇਆ ਹਨੇਰੇ ਨੂੰ ਪੂਰਾ ਨਾਸ ਕਰ ਰਿਹਾ ਹੈ ਫਿਰ ਤਿੰਨਾਂ ਗੁਣਾਂ ਦੇ ਸਮੇਤ ਹੀ ਤਿੰਨ ਦੇਵਤੇ ਸ਼ਿਵਜੀ ਦੀਆਂ (ਤਿੰਨਾਂ ਹੀ) ਅੱਖਾਂ ਵਿਚ (ਆਪਣਾ-ਆਪਣਾ) ਘਰ ਬਣਾਕੇ ਨਿਵਾਸ ਕਰ ਰਹੇ ਹਨ ॥੮॥

**ਸਤ ਸੰਗ ਬਜੇ ਹਰਿ ਨੇਤ੍ਰ ਸਜੇ॥**
**ਸਰਜੋ ਅਜ ਲੋਚਨ ਦੂਜ ਸਜੇ॥**
**ਅਗਨਾਖਯ ਬਿਖੇ ਨਿ ਹੈ ਸ-ਤਮੋ॥**
**ਭਵ ਪਲ ਗ੍ਰਸੈ ਅਸ ਈਸ ਨਮੋ ॥੯॥**

ਸਤ-ਗੁਣ। ਹਰਿ-ਵਿਸ਼ਨੂੰ। ਸਜੋ-ਸੱਜੇ, ਦਾਹਨੇ, ਰਾਈਟ ਖੱਬੇ ਦੇ ਉਲਟ। ਸਜੋ-ਸਜ ਰਿਹਾ ਹੈ, ਸੋਭਾ ਪਾ ਰਿਹਾ ਹੈ। ਸਰਜੋ-ਰਜੋ ਗੁਣ ਦੇ ਸਮੇਤ। ਅਜ-ਬ੍ਰਹਮ। ਅਗਨਾਖਯ-[ਅਗਨ+ਅਖਯ] ਅਗਨੀ ਨਾਮ ਵਾਲੀ ਤੀਜੀ ਅੱਖ। ਸ ਤਮੋ-ਤਮੋ ਗੁਣ ਸਹਿਤ। ਭਵ-ਉਤਪਤੀ। ਪਾਲ-ਪਾਲਨਾ। ਗ੍ਰਸੈ-ਗ੍ਰਹਿਣ ਕਰਨਾ, ਨਾਸ ਕਰਨਾ, ਪਰਲੋ ਈਸ-ਸ਼ਿਵ ਜੀ।

ਸਤੋ ਗੁਣ ਦੇ ਨਾਲ ਮਿਲਕੇ ਵਿਸ਼ਨੂੰ ਸੱਜੀ ਅੱਖ ਵਿਚ ਵਸ ਰਿਹਾ ਹੈ। ਰਜੋ ਗੁਣ ਦੇ ਸਹਿਤ ਬ੍ਰਹਮਾ ਦੂਜੀ [ਖੱਬੀ] ਅੱਖ ਵਿਚ ਸਜ ਰਿਹਾ ਹੈ। ਅਗਨੀ ਨਾਮ ਵਾਲੀ (ਤੀਜੀ) ਅੱਖ ਵਿਚ ਸ਼ਿਵਜੀ) ਆਪ ਹੀ ਤਮੋ ਗੁਣ ਦੇ ਸਹਿਤ (ਨਿਵਾਸ ਕਰ ਰਿਹਾ) ਹੈ। (ਜੋ ਖੱਬੀ ਅੱਖ ਨਾਲ ਮਿਲੇ ਹੋਏ ਰਜੋ ਗੁਣ ਸਹਿਤ ਬ੍ਰਹਮਾ ਰੂਪ ਹੋ ਕੇ) ਸੰਸਾਰ ਦੀ ਪਾਲਣਾ ਕਰਦਾ ਹੈ, ਅਤੇ (ਅਗਨੀ ਅੱਖ ਨਾਲ ਮਿਲੇ ਹੋਏ ਤਮੋ ਗੁਣ ਸੰਜੁਗਤ ਰੁਦਰ ਰੂਪ ਹੋ ਕੇ) ਸੰਸਾਰ ਨੂੰ ਗ੍ਰਸਦਾ (ਨਾਸ ਕਰਦਾ) ਹੈ, ਇਸ ਤਰ੍ਹਾਂ ਦੇ (ਤਿੰਨਾਂ ਗੁਣਾਂ ਵਾਲੇ) ਈਸ਼ਵਰ ਨੂੰ ਮੈਂ ਨਮਸ਼ਕਾਰ ਕਰਦਾ ਹਾਂ ॥੯॥

### ਦੋਹਰਾ

## ਭਰਤ ਸ਼ਤਿਕ ਵੈਰਾਗ ਦੇ ਭਾਸ਼ਕਰ ਹਰਿ ਦਯਾਲ॥
## ਕੇਵਲ ਪ੍ਰੇਮ ਹੁਲਾਸ ਉਠ, ਲਵਨ ਕਵਿਨ ਕੀਚਾਲ ॥੧੦॥

ਭਾਰਤ-ਭਰਤਰੀ ਹਰਿ, ਗ੍ਰੰਥ ਕਰਤਾ ਦਾ ਨਾਮ ਹੈ, ਜਿਸ ਦੀ ਜੀਵਨੀ ਪੁਸਤਕ ਦੇ ਆਰੰਭ ਵਿਚ ਲਿਖੀ ਹੋਈ ਹੈ।

ਸ਼ਤਕਿ-[ਸਤ+ਇਕ] ਇਕ ਸੌ ਸਲੋਕ। ਵੈਰਾਗ-ਬ੍ਰਹਮ ਲੋਕ ਲੌ ਭੋਗ ਜੋ ਚਹੇ ਸਭਨ ਕੋ ਤਿਆਗ॥
ਵੇਦ ਅਰਥ ਗਯਾਤਾ ਮੁਨੀ ਕਹਿਤ ਤਾਂਹਿ ਵੈਰਾਗ॥ (ਵਿ:ਸਾ:)

ਵਾਸ਼-ਟੀਕਾ, ਕਵਿਤਾ ਸਰੂਪ ਟੀਕਾ, ਜੋ ਸੰਸਕ੍ਰਿਤ ਸਲੋਕਾਂ ਦਾ ਉਲਥਾ ਕੀਤਾ ਗਿਆ ਹੈ।

ਕਾਰ-ਉਲਥਾ ਸਰੂਪ ਕਵਿਤਾ ਦੀ ਰਚਨਾ ਕਰਨ ਵਾਲਾ

ਹਰਿ ਦਯਾਲ-ਕਵਿਤਾ ਕਰਨ ਵਾਲੇ ਦਾ ਨਾਮ ਹੈ, ਇਸ ਦੀ 'ਜੀਵਨੀ' ਭੀ ਪੁਸਤਕ ਦੇ ਆਰੰਭ ਵਿਚ ਲਿਖੀ ਹੈ।

ਹੁਲਾਸ-ਹੁਲਾਰਾ, ਪ੍ਰੇਮ ਮਈ ਉਤਸ਼ਾਹ ਦਾ ਫੁਰਨਾ।

ਲਵ-ਲੇਸ, ਥੁੱਕ ਦੀ ਲੇਸ ਮਾਤ੍ਰ (ਭਾਵ ਵਿਚ ਬਿਲਕੁਲ ਤੁੱਛ ਮਾਤਰ) ਕਵਿਨ ਕੀ ਚਾਲ-ਕਵੀ ਜਨਾਂ ਦੀ ਰੀਤੀ ਜਾਂ ਢੰਗ।

ਅਰਥ—ਭਰਥਰੀ ਜੀ ਦੇ 'ਵੈਰਾਗ ਸ਼ੱਤਕ' ਨੂੰ ਬ੍ਰਿਜ ਭਾਸ਼ਾ ਵਿਚ 'ਹਰਿ ਦਿਆਲ' ਨੇ ਉਲੱਥਾ ਕੀਤਾ ਹੈ। (ਇਹ ਰਚਨਾ) ਕੇਵਲ ਹਿਰਦੇ ਦੇ ਪਰੇਮ ਦਾ ਹੁਲਾਸ ਹੈ, ਕਵੀ-ਜਨਾਂ ਦੀ ਮਰਯਾਦਾ ਮੇਰੇ ਵਿਚ ਰੱਤੀ ਮਾਤਰ ਭੀ ਨਹੀਂ ਹੈ॥੧੦॥

### ਦੋਹਰਾ

## ਅਰਥ ਬਰ ਨ ਬ੍ਰਿਤ ਬਰ ਨ ਯੁਤ ਭੂਪ ਬਚਨ ਸ਼ਿਵ ਊਪ॥
## ਬਾਲ ਬਯਾਹ ਕੀ ਗਾਲ ਸਮ ਦੂਸਨ ਭੂਖਨ ਰੂਪ ॥੧੧॥

ਬਰ-ਸ੍ਰੇਸ਼ਟ। ਬ੍ਰਿਤ-ਛੰਦ। ਯੁਤ-ਸਮੇਤ। ਊਤ-ਉਪਮਾ। ਬਾਲ-ਇਸਤ੍ਰੀ। ਦੂਖਨ-ਦੁਖਦਾਈ ਬਚਨ, ਕਲੰਕ ਰੂਪ ਬਚਨ। ਭੂਖਨ-ਗਹਿਣਾ।

(ਮੇਰੀ ਇਸ ਕਵਿਤਾ ਦਾ ਕੋਈ) ਅਰਥ ਭੀ ਸਰੇਸ਼ਟ ਨਹੀਂ ਤੇ ਛੰਦ (ਭੀ ਕੋਈ) ਸਰੇਸ਼ਟ ਨਹੀਂ ਹਨ, ਕੇਵਲ ਸ਼ਿਵ ਜੀ ਦੀ ਉਪਮਾਂ ਨਾਲ ਮਿਲੇ ਹੋਏ ਰਾਜੇ ਦੇ ਬਚਨ (ਕਰਨ ਕਰਦਾ ਹਾਂ। (ਜਿਵੇਂ) ਗਾਲ ਦੂਖਨ ਰੂਪ ਹੈ, (ਪਰ) ਵਿਆਹ ਦੇ ਸਮੇਂ ਇਸਤ੍ਰੀ (ਦੇ ਮੂੰਹੋਂ ਨਿਕਲੀ ਹੋਈ ਗਾਲ) ਭੂਖਨ (ਸਮਝੀ ਜਾਂਦੀ ਹੈ, ਉਸੇ ਦੇ) ਸਮਾਨ ਮੇਰੀ ਕਵਿਤਾ ਦੂਸ਼ਨ ਰੂਪ ਹੈ, ਪਰ ਸ਼ਿਵ ਜੀ ਦੀ ਉਪਮਾ ਤੇ ਰਾਜੇ ਦੀ ਬਚਨਾਂ ਨਾਲ ਮਿਲੀ ਹੋਣ ਕਰਕੇ ਭੂਖਨ ਰੂਪ ਮੰਨੀ ਜਾਏਗੀ ॥੧੧॥

ਨੋਟ—ਹੁਣ ਅੱਗੇ ਰਾਜੇ ਨੂੰ ਵੈਰਾਗ ਹੋਣ ਦਾ ਕਥਨ ਕਰਦੇ ਹਨ :

## ਕਬਿੱਤ

**ਸੋਮ ਨਾਮ ਬਿਪ੍ਰ ਵਰ ਗਿਰਜਾ ਕੇ ਵਰ ਕਰ ਲੀਨੋ,**
**ਸੁਧਾ ਫਰ ਕਰ ਦੀਨੋ ਨਰ ਨਾਹ ਕੇ॥**
**ਭੂਪਤਿ ਸ੍ਵੈ ਪਤਨੀ ਕੋ ਰਾਣੀ ਨਿਜ ਮੀਤ ਹੀ ਕੋ,**
**ਤਾ ਨੇ ਦੀਨੋ ਗੀਤ ਕੀ ਕੈ ਨੀਕੋ ਫਲੁ ਚਾਹ ਕੇ॥**
**ਆਗੇ ਗਨਕਾ ਸਰਾਗੇ ਧਰਾਪਤਿ ਆਗੇ ਧਰਾ,**
**ਨਰ ਨਾਥ ਮਾਥ ਧੁਨਾ ਸੁਨਿ ਧਨਾ ਤਾਹ ਕੇ॥**
**ਹਾ ਹਾ ਕਾਮਨੀ ਕੇ ਹੇਤੁ ਹਤੇ ਕਾਮ ਨੀਕੇ ਅਬ,**
**ਤਾਹਿ ਤਜੋ ਹਾ ਭਜੌ ਸੀਸ ਸਸੀ ਜਾਹ ਕੇ ॥੧੨॥**

ਸੋਮ-ਚੰਦਰ, (ਭਾਵ ਚੰਦਰ ਸ਼ੇਖਰ)॥ ਵਰ-ਸ੍ਰੇਸ਼ਟ, ਭਲੇ ਪੁਰਸ਼। ਗਿਰਜਾ-ਪਾਰਬਤੀ। ਸੁਧਾ-ਅੰਮ੍ਰਿਤ। ਹਰ-ਫਲ। ਕਰ॥ ਹੱਥ। ਨਰ ਨਾਹ-ਪੁਰਸ਼ਾ ਦਾ ਸੁਆਮੀ ਰਾਜਾ। ਪਤਿ-ਪ੍ਰਿਥਵੀ ਦਾ ਸੁਆਮੀ-ਰਾਜਾ। ਸਵੈ-ਆਪਣੀ। ਪਤਨੀ-ਇਸਤਰੀ, ਅਰਧੰਗੀ। ਨਿਜ ਮੀਤ-ਆਪਨੇ ਮਿੱਤ੍ਰ। ਤਾਨੇ-ਉਸ ਨੇ। ਗੀਤਕੀ-ਗਾਉਣ ਵਾਲੀ, ਵੇਸਵਾ। ਸਰਾਗੇ-ਪਰੇਮ ਨਾਲ। ਧਰਾਪਤਿ- ਧਰਤੀ ਦਾ ਸੁਆਮੀ ਰਾਜਾ। ਨਰ ਨਾਥ-ਪੁਰਸ਼ਾਂ ਦਾ ਸ੍ਵਾਮੀ ਰਾਜਾ। ਧੁਨਾ-ਪਿਟਿਆ। ਧੂਨਾ-ਅਵਾਜ਼-ਗੱਲ। ਕਾਮਨੀ-ਇਸਤ੍ਰੀ। ਹੇਤੁ-ਵਾਸਤੇ। ਹਤੇ-ਨਾਸ ਕੀਤੇ ਹਨ। ਨੀਕੇ-ਚੰਗੇ, ਉੱਤਮ। ਸ਼ੀਸ ਸਸੀ-ਸਿਰ ਉਤੇ ਚੰਦਰਮਾਂ।

ਇਕ ਚੰਦਰ ਸ਼ੇਖਰ ਨਾਮ ਦਾ ਬੜਾ ਬ੍ਰਾਹਮਣ ਸੀ, ਉਸ ਨੇ ਸ਼ਿਵ-ਪਾਰਬਤੀ ਦੀ ਬੜੀ ਭਾਰੀ ਤਪਸਯਾ ਕੀਤੀ, ਜਿਸ ਕਰਕੇ ਵਰ ਦੇਣ ਸਮੇਂ ਪਾਰਬਤੀ ਨੇ ਇਕ ਅੰਮ੍ਰਿਤ ਫਲ ਉਸ ਨੂੰ ਦੇ ਦਿੱਤਾ-(ਅਤੇ ਕਿਹਾ-ਇਸ ਫਲ ਨੂੰ ਖਾਣ ਵਾਲਾ ਕਦੇ ਬੁੱਢਾ ਨਹੀਂ ਹੋਵੇਗਾ ਤੇ ਦੇਵਤਿਆਂ ਜਿੰਨੀ ਉਸ ਦੀ ਉਮਰਾ ਹੋ ਜਾਵੇਗੀ। ਉਸ ਫਲ ਨੂੰ ਹੱਥ ਵਿਚ ਲੈ ਕੇ ਬ੍ਰਾਹਮਣ ਸੋਚਣ ਲੱਗਾ-ਜੇ ਮੈਂ ਇਹ ਫਲ ਖਾ ਲਵਾਂ ਤਾਂ ਮੈਂ ਹੋਰ ਵੀ ਮਹਾਨ ਦੁਖੀ ਹੋਵਾਂਗਾ, ਹੁਣ ਤਾਂ ਮੈਨੂੰ ਆਸ ਹੈ ਜੋ ਮੌਤ ਮੈਨੂੰ ਦੁੱਖਾਂ ਤੋਂ ਛੁਟਕਾਰਾ ਕਰਾ ਦੇਵੇਗੀ ਪਰ ਇਸ ਫਲ ਦੇ ਖਾਣ ਨਾਲ ਉਹ ਮੌਤ ਹੀ ਨਹੀਂ ਆਉਣੀ ਤਾਂ ਫਿਰ ਦੁਖ ਕਿਵੇਂ ਮਿਟਣਗੇ? ਚੰਗਾ ਹੈ ਜੋ ਇਹ ਫਲ ਧਰਮੀ ਰਾਜੇ ਭਰਥਰੀ ਨੂੰ ਦੇ ਦੇਵਾਂ, ਇਸ ਦੇ ਬਦਲੇ ਵਿਚ ਉਹ ਮੈਨੂੰ ਪਦਾਰਥ ਦੇ ਦੇਵੇਗਾ, ਜਿਸ ਨਾਲ ਮੇਰਾ ਭੁੱਖ ਰੂਪ ਦੁੱਖ ਮਿਟ ਜਾਏਗਾ, ਇਹ ਵਿਚਾਰ ਕਰਕੇ ਬ੍ਰਾਹਮਣ ਨੇ ਫਲ ਲਿਜਾ ਕੇ ਰਾਜੇ ਭਰਥਰੀ ਨੂੰ ਦੇ ਦਿੱਤਾ।

ਰਾਜੇ ਨੇ ਉਹ ਫਲ ਆਪ ਇਸ ਲਈ ਨਾਂ ਖਾਧਾ ਕਿ ਮੈਂ ਤਾਂ ਫਲ ਖਾ ਕੇ ਨਿੱਤ ਦਾ ਜੀਵਨ ਤੇ ਜੋਬਨ ਅਵਸਥਾ ਪਾ ਲਵਾਂਗਾ, ਪਰ ਮੇਰੀ ਪਿਆਰੀ ਇਸਤ੍ਰੀ ਬੁੱਢੀ ਹੋ ਜਾਏਗੀ ਜਾਂ ਮਰ ਜਾਏਗੀ, ਉਸ ਤੋਂ ਬਿਨਾਂ ਮੇਰੀ ਜੁਆਨੀ ਤੇ ਨਿੱਤ ਦਾ ਜੀਵਨ ਦੁੱਖ ਰੂਪ ਹੋਵੇਗਾ, ਇਸ ਲਈ ਚੰਗਾ ਹੈ, ਜੋ ਇਹ ਫਲ

ਰਾਣੀ ਨੂੰ ਖੁਵਾ ਦੇਵਾਂ ਤਾਂ ਕਿ ਉਹ ਸਦਾ ਹੀ ਜੁਆਨ ਰਹੇ ਤੇ ਮੈਂ ਉਸਦੀ ਜੁਆਨੀ ਦਾ ਅਨੰਦ ਲੁੱਟਾਂ, ਇਹ ਵਿਚਾਰ ਕਰਦਿਆਂ ਹੋਇਆਂ ਰਾਜੇ ਨੇ ਫਲ ਰਾਣੀ ਨੂੰ ਦੇ ਦਿੱਤਾ। ਅੱਗੇ ਰਾਣੀ (ਨੇ ਭੀ ਫਲ ਨਾ ਖਾਧਾ, ਤੇ) ਆਪਣੇ ਮਿੱਤਰ ਨੂੰ (ਦੇ ਦਿੱਤਾ, ਉਸ ਦੇ ਮਿੱਤਰ ਨੇ ਭੀ ਫਲ ਨਾ ਖਾਧਾ) ਉਸ ਨੇ (ਆਪਣੀ ਪ੍ਰੇਮ-ਪਾਤਰੀ) ਵੇਸਵਾ ਕੋਲ ਜਾ ਕੇ ਬੜੇ ਪਿਆਰ ਤੇ ਚਾਹ ਨਾਲ ਫਲ ਦੇ ਦਿੱਤਾ। ਅੱਗੇ (ਫਿਰ ਉਹੀ ਫਲ) ਵੇਸਵਾ ਨੇ ਬੜੇ ਪਿਆਰ ਦੇ ਨਾਲ ਲਿਜਾ ਕੇ ਰਾਜੇ ਭਰਥਰੀ ਦੇ ਅੱਗੇ ਭੇਟ ਰੱਖ ਦਿੱਤਾ, (ਰਾਜੇ ਨੇ ਕੰਜਰੀ ਤੋਂ ਪੁਛਿਆ ਤੂੰ ਇਹ ਫਲ ਕਿਥੋਂ ਲਿਆ ਹੈ ? ਇਸ ਦੇ ਉੱਤਰ ਦੀ) ਗੱਲ ਸੁਣ ਕੇ ਰਾਜੇ ਨੇ ਸਿਰ ਫੇਰਿਆ ਤੇ ਪਛਤਾਵਾ ਕੀਤਾ। (ਰਾਜੇ ਨੇ ਮੂੰਹੋਂ ਕਿਹਾ) ਹਾਇ ! (ਮੈਂ ਇਸ) ਇਸਤ੍ਰੀ ਦੇ ਵਾਸਤੇ ਚੰਗੇ-ਚੰਗੇ ਕੰਮ ਨਾਸ ਕਰ ਦਿੱਤੇ ਹਨ, (ਪਰ ਇਹ ਇਸ ਤਰ੍ਹਾਂ ਦੀ ਬੇਵਫਾ ਨਿਕਲੀ ਹੈ, ਚੰਗਾ) ਹੁਣ ਉਸ ਨੂੰ ਛੱਡ ਦੇਵਾਂ (ਅਤੇ ਜਾ ਕੇ) ਉਸ ਦੀ ਅਰਾਧਨਾ ਕਰਾਂ, ਜਿਸ ਦੇ ਸਿਰ ਉਤੇ ਚੰਦਰਮਾਂ ਸੋਭ ਰਿਹਾ ਹੈ (ਅਰਥਾਤ ਇਸਤ੍ਰੀ ਦਾ ਤਿਆਗ ਕਰਕੇ ਸ਼ਿਵ ਜੀ ਦੀ ਅਰਾਧਨਾ ਕਰਾਂ) ॥੧੨॥

ਨੋਟ—ਇਸ 'ਕਬਿੱਤ' ਦਾ ਪੂਰਾ-ਪੂਰਾ ਵਿਸਥਾਰ, ਪੁਸਤਕ ਦੇ ਆਰੰਭ ਵਿਚ 'ਰਾਜੇ ਭਰਥਰੀ ਦੀ ਜੀਵਨੀ' ਵਿਚ ਵਰਣਨ ਹੋ ਚੁੱਕਾ ਹੈ, ਇਸ ਕਰਕੇ ਇਥੇ ਕੇਵਲ ਅੱਖਰਾਂ ਦਾ ਅਰਥ ਲਿਖ ਦਿੱਤਾ ਹੈ ਜੋ ਉਥੇ ਨਹੀਂ ਲਿਖਿਆ ਹੈ।

### ਸ੍ਵੈਯਾ

**ਜਿਨਕੋ ਨਿਤ ਮੈਂ ਚਿਤ ਮੈ ਚਿਤਮੋ,**
**ਤਿਨ ਕੀ ਰਤਿ ਮੋ ਤਨ ਮਾਂਹਿ ਰਤੀ ਨਾ॥**
**ਵਹੁ ਆਨ ਪੁਮਾਨ ਕੇ ਸੰਗਿ ਰਤੀ ਪੁਨ,**
**ਤਾ ਮਨ ਮੈ ਗਨਕਾ ਗ੍ਰਹ ਕੀਨਾ॥**
**ਧਿਕ ਹੈ ਅਬਲਾ ਭ੍ਰਿਤ ਕੰਦ੍ਰਪ ਪੈ ਅਰੁ,**
**ਮੋਹਿ ਧਿੱਕਾਰ ਜੋ ਮਾਰ ਅਧੀਨਾ॥**
**ਇਸ ਗਤਿ ਸਮੂਹ ਕੀ ਪ੍ਰੀਤਿ ਤਜੀ ਨ੍ਰਿਪ,**
**ਹੋਇ ਜੋਗੀਸ਼ਰ ਈਸ਼ੁਰ ਚੀਨਾ ॥੧੩॥**

ਚਿਤਮੋ—ਚਿਤਵਦਾ ਹਾਂ, ਸਿਮਰਦਾ ਹਾਂ। ਰਤਿ-ਪ੍ਰੀਤੀ। ਰਤੀ-ਰੱਤੀ, ਅੱਠ ਚਾਵਲ ਜਿੰਨੇ ਤੋਲ ਦਾ ਨਾਮ ਇਕ ਰੱਤੀ ਹੈ। ਆਨ। ਦੂਜੇ। ਪੁਮਾਨ-ਪੁਰਸ਼। ਭ੍ਰਿਤ-ਸੇਵਕ, ਦਾਸ। ਕੰਦ੍ਰਪ ਕਾਮਦੇਵ। ਮਾਰ-ਕਾਮਦੇਵ। ਸਮੂਹ-ਸਾਰਿਆਂ।

ਰਾਜਾ ਭਰਥਰੀ ਜੀ ਕਹਿੰਦੇ ਹਨ-ਜਿਸ (ਰਾਣੀ) ਨੂੰ ਮੈਂ ਹਰ ਰੋਜ਼ ਸਦਾ ਹੀ ਚਿੱਤ ਵਿਚ ਚਿਤਵਦਾ ਰਹਿੰਦਾ ਹਾਂ, ਉਸ ਦੀ ਪ੍ਰੀਤੀ ਮੇਰੇ ਸਰੀਰ ਵਿਚ ਰੱਤੀ ਜਿੰਨੀ ਭੀ ਨਹੀਂ ਹੈ। (ਕਿਉਂਕਿ) ਉਹ (ਇਕ) ਹੋਰ ਪੁਰਸ਼ ਦੇ ਨਾਲ ਰੱਤੀ (ਮਿਲੀ) ਹੋਈ ਹੈ, (ਪਰ) ਉਸ (ਪੁਰਸ਼) ਦੇ ਮਨ ਵਿਚ ਰਾਣੀ ਦਾ ਪਿਆਰ

ਨਹੀਂ ਹੈ, ਸਗੋਂ) ਉਸ ਦੇ ਮਨ ਵਿਚ ਬਜ਼ਾਰੀ ਕੰਜਰੀ ਨੇ ਘਰ ਬਣਾਇਆ ਹੋਇਆ ਹੈ। ਇਸਤ੍ਰੀ ਨੂੰ ਧ੍ਰਿਕਾਰ ਹੈ, (ਜੋ ਰਾਜੇ ਦੀ ਰਾਣੀ ਹੋ ਕੇ, ਸੇਵਕ ਨਾਲ ਪਿਆਰ ਕਰਦੀ ਹੈ, ਫਿਰ ਉਸ) ਸੇਵਕ ਨੂੰ ਧਿਰਕਾਰ ਹੈ (ਜੋ ਮਹਾਂਰਾਣੀ ਦਾ ਪਿਆਰਾ ਹੋ ਕੇ ਕੰਜਰੀ ਨਾਲ ਪਿਆਰ ਕਰਦਾ ਹੈ ਅਤੇ) ਕਾਮਦੇਵ (ਨੂੰ ਧ੍ਰਿਕਾਰ, ਜਿਸ ਨੇ ਉਚ-ਨੀਚ ਅਵਸਥਾ ਨੂੰ ਨਸ਼ਟ ਕਰ ਦਿੱਤਾ ਹੈ) ਅਤੇ ਮੈਨੂੰ ਭੀ ਧਿਰਕਾਰ ਹੈ, (ਕਿਉਂਕਿ ਮੈਂ ਸਭ ਤਰ੍ਹਾਂ ਦੀ ਵਿਚਾਰ ਵਾਲਾ ਹੋ ਕੇ ਭੀ) ਕਾਮ ਦੇ ਅਧੀਨ ਹੋ ਰਿਹਾ ਹਾਂ। ਇਸ ਤਰੀਕੇ ਨਾਲ ਰਾਜੇ ਨੇ ਸਾਰਿਆਂ ਦੀ ਪ੍ਰੀਤੀ ਛੱਡ ਦਿੱਤੀ, ਅਤੇ ਈਸ਼੍ਵਰ ਦੀ ਪਛਾਣ ਵਾਲਾ ਹੋ ਕੇ ਜੋਗੀਸ਼੍ਵਰ (ਜੋਗੀਆਂ ਦਾ ਭੀ ਪੂਜਨੀਕ) ਹੋ ਗਿਆ ਸੀ ॥੧੩॥

## ਦੋਹਰਾ

**ਭਨਯੋ ਭੂਪ ਵੈਰਾਗਸ਼ਤ ਨਿਜ ਮਨ ਸਿਖਿਆ ਹੇਤ ॥**
**ਸੁਨੋ ਜਨੋ ਸੁਭ ਗਿਰਾ ਤਿਹ ਜਗਤ ਜਲਧ ਮਹਿ ਸੇਤ ॥੧੪॥**

ਸ਼ਤ-ਸੌ ਸਲੋਕ। ਹੇਤ-ਵਾਸਤੇ। ਗਿਰਾ-ਬਾਣੀ, ਬਚਨ। ਜਲਧ-ਸਮੁੰਦਰ। ਸੇਤ-ਪੁਲ।

ਰਾਜੇ ਨੇ ਵੈਰਾਗ (ਨੂੰ ਪ੍ਰਗਟ ਕਰਨ ਵਾਲਾ) ਸੌ ਸਲੋਕ, ਆਪਣੇ ਮਨ ਨੂੰ ਸਿਖਿਆ ਦੇਣ ਦੇ ਵਾਸਤੇ ਕਥਨ ਕੀਤਾ ਹੈ। ਹੇ ਜਨੋ ! ਉਸ ਸ਼ੁਭ ਬਾਣੀ ਨੂੰ (ਧਿਆਨ ਦੇ ਕੇ) ਸੁਣੋ, (ਜੋ) ਜਗਤ (ਰੂਪ) ਸਮੁੰਦਰ ਵਿਚ ਪੁਲ (ਸਮਾਨ ਹੈ) ॥੧੪॥

## ਦੋਹਰਾ

**ਅਤਿ ਨਦ ਵਤ ਗੰਬੀਰ ਸ੍ਰੀ ਹਰਿ ਭਰਤ ਵੈਰਾਗ ਸ਼ਤ ॥**
**ਜਨਮ ਮਰਣ ਭਯ ਨੀਰ ਵਿਕਸਤ ਕਮਲ ਸਲੋਕ ਗਣ ॥੧੫॥**

ਨਦ—ਝੀਲ, ਜਿਸ ਝੀਲ ਵਿਚੋਂ ਕੋਈ ਨਦੀ ਨਿਕਲ ਕੇ ਵਗ ਤੁਰ, ਉਸ ਦਾ ਨਾਮ ਨਦ ਹੈ। ਗੰਭੀਰ-ਬਹੁਤ ਡੂੰਘਾ, ਜਿਸ ਦਾ ਹੇਠਲਾ ਥੱਲਾ ਜਾਣਿਆਂ ਨਾ ਜਾਵੇ। ਵਿਕਸਤ-ਖਿੜ ਰਹੇ ਹਨ। ਗਣ-ਸਮੂਹ, ਪੁੰਜ, ਝੁੰਡ।

ਸ਼੍ਰੀ ਭਰਥਰੀ ਹਰਿ (ਕਥਨ ਕੀਤਾ ਹੋਇਆ) 'ਵੈਰਾਗ ਸ਼ੱਤਕ' (ਇਕ) ਬੜੇ ਭਾਰੇ ਡੂੰਘੇ ਨਦ ਦੇ ਸਮਾਨ ਹੈ। ਇਸ ਦੇ ਵਿਚ ਜੋ) ਜਨਮ-ਮਰਣ ਦਾ ਡਰ (ਪਰਗਟ ਕੀਤਾ ਹੈ, ਉਸੀ ਇਸ ਨਦ ਵਿਚ) ਪਾਣੀ ਹੈ, (ਅਤੇ ਜੋ) 'ਸਲੋਕਾਂ' ਦੀ ਰਚਨਾ ਕੀਤੀ ਹੈ, ਏਹੋ ਹੀ) ਕਮਲਾਂ ਦਾ ਝੁੰਡ, ਖਿੜਿਆ ਹੋਇਆ ਹੈ ॥੧੫॥

[ਉਪ ਅਲੰਕਾਰ-ਕਮਲਾਂ ਨਾਲ ਸ਼ਲੋਕਾਂ ਦੀ ਸਮਾਨਤਾ ਦਾ ਵਰਣਨ]

## ਕਬਿੱਤ

**ਦੋਖ ਦ੍ਰਿਸ਼ਟ ਨਾਲਿ ਗੁਰ ਦਲ ਪਦ ਲਘੁ ਪਦ,**
**ਅੰਕ ਮਾਤ੍ਰਾ ਤਰੀ ਤਰ ਅਰਥ ਸੁ ਬਾਸ ਹੈਂ ॥**

**ਡਾਟੇ ਕਾਟੇ ਮੰਦ ਸੰਗ ਇੰਦੁ ਹੇਰਿ ਨਿਸਪੰਦ,**
**ਅਰਕ ਬਿਬੇਕ ਕੇ ਪ੍ਰਕਾਸ਼ ਤੇ ਵਿਕਾਸ ਹੈਂ ॥**
**ਭੋਗੀ ਭੂੰਡ ਭੋਗ ਮਲ ਭੋਗਤ ਨੇ ਤਜ਼ੇ ਪਲ,**
**ਸੰਤਨ ਕੋ ਮਨ ਅਲਿ ਸੇਵੇ ਸਦਾ ਤਾਸ ਹੈਂ ॥**
**ਐਸੋ ਨਰ ਆਖੋਂ ਸੇ ਵਿਲੋਕੋਂ ਨਾਹਿ ਜਾਹਿ ਆਖੋਂ,**
**ਨਿਜ ਮਨ ਹੀ ਕੋ ਭਾਖੋਂ ਵਾਕ ਭਵ ਨਾਸ ਹੈਂ ॥੧੯॥**

ਦੋਖ ਦ੍ਰਿਸ਼ਟ-ਪਦਾਰਥਾਂ ਨੂੰ ਜੋ ਦੁੱਖ ਦਾ ਕਾਰਣ ਰੂਪ ਵਿਖਾਉਣਾ ਹੈ, ਉਸ ਦੇ ਨਾਮ ਦੋਖ ਦ੍ਰਿਸ਼ਟੀ ਹੀ ਸਲੋਕ ਰੂਪ ਕਮਲ ਦੀ ਡੰਡੀ ਹੈ। ਗੁਰ ਦਲ-ਵੱਡੇ ਪੱਤੇ। ਲਘੁਦਮ-ਛੋਟੇ ਪੱਤ੍ਰ। ਅੰਕ-ਅੱਖਰ। ਤਰੀ ਤਰ-ਫੁੱਲ ਦੇ ਵਿਚਾਲੇ ਜੋ ਜੋ ਛੋਟੇ ਛੋਟੇ ਧਾਗੇ ਜੇਹੇ ਹੁੰਦੇ ਹਨ। ਇੰਦੁ-ਚੰਦ੍ਰਮਾਂ। ਹਰਿ-ਵੇਖ ਕੇ। ਨਿਸਪੰਦ-ਮੀਟ ਜਾਂਦੇ ਹਨ। ਅਰਕ-ਸੂਰਜ। ਵਿਕਾਸ-ਖਿੜਦੇ ਹਨ। ਅਲਿ-ਭੌਰਾ। ਆਖੋਂ ਸੇ-ਅੱਖਾਂ ਨਾਲ। ਵਿਲੋਕੋਂ-ਵੇਖਦਾ ਹਾਂ। ਆਖੋਂ-ਕਹਿ ਦੇਵਾਂ। ਵਾਕ-ਬਚਨ।

ਜੋ ਦੋਖ ਦ੍ਰਿਸ਼ਟੀ ਦਾ ਕਥਨ ਕੀਤਾ ਹੈ, (ਏਹੀ ਇਨ੍ਹਾਂ ਸਲੋਕਾਂ ਰੂਪ ਕਮਲ ਫੁੱਲਾਂ ਦੀ) ਡੰਡੀ ਹੈ, ਅਤੇ (ਜੋ) ਵੱਡੇ ਪਦ (ਕਥਨ ਕੀਤੇ ਹਨ, ਉਹ ਇਨ੍ਹਾਂ ਕਮਲਾਂ ਦੇ) ਵੱਡੇ ਪੱਤਰ ਹਨ ਤੇ ਛੋਟੇ-ਛੋਟੇ ਪਦ ਛੋਟੇ ਪੱਤਰ ਹਨ, ਅੱਖਰ ਤੇ ਮਾਤਰਾ ਇਨ੍ਹਾਂ ਕਮਲ ਫੁੱਲਾਂ ਦੀਆਂ) ਤਾਰੀਆਂ ਹਨ (ਅਤੇ ਜੋ ਸਲੋਕਾਂ ਦਾ) ਅਰਥ ਹੈ, ਇਹੋ ਇਨ੍ਹਾਂ ਫੁੱਲਾਂ ਦੀ) ਵਾਸ਼ਨਾ ਹੈ। (ਜੋ) ਮੰਦੇ ਪੁਰਸ਼ ਦੇ ਸੰਗ (ਕਰਨ ਵਲੋਂ ਜੀਵ ਨੂੰ) ਤਾੜਨਾ ਕੀਤੀ ਹੈ, (ਏਹੋ ਹੀ ਇਨ੍ਹਾਂ ਕਮਲ ਫੁੱਲਾਂ ਨਾਲ) ਕੰਡੇ (ਲੱਗੇ ਹੋਏ ਹਨ ਅਤੇ ਬੁਰੀ ਸੰਗਤ ਰੂਪ) ਚੰਦ੍ਰਮਾਂ ਨੂੰ ਵੇਖ ਕੇ (ਇਹ ਕਮਲ ਫੁੱਲ) ਮੀਟੇ ਜਾਂਦੇ ਹਨ (ਅਰਥਾਤ ਜਿਵੇਂ ਚੰਦਰਮਾਂ ਨੂੰ ਵੇਖ ਕੇ ਕਮਲ ਮੁੰਦੇ ਜਾਂਦੇ ਹਨ, ਇਸੇ ਤਰ੍ਹਾਂ ਬੁਰੇ ਪੁਰਸ਼ਾਂ ਦੀ ਸੰਗਤ ਵਿਚ ਇਨ੍ਹਾਂ ਸਲੋਕਾਂ ਦਾ ਵੀਚਾਰ ਪ੍ਰਗਟ ਨਹੀਂ ਹੋਵੇਗਾ, ਏਹੋ ਮਾਨੋ ਇਨ੍ਹਾਂ ਕਮਲਾਂ ਦਾ ਮੁੰਧਿਆ ਜਾਣਾ ਹੈ, ਅਤੇ) ਵਿਵੇਕ ਰੂਪ ਸੂਰਜ ਦੇ ਪ੍ਰਕਾਸ਼ ਕਰਕੇ ਇਹ ਖਿੜ ਪੈਂਦੇ ਹਨ, (ਅਰਥਾਤ ਵਿਵੇਕੀ ਪੁਰਸ਼ ਦੀ ਸੰਗਤ ਕਰਕੇ ਹੀ ਵੈਰਾਗ ਪੂਰਨ ਸਲੋਕਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ)। ਭੋਗੀ ਪੁਰਸ਼ ਭੂੰਡ (ਸਮਾਨ ਹਨ, ਜੋ ਵਿਸੇ ਭੋਗਾਂ ਰੂਪ) ਮਲ (ਗੋਹਾ) ਖਾਂਦੇ ਰਹਿੰਦੇ ਹਨ, [ਉਸ ਨੂੰ] ਪਲ ਭਰ ਵੀ ਛੱਡਦੇ ਨਹੀਂ ਹਨ, ਸੰਤਾਂ ਦਾ ਮਨ ਭੌਰਾ ਹੈ, [ਜੋ] ਸਦਾ ਹੀ ਉਨ੍ਹਾਂ (ਵੈਰਾਗ ਸੂਚਕ ਸਲੋਕਾਂ ਰੂਪ ਕਮਲਾਂ ਨੂੰ) ਸਦਾ ਹੀ ਚਿੰਤਨ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਦੇ ਅਧਿਕਾਰੀ ਪੁਰਸ਼ਾਂ ਨੂੰ (ਮੈਂ ਕਿਤੇ ਭੀ) ਅੱਖਾਂ ਨਾਲ ਨਹੀਂ ਵੇਖਦਾ ਹਾਂ, (ਕਿ) ਜਿਨ੍ਹਾਂ ਨੂੰ ਇਨ੍ਹਾਂ ਸਲੋਕਾਂ ਦਾ ਉਪਦੇਸ਼) ਕਹਿ ਦੇਵਾਂ, ਇਸ ਕਾਰਣ ਕਰਕੇ, ਇਹ) ਜਨਮ (ਮਰਨ ਰੂਪ) ਡਰ ਦਾ ਨਾਸ ਕਰਨ ਵਾਲੇ ਬਚਨ (ਮੈਂ) ਆਪਣੇ ਮਨ ਨੂੰ ਹੀ ਆਖਦਾ ਹਾਂ ॥੧੯॥

ਪਰਸ਼ਨ—ਰਾਜਨ ! ਜਗਤ ਵਿਚ ਵੱਡੇ-ਵੱਡੇ ਪੰਡਿਤ ਹਨ, ਅਨੇਕਾਂ ਰਾਜੇ ਮਹਾਰਾਜੇ ਹਨ ਅਤੇ ਇਨ੍ਹਾਂ ਤੋਂ ਬਿਨਾਂ ਹੋਰ ਵੀ ਅਨੇਕਾਂ ਹੀ ਜੀਵ ਹਨ, ਆਪ ਇਨ੍ਹਾਂ ਤਾਈਂ ਇਹ ਬਚਨ ਕਿਉਂ ਨਹੀਂ ਕਹਿੰਦੇ? ਇਸ ਦਾ ਉੱਤਰ ਦੇਂਦੇ ਹਨ:

### ਦੋਹਰਾ

**ਸ੍ਰੁਤਿ ਵਕਤਾ ਭੁਕਤਾ ਔਵਨਿ ਬਹੁਰ ਇਤਰ ਬਿਲੋਕਿ॥**
**ਤਿਨਹਿ ਬਿਲੋਕ ਨ ਸਕਹਿ ਤਿਨ ਸੁਭਗ ਸਰੋਜ ਸਲੋਕ॥੧੭॥**

ਸ੍ਰੁਤਿ-ਵੇਦ। ਭੁਕਤਾ-ਭੋਗਨ ਵਾਲਾ। ਔਵਨਿ-ਧਰਤੀ। ਇਤਰ-ਹੋਰ ਦੂਜੇ। ਬਿਲੋਕਿ-ਵੇਖ ਹੀ। ਸੁਭਗ-ਬਹੁਤ ਸੁੰਦਰ ਸਰੋਜ-ਕਮਲ ਫੁੱਲ।

ਅਨੇਕਾਂ ਹੀ ਵੇਦ ਵਕਤਾ ਪੰਡਿਤ ਹਨ, ਅਨੇਕਾਂ ਹੀ ਧਰਤੀ ਨੂੰ ਭੋਗਣ ਵਾਲੇ ਰਾਜੇ ਹਨ, ਅਤੇ ਹੋਰ ਭੀ ਬਹੁਤ ਸਾਰੇ ਲੋਕ ਹਨ। (ਪਰ) ਉਨ੍ਹਾਂ ਸਲੋਕਾਂ ਰੂਪ ਸੁੰਦਰ ਕਮਲ ਫੁੱਲਾਂ ਨੂੰ ਉਹ ਸਾਰੇ ਹੀ ਵੇਖ ਨਹੀਂ ਸਕਦੇ ਹਨ॥੧੭॥

ਇਸ ਵਿਚ ਕਾਰਣ ਕੀ ਹੈ ?

### ਦੋਹਰਾ

**ਤਿਨਕੇ ਅਨ ਅਧਿਕਾਰ ਕੋ ਕਰਕੇ ਪ੍ਰਗਟ ਬਹੋਰ॥**
**ਸ਼੍ਰੀ ਹਰਿ ਭਰਤ ਸੁ ਚਿਤ ਪ੍ਰਤਿ ਭਨਤ ਸੁ ਬਚਨ ਨਿਚੋਰ॥੧੮॥**

ਉਨ੍ਹਾਂ (ਸਭਨਾਂ ਦੇ) ਅਨ ਅਧਿਕਾਰ ਨੂੰ ਪ੍ਰਗਟ ਕਰਕੇ ਸ੍ਰੀ ਭਰਥਰੀ ਹਰੀ ਜੀ ਫਿਰ ਆਪਣੇ ਚਿੱਤ ਨੂੰ ਇਹ ਸਿਧਾਂਤ ਰੂਪ ਬਚਨ ਕਹਿੰਦੇ ਹਨ॥੧੮॥

### ਕਬਿੱਤ

**ਗ੍ਰੰਥਨ ਕੇ ਗਯਾਤੇ ਮਾਤੇ ਮਤਸਰ ਕੀਚ ਬੀਚ,**
**ਧਰਾਨਾਥ ਮਦ ਸਾਥ ਭਰੇ ਦਰਸਾਤ ਹੈਂ॥**
**ਦੂਖਨ ਚਮੋਰੇਂ ਮੋਰੇ ਭੂਖਨ ਸੇ ਭਾਖਨ ਕੋ,**
**ਪੰਡਿਤ ਭੂਪਾਲ ਤੋਂ ਨਾਂ ਸੁਣੈਂ ਮੇਰੀ ਦੁਖੀ ਮੂਢ ਦੀਨ ਤੇਤੇ,**
**ਮੋਤੇ ਸੁਕਚਾਤ ਹਮ ਓਤੇ ਸੁਕਚਾਤ ਹੈਂ॥**
**ਪ੍ਰਾਤ ਬਿਨਾ ਭਾਖੇ ਰਾਖੇ ਹੱਵਿਨ ਕੋ ਲਾਖੇ,**
**ਜੈਸੇ ਜੀਰਨ ਮੋ ਗਾਤ ਮੈ ਸੁ ਬਾਤ ਹੋਤ ਜਾਤ ਹੈਂ॥੧੯॥**

ਗਯਾਤੇ-ਜਾਨਣ ਵਾਲੇ। ਮਤਸਰ-ਈਰਖਾ, ਰਾਗ-ਦ੍ਵੈਸ਼। ਕੀਚ-ਚਿੱਕੜ। ਧਰਾਨਾਥ-ਪ੍ਰਿਥਵੀ ਪਤੀ, ਰਾਜੇ ਲੋਕ। ਮਦ-ਹੰਕਾਰ। ਦਰਸ਼ਾਤ-ਦਿੱਸਦੇ। ਸੇ-ਵਰਗੇ। ਭਾਖਨ-ਕਥਨ। ਭੂਪਾਲ-ਰਾਜੇ ਲੋਕ। ਆਨ-ਹੋਰ। ਤੇਤੇ-ਹਾਰੇ ਦੇ ਸਾਰੇ। ਸੁਕਚਾਤ-ਡਰਦੇ। ਓਤੇ-ਉਹਨਾਂ ਪਾਸੋਂ। ਪਾਤ੍ਰ-ਅਧਿਕਾਰੀ।

ਰਾਖੇ-ਰਾਖ ਵਿਚ, ਸੁਆਹ ਵਿਚ। ਰਾਖੇ-ਰੱਖ ਦੇਂਦਾ, ਪਾਉਣਾ। ਹਵਿਨ-ਅਹੂਤੀ ਕਰਨ ਯੋਗ ਘਿਉ ਆਦਿਕ ਪਦਾਰਥ ਹਵਨ ਦੀ ਸਾਮੱਗ੍ਰੀ ਦਾ ਨਾਮ ਹੈ। ਜੀਰਨ-ਪੁਰਾਣਾ। ਮੇ-ਮੇਰਾ। ਗਾਤ-ਸਰੀਰ।

ਅਰਥ-(ਜੋ) ਗ੍ਰੰਥਾਂ ਦੇ ਗਿਆਨ ਨੂੰ ਜਾਨਣ ਵਾਲੇ ਹਨ, ਉਹ ਈਰਖਾ ਦੇ ਚਿੱਕੜ ਵਿਚ ਫਸੇ ਹੋਏ ਹਨ, ਅਤੇ ਰਾਜੇ ਲੋਕ (ਧਨ ਆਦਿਕ ਦੇ) ਹੰਕਾਰ ਨਾਲ ਭਰੇ ਹੋਏ ਦਿੱਸਦੇ ਹਨ। ਪੰਡਿਤ, (ਲੋਕ ਈਰਖਾ ਦੇ ਵੱਸ ਹੋ ਕੇ) ਮੇਰੇ ਕਥਨ ਕੀਤੇ ਹੋਏ, ਭੂਖਣ ਵਰਗੇ ਸਰਬ ਸਰੇਸ਼ਟ ਵਚਨਾਂ ਵਿਚ ਦੂਸ਼ਨ ਚਮੇੜ ਦੇਂਦੇ ਹਨ ਅਤੇ ਰਾਜੇ ਲੋਕ ਤਾਂ ਮੇਰੀ ਗੱਲ ਸੁਣਦੇ ਹੀ ਨਹੀਂ ਹਨ। (ਇਹਨਾਂ ਤੋਂ ਬਿਨਾਂ) ਹੋਰ ਜਿੰਨੇ ਭੀ ਜੀਵ ਹਨ, ਉਹ ਸਾਰੇ ਦੇ ਸਾਰੇ ਹੀ ਦੁਖੀ, ਮੂਰਖ ਤੇ ਦੀਨ ਹਨ, (ਇਸ ਕਾਰਣ ਕਰਕੇ ਉਹ) ਮੇਰੇ ਪਾਸੋਂ ਡਰਦੇ ਹਨ ਅਤੇ ਮੈਂ ਉਹਨਾਂ ਪਾਸੋਂ ਡਰਦਾ ਹਾਂ। ਅਧਿਕਾਰੀ ਤੋਂ ਬਿਨਾਂ (ਜੋ ਬਚਨ ਕਥਨ ਕਰਨਾ ਹੈ, (ਉਹ ਇਸ ਤਰ੍ਹਾਂ ਹੈ) ਜਿਸ ਤਰ੍ਹਾਂ ਹਵਨ ਦੀ ਸਮੱਗ੍ਰੀ ਨੂੰ ਸੁਆਹ ਵਿਚ ਰੱਖ ਦੇਣਾ ਹੈ (ਅਰਥਾਤ ਅੱਗ ਵਿਚ ਪਾਈ ਹੋਈ ਸਾਮੱਗ੍ਰੀ ਦਾ ਤਾਂ ਰੋਮ ਹੋ ਜਾਏਗਾ, ਪਰ ਸੁਆਹ ਉਤੇ ਰੱਖੀ ਹੋਈ ਸਮੱਗ੍ਰੀ ਹੀ ਬਿਅਰਥ ਚਲੀ ਜਾਂਦੀ ਹੈ, ਸਗੋਂ ਘਿਉ ਦੀ ਸੰਗਤ ਕਰਕੇ, ਸੁਆਹ ਭਾਂਡੇ ਮਾਂਜਨ ਦੇ ਕੰਮ ਦੀ ਭੀ ਨਹੀਂ ਰਹਿੰਦੀ, ਇਸ ਲਈ ਮੇਰੇ ਸਰੀਰ ਦੇ ਵਿਚ ਹੀ ਗੱਲਾਂ ਪੁਰਾਣੀਆਂ ਹੁੰਦੀਆਂ ਜਾਂਦੀਆਂ ਹਨ (ਅਥਵਾ-ਮੇਰੇ ਪੁਰਾਣੇ ਸਰੀਰ ਦੇ ਨਾਲ ਉੱਤਮ ਉਪਦੇਸ ਭੀ ਉਸੇ ਤਰ੍ਹਾਂ ਦੇ ਪੁਰਾਣੇ ਹੁੰਦੇ ਜਾਂਦੇ ਹਨ) ॥੧੯॥

ਖੁਲਾਸਾ—ਸੰਸਾਰ ਵਿਚ ਅਭਿਮਾਨੀ ਤੇ ਘਮੰਡੀਆਂ ਦੀ ਗਿਣਤੀ ਬਹੁਤ ਹੈ। ਕਿੰਨੇ ਹੀ ਆਪਣੀ ਵਿਦਿਆ ਦੇ ਹੰਕਾਰ ਨਾਲ ਚਕਨਾਚੂਰ ਹੋ ਰਹੇ ਹਨ ਅਤੇ ਕਿੰਨੇ ਹੀ ਮਾਇਆ ਦੇ ਨਸ਼ੇ ਨਾਲ ਮਤਵਾਲੇ ਹੋ ਰਹੇ ਹਨ। ਜੇਕਰ ਕੋਈ ਵਿਦਵਾਨ ਜਾਂ ਕਾਰੀਗਰ ਵਿਦਿਆ ਅਭਿਮਾਨੀਆਂ ਦੇ ਕੋਲ ਜਾਂਦਾ ਹੈ ਤਾਂ ਪਹਿਲੇ ਤਾਂ ਉਹ ਧੁਰੰਧਰ ਵਿਦਵਾਨ ਉਸ ਵਿਚਾਰੇ ਨੂੰ ਨੇੜੇ ਹੀ ਨਹੀਂ ਢੁੱਕਣ ਦੇਂਦੇ, ਪਰ ਜੇ ਕੋਈ ਚੰਗੀ ਕਿਸਮਤ ਵਾਲਾ ਉਨ੍ਹਾਂ ਦੇ ਚਰਨ-ਸਰੋਜਾਂ ਵਿਚ ਪਹੁੰਚ ਗਿਆ ਤਾਂ ਉਸ ਦੇ ਕੰਮ ਦੇ ਚੰਗੇ-ਚੰਗੇ ਟਿਕਾਣੇ ਵੱਲ ਧਿਆਨ ਨ ਦੇ ਕੇ, ਬੁਰੇ-ਬੁਰੇ ਸਥਾਨ ਨੂੰ ਵੇਖਦੇ ਹਨ ਅਤੇ ਤਰ੍ਹਾਂ-ਤਰ੍ਹਾਂ ਦੇ ਔਗਣ ਕੱਢਕੇ ਉਸ ਦੇ ਦਿਲ ਨੂੰ ਸੱਟ ਲਾਂਦੇ ਹਨ, ਇਸ ਲਈ ਇਸ ਤਰ੍ਹਾਂ ਦੇ ਵਿਦਿਆ ਅਭਿਮਾਨੀਆਂ ਦੇ ਕੋਲ ਜਾਣਾ ਅਤੇ ਆਪਣੇ ਕੰਮ ਦੀ ਕਦਰ ਕਰਾਉਣ ਦੀ ਉਮੀਦ ਰੱਖਣੀ ਬੜੀ ਭਾਰੀ ਭੁੱਲ ਹੈ।

ਬਾਕੀ ਰਹੇ ਹਨ ਅਭਿਮਾਨੀ, ਧਨ ਦੇ ਮਦ ਨਾਲ ਮਤਵਾਲੇ ਹੋ ਚੁਕਿਆਂ ਦੀ ਤਾਂ ਗੱਲ ਹੀ ਨਾ ਪੁੱਛੋ। ਪਹਿਲੇ ਤਾਂ ਉਨ੍ਹਾਂ ਤੱਕ ਪਹੁੰਚਣਾ ਹੀ ਬਹੁਤ ਔਖਾ ਕੰਮ ਹੈ, ਜੇਕਰ ਕਿਸੇ ਹੀਲੇ-ਬਹਾਨੇ ਨਾਲ ਪਹੁੰਚ ਭੀ ਗਏ, ਤਾਂ ਉਨ੍ਹਾਂ ਨੂੰ ਫੁਰਸਤ ਹੀ ਨਹੀਂ ਮਿਲਦੀ। ਸੈਂਕੜੇ ਵੇਰੀ ਉਨ੍ਹਾਂ ਦੇ ਬੂਹੇ ਦੀ ਧੂੜੀ ਚੱਟਣ ਉਤੋਂ ਜੇ ਕਦੀ ਨੰਬਰ ਆ ਜਾਵੇ ਤਾਂ ਅਹੋ ਭਾਗ। ਫਿਰ ਉਥੇ ਦੂਜੇ ਦੀ ਬੁਰਾਈ ਕਰਨ ਵਾਲੇ ਜਾਂ ਚੁਗਲੀਆਂ ਕਰਨ ਵਾਲਿਆਂ ਦੀ ਹੀ ਤੂਤੀ ਬੋਲਦੀ ਹੈ, ਇਸ ਕਾਰਣ ਕਰਕੇ ਗੁਣ ਦੀ ਕਦਰ ਚਾਹੁਣ ਵਾਲੇ ਦੀ ਇੱਛਾ ਉਥੇ ਭੀ ਪੂਰੀ ਨਹੀਂ ਹੋ ਸਕਦੀ।

ਬਾਕੀ ਰਿਹਾ ਇਨ੍ਹਾਂ ਦੋਹਾਂ ਤਰ੍ਹਾਂ ਦੇ ਆਦਮੀਆਂ ਤੋਂ ਬਿਨਾਂ ਤੀਜੇ ਤਰ੍ਹਾਂ ਦੇ ਲੋਗ, ਉਹ ਤਾਂ ਨਿਰੇ ਮੂਰਖ, ਅਗਯਾਨੀ ਜਾਂ ਕੋਰੇ ਦੇ ਕੋਰੇ ਨਿਰਾਖਰ ਭੱਟਾਚਾਰਜ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਗਿਆਨ ਹੀ ਨਹੀਂ ਹੈ, ਉਹ ਭਲੀ-ਬੁਰੀ ਰਚਨਾ, ਜਾਂ ਚੰਗੀ-ਮੰਦੀ ਕਾਵਯ ਰਚਨਾ ਅਥਵਾ ਕਵਿਤਾ ਰਸਤੇ ਅਲੰਕਾਰਾਂ ਨੂੰ ਸਮਝਦੇ ਹੀ ਨਹੀਂ ਹਨ। ਅਜੇਹੀ ਹਾਲਤ ਵਿਚ ਗੁਣ ਦੀ ਕਦਰ ਜਾਂ ਵਿਦਵਾਨ ਦਾ ਸਤਿਕਾਰ ਨਾ ਹੋਣ ਦੇ ਸਬੰਧ ਮਨ ਨੂੰ ਦੁੱਖ ਹੁੰਦਾ ਹੈ। ਮਨ ਦੁਖੀ ਹੋ ਕੇ ਕਹਿੰਦਾ ਹੈ - ਹਾਇ! ਸਮਝਣ ਵਾਲਿਆਂ

ਦੇ ਦਿਲ ਸਾਫ਼ ਨਹੀਂ ਹਨ, ਉਨ੍ਹਾਂ ਦੇ ਚਿੱਤ ਵਿਚ ਈਰਖਾਂ ਦੀ ਕਾਲਖ ਭਰੀ ਪਈ ਹੈ। ਧਨਵਾਨਾਂ ਨੂੰ ਧਨ ਦੇ ਨਸ਼ੇ ਨੇ ਮਤਵਾਲੇ ਕੀਤਾ ਹੋਇਆ ਹੈ, ਉਹ ਕਿਸੇ ਨਾਲ ਗੱਲ ਕਰਨੀ ਭੀ ਆਪਣੀ ਹੱਤਕ ਸਮਝਦੇ ਹਨ। ਤੀਜੇ ਦਰਜੇ ਦੇ ਆਦਮੀ ਵਿਦਵਾਨ ਦੇ ਨੇੜੇ ਇਸ ਕਰਕੇ ਨਹੀਂ ਢੁਕਦੇ ਕਿ ਉਨ੍ਹਾਂ ਦੇ ਮਨ ਵਿਚ ਇਹ ਸੰਸਾ ਰਹਿੰਦਾ ਹੈ ਕਿ ਪੰਡਤ ਸਾਡੇ ਕੋਲੋਂ ਕੁਝ ਮੰਗ ਨਾ ਲਵੇ, ਜੇ ਇਸ ਦੇ ਕਿਸੇ ਲੇਖ ਕਾਵਯ ਜਾਂ ਪੁਸਤਕ ਦੀ ਸ਼ਲਾਘਾ ਕੀਤੀ ਤਾਂ ਇਹ ਮੂੰਹ ਪਾੜ ਕੇ ਉਸ ਦੇ ਛਪਵਾਉਣ ਦਾ ਹੀ ਸਆਲ ਨਾ ਕਰ ਦੇਵੇ, ਪਰ ਵਿਦਵਾਨ ਮਹਾਤਮਾਂ ਭੀ ਇਸ ਤਰ੍ਹਾਂ ਦੇ ਆਦਮੀਆਂ ਦੇ ਕੋਲ ਜਾਣ ਤੋਂ ਸੰਕੋਚ ਕਰਦੇ ਹਨ, ਉਨ੍ਹਾਂ ਦੇ ਮਨ ਵਿਚ ਇਹ ਸੰਸਾ ਰਹਿੰਦਾ ਹੈ। ਜਿਨ੍ਹਾਂ ਨੂੰ ਨਿੱਤ ਆਪਣੇ ਘਰ ਦੇ ਨਿਰਬਾਹ ਲਈ ਕਈ ਤਰ੍ਹਾਂ ਦੇ ਹੀਲੇ-ਬਹਾਨੇ ਕਰਨੇ ਪੈਂਦੇ ਹਨ, ਉਨ੍ਹਾਂ ਪਾਸੋਂ ਮੈਨੂੰ ਪ੍ਰਾਪਤ ਤਾਂ ਹੋਣਾ ਕੁਝ ਨਹੀ ਸਗੋਂ ਉਨ੍ਹਾਂ ਦੀਆਂ ਗੱਲਾਂ ਬਾਤਾਂ ਵਿਚ ਲੱਗ ਕੇ ਮੇਰਾ ਅਮੋਲਕ ਸਮਾਂ ਬਿਅਰਥ ਜਾਏਗਾ ਅਤੇ ਉਹ ਕਈ ਤਰ੍ਹਾਂ ਦੀਆਂ ਦੁਨਿਆਵੀ ਵਿਚਾਰਾਂ ਵਿਚ ਲੱਗੇ ਹੋਣ ਕਰਕੇ ਉਸਤਤਿ ਨਿੰਦਾ ਦੇ ਨਾਲ ਮੇਰੇ ਮਨ ਨੂੰ ਕਲੂਖਤ ਕਰ ਦੇਣਗੇ, ਇਸ ਲਈ ਜਿਨ੍ਹਾਂ ਭੀ ਇਹਨਾਂ ਤੋਂ ਦੂਰ ਰਿਹਾ ਜਾਏ, ਓਨਾ ਹੀ ਚੰਗਾ ਹੈ। ਤਾਂ ਹੁਣ ਇਸੇ ਗੱਲ ਦੀ ਵਿਚਾਰ ਕਰੋ, ਕਿ ਵਿਦਵਾਨ ਪੁਰਸ਼ ਆਪਣੀ ਵਿਦਿਆ ਦੇ ਚਮਤਕਾਰ ਕਿਸ ਨੂੰ ਵਿਖਾਵੇ ਤੇ ਉਹਨਾਂ ਦੀ ਕਦਰ ਕਿਸ ਪਾਸੋਂ ਕਰਾਵੇ ?

ਉਪਦੇਸ਼-ਹੇ ਭਲੇ ਪੁਰਸ਼ੋ ! ਜੋ ਕੋਈ ਤੁਹਾਡੀ ਗੱਲ ਨੂੰ ਧਿਆਨ ਦੇ ਕੇ ਸੁਣਦਾ ਹੈ, ਜੋ ਕੋਈ ਤੁਹਾਨੂੰ ਸਤਿਕਾਰ ਨਾਲ ਕੋਲ ਬਿਠਾਉਂਦਾ ਹੈ, ਜੋ ਤੁਹਾਡੀ ਕਹੀ ਹੋਈ ਗੱਲ ਨੂੰ ਸੁਣਨ ਦੀ ਇੱਛਾ ਕਰਦਾ ਹੈ, ਉਸਨੂੰ ਹੀ ਤੁਸੀਂ ਆਪਣੀ ਸਿਖਿਆ ਜਾਂ ਗੱਲ ਸੁਣਾਓ। ਜੋ ਤੁਹਾਡੀ ਗੱਲ ਸੁਣਨਾ ਨਹੀਂ ਚਾਹੁੰਦਾ, ਉਹਦੇ ਗਲ ਨਾ ਚੰਮੜੋ, ਅਜਿਹਾ ਕਰਨ ਨਾਲ ਤੁਹਾਡੀ ਹੱਤਕ ਹੈ।

### ਸੋਰਠਾ

## ਵਕਤਾ ਹੋਇ ਨ੍ਰਿਪ ਆਪ ਸ੍ਰੋਤਾ ਨਿਜ ਮਨ ਕੇ ਕੀਯੋ ॥
## ਰੁਦ੍ਰ ਸ਼ਲੋਕ ਅਲਾਪ, ਕਰਯੋ ਅਚਲ ਨਿਹਤਾਪ ਚਿੱਤ ॥੨੦॥

ਵਕਤਾ - ਉਪਦੇਸ਼ ਦੇਣ ਵਾਲਾ। ਸ੍ਰੋਤਾ-ਸੁਣਨ ਵਾਲਾ। ਰੁਦ੍ਰ-ਯਾਰਾਂ।

ਅਰਥ—ਰਾਜਾ ਭਰਥਰੀ ਹਰਿ ਆਪ ਉਪਦੇਸ਼ ਕਰਨ ਵਾਲਾ ਹੋਇਆ ਹੈ, ਅਤੇ ਆਪਣੇ ਮਨ ਨੂੰ ਉਪਦੇਸ਼ ਦੇ ਸੁਣਨ ਵਾਲਾ ਬਣਾਇਆ ਹੈ। (ਇਸ ਤਰ੍ਹਾਂ) ਯਾਰਾਂ ਸਲੋਕ ਉਚਾਰਨ ਕਰਕੇ, ਚਿੱਤ ਨੂੰ ਚੰਚਲਤਾ ਤੋਂ ਰਹਿਤ ਕੀਤਾ ਹੈ ॥੨੦॥

ਨੋਟ—ਇਥੋਂ ਤੱਕ ਭਾਸ਼ਕਰ ਨੇ ਗ੍ਰੰਥ ਦੀ ਭੂਮਿਕਾ ਤੇ ਮੰਗਲ ਦਾ ਵਰਣਨ ਕੀਤਾ ਹੈ, ਇਸ ਤੋਂ ਅੱਗੇ ਉਪਦੇਸ਼ ਕਥਨ ਕਰਦੇ ਹਨ। ਮਨ ਨੂੰ ਸ੍ਰੋਤਾ ਕੀਤਾ ਹੈ, ਕਿਉਂਕਿ ਹੁਕਮ ਹੈ

"ਪਹਿਲੇ ਮਨ ਪ੍ਰਬੋਧਹਿ ਆਪਣਾ ਪਾਛੈ ਅਵਰ ਰੀਝਾਵਹਿ।"

ਆਪਣੇ ਮਨ ਸਥਿਰ ਕਰਨ ਵਾਸਤੇ, ਚੰਚਲਤਾ ਦਾ ਕਾਰਨ ਰੂਪ ਜੋ ਤ੍ਰਿਸ਼ਨਾ ਹੈ, ਪਹਿਲੇ ਉਸ ਦਾ ਕਥਨ ਕਰਦੇ ਹਨ।

### ਕਬਿੱਤ

**ਦੁਰਗਮ ਵਿਖਮ ਅਸੇਸ ਦੇਸ ਭ੍ਰਮ ਕਰ,**
**ਲਹਯੋ ਮੈ ਕਲੇਸ਼ ਗਹਯੋ ਲੇਸ ਨਾਹਿ ਧਨ ਕੋ॥**
**ਜਾਤਿ ਕੁਲ ਕਾ ਅਭਿਮਾਨ ਉਚਿਤ ਵਿਹਾਇ ਤਾਇ,**
**ਸੇਵ ਕੀਨੀ ਫਲ ਹੀਨੀ ਸੋਚ ਭਯੋ ਮਤ ਕੋ॥**
**ਕਾਕ ਯੌ ਸ-ਸੰਕ ਮਾਨ ਬਿਨੁ ਪਰ ਧਾਮ ਖਾਯੋ,**
**ਅਜੇ ਰਜੇ ਨ ਸੁਪ੍ਰੀਤਿ ਭਜੇ ਦੁਰਤ ਨ ਕੋ॥**
**ਬ੍ਰਹਮ ਤੇ ਵਿਛੋਰ ਨੀਚ ਤ੍ਰਿਸ਼ਨੇ ਕੀਨੋ ਢੋਰ,**
**ਅਬ ਹੋਰ ਜੋ ਨਚਾਤ ਕਾਹ ਹੋਰ ਕਰੇ ਜਨ ਕੋ॥੨੧॥**

ਦੁਰਗਮ—ਜਿਥੇ ਪਹੁੰਚਣਾ ਔਖਾ ਹੈ। ਅਸੇਸ-ਅਗਿਣਤ। ਕਲੇਸ਼-ਦੁੱਖ। ਢੋਰ-ਪਸ਼ੂ।

ਜਿਥੇ ਪਹੁੰਚਣਾ ਔਖਾ ਹੈ, (ਇਸ ਤਰ੍ਹਾਂ ਦੇ) ਅਨੇਕਾਂ ਹੀ ਕਠਨ ਦੇਸਾਂ ਵਿਚ ਫਿਰ ਕੇ, ਮੈਂ ਦੁੱਖ ਹੀ ਪਾਇਆ ਹੈ, ਅਤੇ ਲੇਸ ਮਾਤ੍ਰ ਭੀ ਧਨ ਨਹੀਂ ਲਿਆ ਹੈ। (ਆਪਣੀ ਉੱਤਮ) ਜਾਤੀ (ਤੇ ਉੱਤਮ) ਕੁਲ ਦਾ ਅਭਿਮਾਨ ਤੇ ਯੋਗਤਾ ਨੂੰ ਤਿਆਗ ਕਰਕੇ (ਨੀਚ ਪੁਰਸ਼ਾਂ ਦੀ) ਸੇਵਾ ਕੀਤੀ ਹੈ। (ਪਰ ਉਹ ਭੀ) ਫਲ ਤੋਂ ਹੀਨੀ ਰਹੀ ਹੈ, (ਕਿਉਂਕਿ ਕੁਝ ਧਨ ਨਹੀਂ ਮਿਲਿਆ ਹੈ, ਇਸ ਕਰਕੇ ਮਨ ਨੂੰ ਚਿੰਤਾ ਹੋ ਗਈ ਹੈ (ਫਿਰ) ਕਾਂ ਵਾਂਗੂੰ ਸ਼ੰਕਾਵਾਨ ਹੋ ਕੇ ਸਤਿਕਾਰ ਤੋਂ ਬਿਨਾਂ ਹੀ ਪਰਾਏ ਘਰਾਂ ਵਿਚ ਜਾ ਕੇ ਅੰਨ ਖਾਧਾ ਹੈ, (ਪਰ) ਅਜੇ ਤੱਕ ਰੱਜਿਆ ਨਹੀਂ ਸਾਂ (ਸਗੋਂ) ਪ੍ਰੀਤੀ ਦੇ ਸਹਿਤ ਹੀ ਬੁਰਿਆਂ ਸਰੀਰਾਂ ਦੀ ਸੇਵਾ ਕਰਦਾ ਹਾਂ (ਕਿ ਇਨ੍ਹਾਂ ਪਾਸੋਂ ਹੀ ਕੁਝ ਨਾ ਕੁਝ ਮਿਲ ਜਾਵੇਗਾ। (ਪਰ) ਹੇ ਨੀਚ ਤ੍ਰਿਸ਼ਨਾ! (ਤੂੰ ਮੈਨੂੰ) ਬ੍ਰਹਮ ਨਾਲੋਂ ਵਿਛੋੜ ਕੇ, ਪਸ਼ੂ ਬਣਾ ਦਿੱਤਾ ਹੈ, ਹੁਣ (ਮੈਨੂੰ)) ਹੋਰ ਜੋ ਨਚਾਉਂਦੀ ਫਿਰਦੀ ਹੈ, ਦਾਸ ਨੂੰ ਹੋਰ ਕੀ ਕੀਤਾ ਚਾਹੁੰਦੀ ਹੈਂ ? ॥੨੧॥

ਖੁਲਾਸਾ—ਧਨ ਦੇ ਲਾਲਚ ਵਿਚ ਲੱਗਕੇ, ਮੈਂ ਆਪਣਾ ਦੇਸ ਅਤੇ ਘਰ-ਬਾਰ ਛੱਡਕੇ ਅਜੇਹੀਆਂ ਜਗ੍ਹਾਂ ਵਿਚ ਗਿਆ ਹਾਂ, ਜਿਥੇ ਮਨੁੱਖ ਬੜੀ ਔਖਿਆਈ ਨਾਲ ਪਹੁੰਚ ਸਕਦਾ ਹੈ, ਪਰ ਉਥੇ ਜਾਣ ਨਾਲ ਮੈਨੂੰ ਇਕ ਪਾਈ ਭੀ ਨਸੀਬ ਨਹੀਂ ਹੋਈ। ਮੈਂ ਫਿਰ ਆਪਣੀ ਉੱਤਮ ਜਾਤੀ ਤੇ ਉੱਤਮ ਕੁਲ ਦੇ ਅਭਿਮਾਨ ਨੂੰ ਛੱਡ ਕੇ ਨੀਚ ਪੁਰਸ਼ਾਂ ਦੀ ਨੌਕਰੀ ਭੀ ਕੀਤੀ ਹੈ ਅਤੇ ਮਾਲਕ ਨੇ ਮੇਰੇ ਪਾਸੋਂ ਜੋ-ਜੋ ਭੀ ਨੀਚ ਕਰਮ ਕਰਾਏ, ਮੈਂ ਉਹੀ ਕੀਤੇ ਹਨ, ਪਰ ਉਥੋਂ ਭੀ ਮੈਨੂੰ ਧਨ ਪਦਾਰਥ ਨਹੀਂ ਮਿਲਿਆ ਹੈ। ਅੰਤ ਵਿਚ ਮੈਂ ਮਾਨ ਸਤਿਕਾਰ ਨੂੰ ਛਿਕੇ ਉਤੇ ਟੰਗ ਕੇ, ਸੱਦ ਤੋਂ ਬਿਨਾਂ ਹੀ ਲੋਕਾਂ ਦੇ ਘਰਾਂ ਵਿਚ ਚਲਾ ਗਿਆ ਅਤੇ ਕਾਂ ਵਾਂਗੂੰ ਡਰਦਿਆਂ-ਡਰਦਿਆਂ ਖਾਂਦਾ ਰਿਹਾ ਹਾਂ, ਮੈਨੂੰ ਇਨ੍ਹਾਂ ਸਾਰੇ ਕੰਮਾਂ ਬੜੀ ਭਾਰੀ ਸੱਟ ਵੱਜੀ ਹੈ, ਮੈਂ ਅਨੇਕ ਤਰ੍ਹਾਂ ਦੇ ਦੁੱਖ ਝਾਗੇ ਹਨ, ਮਾਨ ਖੋਹ ਦਿੱਤਾ ਹੈ, ਲੋਕਾਂ ਦੇ ਅਪਮਾਨ ਭਰੇ ਕੁਬਚਨ ਸਹਾਰੇ ਹਨ, ਪਰ ਫਿਰ ਭੀ ਮੇਰੀ ਇੱਛਾ ਪੂਰੀ ਨਹੀਂ ਹੋਈ। ਇਸ ਲਈ ਹੇ ਨਾ ਮੁਰਾਦ

ਤ੍ਰਿਸ਼ਨਾ ਮੈਂ ਤੈਥੋਂ ਪੁੱਛਦਾ ਹਾਂ, ਤੂੰ ਮੇਰੇ ਪਾਸੋਂ ਏਨੇ ਨੀਚ ਕਰਮ ਕਰਾ ਕੇ ਭੀ ਮੇਰਾ ਪਿੱਛਾ ਨਹੀਂ ਛੱਡਦੀ, ਤੂੰ ਹੋਰ ਕੀ ਕੀਤਾ ਚਾਹੁੰਦੀ ਹੈਂ ?

## ਕਬਿੱਤ

**ਆਸੇ ਫਲ ਹੀਨੀ ਕੀਨੀ ਤੇਰੇ ਬਲ ਸੋ ਸੇਵਾਦਿ,**
**ਮੂਢੋਂ ਕੇ ਕੁਬੈਨ ਸੋਢੇ ਨੈਨ ਛੋਡੇ ਬਨ ਕੋ॥**
**ਚਿੱਤ ਕੋ ਸੰਕੋਚ ਕੀਨੋ ਕੰ ਦ੍ਰਿਗ ਸੋ ਰੋਕ ਲੀਨੋ,**
**ਭਾਵੀ ਸੋਕ ਚੀਨੋ ਪੀਨੋ ਕੀਨੋ ਨ ਬਚਨ ਕੋ॥**
**ਹਸਯੋ ਭੀ ਨਿਕਾਰ ਦੰਤ ਜੈਸੇ ਚਿੰਤਾ ਮਾਨ ਜੰਤ,**
**ਜੋਰ ਕਰ ਕਰ ਕਰੀ ਬੰਦਨਾ ਨੀਚਨ ਕੋ॥**
**ਤੈਸੇ ਨਮੋ ਕਰੋਂ ਤੁਮੇ ਤੇਰੇ ਸੰਗ ਚਿਰ ਭ੍ਰਮੇ,**
**ਅਬ ਚਾਹੇ ਛੋਰ ਹਮੈ ਕਾਹੇ ਦਹੇ ਜਨ ਕੋ ॥੨੨॥**

ਆਸੇ-ਹੇ ਤ੍ਰਿਸ਼ਨਾ। ਮੂਢੋਂ-ਮੂਰਖਾਂ। ਸੋਢੇ-ਸਹਾਰੇ ਹਨ। ਬਨ-ਪਾਣੀ। ਕੰ- ਪਾਣੀ। ਦ੍ਰਿਗ-ਅੱਖਾਂ। ਭਾਵੀ-ਹੋਨ ਹਾਰ। ਪੀਨੋ-ਕਰੜਾ, ਮੂੰਹ ਤੋੜਵਾਂ ਉੱਤਰ। ਕਰ-ਹੱਥ। ਕਰੀ-ਕੀਤੀ ਹੈ। ਚਾਹੇ-ਹੇ ਤ੍ਰਿਸ਼ਨਾ। ਦਹੇ-ਸਾੜਦੀ।

ਹੇ ਤ੍ਰਿਸ਼ਨਾ ! ਤੇਰੇ ਆਸਰੇ ਹੋ ਕੇ ਕੀਤੀ ਹੋਈ ਸੇਵਾ ਆਦਿਕ (ਨੌਕਰੀ ਭੀ) ਫਲ ਤੋਂ ਹੀਣੀ ਹੋ ਗਈ ਹੈ, ਮੂਰਖਾਂ ਦੇ (ਉਹ) ਦੁਰਬਚਨ ਸਹਾਰੇ ਹਨ, (ਜਿਨ੍ਹਾਂ ਨੂੰ ਸੁਣਕੇ) ਅੱਖਾਂ ਵਿਚੋਂ ਪਾਣੀ ਵਗ ਪੈਂਦਾ ਸੀ। ਚਿੱਤ ਵਿਚ (ਗੱਲ ਕਹਿਣ ਤੋਂ) ਸੰਕੋਚ ਕਰ ਲਿਆ ਕਿ ਮਾਲਕ ਗੁੱਸੇ ਨਾ ਹੋ ਜਾਵੇ, ਅਤੇ) ਅੱਖਾਂ ਵਿਚ ਆਇਆ ਹੋਇਆ ਪਾਣੀ ਅੱਖਾਂ ਵਿਚ ਹੀ ਘੁੱਟ ਲਿਆ (ਬਾਹਰ ਨਹੀਂ ਕੱਢਿਆ ਕਿ ਕਿਤੇ ਅੱਖਾਂ ਵਿਚ ਆਂਸੂ ਵੇਖ ਕੇ ਮਾਲਕ ਗੁੱਸਾ ਕਰਕੇ ਨੌਕਰੀ ਤੋਂ ਜਵਾਬ ਨਾ ਦੇ ਦੇਵੇ, ਅਤੇ) ਭਾਵੀ ਨੂੰ ਜਾਣ ਕਰਕੇ ਸ਼ੋਕ (ਦੂਰ ਕਰ ਦਿੱਤਾ ਹੈ, ਅਗੋਂ ਕੋਈ) ਕਰੜਾ ਬਚਨ ਨਹੀਂ ਕੀਤਾ ਹੈ ਜਿਸ ਤਰ੍ਹਾਂ ਚਿੰਤਾਵਨ ਪੁਰਸ਼ (ਆਪਣੀ ਚਿੰਤਾ ਨੂੰ ਲੁਕਾਉਣ ਲਈ ਖਿੜ-ਖਿੜਾ ਕੇ ਹੱਸ ਪੈਂਦਾ ਹੈ, ਇਸੇ ਤਰ੍ਹਾਂ ਮੈਂ ਭੀ ਮਾਲਕ ਨੂੰ ਖੁਸ਼ ਕਰਨ ਵਾਸਤੇ) ਦੰਦ ਕੱਢ-ਕੱਢ ਕੇ ਹੱਸਦਾ ਭੀ ਰਿਹਾ ਹਾਂ ਅਤੇ ਹੱਥ ਜੋੜ ਜੋੜ ਕੇ ਨੀਚ ਪੁਰਸ਼ਾਂ ਨੂੰ (ਹਰ ਰੋਜ਼) ਬੰਦਨਾ ਭੀ ਕੀਤੀ ਹੈ, (ਪਰ ਫੇਰ ਭੀ ਕੁਛ ਮਿਲਿਆ ਨਹੀਂ ਹੈ) ਉਸੇ ਤਰ੍ਹਾਂ ਹੁਣ ਤੈਨੂੰ ਨਮਸਕਾਰ ਕਰਦਾ ਹਾਂ, ਤੇਰੇ ਨਾਲ ਬਹੁਤ ਚਿਰ ਤੱਕ ਭੌਂਦਾ ਰਿਹਾ ਹਾਂ, ਹੇ ਤ੍ਰਿਸ਼ਨਾ ! ਹੁਣ ਤੂੰ ਮੈਨੂੰ ਛਡ ਜਾਹੁ, ਮੈਨੂੰ ਗਰੀਬ) ਬੰਦੇ ਨੂੰ ਕਿਸ ਵਾਸਤੇ ਸਾੜਦੀ ਹੈਂ ॥੨੨॥

ਖੁਲਾਸਾ—ਮੈਂ ਨੀਚ ਪੁਰਸ਼ਾਂ ਦੀ ਨੌਕਰੀ ਕਰ ਲਈ, ਉਹਨਾਂ ਦੀ ਸੇਵਾ ਕਰਦੇ ਹੋਇਆਂ ਉਹਨਾਂ ਦੁਸ਼ਟਾਂ ਦੇ ਠੱਠੇ ਮਖੌਲ, ਗਾਲ੍ਹਾਂ-ਮੰਦੇ ਦੇ ਬੋਲ ਅਤੇ ਸਭ ਤਰ੍ਹਾਂ ਦੀ ਦਿਲ ਲੱਗੀ ਭੀ ਸਹਾਰਨੀ ਕੀਤੀ।

ਉਹਨਾਂ ਦੇ ਬਚਨਾਂ ਰੂਪ ਤੀਰਾਂ ਨਾਲ ਮੇਰੇ ਕਲੇਜੇ ਵਿਚ ਛੇਕ ਹੋ ਜਾਂਦੇ ਸਨ ਅਤੇ ਦਿਲ ਰੋਣ ਲੱਗ ਪੈਂਦਾ ਸੀ। ਉਸ ਸਬੱਬ ਕਰਕੇ ਜੋ ਆਂਸੂ ਆਉਂਦੇ ਸਨ, ਉਹ ਮੈਂ ਰੋਕ ਲੈਂਦਾ ਸੀ। ਅੰਦਰੋਂ ਤਾਂ ਮੇਰਾ ਮਨ ਇਕਦਮ ਮੁਰਝਾ ਜਾਂਦਾ ਸੀ। ਪਰ ਫਿਰ ਭੀ ਮੈਂ ਉਹਨਾਂ ਨੂੰ ਖੁਸ਼ ਰੱਖਣ ਦੇ ਵਾਸਤੇ ਉਹਨਾਂ ਦੇ ਸਾਹਮਣੇ ਹੱਸਿਆ ਕਰਦਾ ਸਾਂ, ਆਪਣੇ ਗੁੱਸੇ ਨੂੰ ਦਬਾ ਕੇ ਅਤੇ ਚਿੱਤ ਨੂੰ ਸਥਿਰ ਤੇ ਸ਼ਾਂਤ ਕਰਕੇ ਉਹਨਾਂ ਬਦਮਾਸ਼ਾਂ ਅੱਗੇ ਮੈਂ ਹੱਥ ਵੀ ਜੋੜਦਾ ਸਾਂ, ਪਰ ਫਿਰ ਭੀ ਮੈਨੂੰ ਉਹਨਾਂ ਪਾਸੋਂ ਮਿਲਿਆ ਕੁਝ ਵੀ ਨਹੀਂ। ਹੇ ਆਸਾ ! ਹੇ ਬੇਅਰਥ ਆਸ਼ਾ ! ਏਨੇ ਨਾਚ ਤਾਂ ਤੂੰ ਮੈਨੂੰ ਨਚਾ ਲਏ ਹਨ, ਹੁਣ ਹੋਰ ਤੇਰੇ ਦਿਲ ਵਿਚ ਕੀ ਸਮਾਈ ਹੋਈ ਹੈ ?

## ਤੋਟਕ ਛੰਦ

**ਅਬ ਤੋ ਤਜ ਤੂੰ ਹਮ ਕੋ ਤ੍ਰਿਸ਼ਨੇ॥**
**ਤਵ ਲਾਭ ਬਿਖੇ ਮਮ ਖੇਦ ਘਨੇ॥**
**ਤੁਮ ਕੀਨ ਮੁਝੇ ਮਨ ਬਾਸ ਜਬੇ॥**
**ਧਨ ਸ਼ੰਕ ਉਠੀ ਉਠ ਮੇਰ ਤਬੇ ॥੨੩॥**

ਲਾਭ-ਪ੍ਰਾਪਤੀ। ਖੇਦ-ਦੁੱਖ। ਘਨੇ-ਬਹੁਤੇ।

ਹੇ ਤ੍ਰਿਸ਼ਨਾ ! ਹੁਣ ਤਾਂ ਤੂੰ ਮੈਨੂੰ ਛੱਡ ਦੇਹੁ ! ਤੇਰੀ ਪ੍ਰਾਪਤੀ ਵਿਚ ਮੈਨੂੰ ਬਹੁਤ ਦੁੱਖ ਭੋਗਣੇ ਪਏ ਹਨ। ਜਦੋਂ ਹੀ ਤੂੰ ਮੇਰੇ ਮਨ ਵਿਚ ਵਾਸਾ ਕੀਤਾ ਸੀ ਤਦੋਂ ਹੀ ਮੇਰੇ ਮਨ ਵਿਚ ਧਨ ਦੀ ਇੱਛਾ ਪੈਦਾ ਹੋ ਗਈ ਸੀ ॥੨੩॥

**ਸਭ ਕੋ ਵਿਤ ਹੈ ਸਭ ਭੂਮਿ ਤਲੇ॥**
**ਹਮ ਖੋਦ ਥਕੇ ਪਰਜੰਤ ਜਲੇ॥**
**ਗਿਰ ਧਾਤੁ ਕ੍ਰਿਸਾਂਨ ਪ੍ਰਤਾਪ ਦਹੀ॥**
**ਅਬ ਲਾਭ ਰਸਾਇਣ ਹੋਇ ਸਹੀ ॥੨੪॥**

ਵਿੱਤ-ਧਨ। ਤਲੇ- ਹੇਠਾਂ। ਪਰਜੰਤ-ਤੱਕ। ਕ੍ਰਿਸ਼ਾਨ-ਅੱਗ। ਲਾਭ-ਪ੍ਰਾਪਤੀ।

(ਫਿਰ ਮੈਂ ਸੁਣ ਲਿਆ ਕਿ) ਸਭ ਤਰ੍ਹਾਂ ਦਾ ਧਨ ਧਰਤੀ ਦੇ ਹੇਠਾਂ ਹੈ (ਉਸ ਨੂੰ ਲੱਭਣ ਦੇ ਵਾਸਤੇ ਮੈਂ) ਧਰਤੀ ਨੂੰ ਪਾਣੀ ਤੱਕ ਖੋਦਿਆ (ਪਰ ਉਥੋਂ ਕੁਝ ਭੀ ਨਹੀਂ ਮਿਲਿਆ)। (ਫਿਰ) ਪਹਾੜ ਦੀਆਂ ਧਾਤਾਂ ਨੂੰ ਤੇਜ਼ ਅਗਨੀ ਨਾਲ ਫੂਕਣਾ ਸ਼ੁਰੂ ਕਰ ਦਿੱਤਾ, (ਅਤੇ ਨਿਸ਼ਚਾ ਕਰ ਲਿਆ) ਹੁਣ ਜ਼ਰੂਰ ਹੀ ਰਸਾਇਣ ਨਿਕਲ ਜਾਏਗੀ, (ਫਿਰ ਤਾਂ ਧਨ ਦਾ ਘਾਟਾ ਨਹੀਂ ਰਹੇਗਾ, ਉਥੋਂ ਵੀ ਕੁਝ ਹਾਸਲ ਨਹੀਂ ਹੋਇਆ ਹੈ) ॥੨੪॥

**ਹਮ ਸਿੰਧ ਤਰੇ ਮੁਕਤਾਦਿ ਸੁਨੇ ਮੁਕਤਾਦਿ ਕਹਾਂ,**
**ਮੁਕਤਾਦਿ ਲੁਨੇ ਬਹੁ ਭੂਪਨ ਕੋ ਯਤਨੋ ਕਰਕੇ ॥**
**ਅਤਿ ਕੀਨ ਪ੍ਰਸੰਨ ਲਜਾ ਹਰ ਕੇ ॥੨੫॥**

ਸਿੰਧ-ਸਮੁੰਦਰ। ਤਰੇ-ਥੱਲੇ। ਮੁਕਤਾਦਿ-ਮੋਤੀ ਆਦਿਕ। ਮੁਕਤਾਦਿ-ਸਿੱਪੀਆਂ। ਘੋਗੇ ਵਗੈਰਾ। ਲੁਨੇ-ਲੱਭੇ ਹਨ।

ਫਿਰ ਅਸਾਂ ਸੁਣ ਲਿਆ ਕਿ ਸਮੁੰਦਰ ਦੇ ਵਿਚ ਮੋਤੀ ਹਨ, (ਜੋ ਕਈ ਟੁੱਭੀ ਮਾਰਦਾ ਹੈ। ਉਹ ਮੋਤੀ ਲੈ ਆਉਂਦਾ ਹੈ, ਅਸਾਂ ਭੀ ਟੁੱਭੀਆਂ ਮਾਰੀਆਂ ਮੋਤੀ ਕਿਥੋਂ ਲੱਭਣੇ ਸਨ, ਸਿੱਪੀਆਂ ਤੇ ਘੋਗੇ ਹੀ ਹੱਥ ਲੱਗੇ ਹਨ। (ਫਿਰ ਸੁਣਿਆ ਕਿ ਰਾਜੇ ਦੀ ਸੇਵਾ ਕਰਨ ਵਾਲੇ ਨੂੰ ਰਾਜੇ ਪਾਸੋਂ ਬਹੁਤ ਸਾਰਾ ਧਨ ਪਦਾਰਥ ਮਿਲ ਸਕਦਾ ਹੈ, ਅਸਾਂ ਭੀ) ਬਹੁਤ ਤਰ੍ਹਾਂ ਦਾ ਯਤਨ ਕਰਕੇ, ਅਤੇ ਲੋਕ ਲਾਜ ਨੂੰ ਦੂਰ ਕਰਕੇ, ਰਾਜੇ ਦੀ ਸੇਵਾ ਕਰਕੇ ਉਸਨੂੰ ਪ੍ਰਸੰਨ ਭੀ ਕਰ ਲਿਆ ਹੈ, (ਪਰ ਉਥੋਂ ਮਿਲਿਆ ਕੁਝ ਵੀ ਨਹੀਂ ਹੈ ॥੨੫॥ ਯਥਾ-ਧਨ ਪਾਵਨ ਕੋ ਜੋ ਜਹਾਜ ਰਚੇ ਬਿਨ ਭਾਗਨ ਤੇ ਜਲ ਸਿੰਘ ਬੁਡਾਈ। ਸੁਖ ਨੇ ਬਹੁ ਬਾਰਨ ਭੂਮਿ ਘਨੀ, ਧਰ ਤੇ ਨਾ ਏਕ ਵਿਰਾਟਕ ਪਾਈ। ਨ੍ਰਿਪ ਕੀ ਕਰ ਆਯੁਧ ਸੇਵ ਭਲੇ ਭਿਰ ਸੰਗਰ ਮਾਂਹਿ ਸੁ ਅੰਗ ਤੁੜਾਈ।

**ਕਰਿ ਚਿਤ ਇਕਾਗ੍ਰ ਕੁਮੰਤ੍ਰ ਜਪੇ ॥**
**ਸ਼ਮਸ਼ਾਨਨ ਮੈ ਨਿਸ ਪੁੰਜ ਖਪੇ ॥**
**ਕਰਹੋਂ ਜਬ ਮੈਂ ਵਸ ਭੂਤਨ ਕੋ ॥**
**ਪਰ ਕੀ ਹਰ ਦੇਹਿੰ ਵਿਭੂਤਨ ਕੋ ॥੨੬॥**

ਕੁਮੰਤ੍ਰ-ਕਾਲਾ ਮੰਤ੍ਰ, ਭੂਤਾਂ ਬੈਤਾਲਾਦਿਕਾਂ ਨੂੰ ਵੱਸ ਕਰਨ ਵਾਲੇ ਮੰਤ੍ਰਾਂ ਦੇ ਨਾਮ ਕੁਮੰਤ੍ਰ ਕਿਹਾ ਜਾਂਦਾ ਹੈ। ਭੂਤਨ-ਭੂਤਾਤਮਾਂ, ਕਾਲੇ ਇਲਮ ਦੇ ਅਧੀਨ ਹੋਣ ਵਾਲੀਆਂ ਆਤਮਾਂ। ਹਰ ਦੇਹਿੰ-ਖੋਹਕੇ ਦੇਣਗੇ। ਭਿਪੂਤਣ-ਧਨ ਸੰਪਦਾ।

ਚਿੱਤ ਨੂੰ ਇਕਾਗਰ ਕਰਕੇ ਕਾਲਾ ਮੰਤ੍ਰ ਜਪਦਾ ਰਿਹਾ ਹਾਂ, ਮੈਂ ਬਹੁਤ ਰਾਤਾਂ ਮਸਾਨਾਂ ਵਿਚ ਦੁੱਖ ਪਾਂਦਾ ਰਿਹਾ ਹਾਂ। (ਸੋਚਦਾ ਸਾਂ ਕਿ) ਜਦ ਮੈਂ ਭੂਤਾਂ ਨੂੰ ਵੱਸ ਕਰ ਲਵਾਂਗਾ, (ਤਾਂ ਉਹ) ਦੂਜਿਆਂ ਦੀ ਧਨ ਸੰਪਦਾ (ਉਹਨਾਂ ਪਾਸੋਂ) ਖੋਹ ਕੇ (ਮੈਨੂੰ) ਲਿਆ ਦੇਣਗੇ, (ਪਰ ਉਧਰੋਂ ਭੀ ਕੁਝ ਪੱਲੇ ਨਹੀਂ ਪਿਆ ਹੈ) ॥੨੬॥

**ਇਵ ਆਉ ਬ੍ਰਿਥਾ ਮਮ ਹੰਤ ਸਭੀ ॥**
**ਮੁਹਿ ਕਾਨਿ ਵਿਰਾਟਕ ਬੀ ਨ ਲਭੀ ॥**

## ਕਤ ਕਾਜ ਨਿਲਾਜ ਅਕਾਜ ਦਹੋਂ ॥
## ਤਜਿ ਮੋਹਿ ਕਹੂੰ ਅਬ ਆਨ ਗਹੋ ॥੨੭॥

ਆਉ-ਉਮਰਾ । ਹੰਤ-ਨਾਸ, ਗੁਜਰ । ਕਾਨਿ ਵਿਰਾਟਕ-ਕਾਣੀ ਕੌਡੀ । ਨਿਲਾਜ-ਬੇਸ਼ਰਮ । ਅਕਾਜ-ਨਿਕੰਮਾ, ਫਜ਼ੂਲ । ਦਹੋਂ-ਸਾੜਦੀ ਹੈਂ । ਆਨ-ਹੋਰ, ਦੂਜੇ । ਗਹੋ-ਫਲ ਲੈ ।

ਇਸ ਤਰ੍ਹਾਂ ਨਾਲ ਮੇਰੀ ਸਾਰੀ ਉਮਰਾ ਬੇਅਰਥ ਗੁਜ਼ਰ ਗਈ ਹੈ, ਮੈਨੂੰ (ਕਿਤੋਂ) ਕਾਣੀ ਕੌਡੀ ਭੀ ਨਹੀਂ ਲੱਭੀ ਹੈ। ਹੇ ਬੇਸ਼ਰਮ (ਤ੍ਰਿਸ਼ਨਾ ! ਮੈਨੂੰ) ਕਿਸ ਵਾਸਤੇ ਬੇਅਰਥ ਸਾੜ ਰਹੀ ਹੈਂ ? ਮੈਨੂੰ ਛੱਡਦੇ ਹੁਣ ਕਿਸੇ ਹੋਰ ਨੂੰ ਫੜ ਲੈ ॥੨੭॥

### ਸੋਰਠਾ

## ਕਰਿਓ ਬ੍ਰਹਮ ਤੇ ਜੀਵ, ਚਾਹੇ ਅਬ ਚਾਹੇਂ ਕਿਆ॥
## ਕਿਸੌਂ ਕਰੇ ਨਿਰਜੀਵ ਆਸੇ ਤਵ ਆਸੇ ਕਵਨ ? ॥੨੮॥

ਚਾਹੇ-(ਸੰਬੋ) ਹੇ ਚਾਹ ! ਹੇ ਤ੍ਰਿਸ਼ਨਾ । ਚਾਹੇਂ-ਚਾਹੁੰਦੀ ਹੈਂ, ਤੇਰਾ ਕੀ ਇਰਾਦਾ ਹੈ । ਨਿਰਜੀਵ-ਚੇਤਨਤਾ ਤੋਂ ਹੀਨ, ਜੜ੍ਹ ਵਸਤੂ । ਆਸੈ-(ਸੰਬੋ:) ਹੇ ਆਸ਼ਾ ! ਹੇ ਤ੍ਰਿਸ਼ਨਾ । ਆਸੇ-ਆਸ਼ਾ, ਖਿਆਲ ਇਰਾਦਾ । ਤਵ-ਤੇਰਾ ।

ਤੂੰ ਮੈਨੂੰ ਬ੍ਰਹਮ ਤੋਂ ਜੀਵ ਕਰ ਦਿੱਤਾ ਹੈ, ਹੇ ਤ੍ਰਿਸ਼ਨਾ ! ਹੁਣ ਹੋਰ ਕੀ ਚਾਹੁੰਦੀ ਹੈਂ ? ਕਿਤੇ ਮੈਨੂੰ ਜੜ੍ਹ ਵਸਤੂ ਬਣਾਇਆ ਚਾਹੁੰਦੀ ਹੈਂ ? ਹੇ ਤ੍ਰਿਸ਼ਨਾ ! ਤੂੰ ਦੱਸ ਤੇਰਾ ਕੀ ਖਿਆਲ ਹੈ ॥੨੮॥

ਖੁਲਾਸਾ-ਸੁਧ ਬ੍ਰਹਮ ਨੂੰ "ਏਕਾਹੰ ਬਹੂ ਸਿਆਮਾ"! ਫੁਰਨਾ ਹੋਇਆ, ਇਹ ਫੁਰਨਾ ਹੀ 'ਤ੍ਰਿਸ਼ਨਾ' ਹੈ ਇਸ ਤ੍ਰਿਸ਼ਨਾਂ ਨੇ ਬ੍ਰਹਮ ਨੂੰ ਅਨੇਕਾਂ ਜੀਵ ਜੰਤੂ ਰੂਪ ਬਣਾ ਦਿੱਤਾ, ਕਿਉਂਕਿ "ਕਹੁ ਕਬੀਰ ਏਹ ਰਾਮ ਕੀ ਅੰਸ"। ਇਹ ਆਤਮਾ ਰਾਮ ਦੀ ਅੰਸ ਹੈ, ਅਤਾਮਾ-ਪਰਮਾਤਮਾ ਦਾ ਅੰਸ-ਅੰਸੀ ਭਾਵ ਹੈ, ਅੰਸ ਅੰਸੀ ਤੋਂ ਭਿੰਨ ਨਹੀਂ ਹੁੰਦੀ। ਤਾਂ ਤੇ ਪ੍ਰਮਾਤਮਾ ਵੀ ਬ੍ਰਹਮ ਰੂਪ ਹੈ, ਪਰ ਵਾਸ਼ਨਾ ਬਧਾ ਆਵੇ-ਜਾਵੇ । ਤ੍ਰਿਸ਼ਨਾ ਦੇ ਵੱਸ ਹੋ ਜਾਣ ਕਰਕੇ ਰੂਪ ਹੋ ਕੇ ਜੰਮਣ-ਮਰਨ ਵਿਚ ਫਸ ਰਿਹਾ ਹੈ । ਭਰਥਰੀ ਹਰਿ ਜੀ ਤ੍ਰਿਸ਼ਨਾ ਨੂੰ ਸੰਬੋਧਨ ਕਰਦੇ ਹਨ ਹੇ ਤ੍ਰਿਸ਼ਨਾ ! ਤੂੰ ਹੀ ਸੋਧ ਬ੍ਰਹਮ ਤੋਂ ਜੀਵ ਬਣਾ ਦਿੱਤਾ ਹੈ ਪਰ ਇਸ ਦਾ ਪਿੱਛਾ ਅਜੇ ਵੀ ਨਹੀਂ ਛੱਡਿਆ ਤੇਰੇ ਵੱਸ ਹੋ ਕੇ "ਕਬਹੂੰ ਜੀਅੜਾ ਊਭਿ ਚੜਤ ਹੈ ਕਬਹੂੰ ਜਾਇ ਪਇਆਲੇ ॥ ਲੋਭੀ ਜੀਅੜਾ ਥਿਰ ਨ ਰਹਿਤ ਹੈ ਚਾਰੇ ਕੁੰਡਾਂ ਭਾਲੇ ॥" ਇਸ ਲਈ ਤੂੰ ਦੱਸ' ਤੂੰ ਹੋਰ ਕੀ ਕਰਨਾ ਚਾਹੁੰਦੀ ਹੈਂ ? ਕਿਉਂਕਿ ਬ੍ਰਹਮ ਤੋਂ ਜੀਵ ਕਰ ਦਿੱਤਾ ਹੈ, ਜੀਵ ਬਣਾ ਕੇ ਭੀ ਸਾਥ ਨਹੀਂ ਛੱਡਿਆਂ ਸਗੋਂ ਅੱਗੇ ਨਾਲੋਂ ਵੀ ਵਧੇਰਾ ਜੱਫਾ ਮਾਰਿਆ ਹੈ, ਕੀ ਹੁਣ ਨਿਰਜੀਵ ਕੀਤਾ ਚਾਹੁੰਦੀ ਹੈਂ ? ਤਾਂ ਤੇ ਮੇਹਰ ਕਰ, ਮੇਰਾ ਪਿੱਛਾ ਛੱਡ ਦੇਹੁ ਤੇ ਕਿਸੇ ਹੋਰ ਦਾ ਪੱਲਾ ਜਾ ਫੜ।

## ਸ੍ਵੈਯਾ

**ਸਾਂਤਿ ਨਿਜਾਂਤਰ ਕਿੰ ਨ ਗਹੇਂ ਕਤ ਡੋਲੇਂ ਬ੍ਰਿਥਾਂ ਭਵ ਮੋ ਸੁ ਘਨਾ ॥**
**ਹੋਇ ਯਥਾ ਸੁ ਤਥਾ ਨਿਜ ਹ੍ਵੈ ਤੁਮਤੇ ਅਨਥਾ ਵਹੁ ਹੋਵਤ ਨਾ ॥**
**ਪ੍ਰੀਤ ਨ ਸਾਥ ਬਤੀਤ ਭਲੀ ਕਛੁ ਹਾਥ ਮਿਲੀ ਨ ਯਥਾ ਸੁਪਨਾ ॥**
**ਮੋਨ ਗਹੋ ਅਬ ਮੋ ਨ ਗਹੋ ਤੁਮ ਮੋਰ ਗਿਰਾ ਜਿਨ ਮੋਰ ਮਨਾ ॥੨੯॥**

ਨਿਜਾਂਤਰ-(ਨਿਜ+ਅੰਤਰ) ਆਪ ਵਿਚ ਕਿੰ-ਕਿਉਂ। ਗਹੇਂ-ਫੜਦਾ। ਕਤ ਡੋਲੇਂ-ਕਿਧਰ ਫਿਰਦਾ ਹੈ। ਭਵ-ਸੰਸਾਰ। ਘਨਾ-ਬਹੁਤਾ। ਯਥਾ-ਜੈਸਾ। ਤਥਾ-ਤੈਸਾ। ਨਿਜ ਹ੍ਵੈ-ਆਪਨੇ ਆਪ ਹੋਵੇਗਾ। ਅਨਥਾ-ਬਿਅਰਥ, ਹੋਰ। ਬਤੀਤ-ਗੁਜਰ ਚੁੱਕੀ। ਮੋਨ -ਸ਼ਾਂਤੀ, ਚੁੱਪ। ਮੋਨ -ਮੈਨੂੰ ਨਾ। ਮੋਰ ਗਿਰਾ-ਮੇਰੀ ਬਾਣੀ, ਮਰਾ ਕਿਹਾ। ਜਿਨ-ਨਾ। ਮੋਰ-ਮੋੜਨਾ। ਮਨਾ-ਹੇ ਮਨ।

ਆਪਣੇ ਵਿਚ ਸ਼ਾਂਤੀ ਕਿਉਂ ਨਹੀਂ ਫੜਦਾ, ਸੰਸਾਰ ਵਿਚ ਬਹੁਤ ਬਿਅਰਥ ਕਿਸ ਵਾਸਤੇ ਭੌਂਦਾ ਹੈ ? ਜੋ ਤੇ ਜਿਸ ਤਰ੍ਹਾਂ ਹੋਣਾ ਹੈ ਉਹ ਤੇ ਉਸੇ ਤਰ੍ਹਾਂ ਆਪੇ ਹੀ ਹੋ ਜਾਏਗਾ, ਤੇਰੇ ਪਾਸੋਂ ਉਸ ਦਾ 'ਨਾਂ ਹੋਣਾ ਨਹੀਂ ਹੋ ਸਕਦਾ। ਗੁਜਰ ਚੁੱਕੀ ਨਾਲ ਪ੍ਰੀਤ ਕਰਨੀ ਚੰਗੀ ਨਹੀਂ ਹੈ (ਕਿਉਂਕਿ ਉਸ ਵਿਚੋਂ) ਕੁਝ ਹੱਥ ਨਹੀਂ ਆਉਂਦਾ, ਜਿਵੇਂ ਸੁਪਨਾ (ਗੁਜ਼ਰ ਚੁੱਕਾ ਹੈ, ਉਸ ਦਾ ਖਿਆਲ ਕੀਤਿਆਂ ਉਸ ਤੋਂ ਕੁਝ ਮਿਲਦਾ ਨਹੀਂ ਹੈ। ਹੁਣ ਸ਼ਾਂਤੀ ਫੜ, ਮੈਨੂੰ ਨਾ ਫੜ ਹੇ ਮਨ! ਤੂੰ ਮੇਰੇ ਕਹੇ ਹੋਏ ਬਚਨ ਨੂੰ ਨਾ ਮੋੜ (ਅਰਥਾਤ ਮੇਰੀ ਸਿਖਿਆ ਮੰਨਣ ਵਲੋਂ ਇਨਕਾਰ ਨਾ ਕਰ) ॥੨੯॥

ਖੁਲਾਸਾ-(੧. "ਨਾਨਕ ਲਿਲਾਰਿ ਲਿਖਿਆ ਸੋਇ ॥ ਮੇਟਿ ਨ ਸਾਕੈ ਕੋਇ ॥ ਕਲਾ ਧਰੈ ਹਿਰੈ ਸੁਈ ॥'

(੨) "ਲੇਖਿ ਨ ਮਿਟਈ ਹੇ ਸਖੀ ! ਜੋ ਲਿਖਿਆ ਕਰਤਾਰਿ ॥'

(੩) ਜੋ ਕਿਛੁ ਲੇਖ ਲਿਖਿਓ ਬਿਧਨਾ ਸੋ ਪਾਈਅਤੁ ਮਿਸਰ ਜੂ ਸੋਕ ਨਿਵਾਰੋ ॥

(੪) ਯਾ ਜੁਗ ਤੇ ਜੁਗ ਔਰਹਿ ਹੋਇ ਸੁ ਤੋ ਫਲ ਤੋਹਿ ਮਿਲੈ ਬਿਧਿ ਸਾਚੀ ॥ ਨਾਂਹਿ ਲਏ ਤਿਹਕੋ ਨਰ ਔਰ ਸੁ ਇਤ ਉਤੇ ਦੌਰਨ ਮੈ ਮਤ ਕਾਹਿਤ ਰਾਚੀ ॥ ਹੋਇ ਪ੍ਰਸੰਨ ਸੁ ਰਾਮ ਭਜੋ.....

ਹੇ ਮਨ ! ਜੋ ਤੇਰੇ ਭਾਗਾਂ ਵਿਚ ਲਿਖਿਆ ਹੈ, ਉਹ ਤੈਨੂੰ ਹੀ ਮਿਲਣਾ ਹੈ, ਉਸ ਨੂੰ ਕੋਈ ਦੂਜਾ ਨਹੀਂ ਲੈ ਸਕਦਾ, ਫਿਰ ਤੂੰ ਇਧਰ-ਉਧਰ ਕਿਉਂ ਭੱਜਾ ਫਿਰਦਾ ਹੈਂ ? ਅਤੇ ਜੋ ਤੇਰੇ ਭਾਗਾਂ ਵਿਚ ਨਹੀਂ ਹੈ, ਉਹ ਕਦੇ ਮਿਲਣਾ ਹੀ ਨਹੀਂ ਹੈ ਤਾਂ ਭੀ ਕਿਉਂ ਭੱਜਾ ਫਿਰਦਾ ਹੈਂ ? "ਇਕ ਜੋਤਸ਼ੀ ਨੇ ਜੋਤਸ਼ ਲਾਇਆ ਕਿ ਦੁਨੀਆਂ ਵਿਚ ਪਾਰਸ ਹੈਗਾ ਹੈ ਜਾਂ ਨਹੀਂ ਜੇ ਹੈਗਾ ਹੈ ਤਾਂ ਕਿਥੇ ਅਤੇ ਕਿਸ ਤਰ੍ਹਾਂ ਦੀ ਸ਼ਕਲ ਦਾ ਹੈ ? ਉਸ ਦਾ ਹਿਸਾਬ ਤੋਂ ਮਾਲੂਮ ਹੋਇਆ ਜੋ ਪਾਰਸ ਹੈਗਾ ਹੈ, ਜ਼ਰੂਰ ਹੈਗਾ ਹੈ, ਅਟਕ ਦਰਿਆ ਦੇ ਕੰਢੇ ਉਤੇ, ਫਲਾਨੀ ਸ਼ਕਲ ਵਾਲਾ ਅਤੇ ਫਲਾਨੇ ਘਾਟ ਉਤੇ ਪਿਆ ਹੈ, ਫਿਰ ਉਸ ਨੇ ਇਹ ਪ੍ਰਸ਼ਨ ਸੋਚਿਆ ਕਿ ਉਹ ਉਥੇ ਕਿੰਨਾ ਚਿਰ ਪਿਆ ਰਹੇਗਾ ? ਇਸ ਦੇ ਉੱਤਰ ਵਿਚ ਹਿਸਾਬ ਨਿਕਲਿਆ ੧੦੫ ਦਿਨ ਤੱਕ ਉਥੇ ਹੀ ਪਿਆ ਰਹੇਗਾ। ਹੁਣ ਇਸ ਦਾ ਫੁਰਨਾ ਹੋਇਆ ਕਿ ਮੈਂ ਜਾ ਕੇ ਉਹ ਚੱਕ ਲਵਾਂ ਫਿਰ ਮੈਨੂੰ ਕੋਈ ਭੁੱਖ ਨਹੀਂ ਰਹੇਗੀ, ਲੋਹੇ ਦਾ ਸੋਨਾ ਬਣਾ ਕੇ, ਬੇਅੰਤ ਦੌਲਤ ਪੈਦਾ

ਕਰ ਲਵਾਂਗਾ ਤੇ ਸੰਸਾਰਕ ਸੁੱਖ ਭੋਗਾਂ ਨੂੰ ਭੋਗਾਂਗਾ, ਰਾਜੇ ਮਹਾਰਾਜੇ ਵੀ ਮੇਰੇ ਸਮਾਨ ਨਹੀਂ ਹੋਣਗੇ। ਬਸ ! ਇਹ ਫੁਰਨਾ ਹੁੰਦੇ ਹੀ ਪਾਰਸ ਲੈਣ ਦੇ ਇਰਾਦੇ ਨਾਲ ਉਠ ਭੱਜਿਆ। ਜਾਂਦਿਆਂ-ਜਾਂਦਿਆਂ ਠੀਕ ਵੇਲੇ ਸਿਰ ਤੇ ਠੀਕ ਟਿਕਾਣੇ ਉਤੇ ਪੁੱਜ ਗਿਆ। ਅੱਜ ੧੦੫ ਵਾਂ ਦਿਨ ਹੈ, ਅਤੇ ਅਟਕ ਉਸ ਦੇ ਪੱਤਣ ਉਤੇ ਇਹ ਪੁੱਜ ਗਿਆ ਹੈ, ਜੋਤਿਸ਼ ਦੇ ਦਸੇ ਅਨੁਸਾਰ ਉਸੇ ਸ਼ਕਲ ਦਾ ਪੱਥਰ ਦਾ ਵੱਟਾ, ਉਸੇ ਹੀ ਜਗ੍ਹਾ ਉਤੇ ਪਿਆ ਹੈ, ਜਿਸ ਦਾ ਪਤਾ ਜੋਤਿਸ਼ ਵਿਚੋਂ ਮਿਲਿਆ ਸੀ, ਉਸ ਵੱਟੇ ਤੋਂ ਕੋਈ ਦਸ ਕਦਮ ਹੀ ਵਿੱਥ ਉਤੇ ਹੀ ਸੀ ਕਿ ਇਕ ਪਾਣੀ ਭਰਨ ਵਾਲੀ ਮਾਈ ਨੇ ਇਹ ਵੱਟਾ ਚੁੱਕ ਲਿਆ ਤੇ ਦਰਿਆ ਦੇ ਪਾਣੀ ਨਾਲ ਪੈਰਾਂ ਤੋਂ ਮੈਲ ਲਾਹੁਣ ਲੱਗ ਪਈ, ਉਸੇ ਪਾਰਸ ਪੱਥਰ ਨਾਲ ਉਹ ਮਾਈ ਪੈਰਾਂ ਤੋਂ ਮੈਲ ਖੁਰਚ-ਖੁਰਚ ਕੇ ਲਾਹੁੰਦੀ ਹੈ, ਅਤੇ ਪੰਡਤ ਸਾਹਮਣੇ ਵੇਖ ਰਿਹਾ ਹੈ, ਉਸ ਦਾ ਮੂੰਹ ਵਿਚ ਪਾਣੀ ਭਰਿਆ ਹੋਇਆ ਹੈ, ਉਹ ਚਾਹੁੰਦਾ ਹੈ ਜੋ ਝਪੱਟਾ ਮਾਰ ਕੇ ਮਾਈ ਦੇ ਹੱਥ ਵਿਚੋਂ ਵੱਟਾ ਖੋਹ ਲਵੇ, ਪਰ ਇਹ ਅਯੋਗ ਗੱਲ ਕਰ ਨਹੀਂ ਸਕਦਾ ਫਿਰ ਖਿਆਲ ਕੀਤਾ' ਜੇ ਮੰਗਿਆ ਤਾਂ ਭੀ ਮਾਈ ਨੇ ਦੇਣਾ ਨਹੀਂ ਹੈ, ਉਸ ਨੇ ਜਵਾਬ ਦੇਣਾ ਹੈ, ਦਰਿਆ ਕੰਢੇ ਉਤੇ ਪੱਥਰ ਦੀਆਂ ਥੋੜ੍ਹੀਆਂ ਗੀਟੀਆਂ ਹਨ, ਇਹ ਕੋਈ ਉਹਨਾਂ ਤੋਂ ਵੱਖਰੀ ਹੈ, ਪਰ ਮਾਈ ਨੂੰ ਕੀ ਪਤਾ-ਜੋ ਇਹ ਪਾਰਸ ਦੀ ਵੱਟੀ ਹੈ ਤੇ ਦੂਜੀਆਂ ਪੱਥਰ ਦੀਆਂ ਵੱਟੀਆਂ ਹਨ, ਫਿਰ ਸੋਚਿਆ ਕਿ ਮਾਈ ਨੂੰ ਕੀ ਦੇਵਾਂ "ਇਹ ਪਾਰਸ ਹੈ ਮੈਨੂੰ ਦੇ ਦੇਹ" ਭਲਾ ਜੀ ! ਅਜੇਹਾ ਮੂਰਖ ਕੌਣ ਹੈ ਜੋ ਆਪਣੇ ਹੱਥ ਵਿਚ ਆਇਆ ਹੋਇਆ ਪਾਰਸ ਦੂਜੇ ਨੂੰ ਫੜਾ ਦੇਵੇ। ਪਰ ਹੱਛਾ ਚੁੱਪ ਕਰਕੇ ਬੈਠ ਜਾਂਦਾ ਹਾਂ ਮਾਈ ਪੈਰ ਧੋ ਕੇ ਚਲੀ ਜਾਏਗੀ, ਤਦ ਇਸ ਅਮੋਲਕ ਪੱਥਰ ਨੂੰ ਚੁੱਕ ਲਵਾਂਗਾ। ਇਹ ਵਿਚਾਰ ਕਰਕੇ ਪੰਡਤ ਲਲਚਾਈ ਨਜ਼ਰ ਨੂੰ ਮਾਈ ਦੇ ਹੱਥ ਵਿਚਲੇ ਪੱਥਰ ਉਤੇ ਗੱਡ ਕੇ ਉਤਸ਼ਾਹੀ ਮਨ 'ਚ ਕਈ ਤਰ੍ਹਾਂ ਦੇ ਮਨੋਰਾਜਾਂ ਨੂੰ ਕਰਦਾ ਹੋਇਆ ਬੈਠ ਗਿਆ, ਮਾਈ ਨੇ ਪੈਰ ਧੋ ਕੇ, ਹੱਥ ਵਿਚਲੀ ਗੀਟੀ ਦਰਿਆ ਦੇ ਵਿਚ ਵਗਾਹ ਮਾਰੀ, ਤਾਂ ਪੰਡਤ ਨੇ ਬੇਵਸਿਆਂ ਹੀ ਡੁੱਬ ਮਾਰੀ ਤੇ ਕਿਹਾ ਹਾਇ ! ਮਾਈ ਤੂੰ ਇਹ ਕੀ ਲੋਹੜਾ ਮਾਰਿਆ ਮੈਂ ਇਹ ਵੱਟਾ ਲੈਣ ਵਾਸਤੇ ਚਾਰ ਮਹੀਨੇ ਪੈਂਡਾ ਮਾਰਦਾ-ਮਾਰਦਾ ਫਲਾਨੀ ਥਾਂ ਤੋਂ ਮਹੀਨੇ ਮਾਰਦਾ-ਮਾਰਦਾ ਫਲਾਨੀ ਥਾਂ ਤੋਂ ਆਇਆ ਹਾਂ, ਪਰ ਤੂੰ ਕੀ ਹਨੇਰ ਮਾਰ ਦਿੱਤਾ, ਇਹ ਕਹਿ ਕੇ ਪੰਡਤ ਢਾਹੀਂ ਮਾਰ-ਮਾਰ ਕੇ ਰੋਣ ਪਿੱਟਣ ਲੱਗ ਪਿਆ ਤੇ ਸਿਰ ਕੁੱਟਦਾ-ਕੁੱਟਦਾ ਧਰਤੀ 'ਤੇ ਲੇਟਣ ਲੱਗਾ। ਮਾਈ ਨੇ ਧੀਰਜ ਦੇ ਕੇ ਕਿਹਾ-ਪੰਡਤ ਜੀ ! ਤੁਸੀਂ ਸਿਆਣੇ ਹੋ ਤੇ ਮੈਨੂੰ ਮਾਲੂਮ ਹੁੰਦਾ ਹੈ ਜੋ ਪੜ੍ਹੇ ਹੋਏ ਵਿਦਵਾਨ ਭੀ ਹੋ, ਫਿਰ ਇਕ ਪੱਥਰ ਦੀ ਗੀਟੀ ਵਾਸਤੇ ਇੰਞਾਣੇ ਬਾਲਾਂ ਵਾਂਗੂੰ ਰੋਣ-ਪਿੱਟਣ ਲੱਗ ਪਏ ਹੋ ਇਥੇ ਪੱਥਰ ਦੀਆਂ ਗੀਟੀਆਂ ਦਾ ਘਾਟਾ ਹੈ, ਜਿੰਨੀਆਂ ਚਾਹੋ, ਲੈ ਸਕਦੇ ਹੋ ? ਪੰਡਤ ਨੇ ਹਾਉਕਾ ਭਰ ਕੇ ਕਿਹਾ-ਮਾਈ ਤੂੰ ਕੀ ਜਾਣੇ, ਉਹ ਪੱਥਰ ਦੀ ਗੀਟੀ ਨਹੀਂ ਸੀ, ਉਹ ਤਾਂ ਪਾਰਸ ਸੀ ? ਪਰ ਤੈਨੂੰ ਕਿਵੇਂ ਪਤਾ ਲੱਗਾ, ਜੋ ਉਹ ਪਾਰਸ ਸੀ ? ਇਸ ਦੇ ਉੱਤਰ ਵਿਚ ਪੰਡਿਤ ਨੇ ਆਪਣੀ ਪਿਛਲੀ ਸਾਰੀ ਵਾਰਤਾ ਸੁਣਾਈ ਕਿ ਮੈਂ ਇਸ ਤਰ੍ਹਾਂ ਜੋਤਿਸ਼ ਵਿਦਿਆ ਦੇ ਜਾਣਨ ਵਾਲਾ ਹਾਂ ਅਤੇ ਇਸ ਤਰ੍ਹਾਂ ਨਾਲ ਆਪਣੀ ਵਿਦਿਆ ਦੇ ਬਲ ਨਾਲ ਉਸ ਨੂੰ ਪਹਿਲੇ ਮਾਲੂਮ ਕੀਤਾ, ਫਿਰ ਜਗ੍ਹਾ ਨੂੰ ਜਾਣਿਆ ਅਤੇ ਸੈਂਕੜੇ ਕੋਹਾਂ ਦਾ ਪੈਂਡਾ ਮਾਰ-ਮਾਰ ਕੇ ਇਥੇ ਆ ਪੁੱਜਾ ਹਾਂ ਪਰ ਤੂੰ ਮੇਰੀ ਸਾਰੀ ਕੀਤੀ-ਕੱਤਰੀ ਮਿਹਨਤ ਉਤੇ ਪਾਣੀ ਫੇਰ ਦਿੱਤਾ ਹੈ। ਮਾਈ ਨੇ ਫਿਰ ਸਹਜਿ ਭਾ ਨਾਲ ਪੁਛਿਆ - ਪੰਡਤਾ ! ਤੂੰ ਜੋਤਿਸ਼ ਨਾਲ ਇਹ ਤਾਂ ਸਭ ਕੁਝ ਜਾਣ ਲਿਆ ਤੇ ਤੁਰ ਭੀ ਪਿਆ ਅਤੇ ਪੈਂਡਾ ਕਰਦਿਆਂ ਕਰਦਿਆਂ ਮੰਜ਼ਲ ਤੇ ਪੁੱਜ ਭੀ

ਗਿਆ, ਪਰ ਇਹ ਸਭ ਕੁਝ ਕਰਨ ਤੋਂ ਪਹਿਲਾਂ ਤੂੰ ਇਹ ਨਹੀਂ ਸੀ ਜਾਣਿਆ ਜੋ ਪਾਰਸ ਦਾ ਪ੍ਰਾਪਤ ਹੋਣਾ ਮੇਰੀ ਕਿਸਮਤ ਵਿਚ ਭੀ ਹੈਗਾ ਹੈ ਜਾਂ ਨਹੀਂ ? ਮੈਂ ਤੇਰੀ ਕਿਸਮਤ ਹਾਂ, ਤੇਰੇ ਭਾਗਾਂ ਵਿਚ ਪਾਰਸ ਦਾ ਮਿਲਣਾ ਨਹੀਂ ਹੈ, ਜਾਹ ਜਾ ਕੇ ਅਰਾਮ ਨਾਲ ਬੈਠ, ਏਨਾਂ ਕਹਿੰਦੇ ਹੀ ਉਹ ਮਾਈ ਛਾਊਂ ਮਾਊਂ ਹੋ ਗਈ। ਪੰਡਤ ਦੀਆਂ ਭੀ ਅੱਖਾਂ ਖੁੱਲ੍ਹ ਗਈਆਂ ਜੋ ਚੀਜ਼ ਭਾਗਾਂ ਵਿਚ ਹੋਵੇ ਉਸ ਨੂੰ ਕੋਈ ਦੂਜਾ ਲੈ ਨਹੀਂ ਸਕਦਾ। ਜੈਸਾ ਕਿ ਕਹਿੰਦੇ ਹਨ

"ਇਕ ਰੱਬ ਦੇ ਪਿਆਰੇ ਨੂੰ ਦਰਿਆ ਦੇ ਢਾਹੇ ਵਿਚ ਮੋਹਰਾਂ ਦੀ ਭਰੀ ਹੋਈ ਦੇਗ ਦਿਸ ਪਈ ਤਾਂ ਉਸ ਨੇ ਮਿੱਟੀ ਪਾ ਕੇ ਦੇਗ ਨੂੰ ਉਥੇ ਹੀ ਦੱਬ ਦਿੱਤਾ ਤੇ ਆਪਣੇ ਘਰ ਨੂੰ ਟੁਰ ਆਇਆ, ਮਨ ਵਿਚ ਇਹ ਭਰੋਸਾ ਦ੍ਰਿੜ ਰੱਖਿਆ ਕਿ ਜੇ ਮੇਰੀ ਹੋਈ ਤਾਂ ਆਪੇ ਮੇਰੇ ਕੋਲ ਆ ਜਾਏਗੀ, ਅਤੇ ਜੇ ਮੇਰੇ ਭਾਗਾਂ ਦੀ ਨਹੀਂ ਹੈ ਤਾਂ ਮੈਂ ਕਿਉਂ ਇਸ ਨੂੰ ਪੱਟਨ-ਪਟਾਨ ਦੀ ਮਿਹਨਤ ਕਰਾਂ ਅਤੇ ਲੋਕਾਂ ਦੀਆਂ ਅੱਖਾਂ ਵਿਚ ਆਵਾਂ।" ਇਹ ਘਰ ਆ ਗਿਆ, ਅੱਧੀ ਰਾਤ ਵੇਲੇ ਚੋਰਾਂ ਨੇ ਇਸ ਦੇ ਘਰ ਸੰਨ ਆ ਲਾਈ ਤਾਂ ਇਸ ਨੇ ਚੋਰਾਂ ਨੂੰ ਕਿਹਾ ਮੇਰੇ ਘਰ ਵਿਚੋਂ ਤੁਹਾਨੂੰ ਕੁਝ ਨਹੀਂ ਲੱਭਣਾ ਐਵੇਂ ਮਿਹਨਤ ਹੀ ਕਰੋਗੇ। ਮੈਂ ਅੱਜ ਦਰਿਆ ਦੇ ਢਾਹੇ ਉਤੇ ਫਲਾਨੀ ਜਗ੍ਹਾਂ ਵਿਚ ਮੋਹਰਾਂ ਦੀ ਭਰੀ ਹੋਈ ਦੇਗ ਦੱਬੀ ਹੋਈ ਵੇਖ ਆਇਆ ਹਾਂ, ਜੇਕਰ ਤੁਸੀਂ ਦੌਲਤ ਚਾਹੁੰਦੇ ਹੋ ਤਾਂ ਜਾ ਕੇ ਉਸ ਨੂੰ ਪੱਟ ਕੇ ਲੈ ਜਾਓ, ਲੋਕਾਂ ਵਿਚ ਉਸ ਦੀ ਬਾਬਤ ਇਹ ਗੱਲ ਮਸ਼ਹੂਰ ਸੀ, ਜੋ ਇਹ ਰੱਬ ਦਾ ਭਗਤ ਹੈ ਅਤੇ ਕਦੇ ਭੀ ਝੂਠ ਨਹੀਂ ਬੋਲਦਾ ਇਸ ਲਈ ਚੋਰਾਂ ਨੂੰ ਉਸ ਦੀ ਗੱਲ ਦਾ ਇਤਬਾਰ ਆ ਗਿਆ ਤੇ ਉਹ ਦਰਿਆ ਦੇ ਢਾਹੇ ਵਿਚ ਉਸੇ ਜਗ੍ਹਾ 'ਤੇ ਚਲੇ ਗਏ, ਜਾ ਕੇ ਵੇਖਿਆ ਕਿ ਦੇਗ ਸੱਚਮੁਚ ਹੀ ਦੱਬੀ ਹੋਈ ਹੈ, ਉਹਨਾਂ ਨੇ ਖੁਸ਼ੀ-ਖੁਸ਼ੀ ਨਾਲ ਪੁੱਟ ਕੇ ਬਾਹਰ ਕੱਢ ਲਈ ਉਸ ਦਾ ਢੱਕਣ ਲਾਹ ਕੇ ਵੇਖਿਆ ਤਾਂ ਵਿਚ ਸੱਪ ਫੰਕਾਰੇ ਪਏ ਮਾਰਨ! ਚੋਰਾਂ ਨੇ ਆਪੋ ਵਿਚ ਕਿਹਾ- "ਵੇਖਿਆ ਜੇ ! ਭਗਤ ਭੀ ਕੇਡਾ ਚਲਾਕ ਹੈ, ਸਾਨੂੰ ਇਹਨਾਂ ਸੱਪਾਂ ਤੋਂ ਮਰਵਾਣਾ ਚਾਹੁੰਦਾ ਸੀ, ਤਦੇ ਹੀ ਉਸ ਨੇ ਮੋਹਰਾਂ ਦਾ ਨਾਮ ਲਿਆ ਸੀ, ਭਲੇ ਨੂੰ ਅਸਾਂ ਢੱਕਣ ਲਾਹ ਕੇ ਵੇਖਿਆ ਹੈ, ਜੇ ਕਿਤੇ ਐਵੇਂ ਹੀ ਹੱਥ ਪਾ ਦੇਂਦੇ, ਫੇਰ ਤਾਂ ਕਹਿਰ ਹੋ ਜਾਣਾ ਸੀ, ਚੰਗਾ ਤਾਂ ਇਹ ਹੈ, ਜੋ ਇਹੋ ਹੀ ਸੱਪ ਉਸ ਭਗਤ ਉਤੇ ਚੱਲ ਸੁੱਟੀਏ ਤਾਂ ਕਿ ਉਸੇ ਨੂੰ ਕੀਤੀ ਦਾ ਫਲ ਮਿਲ ਜਾਏ, ਇਹ ਸਲਾਹ ਕਰਦਿਆਂ ਨੇ ਆਪਣੀਆਂ ਪੱਗਾਂ ਲਾਹ ਕੇ ਦੇਗ ਦੇ ਗਲ ਵਿਚ ਪਾ ਕੇ ਉਸ ਨੂੰ ਚੁੱਕ ਲਿਆ ਤੇ ਭਗਤ ਦੇ ਮਕਾਨ ਦੇ ਕੋਠੇ ਉਤੇ ਚੜ੍ਹ ਗਏ ਅਤੇ ਜਿਥੇ ਭਗਤ ਦਾ ਮੰਜਾ ਡੱਠਾ ਹੋਇਆ ਸੀ ਉਸ ਜਗ੍ਹਾ ਤੋਂ ਛੱਤ ਪਾੜ ਕੇ ਮੋਘਾ ਕਰ ਲਿਆ ਤੇ ਦੇਗ ਨੂੰ ਉਸ ਮੋਘੇ ਮੂੰਹ ਉਤੇ ਰੱਖ ਕੇ ਮੂੰਧਾ ਕਰ ਦਿੱਤਾ।

ਇਧਰ ਭਗਤ ਮੰਜੇ ਤੋਂ ਸੁੱਤਾ ਉਠ ਕੇ ਪਿਸ਼ਾਬ ਕਰਕੇ ਆਇਆ ਤਾਂ ਉਸਨੇ ਵੇਖਿਆ ਕਿ ਮੇਰੇ ਮੰਜੇ ਉਤੇ ਬਿੱਲੀ ਉੱਠ ਸੁੱਤੀ ਹੈ। ਭਗਤ ਸਾਰੇ ਰੂਪਾਂ ਵਿਚ ਹੀ ਪ੍ਰਭੂ ਨੂੰ ਵੇਖਦੇ ਹਨ, ਇਸੇ ਕਾਰਣ ਉਸ ਨੇ ਬਿੱਲੀ ਵਾਸਤੇ ਮੰਜਾ ਛੱਡ ਦਿੱਤਾ ਤੇ ਆਪ ਉਸ ਤੋਂ ਪਰ੍ਹਾਂ ਭੂੜੀ ਵਿਛਾ ਕੇ ਲੰਮਾ ਪੈ ਗਿਆ, ਜਦ ਭਗਤ ਸੌਂ ਗਿਆ ਤਾਂ ਬਿੱਲੀ ਵੀ ਉਠ ਕੇ ਸ਼ਿਕਾਰ ਮਗਰ ਤੁਰ ਗਈ ਤੇ ਮੰਜਾ ਖਾਲੀ ਦਾ ਖਾਲੀ ਰਹਿ ਗਿਆ ਏਨੇ ਨੂੰ ਚੋਰਾਂ ਨੇ ਲਿਆ ਕੇ ਦੇਗ ਮੁਘ ਉਤੇ ਉਲਟਾ ਦਿੱਤੀ ਤੇ ਹੇਠਾਂ ਮੰਜੇ ਉਤੇ ਛਣਨ-ਛਣਨ ਕਰਦੀਆਂ ਮੋਹਰਾਂ ਆ ਡਿੱਗੀਆਂ ਤੇ ਘਰ ਦੇ ਅੰਦਰ ਮੋਹਰਾਂ ਦਾ ਢੇਰ ਲੱਗ ਗਿਆ ਤਦੇ ਤਾਂ ਕਹਿੰਦੇ ਹਨ-"ਹੋਇ ਯੌਥਾ ਸੁ ਤਥਾ ਨਿਜ ਹੈ" ਅਤੇ "ਤੋ ਫਲ ਤੋਹਿ ਮਿਲੈ ਬਿਧਿ ਸਾਚੀ ਹੈ ॥

### ਸ੍ਵੈਯਾ

**ਭਾਵੀ ਕੇ ਭਾਵ ਅਭਾਵਯਥਾ ਨਰ ਮੋਤਿਨ ਮੋਨਭ ਕੋ ਸੁਮਨਾ ॥**
**ਮਧ ਕੇ ਭੋਗਕੇ ਮਵਯ ਰਮੋ ਗਤ ਰਾਗ ਭ੍ਰਮੇ ਅਨਉਤਰਨਾ ॥**
**ਬ੍ਰਹਮ ਨਿਪੁੰਸਕ ਯੋਂ ਮਨ ਤੂੰ ਬਿਨਤਾਂਨਵਦੰਪਤੀ ਮੋਸੁਖਨਾ ॥**
**ਟੇਰਤ ਮੈ ਪ੍ਰਤਿ ਫੇਰਿ ਤੁਮੈ ਤੁਮ ਮੋ ਮਤ ਕੋ ਮਤ ਫੇਰ ਮਨਾ ॥੩੦॥**

ਭਾਵੀ—ਅੱਗੇ ਹੋਣ ਵਾਲੇ। ਭਾਵ-ਪਦਾਰਥ। ਅਭਾਵ-ਅਨਹੋਣਾ। ਨਭ-ਅਕਾਸ। ਸੁਪਨਾ-ਫੁੱਲ। ਮਧ ਕੇ ਭੋਗ-ਵਰਤਮਾਨ ਸਮੇਂ ਦੇ ਪਦਾਰਥ। ਮਧਯ-ਵਿਚ। ਗਤ-ਨਾਸ਼ ਕਰਨ। ਰਾਗ ਅਨ-ਰਾਗ ਵੈਸ। ਦੰਪਤੀ-ਆਤਮ। ਟੇਰਤ-ਕਹਿੰਦਾ ਹਾਂ। ਮਤ-ਸਿਖਿਆ। ਫੇਰ-ਮੋੜ।

(ਜੋ) ਅਗੇ ਔਣ ਵਾਲੇ ਸਮੇਂ ਦੇ ਪਦਾਰਥ ਹਨ (ਉਹ) ਨਾ ਹੋਏ ਦੇ ਸਮਾਨ ਹਨ ਉਨ੍ਹਾਂ ਵਿਚ ਨਾ ਲੱਗ (ਕਿਉਂਕਿ ਉਹ) ਵਰਤਮਾਨ ਸਮੇਂ ਦੇ ਪਦਾਰਥ ਵਿਚ ਲੱਗਾ ਰਹੁ (ਪਰ ਰਾਗ-ਦ੍ਵੈਖ ਨੂੰ ਨਾਸ ਕਰ ਅਤੇ ਇਧਰ-ਉਧਰ (ਅਰਥਾਤ ਭੂਤ-ਭਵਿੱਖਤ) ਦਾ ਵਿਚਾਰ ਨਾ ਕਰ। ਹੇ ਮਨ ! ਤੂੰ ਬ੍ਰਹਮ ਵਾਂਗੂੰ ਹੀ ਨਪੁੰਸਕ ਹੈਂ, ਉਸ ਤੋਂ ਬਿਨਾਂ ਮਾਯਾ ਵਿਚ ਤੈਨੂੰ ਸੁਖ ਨਹੀਂ ਹੋਵੇਗਾ। (੪) ਮੈਂ ਤੈਨੂੰ ਫੇਰ ਕਹਿੰਦਾ ਹਾਂ ਹੇ ਮਨ ! ਤੂੰ ਮੇਰੀ ਮੱਤ (ਸਿਖਿਆ) ਨੂੰ ਮੋੜ ਨਾ (ਅਰਥਾਤ ਮੇਰੀ ਸਿਖਿਆ ਨੂੰ ਮੰਨ ਤੇ ਇਨਕਾਰ ਨਾ ਕਰ) ॥੩੦॥

ਖੁਲਾਸਾ—"ਮਨ ਤੂੰ ਜੋਤਿ ਸਰੂਪ ਹੈ" ਅਤੇ "ਕਹੁ ਕਬੀਰ ਏਹ ਰਾਮ ਕੀ ਅੰਸ ॥ ਮਨ ਬ੍ਰਹਮ ਦਾ ਰੂਪ ਹੈ ਬ੍ਰਹਮ ਇਸਤ੍ਰੀ-ਪੁਰਖ ਭਾਵ ਤੋਂ ਰਹਿਤ ਹੈ,ਇਸੇ ਤਰ੍ਹਾਂ ਮਨ ਭੀ ਕੇਵਲ 'ਪ੍ਰਕਾਸ਼ ਸਰੂਪ' ਹੋਣ ਕਰਕੇ ਇਸਤ੍ਰੀ-ਪੁਰਖ ਭਾਵ ਤੋਂ ਰਹਿਤ ਹੈ, ਤਦੇ ਹੀ ਨਿਪੁੰਸ' ਕਿਹਾ ਜਾਂਦਾ ਹੈ। ਹੇ ਮਨ। ਹੋਣ ਵਾਲੇ ਸੁਖਾਂ ਦੀ ਆਸ ਨਾ ਰੱਖ ਤੇ ਬੀਤ ਚੁੱਕਿਆਂ ਦੀ ਚਿੰਤਾ ਨਾ ਕਰ, ਕਿਉਂਕਿ ਸੱਪ ਲੰਘ ਚੁੱਕਾ ਹੈ, ਉਸ ਦੀ ਸਅਰਕ ਰੂਪ ਕੇਵਲ ਲੀਕ ਧਰਤੀ 'ਤੇ ਪਈ ਹੋਈ ਹੈ, ਉਸ ਦੀ ਚਿੰਤਾ ਕਰਨ ਨਾਲ ਕੁਝ ਮਿਲ ਨਹੀਂ ਜਾਣਾ, ਫਿਰ ਚਿੰਤਾ ਕਿਉਂ ? ਅਤੇ "ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ" ਅਨਹੋਣੀ ਗੱਲ ਦੀ ਚਿੰਤਾ ਕਰਨੀ ਯੋਗ ਹੈ, ਜੋ ਅਵੱਸ਼ ਹੋਣੀ ਹੈ ਤੇ ਹੋ ਚੁੱਕੀ ਹੈ, ਫਿਰ ਉਸ ਦੀ ਚਿੰਤਾ ਕਿਉਂ ?

ਦੂਜੀ ਗੱਲ ਹੈ ਭਾਵੀ ਦੇ ਭਾਵ ਇਨ੍ਹਾਂ ਨੂੰ ਭਾਵ ਨਾ ਮੰਨੋ ਸਗੋਂ ਅਭਾਵ 'ਜਾਣੋ' ਇਹ ਤਿੰਨ ਕਾਲ ਹੋਏ ਹੀ ਨਹੀਂ ਜਿਵੇਂ ਅਕਾਸ਼ ਦੇ ਫੁੱਲ ਕਦੇ ਭੀ ਨਹੀਂ ਹੋਏ ਜੋ ਪਦਾਰਥ ਅੱਜ ਤੀਕਰ ਅੱਗੇ ਕਦੇ ਹੋਏ ਹੀ ਨਹੀਂ ਤਾਂ ਹੁਣ ਉਹ ਕਿਵੇਂ ਹੋ ਸਕਦੇ ਹਨ; ਜੋ ਹੋਣੇ ਹੀ ਨਹੀਂ ਹਨ, ਉਨ੍ਹਾਂ ਦੀ ਆਸ ਰੱਖਣੀ ਭੀ ਵਿਅਰਥ ਹੈ। ਇਸ ਲਈ ਜੋ ਸਮਾਂ ਵਰਤ ਰਿਹਾ ਹੈ, ਇਸ ਦੇ ਵਿਚ ਪ੍ਰਸੰਨ ਹੋ ਕੇ ਲੱਗਾ ਰਹੁ ਅਤੇ-

"ਜੋ ਕਿਛੁ ਕਰੈ ਸੋਊ ਭਲ ਮਾਨ"ਕਿਉਂਕਿ ਇਸੇ ਵਿਚ ਹੀ ਸੁਖ ਹੈ।

## ਕਬਿੱਤ

**ਚਿੱਤ ਰੇ ਤੂੰ ਵਿੱਤ ਕੇ ਨਮਿੱਤ ਦਿਨ ਰਾਤ ਨਿੱਤ,**
**ਸੇਵਤ ਪਰੋਂ ਕੇ ਚਿੱਤ ਏਹੀ ਦੁਖ ਅੱਤ ਰੇ॥**
**ਤਿਨ ਕੀ ਜੋ ਮੁਦਤਾ ਸੋ ਉਦਤਾ ਕਲੇਸੋਂ ਕਰਿ,**
**ਮਤਿ ਮਾਨ ਕਰੇ ਹਤਿ ਤਾਂ ਕੋ ਤਾਕੋ ਮੱਤ ਰੇ ॥**
**ਨਿਜ ਚਿੰਤਾ ਤਜਿ ਸੋਵੈਂ ਸਵਾਂਤਰ ਪ੍ਰਸੰਨ ਹੋਵੈ,**
**ਚਿੰਤਾ ਮਨਿ ਗੁਣ ਜੋਵੈਂ ਦੇਹ ਮੈਂ ਮਹਤ ਰੇ ।**
**ਤਾਂਤੇ ਅਭਿਲੱਖਤ ਨ ਤੇਰੋ ਕਿਧੋ ਸਿਧ ਹੋਇ,**
**ਸੁਧਾ ਪਾਨ ਕਰੇ ਤੇ ਨ ਕਿਧੋ ਬਿਆਧਿ ਹੱਤ ਰੇ ॥੩੧॥**

ਚਿੱਤ ਰੇ-ਹੇ ਮਨ। ਵਿੱਤ-ਧਨ। ਨਮਿੱਤ-ਵਾਸਤੇ। ਸੇਵਤ-ਸੇਵਾ ਕਰਦਾ ਹੈ। ਪਰੋਂ ਕੇ-ਦੂਜਿਆਂ ਦੇ। ਅੱਤ-ਬਹੁਤ, ਮਹਾਨ, ਵੱਡਾ ਭਾਰਾ। ਮੁੱਦਤਾ-ਪ੍ਰਸੰਨਤਾ, ਖੁਸ਼ੀ। ਉਦਤਾ-ਪ੍ਰਗਟ ਹੁੰਦੀ ਹੈ। ਕਲੇਸੋਂ: ਕਰਿ-ਦੁੱਖਾਂ ਨੂੰ ਝਾਗਨ ਕਰਕੇ। ਮਤਿ-ਨਾ। ਮਾਨ-ਹੰਕਾਰ। ਹਤਿ-ਨਾਸ਼ ਕਰ। ਤਾਕੋ-ਵੇਖ। ਸੋਵੈਂ-ਸੌਂਦੇ ਹਨ। ਸਵਾਂਤਰ-ਅਪਨੇ ਮਨ ਵਿਚ। ਚਿੰਤਾ ਮਨਿ-ਚਿੰਤਾ ਪੂਰਨ ਕਰਨ ਵਾਲੀ ਮਨੀ (ਭਾਵ ਆਤਮ ਸਰੂਪ)। ਗੁਨ-ਵਿਚਾਰ। ਆਤਮ ਵਿਚਾਰ। ਮਹੱਤ-ਬਹੁਤ ਵੱਡਾ। ਅਭਿਲੱਖਤ-ਇੱਛਾ, ਖਵਾਸ਼। ਸਿਧ ਹੋਇ- ਪੂਰੀ ਹੋਵੇਗੀ। ਸੁਧਾ ਪਾਨ-ਅੰਮ੍ਰਿਤ ਪੀਣਾ। ਬਿਅਧਿ -ਬਿਮਾਰੀ, ਦੁੱਖ।

੧. ਹੇ ਮਨ ! ਤੂੰ ਧਨ ਵਾਸਤੇ, ਸਦਾ ਹੀ ਦਿਨ-ਰਾਤ ਦੂਜਿਆ ਦੀ ਸੇਵਾ ਕਰਦਾ ਹੈਂ ਏਹੋ ਹੀ ਬਹੁਤ ਭਾਰਾ ਦੁੱਖ ਹੈ। (ਕਿਉਂਕਿ)

੨. ਉਨ੍ਹਾਂ ਧਨਵਾਨਾਂ ਦੀ ਜੋ ਪ੍ਰਸੰਨਤਾ ਹੈ, (ਤੈਨੂੰ) ਬਹੁਤ ਸਾਰੇ ਦੁੱਖ ਉਠਾਉਣ ਕਰਕੇ (ਉਹ ਪ੍ਰਸੰਨਤਾ) ਪਰਗਟ ਹੋਵੇਗੀ, (ਤੂੰ) ਮਾਣ ਨਾ ਕਰ, ਸਗੋਂ ਉਸਨੂੰ ਨਾਸ਼ਕਰ, ਹੇ ਮਨ ਉਨ੍ਹਾਂ ਵੱਲ ਨਾ ਵੇਖ।

੩. ਆਪਣੇ (ਸਰੀਰ ਦੀ) ਚਿੰਤਾ ਛੱਡਕੇ ਸੌਂ ਜਾਹ ਚਿੰਤਾਮਨੀ (ਵਰਗੀ) ਆਤਮ ਵਿਚਾਰ ਨੂੰ ਵੇਖੇਂ ਆਪਣੇ ਮਨ ਵਿਚ ਪ੍ਰਸੰਨ ਹੋਵੇਂਗਾ, ਇਸ (ਮਨੁੱਖ) ਸਰੀਰ ਵਿਚ ਏਹ ਬੜੀ ਵੱਡੀ ਵਸਤੂ ਹੈ।

੪. ਕੀ ਉਸ ਤੋਂ ਤੇਰੀਆਂ ਸਾਰੀਆਂ ਇੱਛਾ ਪੂਰੀਆਂ ਨਾਂ ਹੋਣਗੀਆਂ ? ਕੀ ਅੰਮ੍ਰਿਤ ਪੀਣ ਕਰਕੇ ਬਿਮਾਰੀ ਨਾਸ ਨਹੀਂ ਹੁੰਦੀ ਹੈ ? ॥੩੧॥

ਖੁਲਾਸਾ-ਆਪਣੇ ਆਪ ਨੂੰ ਉਪਦੇਸ਼ ਹੈ, ਧਨ ਵਾਸਤੇ ਮਨ ਹਰ ਵੇਲੇ ਭੱਜਾ ਫਿਰਦਾ ਹੈ, ਏ ਚਾਹੁੰਦਾ ਹੈ, ਸ਼ਾਹੂਕਾਰ ਮੈਨੂੰ ਧੰਨ ਦੇ ਦੇਵੇ, ਰਾਜਾ ਖੁਸ਼ ਹੋ ਕੇ ਧਨ ਬਖਸ਼ ਦੇਵੇ ਸ਼ਾਹੂਕਾਰ ਪ੍ਰਸੰਨ ਹੋ ਕੇ ਮੈਨੂੰ ਦੌਲਤ ਦੇ ਦੇਵੇ, ਉਨ੍ਹਾਂ ਧਨ ਵਾਲਿਆਂ ਨੂੰ ਖੁਸ਼ ਕਰਨ ਲਈ ਬੰਦਾ ਹਰ ਵੇਲੇ ਉਨ੍ਹਾਂ ਦੀ ਖਿਦਮਤ ਵਿਚ ਲੱਗਾ ਰਹਿੰਦਾ ਹੈ, ਨਾ ਦਿਨ ਵੇਖਦਾ ਹੈ ਨਾ ਰਾਤ, ਨਾ ਧੁੱਪ ਵੇਖਦਾ ਹੈ ਨਾ ਰਾਤ, ਨਾ ਧੁੱਪ ਵੇਖਦਾ ਹੈ ਨਾ

ਛਾਂ, ਨਾ ਭੁੱਖ ਤੇ ਨਾ ਤਰੇਹ। ਗੱਲ ਕੀ? ਆਪਣੇ ਸਰੀਰ ਦੀ ਸੁੱਧ-ਬੁੱਧ ਭੁਲਾ ਕੇ, ਉਸਨੂੰ ਖੁਸ਼ ਕਰਨ ਲਈ ਹਰ ਵੇਲੇ ਤੇ ਹਰ ਤਰ੍ਹਾਂ ਦੀ ਸੇਵਾ ਕਰਦਾ ਰਹਿੰਦਾ ਹੈ ਫੇਰ ਭੀ ਧਨ ਵਾਲਾ ਪ੍ਰਸੰਨ ਨਹੀਂ ਹੁੰਦਾ, ਅਨੇਕਾਂ ਦੁੱਖ ਝਾਗਨ ਉਤੇ ਭੀ ਪ੍ਰਸੰਨਤਾਈ ਪ੍ਰਗਟ ਹੋ ਜਾਵੇ, ਤਾਂ ਭੀ ਅਹੋ ਭਾਗ, ਪਰ ਇਸਦਾ ਏਹੀ ਹੈ ਕਿ ਸੇਵਕ ਸੇਵਾ ਕਰਦਾ-ਕਰਦਾ ਮਰ ਜਾਣ ਦੀ ਹਾਲਤ ਤੱਕ ਪੁੱਜ ਜਾਂਦਾ ਹੈ, ਪਰ ਭਾਗਵਾਨ ਦਾ ਪ੍ਰਸੰਨ ਹੋਣਾ ਤਾਂ ਕਿਤੇ ਰਿਹਾ, ਉਸਦੇ ਕੰਨ ਤੇ ਜੂੰ ਭੀ ਨਹੀਂ ਸਰਕਦੀ, ਭਰਤਰੀ ਹਰ ਹੀ ਉਪਦੇਸ਼ ਦੇਂਦੇ ਹਨ - ਹੇ ਮਨ! ਤੂੰ ਇਸ ਗੱਲ ਦਾ ਮਾਣ ਨਾ ਕਰ, ਜੋ ਮਹਾਰਾਜ ਪ੍ਰਸੰਨ ਹੋ ਕੇ ਮੈਨੂੰ ਜਾਗੀਰ ਬਖਸ਼ ਦੇਣਗੇ ਜਾਂ ਮੇਰੀ ਕਾਮਨਾ ਪੂਰੀ ਕਰ ਦੇਣਗੇ, ਸਗੋਂ ਤੂੰ ਉਨ੍ਹਾਂ ਦੇ ਮਾਨ ਦਾ ਨਾਸ਼ ਕਰ ਅਤੇ ਉਨ੍ਹਾਂ ਵੱਲ ਕਦੇ ਵੇਖ ਹੀ ਨਾ।

ਦੂਜੀ ਗੱਲ ਹੈ, ਸਰੀਰ ਤੇ ਕੁਟੰਬ ਦੀ ਪਾਲਣਾ ਕਿਵੇਂ ਹੋਵੇਗੀ? ਇਸ ਲਈ ਕਹਿੰਦੇ ਹਨ ਆਪਣੇ ਸਰੀਰ ਦੀ ਚਿੰਤਾ ਭੀ ਛੱਡ ਦੇਹੁ, ਕਿਉਂਕਿ ਪਿਛੇ ਕਹਿ ਚੁੱਕੇ ਹਨ ਜੋ ਕੁਝ ਤੇ ਉਸ ਤਰ੍ਹਾਂ ਜਰੂਰ ਹੀ ਹੋ ਜਾਵੇਗਾ, ਤੇਰਾ ਫਲ ਤੈਨੂੰ ਹੀ ਮਿਲੇਗਾ ਉਸਨੂੰ ਹੋਰ ਕੋਈ ਨਹੀਂ ਲੈ ਸਕਦਾ, ਫੇਰ ਤੇਰੀ ਚਿੰਤਾ ਕਰਨੀ ਫਜ਼ੂਲ ਹੈ। ਬੱਸ! ਨਿਸ਼ਚਿਤ ਹੋਕੇ ਵਾਹਿਗੁਰੂ ਸਿਮਰਨ ਵਿਚ ਲੱਗ ਜਾਹੁ, ਹੁਣ ਬਾਕੀ ਗਲ ਰਹੀ ਕਾਮਨਾ ਪੂਰੀ ਹੋਣੀ, ਉਸਦਾ ਉੱਤਰ ਦੇਣ ਲਈ ਬੜੀ ਭਾਰੀ ਮਿਸਾਲ ਦਿੱਤੀ ਹੈ, ਕੀ ਅੰਮ੍ਰਿਤ ਪੀਣ ਵਾਲੇ ਦੀ ਬਿਮਾਰੀ ਦੂਰ ਨਹੀਂ ਹੁੰਦੀ ਹੈ, ਅੰਮ੍ਰਿਤ ਪੀਤਿਆਂ ਬਿਮਾਰੀ ਤਾਂ ਕਿਤੇ ਰਹੀ ਸਗੋਂ ਮੌਤ ਭੀ ਦੂਰ ਹੋ ਜਾਂਦੀ ਹੈ, ਤਾਂ ਸਿਮਰਨ ਕਰਨ ਵਾਲੇ ਦੀਆਂ ਕਾਮਨਾਂ ਨਾ ਪੂਰਨ ਹੋਣਗੀਆਂ? ਨਿਸ਼ਚੇ ਹੈ ਕਿ ਉਸ ਦੀਆਂ ਸਾਰੀਆਂ ਇੱਛਾਂ ਪੂਰੀਆਂ ਹੋਣਗੀਆਂ ਪ੍ਰਭੂ ਆਪ ਆਖਦਾ ਹੈ ਕਿ:-

ਆਪ ਸਵਾਰੇ ਮੈਂ ਮਿਲੈ ਮੈਂ ਮਿਲਿਆ ਸੁਖ ਹੋਇ॥ ਜੇ ਤੂੰ ਮੇਰਾ ਹੋਇ ਰਹੈ ਸਭ ਜਗ ਤੇਰਾ ਹੋਇ॥

## ਦੋਹਰਾ

## ਤਨ ਮੋ ਤਨਕ ਨਿਵਾਸ ਤਵ ਚਿੰਤਾਮਨਿ ਤਜਿ ਤਾਹਿ॥
## ਬਹੁਰ ਕ੍ਰਿਪਣ ਗ੍ਰਿਹਿ ਪ੍ਰਾਭਵ ਸਹਿਤ ਦ੍ਰਵਜ ਹਿਤ ਕਾਹਿ॥੩੨॥

ਤਨਕ—ਥੋੜ੍ਹਾ ਚਿਰ। ਕ੍ਰਿਪਣ—ਸ਼ੂਮ ਧਨੀ। ਗ੍ਰਿਹਿ—ਘਰ। ਪ੍ਰਾਭਵ—ਨਿਰਾਦਰ। ਦ੍ਰਵਜ ਹਿਤ—ਧਨ ਵਾਸਤੇ।

ਹੇ ਮਨ! (ਇਸ) ਸਰੀਰ ਵਿਚ ਤੇਰਾ ਥੋੜ੍ਹੇ ਚਿਰ ਨਿਵਾਸ ਹੈ, ਤਦੇ ਹੀ ਚਿੰਤਾ ਮਨੀ (ਰੂਪ ਆਤਮ ਵਿਚਾਰ) ਛੱਡ ਦਿੱਤਾ ਹੈ। ਅਤੇ ਸ਼ੂਮ ਧਨੀ ਪੁਰਸ਼ਾਂ ਦੇ ਘਰ ਅੱਗੇ ਧਨ ਤੇ ਵਾਸਤੇ ਨਿਰਾਦਰ ਕਿਉਂ ਸਹਾਰਦਾ ਹੈਂ॥੩੨॥

ਖੁਲਾਸਾ-ਇਕ ਤਾਂ ਇਸ ਮਨੁੱਖ ਦੇਹ ਵਿਚ ਨਿਵਾਸ ਕਰਨ ਦਾ ਸਮਾਂ ਹੀ ਬਹੁਤ ਥੋੜਾ ਹੈ।

ਚਾਹੀਦਾ ਤਾਂ ਇਹ ਸੀ—ਕਿ ਇਸ ਥੋੜੇ ਜਿੰਨੇ ਸਮੇਂ ਵਿਚ ਜਨਮ ਨੂੰ ਜਿੱਤ ਲਿਆ ਜਾਂਦਾ-ਪਰ ਮੂਰਖ ਮਨ ਨੇ ਉਸ ਕੰਮ ਨੂੰ ਛੱਡ ਦਿੱਤਾ ਹੈ, ਅਤੇ ਧਨਵਾਨਾਂ ਦੇ ਬੂਹੇ ਅੱਗੇ ਜਾ ਕੇ ਅਨੇਕਾਂ ਤਰ੍ਹਾਂ ਦੀ ਸੇਵਾ ਖੁਸ਼ਾਮਦ ਕਰਕੇ-ਉਨ੍ਹਾਂ ਨੂੰ ਪ੍ਰਸੰਨ ਕਰਕੇ ਧਨ ਪ੍ਰਾਪਤ ਕਰਨ ਦੀ ਇੱਛਾ ਕਰ ਰਿਹਾ ਹੈ-ਪਰ ਉਹ ਸ਼ੂਮ ਧਨੀ ਭਾਵੇਂ ਸਮੁੰਦਰ ਸਮਾਨ ਅਤੁੱਲ ਧਨ-ਪਦਾਰਥ ਦੀ ਮਾਲਕ ਹੈ। ਪਰ-'ਸਿੰਧ ਧਨੀ ਕਹੂੰ ਦੇਇ

ਨ ਕਨੀਂ ਉਸ ਤੋਂ ਧਨ ਪ੍ਰਾਪਤ ਤਾਂ ਹੁੰਦਾ ਹੀ ਨਹੀਂ ਉਲਟਾ ਆਪਣੀ ਬੇਇੱਜ਼ਤੀ ਕਰਾ ਕੇ ਅਨੇਕਾਂ ਦੁੱਖ ਪਾਂਦਾ ਹੈ।

### *ਯਥਾ ਕਬਿੱਤ*

**ਇੰਦ੍ਰਯੋ ਕੇ ਭੋਗ ਸਾਰੇ ਭਾਰੇ ਰੋਗ ਦੇਨ ਵਾਰੇ,**
**ਤਾਂਕੋ ਕੀਜੈ ਹੇਯ ਮਤ ਸ੍ਰੇਯ ਪਥ ਤਜ ਰੇ॥**
**ਪਾਪ ਅੰਦ੍ਰ ਨਾਸਨ ਕੋ ਬੱਜ੍ਰ ਪਾਕਸਾਸਨ ਕੋ,**
**ਦਾਹੇ ਦੋਖ ਘਾਸਨ ਕੋ ਮੋਖ ਸਿਖੀ ਸਜ ਰੇ॥**
**ਹੂਜੋ ਸ਼ਾਂਤਿ ਭਵ ਬੀਚ ਪ੍ਰਾਪਤਿ ਕਦਾਪਿ ਨੀਚ,**
**ਆਪਨੀ ਕਲੋਲ ਲੋਲ ਗਤ ਤੇ ਨ ਲਜ ਰੇ॥**
**ਖਿਨ ਭੰਗ ਭਵ ਰਾਗ ਤਾਕੋ ਮਨ ਕਰੋ ਤਿਆਗਿ,**
**ਮੋਖ ਕੋ ਵੈਰਾਗ ਸਹਿਕਾਰੀ ਤਾਸ ਭਜ ਰੇ॥੩੩॥**

ਹੇਯ—ਤਿਆਗ। ਸ੍ਰੇਯ—ਮੁਕਤੀ। ਪਥ—ਪੰਥ, ਰਸਤਾ। ਅਦ੍ਰ—ਪਹਾੜ। ਪਾਕਸਾਸਨ—ਇੰਦ੍ਰ। ਦਾਹੇ—ਸਾੜਦਾ ਹੈ। ਘਾਸਨ—ਆਸਾਂ (ਆਸ ਜਾਂ ਘਾਹ ਦਾ ਬਾਲਣ) ਘਾਸ-ਫੂਸਾਂ। ਮੋਖ—ਮੁਕਤੀ। ਸਿਖੀ—ਅੱਗ ਅਗਨੀ। ਸਜਰੇ—ਸਜਾ ਲੈ ਬਾਲ ਲੈ। ਕਲੋਲ—ਕਲੋਲਾਂ, ਖੇਡਾਂ, ਵਿਕਾਰਾਂ ਦੀ ਮੌਜ। ਲੋਲ—ਚੰਚਲ, ਚੰਚਲਤਾ। ਖਿਨ ਭੰਗ—ਇਕ ਖਿਨ ਵਿਚ ਨਾਸ਼ ਹੋਣ ਵਾਲੇ। ਭਵ ਰਾਗ—ਸੰਸਾਰ ਦਾ ਮੋਹ। ਸਹਿਕਾਰੀ—ਸਹਾਇਕ, ਮੱਦਦਗਾਰ। ਤਾਸ—ਉਸਨੂੰ।

੧. ਇੰਦ੍ਰੀਆਂ ਦੇ ਸਾਰੇ ਹੀ ਭੋਗ ਬੜਾ ਭਾਰਾ ਦੁੱਖ ਵਾਲੇ ਹਨ, ਉਹਨਾਂ ਦਾ ਤਿਆਗ ਕਰ ਅਤੇ ਹੇ ਮਨ! ਮੁਕਤੀ ਦੇ ਰਾਹ ਨੂੰ ਛੱਡੋ ਨਾ, (ਸਗੋਂ ਦ੍ਰਿੜ ਕਰ।)

੨. ਪਾਪਾਂ ਰੂਪ ਪਹਾੜ ਦੇ ਨਾਸ ਕਰਨ ਵਾਸਤੇ, (ਜੋ) ਇੰਦ੍ਰ ਦੇ ਬਜਰ ਸਮਾਨ ਹੈ, (ਅਤੇ ਜੋ) ਗੁਨਾਹਾਂ ਰੂਪ ਘਾਸ-ਫੂਸਾਂ ਨੂੰ ਸਾੜ ਦੇਂਦੀ ਹੈ, (ਉਸ) ਮੁਕਤੀ ਰੂਪ ਅੱਗ ਨੂੰ ਬਾਲ ਲੈ।

੩. ਹੇ ਬੇਸ਼ਰਮ ਨੀਚ! ਕਦੇ ਤਾਂ ਆਪਣੀ ਚੰਚਲ ਗਤੀ ਵਾਲੇ ਕਲੋਲਾਂ ਤੋਂ (ਹਟਕੇ) ਸਾਂਤਿ ਭਾਵ ਵਿਚ ਪ੍ਰਾਪਤ ਹੋ ਜਾਹ।

੪. ਹੇ ਮਨ! ਜੋ ਇਕ ਖਿਨ ਵਿਚ ਨਾਸ਼ ਹੋ ਜਾਣ ਵਾਲੇ ਸੰਸਾਰਕ ( ਪਦਾਰਥ ਹਨ) ਉਸਦੇ ਮੋਹ ਦਾ ਤਿਆਗ ਕਰ (ਅਤੇ ਜੋ) ਮੁਕਤੀ ਦਾ ਸਹਾਇਕ ਵੈਰਾਗ ਹੈ, ਉਸਨੂੰ ਧਾਰਨ ਕਰ ਲੈ॥੩੩॥
ਖੁਲਾਸਾ 'ਬ੍ਰਹਮ ਲੋਕ ਲੌ ਭੋਗ ਜੋ ਚਹੇ ਸਬਨ ਕੋ ਤਿਆਗ॥ ਵੇਦ ਰਥ ਗਿਆਤਾ ਮੁਨੀ ਕਹਿਤ ਤਾਂਹਿ 'ਵੈਰਾਗ'।

'ਰਾਗ' ਨੇ ਜੀਵ ਨੂੰ ਸੰਸਾਰ ਵਿਚ ਬੰਨ੍ਹਿਆ ਹੈ, ਜਿੰਨਾ ਚਿਰ ਰਾਗ ਹਟਕੇ ਵੈਰਾਗ ਨਾ ਹੋਵੇ-ਉਨਾ ਚਿਰ ਮੋਖ ਪ੍ਰਾਪਤੀ ਨਹੀਂ ਹੋ ਸਕਦੀ। ਵੈਰਾਗ ਪ੍ਰਾਪਤੀ ਲਈ, ਸਭ ਤੋਂ ਵੱਡੀ ਗੱਲ ਭੋਗਾਂ ਤੋਂ ਉਪ੍ਰਾਮਤਾ

ਹੈ, ਜਿਨਾਂ ਚਿਰ ਭੋਗਾਂ ਵਲੋਂ ਉਪਰਾਮਤਾ ਨਾ ਹੋਵੇ ਉਨਾ ਚਿਰ ਵੈਰਾਗ ਕਿਵੇਂ ਹੋ ਸਕਦਾ ਹੈ, ਇਸ ਲਈ ਕਿਹਾ ਹੈ ਹੇ ਮਨ ! ਤੂੰ ਪਹਿਲੇ ਇਹ ਸਮਝ ਜਾਣ ਲੈ ਕਿ ਜਿੰਨੇ ਭੀ ਸੰਸਾਰਕ ਭੋਗ ਹਨ, ਇਨ੍ਹਾਂ ਤੋਂ ਕਿਨਾਰਾ ਕਰ ਇਹ ਸਾਰੇ ਦੇ ਸਾਰੇ ਹੀ ਰੋਗ ਦੇਣ ਵਾਲੇ ਜਾਂ ਰੋਗ ਆਪ ਰੂਪ ਹਨ, ਇਸ ਲਈ ਇਨ੍ਹਾਂ ਦੀ ਛੇੜੀ ਹੋ ਸਕਦਾ ਹੈ, ਇਨ੍ਹਾਂ ਭੋਗਾਂ ਤੋਂ ਜੋ ਪਾਪ ਪੈਦਾ ਹੋਏ ਹਨ, ਉਨ੍ਹਾਂ ਨਾਲ ਬੁੱਧੀ ਮਲੀਨ ਹੋ ਗਈ ਹੈ 'ਭਰੀਐ ਮਤਿ ਪਾਪਾ ਕੈ ਸੰਗਿ ॥ ਓਹ ਧੋਪੈ ਨਾਵੈ ਕੇ ਰੰਗ ॥' ਉਨ੍ਹਾਂ ਪਾਪਾਂ ਨੂੰ ਨਾਸ ਕਰਨ ਲਈ ਨਾਮ ਸਿਮਰਨ ਵਿਚ ਪ੍ਰੇਮ ਕਰ, ਪ੍ਰੇਮ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਸ਼ਾਂਤਿ ਭਾਵ ਚਾਹੀਦਾ ਹੈ, ਇਸ ਲਈ ਸ਼ਾਂਤੀ ਪ੍ਰਾਪਤੀ ਵਾਸਤੇ ਆਪਣੀ ਚੰਚਲਤਾ ਦੀ ਗਤੀ ਦਾ ਤਿਆਗ ਕਰ, ਉਸ ਚੰਚਲਤਾ ਦੇ ਤਿਆਗ ਕਰਨ ਵਾਸਤੇ ਵੈਰਾਗ ਧਾਰਨ ਕਰ, ਇਹ ਵੈਰਾਗ ਹੀ ਮੁਕਤੀ ਦਾ ਸਹਾਇਕ ਹੈ ਜਿਥੇ ਵੈਰਾਗ ਹੈ, ਉਥੇ ਮੁਕਤੀ ਦਾ ਵਾਸਾ ਅਵੱਸ਼ ਹੀ ਹੋਵੇਗਾ ।

## ਕਬਿੱਤ

**ਪਰਵਾਰ ਕੇ ਸਨੇਹ ਕੋ ਨਿਵਾਰ ਮਨ ਬੀਚ,**
**ਬੁਦਬੁਦੇ ਰੇਖਾ ਜਾਨ ਦਾਮਨੀ ਸਮਾਨੀਐ ॥**
**ਪੁਨਾ ਦਿਪਤਾਗਨਿ ਮੈ ਨਾਗਨਿ ਮੈ ਨਦੀ ਬੇਗ ਮਾਂਹਿ,**
**ਜੈਸੇ ਸੁਖ ਨਾਹਿ ਤੈਸੇ ਤਹਾਂ ਜਾਨੀਐ ॥**
**ਦੇਵ ਨਦੀ ਤੀਰ ਕੀ ਪਵਿੱਤ੍ਰ ਧਰਾ ਪਰ,**
**ਬੈਠ ਨੀਲ ਕੰਠ ਮਾਹਿ ਨੀਠ ਉਤ ਕੰਠਾ ਨਾਨੀਐ ॥**
**ਅਬ ਐਸੀ ਰੀਤ ਕਰੋ ਭੋਗਨ ਕੀ ਪ੍ਰੀਤਿ ਹਰੋ,**
**ਗੁਰ ਵੇਦ ਵਾਕ ਧਰੋ ਤੀਨ ਤਾਪ ਹਾਨੀਐ ॥੩੪॥**

ਸਨੇਹ—ਪਿਆਰ, ਮਹੱਬਤ । ਦਾਮਨੀ—ਬਿਜਲੀ । ਦਿਪਤਾਗਨਿ—(ਦਿਪਤ।ਅਗਨਿ) ਲਟ ਲਟ ਕਰਕੇ ਬਲਦੀ ਹੋਈ ਅੱਗ । ਨਾਗਨਿ । ਸੱਪਨੀ । ਬੇਗ—ਪ੍ਰਵਾਹ ਰੋੜ੍ਹ । ਦੇਵ ਨਦੀ—ਗੰਗਾ । ਤੀਰ ਕੰਢਾ । ਨੀਠ—ਦ੍ਰਿੜ, ਪੱਕੀ । ਉਤਕੰਠਾ—ਪ੍ਰੀਤੀ । ਹਰੇ—ਨਾਸ ਕਰ ਦੇਣਾ । ਨੀਲਕੰਠ—ਨੀਲੀ ਗਰਦਨ ਵਾਲਾ ਸ਼ਿਵਜੀ ।

ਜਦੋਂ ਦੇਵਤੇ-ਦੈਤਾਂ ਨੇ ਸਮੁੰਦਰ ਰਿੜਕਿਆ ਤੇ ਚੌਦਾਂ ਰਤਨ ਕੱਢੇ ਸਨ, ਤਦ ਉਨ੍ਹਾਂ ਵਿਚੋਂ 'ਹਲਾਹਲ' ਨਾਮ ਦਾ ਘੋਰ ਵਿਖ ਨਿਕਲਿਆ ਸੀ, ਉਸਨੂੰ ਸ਼ਿਵਜੀ ਨੇ ਪੀਹਕੇ ਕੰਠ ਦੇ ਵਿਚ ਹੀ ਰੋਕ ਲਿਆ ਮੇਹਦੇ ਵਿਚ ਨਾ ਜਾਣ ਦਿੱਤਾ, ਜਿਸ ਤੇ ਉਨ੍ਹਾਂ ਦਾ ਕੰਠ ਗਰਦਨ) ਨੀਲਾ ਹੋ ਗਿਆ ਸੀ, ਉਸ ਕਾਰਣ ਕਰਕੇ ਸ਼ਿਵਜੀ ਦਾ ਨਾਮ 'ਨੀਲਕੰਠ' ਪੈ ਗਿਆ ।

੧. ਹੇ ਮਨ । ਪਰਵਾਰ ਦੇ ਮੋਹ ਨੂੰ ਮਨ ਵਿਚੋਂ ਦੂਰ ਕਰ, (ਅਤੇ ਪਾਣੀ ਦੇ) ਬੁਲਬਲੇ ਤੇ ਬਿਜਲੀ ਦੀ ਰੇਖਾ (ਲਕੀਰ) ਸਮਾਨ (ਸਰੀਰ ਨੂੰ) ਜਾਨ ਲੈ ।

੨. ਅਤੇ ਫਿਰ (ਜਿਵੇਂ ਕੋਈ) ਲਟ ਲਟ ਕਰਕੇ ਬਲਦੀ ਹੋਈ ਅੱਗ ਵਿਚ, (ਜਾਂ) ਸੱਪਾਂ (ਦੇ ਝੁੰਡ) ਵਿਚ (ਜਾਂ) ਨਦੀ ਦੇ ਰੋੜ੍ਹ ਵਿਚ ਜਿਸ ਤਰ੍ਹਾਂ (ਜੀਵ ਨੂੰ ਕੋਈ ਭੀ) ਸੁਖ ਨਹੀਂ ਹੁੰਦਾ, ਉਸ ਤਰ੍ਹਾਂ ਹੀ ਉਨ੍ਹਾਂ (ਸੰਬੰਧੀਆਂ ਦੇ ਮੋਹ ਤੇ ਪਿਆਰ ਨੂੰ) ਜਾਣਨਾ ਚਾਹੀਦਾ ਹੈ।

੩. ਗੰਗਾ ਦੇ ਕੰਢੇ ਉਪਰਲੀ ਪਵਿਤ੍ਰ ਧਰਤੀ ਉਤੇ ਬੈਠ ਕਰਕੇ, ਸ਼ਿਵਜੀ (ਦੇ ਧਿਆਨ ਤੇ ਸਿਮਰਨ) ਵਿਚ ਦ੍ਰਿੜ੍ਹ ਪ੍ਰੀਤੀ ਜੋੜ ਲੈ।

੪. ਹੁਣ ਇਸ ਤਰ੍ਹਾਂ ਦੀ ਰੀਤੀ ਨੂੰ ਧਾਰਨ ਕਰ ਲੈ ਭੋਗਾਂ ਦੀ ਪ੍ਰੀਤੀ ਨੂੰ (ਮਨ ਵਿਚੋਂ) ਦੂਰ ਕਰ ਦੇਹੁ, ਗੁਰੂ ਦੇ ਵਚਨ ਤੇ ਵੇਦ ਵਚਨ ਨੂੰ (ਚਿਤ ਵਿਚ) ਧਾਰਨ ਕਰ ਲੈ, (ਤਦ ਤੇਰੇ) ਤ੍ਰਿਨ ਤਾਪ ਨਾਸ਼ ਹੋ ਜਾਣਗੇ ॥੩੪॥

## ਚੌਪਈ

**ਜਨਮ ਮਹਾਂ ਬਰ ਗ੍ਰਸਯੋ ਮਰਨ ਕਰ।**
**ਅਘ ਕੋ ਜਪ ਜਿਉਂ ਮ੍ਰਿਗ ਕੋ ਨਾਹਰ।**
**ਪੁਨ ਨਿਰਮਲ ਅਤਿ ਜੁਬਾਨੁਕੂਲਾ।**
**ਜਰਾ ਕਰਾ ਤਾਂਕੋ ਨਿਰਮੂਲਾ ॥੩੫॥**
**ਦੁਰਤ ਹਰਤ ਜਿਉਂ ਤੁਰਤ ਗੰਗ ਜਲ।**
**ਕਲਹਿ ਗੋਨ ਜਿਉਂ ਕਰੇ ਮੌਨ ਬਲ।**
**ਪੁਨ ਧਨ ਚਾਹਿ ਗ੍ਰਸਯੋ ਸੰਤੋਖਾ।**
**ਯੱਗ ਵਿਪਾਕ ਗ੍ਰਸੇ ਜਿਉਂ ਰੋਖਾ ॥੩੬॥**

ਗ੍ਰਸਾਯੋ—ਫੜਿਆ ਹੋਯਾ ਹੈ। ਮਰਨ—ਮੌਤ। ਨਾਹਰ—ਸ਼ੇਰ। ਜਰਾ—ਬੁਢੇਪਾ। ਜੁਬਾਨੁਕੂਲਾ—(ਜੁਬਾ ਅਨਕੂਲਾ) ਜੁਆਨੀ ਦੇ ਅਨੁਸਾਰ ਨਿਰਮਲਾ—ਜੜ ਤੋਂ ਬਿਨਾਂ ਦੁਰਤ—ਪਾਪ। ਕਲਹਿ—ਲੜਾਈ ਨੂੰ; ਝਗੜੇ-ਫਸਾਦ ਨੂੰ। ਮੌਨ—ਚੁੱਪ। ਬਲ—ਜੋਰ ਚਾਹਿ—ਇੱਛਾ। ਵਿਪਾਕ—ਫਲ। ਰੋਖਾ—ਕ੍ਰੋਧ ਨੂੰ।

੧. ਉਤਮ ਜਨਮ ਨੂੰ ਮੌਤ ਨੇ ਜ਼ੋਰ ਨਾਲ (ਇਸ ਤਰ੍ਹਾਂ) ਫੜਿਆ ਹੋਇਆ ਹੈ, ਜਿਵੇਂ ਸਿਮਰਨ ਨੇ ਪਾਪ ਨੂੰ ਹਰਨ ਨੂੰ ਸ਼ੇਰ ਨੇ (ਫੜਿਆ ਹੁੰਦਾ) ਹੈ।

੨. ਫਿਰ ਮਹਾਨ ਉਜਲ ਤੇ ਆਪਣੇ ਅਧੀਨ (ਰਹਿਣ ਵਾਲੀ) ਜੋ ਜੁਆਨੀ ਹੈ ਉਸਨੂੰ ਬ੍ਰਿਧ ਉਮਰਾ ਨੇ ਮੁੱਢ ਤੋਂ ਬਿਨਾਂ ਕਰ ਦਿੱਤਾ ਹੈ, (ਅਰਥਾਤ ਅਪਣੇ ਮਨ ਭਾਉਂਦੇ ਸੁਖ ਭੁਗਾਉਣ ਵਾਲੀ ਜੁਆਨੀ ਨੂੰ ਬੁਢੇਪੇ ਮੇ ਮੁੱਢੋਂ ਹੀ ਪੁੱਟ ਕੇ ਸੁੱਟ ਦਿੱਤਾ ਹੈ) ॥੩੫॥

੩. ਗੰਗਾ ਦਾ ਪਾਣੀ ਜਿਵੇਂ ਪਾਪਾਂ ਨੂੰ ਨਾਸ ਕਰਦਾ ਹੈ ਜਿਵੇਂ ਚੁੱਪ (ਕਰਨ ਨਾਲ) ਜ਼ੋਰ, ਲੜਾਈ-ਝਗੜੇ ਨੂੰ ਸ਼ਾਂਤ ਕਰ ਦਿੰਦਾ ਹੈ।

੪. ਫਿਰ ਧਨ ਦੀ ਇੱਛਾ ਨੇ ਜਿਸ ਤਰ੍ਹਾਂ ਸੰਤੋਖ ਨੂੰ ਫੜਿਆ ਹੋਇਆ ਹੈ। ਅਤੇ ਜਿਵੇਂ ਯੱਗ ਦੇ ਫਲ ਨੂੰ ਕ੍ਰੋਧ ਨੇ ਫੜਿਆ ਹੋਇਆ ਹੈ ॥੩੬॥

## ਚੌਪਈ

**ਤਰਲ ਤੁਰਣ ਤਰਣੀ ਕੇ ਲੋਚਨ।**
**ਤਾਹਿ ਵਿਭਰਮੇ ਸਭ ਸੁਖ ਮੋਚਨ।**
**ਜਿਉਂ ਨਿਰਵੇਦ ਖੇਦ ਭਵ ਹਾਰੇ।**
**ਪੁਨਾ ਸਤੋ ਜਿਉਂ ਰਜਤਮ ਟਾਰੇ ॥੩੭॥**
**ਗ੍ਰਸੇ ਗੁਣੀ ਕੇ ਗੁਣ ਕੋ ਖਲ ਇਉਂ।**
**ਬ੍ਰਹਮ ਬਿਚਾਰ ਬਿਕਾਰ ਗ੍ਰਸੇ ਜਿਉਂ।**
**ਗ੍ਰਸਯੋ ਖਿਤ ਕੋ ਇਉਂ ਉਰਗਾਦਿਕ।**
**ਲਾਜ ਤ੍ਰਾਸ ਕੋ ਜਿਉਂ ਕਾਮਾਦਿਕ ॥੩੮॥**

ਤਰਲ—ਚੰਚਲ। ਤਰੁਣ—ਜੁਆਨ। ਤਰਣੀ—ਇਸਤ੍ਰੀ। ਲੋਚਨ—ਨੇਤ੍ਰ, ਨੈਣ, ਅੱਖਾਂ। ਵਿਭਰਮੇ—ਮੋਹ ਲੈਂਦੇ ਹਨ। ਮੋਚਨ—ਕਟਨ ਵਾਲੇ। ਨਿਰਵੇਦ—ਵੈਰਾਗ। ਖੇਦ—ਦੁੱਖ। ਭਵ—ਜਨਮ, (੨) ਸੰਸਾਰ। ਗੁਣੀ-ਗੁਣਵਾਨ ਪੁਰਸ਼। ਖਲ—ਮੂਰਖ ਪੁਰਸ਼। ਬ੍ਰਹਮ ਵਿਚਾਰ—ਆਤਮਵਿਚਾਰ। ਖਿਤ—ਧਰਤੀ। ਉਰਗਾਦਿਕ—ਸੱਪ ਵਗੈਰਾ।

(ਜਿਵੇਂ) ਜੁਆਨ ਇਸਤ੍ਰੀ ਦੇ (ਜੋ) ਚੰਚਲ ਨੇਤ੍ਰ ਹਨ, ਉਨ੍ਹਾਂ ਨੂੰ ਵੇਖਕੇ ( ਜੋ ਪੁਰਸ਼) ਮੋਹਿਆ ਜਾਂਦਾ, ਉਸਦੇ ਸਾਰੇ ਸੁਖ ਕੱਟੇ ਜਾਂਦੇ ਹਨ।

ਜਿਵੇਂ ਸੰਸਾਰ ਦੇ ਸਾਰੇ ਦੁੱਖਾਂ ਨੂੰ ਵੈਰਾਗ ਨਾਸ ਕਰਦਾ ਹੈ, ਅਤੇ ਜਿਵੇਂ ਸਤੋਂ ਗੁਣ, ਰਜੋ ਗੁਣ ਤੇ ਤਮੋ ਗੁਣ ਨੂੰ ਦੂਰ ਕਰ ਦੇਂਦਾ ਹੈ ॥੩੭॥

ਗੁਣਾਂ ਵਾਲੇ ਪੁਰਸ਼ ਦੇ ਗੁਣਾਂ ਨੂੰ ਮੂਰਖ ਪੁਰਸ਼ਾਂ ਨੇ ਇਸ ਤਰ੍ਹਾਂ ਗ੍ਰਸਿਆ ਹੋਯਾ ਹੈ, ਜਿਵੇਂ ਆਤਮ ਵਿਚਾਰ ਨੇ ਵਿਕਾਰਾਂ ਨੂੰ ਗ੍ਰਸਿਆ ਹੋਯਾ ਹੈ। ਧਰਤੀ ਨੂੰ ਸੱਪ ਆਦਿਕ (ਜ਼ਹਿਰੀਲੇ ਜੰਤੂਆਂ ਨੇ) ਇਸ ਤਰ੍ਹਾਂ ਗ੍ਰਸਿਆ ਹੋਯਾ ਹੈ, ਜਿਵੇਂ ਲੋਕ ਲਾਜ ਤੇ ਡਰ ਨੂੰ ਕਾਮ ਆਦਿਕਾਂ (ਨੇ ਗ੍ਰਸਿਯਾ ਹੋਯਾ ਹੈ) ॥੩੮॥

## ਚੌਪਈ

**ਗ੍ਰਸਤ ਦੁਰਜਨੋ ਕਰ ਨ੍ਰਿਪ ਐਸੇ।**
**ਗਿਲੇ ਪ੍ਰਸ਼ਨ ਕੋ ਉਤਰ ਜੈਸੇ।**

**ਸਗਲ ਵਿਭੂਤ ਅਨਿਸਥਿਰਤਾ ਨੇ।**
**ਗ੍ਰਸੀ ਮਨੀਖਾ ਜਿਉਂ ਚਿੰਤਾ ਨੇ ॥੩੯॥**
**ਇਸ ਪ੍ਰਕਾਰ ਜਨ ਕੇ ਕੇ ਨਾਹੀ।**
**ਗ੍ਰਸਤ ਕਾਲ ਕਰ ਯਾ ਭਵ ਮਾਹੀਂ।**
**ਅਜ ਪਪੀਲਕਾ ਲੌ ਜਗ ਜੇਤੋ।**
**ਗ੍ਰਸਤ ਸਮਸਤ ਕਾਲ ਕਰ ਤੇਤੋ ॥੪੦॥**

ਦੁਰਜਨ—ਬੁਰੇ ਆਦਮੀ। ਗਿਲੇ—ਨਿਗਲ ਲੈਂਦਾ ਹੈ। ਅਨਿਸਥਿਰਤਾ—ਨਾਸ਼ ਭਾਵ। ਮਨੀਖਾ—ਬੁਧੀ ਅਜ—ਬ੍ਰਹਮ। ਪਪੀਲਕਾ—ਕੀੜੀ ਸਮਸਤ-ਸਾਰੇ ਹੀ।

ਬੁਰੇ ਆਦਮੀਆਂ ਕਰਕੇ ਰਾਜਾ ਇਸ ਤਰ੍ਹਾਂ ਗ੍ਰਸਿਆ ਹੋਇਆ ਹੈ, ਜਿਸ ਤਰ੍ਹਾਂ ਪ੍ਰਸ਼ਨ ਨੂੰ ਉੱਤਰ ਨਿਗਲ ਲੈਂਦਾ ਹੈ। ਦੁਨੀਆਂ ਸਾਰੇ ਪਦਾਰਥਾਂ ਨੂੰ ਨਾਸ ਭਾਵ ਨੇ ਇਸ ਤਰ੍ਹਾਂ ਨਾਲ ਜਗ ਵਿਚ ਕਿਹੜਾ-ਕਿਹੜਾ ਪੁਰਸ਼ ਕਾਲ ਕਰਕੇ ਗ੍ਰਸਿਆ ਹੋਇਆ ਨਹੀਂ ਹੈ ? (ਭਾਵ)

ਬ੍ਰਹਮਾਂ ਤੋਂ ਲੈ ਕੇ ਕੀੜੀ ਤੱਕ ਜਿੰਨਾਂ ਭੀ ਜਗਤ ਹੈ, ਓਹ ਸਾਰੇ ਦਾ ਸਾਰਾ ਹੀ ਕਾਲ ਕਰਕੇ ਗ੍ਰਸਿਆ ਹੋਇਆ ਹੈ ॥੪੦॥

### ਦੋਹਰਾ

**ਸਕਲ ਭੋਗ ਭਵ ਹੇਤੁ ਮਨ ਚਪਲ ਸਦੋਖ ਸਸੋਕ॥**
**ਤਾਂ ਤਜਿ ਭੋਗੀ ਜਨੋ ਯੁਤ ਗੁਰ ਸ਼੍ਰਤਿ ਪੰਥਵਿਲੋਕ ॥੪੧॥**

ਭਵ—ਜਨਮ-ਮਰਨ। ਹੇਤੁ—ਕਾਰਣ।
ਚਪੇਲ—ਚੰਚਲ। ਸਦੋਖ—ਦੋਖ ਸਹਿਤ।
ਸਸੋਕ—ਸ਼ੋਕ ਸਹਿਤ। ਯਤ—ਸਮੇਤ।
ਸ਼੍ਰਤ—ਵੇਦ। ਵਿਲੋਕ—ਵੇਖ।

ਹੇ ਮਨ ! ਸਾਰੇ ਭੋਗ ਜਨਮ-ਮਰਨ ਦਾ ਕਾਰਣ ਤੇ ਚੰਚਲ (ਜਾਂ ਖਿਨ ਭੰਗਰ) ਅਤੇ ਸੋਗ ਸਹਿਤ ਤੇ ਦੋਖਾਂ ਸਹਿਤ ਹਨ। ਉਨ੍ਹਾਂ ਨੂੰ ਭੋਗੀ-ਜਨਾਂ ਦੇ ਸਮੇਤ ਹੀ ਛੱਡ ਦੇਹੁ ਅਤੇ ਗੁਰ-ਵਚਨਾਂ ਤੇ ਵੇਦ-ਵਚਨਾਂ ਦੇ ਰਾਹ ਨੂੰ ਵੇਖ ॥੪੧॥

### ਨਰਾਜ ਛੰਦ

**ਵਿਚਿਤ੍ਰ ਰਾਗ ਰੰਗ ਜੌ ਸੁ ਅਗ੍ਰਭਾਵ ਮੋ ਬਨੇ॥**
**ਕਵਿੰਦ ਆਸ ਪਾਸ ਮੈ ਰਸਾਲ ਵਾਕ ਜੇ ਭਨੇ॥**

**ਪ੍ਰਬੀਨ ਚਾਰੁ ਕਾਮਨੀ ਜੁ ਪ੍ਰਿਸ ਭਾਵ ਮੋ ਲਸੇ ॥**
**ਅਲੰਕ੍ਰਿਤੀ ਮਨੋਹਰੀ ਮੁਖਾਰ ਬਿੰਦ ਤੇ ਹਸੇ ॥੪੨॥**

**ਅਗ੍ਰਭਾਵ**—ਸਾਹਮਣੇ । ਕਵਿੰਦ—ਕਵੀਰਾਜ । ਰਸਲ—ਰਸ ਕਰੇ । ਪ੍ਰਬੀਨ ਚਤੁਰ ਕਾਮਨੀ, ਇਸਤ੍ਰੀ, ਪ੍ਰਿਸਟਭਾਵ ਪਿੱਠ ਪਿਛੇ, ਲਸੇ ਚਮਕਦੀ ਹੈ ਅਲੰਕ੍ਰਿਤੀ, ਗੈਹਣਿਆਂ ਵਾਲੀ, ਮਨੋਹਰੀ ਮਨ ਨੂੰ ਮੋਹ ਲੈਣ ਵਾਲੀ ਸੁੰਦਰ । ਮੁਖਾਰ ਬਿੰਦ—ਕਮਲ ਸਮਾਨ ਮੂੰਹ ॥

ਵਚਿਤ੍ਰ ਤਰ੍ਹਾਂ ਦੇ ਰਾਗ ਰੰਗ ਜੋ (ਮਨੁੱਖ ਦੇ) ਸਾਹਮਣੇ ਪਾਸੇ ਵੱਲ ਬਣੇ ਹੋਏ ਹਨ । ਚਾਰ-ਚੁਫੇਰੇ ਬਹੁਤ ਸਾਰੇ ਕਵੀ ਰਾਜ (ਘੇਰਾ ਪਾ ਕੇ ਬੈਠੇ ਹੋਏ) ਰਸ ਦੇ ਭਰੇ ਹੋਏ ਮਿੱਠੇ-ਮਿੱਠੇ ਬਚਨ ਬੋਲਦੇ ਹਨ ।

ਬੜੀਆਂ ਚਤਰ ਤੇ ਸੁੰਦਰ ਇਸਤ੍ਰੀਆਂ (ਪੁਰਸ਼ ਦੀ) ਪਿੱਠ ਪਿਛੇ ਖੜ੍ਹੀਆਂ ਹੋ ਕੇ ਦਮਕ ਮਾਰ ਰਹੀਆਂ ਹਨ ।

(ਜੋ) ਅਨੇਕ ਤਰ੍ਹਾਂ ਦੇ ਗਹਿਣਿਆਂ ਨੂੰ ਪਾ ਕੇ ਮਨ ਨੂੰ ਮੋਹ ਰਹੀਆਂ ਹਨ ਤੇ ਕਮਲ ਵਰਗੇ ਮੂੰਹ ਤੋਂ ਹੱਸਦੀਆਂ ਹਨ ॥੪੨॥

**ਕਰੇ ਗ੍ਰਹੀਤ ਚਾਮਰੰ ਬਿਲਾਸ ਸੋ ਭ੍ਰਮਾਵਤੀ ।**
**ਤਿਨੇ ਕਰੇ ਕਰੇ ਹਲੇ ਕਰੇ ਧੁਨੀ ਸੁ ਭਾਵਤੀ ।**
**ਅਰੋਗ ਦੇਹ ਆਯੁਖਾ ਮਹਾਂ ਅਸੱਤ੍ਰ ਰਾਜ ਹੈ ।**
**ਜਬੈ ਸਮੀਪ ਅਪਨੇ ਲਖੇ ਇਤੇ ਸਮਾਜ ਹੈ ॥੪੩॥**

ਕਰੇ—ਹੱਥ ਵਿਚ । ਗ੍ਰਹੀਤ—ਫੜ ਕਰਕੇ । ਚਾਮਰੰ—ਚੌਰ ਨੂੰ । ਬਿਲਾਸ—ਹਾਸ ਬਿਲਾਸ । ਭ੍ਰਮਾਵਤੀ—ਭੁਆਉਂਦੀਆਂ ਹਨ । ਕਰੇ ਕਰੇ—ਹੱਥ ਵਿਚਲੇ ਕੜੇ । ਕਰੇ—ਕਰਦੇ ਹਨ । ਧੁਨੀ—ਆਵਾਜ਼ । ਆਯੁਖਾ—ਉਮਰਾ । ਅਸੱਤ੍ਰ— ਦੁਸ਼ਮਣ ਤੋਂ ਬਿਨਾਂ । ਸਮੀਪ—ਕੋਲ । ਲਖੇ—ਜਾਣ ਲਵੇ ।

੧. (ਪਿਛੇ ਖੜ੍ਹੀਆਂ ਹੋਈਆਂ ਔਰਤਾਂ) ਹੱਥ ਵਿਚ ਚੋਰ ਨੂੰ ਫੜ ਕਰਕੇ ਹੱਸ-ਹੱਸ ਕੇ (ਮੇਰੇ ਸਿਰ ਉਤੇ) ਭੁਆਉਂਦੀਆਂ ਹਨ ।
੨. (ਜਿਸ ਕਰਕੇ) ਉਨ੍ਹਾਂ ਦੇ ਹੱਥ ਵਿਚ (ਪਾਏ ਹੋਏ) ਕੜੇ (ਛਣ-ਛਣ) ਦੀ ਅਵਾਜ਼ ਕਰਦੇ ਹਨ, ਉਹ (ਅਵਾਜ਼ ਮੇਰੇ ਮਨ ਨੂੰ ਬਹੁਤ) ਭਾਉਂਦੀ ਹੈ ।
੩. ਦੇਹ ਨੂੰ ਰੋਗ ਨਹੀਂ ਹੈ, ਤੇ ਉਮਰਾ (ਭੀ ਪੂਰਨ ਜੁਆਨੀ ਵਾਲੀ ਹੈ, ਅਤੇ) ਬੜਾ-ਵੱਡਾ ਸਾਰਾ ਰਾਜ ਭੀ ਦੁਸ਼ਮਣ ਤੋਂ ਰਹਿਤ (ਭਾਵ ਨਿਹਕੰਟਕ) ਹੈ ।
੪. ਏਨਾ ਵੱਡਾ ਸਾਰਾ ਰਾਜ-ਸਮਾਜ ਪੁਰਸ਼ ਜਦੋਂ ਆਪਣੇ ਕੋਲ ਜਾਣ ਲਵੇ ॥੪੩॥ ਤਦ:—

**ਪ੍ਰਪੰਚ ਭੋਗ ਸ੍ਵਾਦ ਮੈ ਨਿਸੰਕ ਤੌ ਅਬੀ ਰਮੋ ।**
**ਭਵੇ ਤਥਾਨ ਤੌ ਕਹਾ ਬ੍ਰਿਥਾ ਇਤੇ ਉਤੇ ਭ੍ਰਮੋ ।**

**ਅਸੰਗ ਵਿਸ਼੍ਵ ਤੇ ਭਵੋ ਅਰੰਨ ਬਾਸ ਲੀਜੀਏ ।**
**ਅਸੰ ਪ੍ਰਗਯਾਤ ਮੈ ਮਨਾ ਪ੍ਰਵੇਸ਼ ਸ਼ੀਘ੍ਰ ਕੀਜੀਏ॥੪੪॥**

ਪ੍ਰਪੰਚ-ਸੰਸਾਰਕ। ਨਿਸੰਕ-ਨਿਸੰਗ, ਬੇਫਿਕਰੀ। ਰਮੋ-ਲਗ ਜਾਹੁ। ਭਵੇ ਤਥਾਨ- ਭਵੇ-ਤਥਾ-ਨਾ ਹੋਵੇ ਇਸ ਤਰ੍ਹਾਂ ਨਾ। ਇਤੇ ਉਤੇ-ਇਧਰ-ਉਧਰ। ਅਸੰਗ-ਅਚਾਹ, ਇੱਛਾ ਤੋਂ ਰਹਿਤ ! ਵਿਸ਼੍ਵ-ਸੰਸਾਰ। ਭਵੋ-ਹੋ ਜਾਹੁ । ਅਰੰਨ-ਜੰਗਲ । ਅਸੰਪ੍ਰਗਯਾਤ-ਨਿਰਵਿਕਲਪ ਸਮਾਧੀ ।

੧. ਸੰਸਾਰਕ ਭੋਗਾਂ ਦਾ ਸਵਾਦ (ਲੈਣ) ਵਿਚ ਨਿਸੰਗ ਹੋ ਕੇ ਹੁਣੇ ਹੀ ਲੱਗ ਜਾਹੁ ।

੨. ਜੇ ਏਨਾਂ ਕੁਝ-ਜੋ ਕੁਝ ਪਿੱਛੇ ਦੱਸਿਆ ਹੈ-ਨਾ ਹੋਵੇ ਤਾਂ ਫਿਰ ਬਿਅਰਥ ਹੀ ਇਧਰ-ਉਧਰ ਫਿਰਦਾ ਹੈ ।

੩. ਸੰਸਾਰ ਤੋਂ ਅਚਾਹ ਹੋ ਜਾਹੁ ਅਤੇ ਜੰਗਲ ਵਿਚ ਵਾਸਾ ਕਰ ਲੈ

੪. ਹੇ ਮਨ ! ਨਿਰਵਿਕਲਪ ਸਮਾਧੀ ਵਿਚ ਬੜੀ ਛੇਤੀ ਨਾਲ ਨਿਵਾਸ ਕਰ ਲੈ ॥੪੪॥

ਪ੍ਰਸ਼ਨ—ਜੇਕਰ ਜੰਗਲ ਵਿਚ ਜਾ ਰਹਾਂਗਾ ਤੇ ਉਥੇ ਖਾਣ ਤੇ ਪਹਿਰਣ ਦਾ ਕੀ ਹੋਵੇਗਾ ? ਉੱਤਰ—

### *ਕਬਿੱਤ*

**ਭੂਮਿ ਸੇਜ ਮੂਲ ਫਲ ਮੇਧ ਨਵ ਵਲਕਲ ਕਰਨੇ,**
**ਨ ਪਰੇ ਦੇਵ ਆਗੇ ਰਚ ਧਰੇ ਹੈਂ॥**
**ਕਰੋ ਇਨੇ ਸਾਥ ਰਤਿ ਪਯਾਰੀ ਪ੍ਰੇਮ ਵਾਰੀ,**
**ਮਤਿ ਉਠੋ ਉਠੋ ਤਾਮੈ ਅਬ ਜਾਮੈ ਬਿਬ ਠਰੇ ਹੈਂ॥**
**ਤੁੱਛ ਅਵਿਵੇਕੀ ਸਠ ਮੂਢ ਮਨ ਬੋਲਕਟੁ,**
**ਜਾਂ ਕੇ ਚਿਤ ਚਿੰਤ ਆਗ ਕਰ ਸਦਾ ਜਰੇ ਹੈਂ॥**
**ਐਸੋ ਧਨ ਵਾਨਨ ਕੇ ਨਾਮ ਮਾਤ੍ਰ ਕਾਨਨ ਮੇ,**
**ਜਾਹਿ ਮਹਾਂ ਕਾਨਨ ਮੈਂ ਕਬ੍ਰੂ ਨਾਹਿ ਪਰੇ ਹੈਂ ॥੪੫॥**

ਮੂਲ—ਜੜ, ਦਰਖਤਾਂ ਦੀਆ ਜੜ੍ਹਾਂ । ਮੇਧ-ਪਵਿੱਤ੍ਰ । ਵਲਕਲ-ਭੋਜਪੱਤ੍ਰ । ਕਰਨੇ ਨ ਪਰੇ-ਬਣਾਉਣੇ ਨਹੀਂ ਪੈਂਦੇ। ਦੇਵ-ਪ੍ਰਮਾਤਮਾਂ ਨੇ। ਅਗੇ-ਪਹਿਲੇ ਹੀ। ਰਚ ਧਰੇ-ਬਣਾ ਛੱਡੇ ਹਨ। ਰਤਿ-ਪ੍ਰੀਤੀ। ਮਤਿ-ਬੁਧੀ। ਤਾਮੈ-ਉਸ ਵਿਚ। ਜਾਮੈ-ਜਿਸ ਵਿਚ। ਬਿਬ-ਦੋਵੇਂ ਪਦਾਰਥ। ਤੁਕ-ਨੀਚ। ਅਵਿਵੇਕੀ-ਵਿਚਾਰ ਤੋਂ ਹੀਨ ਪੁਰਸ਼। ਸਠ-ਮੂਰਖ। ਕਟੁ-ਕੌੜੇ। ਕਰ-ਨਾਲ। ਜਰੇ-ਸੜਦਾ। ਕਾਨਨ ਮੇ-ਕੰਨਾਂ ਵਿਚ । ਮਹਾਂ ਕਾਨਨ ਮੈ-ਡਰਾਉਣੇ ਜੰਗਲ ਵਿਚ ।

੧. ਜਿਥੇ ਧਰਤੀ ਸੇਜਾ ਹੈ, ਜੜ੍ਹਾਂ, ਫਲ (ਤੇ ਕੰਦ ਆਦਿਕ) ਪਵਿੱਤ੍ਰ ਭੋਜਨ ਹੈ, ਭੋਜਪੱਤ੍ਰ ਨਵੇਂ

(ਕੱਪੜੇ ਹਨ, ਇਹ ਪਦਾਰਥ) ਬਣਾਉਣੇ ਨਹੀਂ ਪੈਂਦੇ, ਪਰਮਾਤਮਾ ਨੇ ਪਹਿਲੋਂ ਹੀ ਬਣਾ ਛੱਡੇ ਹਨ ।

੨. ਹੇ ਪ੍ਰੇਮ ਵਾਲੀ ਪਿਆਰੀ ਬੁਧੀ ! (ਤੂੰ) ਇਨ੍ਹਾਂ (ਦੋਹਾਂ ਪਦਾਰਥਾਂ ਨਾਲ) ਪ੍ਰੇਮ ਕਰ, ਉਠੋ-ਉਠੋ ਉਸ (ਬਨ) ਵਿਚ ਚਲੋ, ਜਿਸ ਵਿਚ (ਖਾਣ ਪਹਿਰਨ ਦੇ) ਦੋਹਾਂ ਪਦਾਰਥਾਂ ਦੇ ਢੇਰਾਂ ਦੇ ਢੇਰ ਹਨ ।

੩. ਜੋ ਵੀਚਾਰ ਤੋਂ ਹੀਨੇ ਨੀਚ ਮੂਰਖ, ਮਨ ਦੇ ਮੂਰਖ ਹਨ, ਜਿਨ੍ਹਾਂ ਦਾ ਚਿੱਤ ਚਿੰਤਾ ਦੀ ਅੱਗ ਨਾਲ ਸਦਾ ਹੀ ਸੜਦਾ ਰਹਿੰਦਾ ਹੈ ।

੪. ਇਸ ਤਰ੍ਹਾਂ ਦੇ ਧਨਵਾਨ ਪੁਰਸ਼ਾਂ ਦੇ ਨਾਮ ਭੀ ਜਿਸ ਬੜੇ ਭਾਰੇ ਜੰਗਲ ਵਿਚ ਕਦੀ ਵੀ ਕੰਨਾਂ ਵਿਚ ਨਹੀਂ ਪੈਂਦੇ ਹਨ ॥੪੫॥

## ਦੋਹਰਾ

**ਸ਼ਬਦ ਖਲੋਂ ਕੇ ਨਾਮ ਕੇ ਪਰੇ ਨ ਕਰਨ ਮਝਾਰ ॥**
**ਐਸੇ ਨਿਰਜਨ ਬਿਨ ਬਿਖੈ ਬਸੇ ਬੁਧਿ ਬਰ ਬਾਰ ॥੪੬॥**

ਖਲੋਂ-ਮੂਰਖਾਂ । ਕਰਨ-ਮਝਾਰ ਕੰਨ ਵਿਚ । ਨਿਰਜਨ-ਸੁੰਨ-ਸਾਨ । ਬਰ-ਸ਼੍ਰੇਸਟ- । ਬਾਰ-ਸਮਾਂ ।

੧. ਮੂਰਖ ਪੁਰਸ਼ਾਂ ਦੇ ਨਾਮ (ਮਾਤ੍ਰ) ਸ਼ਬਦ (ਭੀ ਜਿਸ ਜਗ੍ਹਾਂ 'ਤੇ) ਕੰਨਾਂ ਵਿਚ ਨਹੀਂ ਪੈਂਦੇ ਹਨ ।

੨. ਇਸ ਤਰ੍ਹਾਂ ਦੇ ਸੁੰਨ ਸਾਨ ਜੰਗਲ ਵਿਚ ਜਾ ਕੇ ਵਸ ਹੇ ਬੁੱਧੀ ! (ਏਹ ਮਨੁੱਖ ਜਨਮ ਦਾ) ਸਮਾਂ ਹੀ ਸ਼੍ਰੇਸਟ ਹੈ ॥੪੬॥

## ਸ੍ਵੈਯਾ

**ਸਠ ਜਾਹਿ ਪਤਾਲ ਕੋ ਸੂੰਨ ਕੋ ਲਾਂਘ ਕੈ,**
**ਸੂੰਨੋ ਫਿਰੈ ਦਿਗ ਮੰਡਲ ਧਾਵਤ ॥**
**ਬਿਨੁ ਭਾਗ ਮਿਲੈ ਨ ਧਨਾਦਿ ਸੁਖੰ ਤਵ,**
**ਚੰਚਿਲਤਾ ਦੁਖ ਹੇਤੁ ਜਨਾਵਤ ॥**
**ਤੱਤ ਬ੍ਰਹਮ ਨਿਜਾਤਮ ਸੁਭ੍ਰ ਮਨਾ,**
**ਭਰਮ ਸੋਪਿ ਕਬੀ ਸੁਖ ਹੋਤ ਨ ਧਜਾਵਤ ॥**
**ਤਵ ਦੂੰਦ ਜਬੈ ਭਵ ਸਿੰਧ ਤਬੈ,**
**ਤਵ ਸਾਂਤਿ ਭਏ ਬਿਨੁ ਸ਼ਾਂਤਿ ਨ ਆਵਤ ॥੪੭॥**

ਸੂੰ-ਪੁਲਾੜ, ਅਕਾਸ਼ । ਸੂੰਨੋ-ਸੁੰਞਾ ਖਾਲੀ । ਦਿਗ ਮੰਡਲ ਦਿਸਾ ਮੰਡਲਾਂ । ਹੇਤੁ-ਕਾਰਣ ।

ਨਿਜਾਤਮ-ਅਪਣਾ ਆਤਮਾ। ਦੁੰਦ-ਦ੍ਵੈਤ। ਸਿੰਧ-ਸਮੁੰਦਰ। ਸ਼ਾਂਤਿ-ਮਨ ਨੂੰ ਸ਼ਾਂਤਿ।

ਮੂਰਖ ਪਤਾਲ ਨੂੰ ਲੰਘ ਕੇ ਜਾਂਦਾ ਹੈ, ਅਤੇ ਅਕਾਸ਼ ਨੂੰ ਲੰਘਕੇ ਫਿਰ ਖਾਲੀ ਮੁੜਦਾ ਹੈ ਤਾਂ ਦਿਸ਼ਾਂ ਮੰਡਲ ਵਿਚ ਜਾਂਦਾ ਹੈ।

ਭਾਗਾਂ ਤੋਂ ਬਿਨਾਂ ਧਨ ਆਦ ਸੁਖ ਨਹੀਂ ਮਿਲਦਾ, (ਹੇ ਮਨ!) ਤੇਰੀ ਚੰਚਲਤਾ ਹੀ ਦੁੱਖ ਦਾ ਕਾਰਣ ਜਾਣੀ ਜਾਂਦੀ ਹੈ।

ਹੇ ਮਨ! ਉਹ ਬ੍ਰਹਮ ਹੀ ਮੇਰਾ ਆਤਮਾਂ ਹੈ, ਸੁਖ ਦੇ ਵਾਸਤੇ ਕਦੀ ਭੁੱਲ ਕੇ ਭੀ ਉਸਨੂੰ ਨਹੀਂ ਧਿਆਉਂਦਾ ਹੈ।

ਜਿੰਨਾਂ ਚਿਰ ਤੇਰੇ ਵਿਚ ਦਵੈਤ ਹੈ, ਤਦ ਤੱਕ ਹੀ ਤੈਨੂੰ ਸੰਸਾਰ ਸਮੁੰਦਰ ਵਿਚ ਜਨਮ ਲੈਣਾ ਪਵੇਗਾ ਤੇਰੇ ਸ਼ਾਂਤਿ ਹੋਏ ਤੋਂ ਬਿਨਾਂ ਤੈਨੂੰ ਸ਼ਾਂਤੀ ਨਹੀਂ ਆਉਂਦੀ। ਅਰਥਾਤ ਤੂੰ ਮੁਕਤੀ ਨਹੀਂ ਪਾਵੇਂਗਾ ॥੪੭॥

## ਚੌਪਈ

**ਮੂਢ ਕਰੇ ਪਾਤਾਲ ਪ੍ਰਵੇਸ਼ਾ।**
**ਦੇਖਯਾ ਚਾਹੇ ਦੇਸ਼ ਫਣੇਸ਼ਾ।**
**ਬਿਸ਼ਨੁ ਸਹੰਸ੍ਰ ਨਾਮੁ ਨਵਤਨ ਕੋ।**
**ਭਾਖਹਿ ਸੋਖ ਪਿਖੋ ਤਾ ਤਨ ਕੋ ॥੪੮॥**
**ਫਨ ਸਹੰਸ੍ਰ ਪਰ ਮਣਿ ਅਵਤੰਸਾ।**
**ਭਾਸਹਿ ਤਮ ਧ੍ਵੰਸਕ ਸਮ ਹੰਸਾ।**
**ਲਯਾਵੋਂ ਕਿਵੇਂ ਏਕ ਮਣਿ ਹਰਕੇ।**
**ਨਾਸੇ ਸਭ ਕਲੇਸ ਤਬ ਘਰ ਕੇ ॥੪੯॥**

ਫਣੇਸ਼ਾ-(ਫਣ+ਏਸ਼ਾ) ਨਾਗ ਰਾਜ, ਸੱਪਾਂ ਦਾ ਰਾਜਾ, ਸ਼ੇਖਨਾਗ। ਸਹੰਸ੍ਰ-ਇਕ ਹਜ਼ਾਰ, ਦਸ ਸੈਂਕੜੇ। ਨਵਤਨ-ਨਵੇਂ ਤੋਂ ਨਵਾਂ, ਨਿੱਤ ਨਵਾਂ ਸੇਖ-ਸੇਖ, ਨਾਮ ਵਾਲਾ ਸਰਪ, ਸ਼ੇਖਨਾਗ। ਤਨ-ਸਰੀਰ। ਅਵਤੰਸਾ-ਪ੍ਰਕਾਸ਼ ਪੁੰਜ ਚਾਣਨ ਸਰੂਪ। ਭਾਸਹਿ-ਪ੍ਰਕਾਸ਼ ਕਰ ਰਹੀਆਂ ਹਨ। ਤਮ-ਹਨੇਰਾ। ਧ੍ਵੰਸਕ-ਨਾਸ ਕਰਨ ਵਾਲਾ। ਹੰਸਾ-ਸੂਰਜ। ਹਰ ਕੇ-ਖੋਹ ਕੇ, (ਜਾਂ) ਚੁਰਾ ਕਰਕੇ।

੧. ਮੂਰਖ (ਬੰਦਾ) ਪਤਾਲ ਵਿਚ ਪ੍ਰਵੇਸ਼ ਕਰਕੇ, ਸ਼ੇਸ਼ਨਾਗ ਦਾ ਦੇਸ ਵੇਖਣਾ ਚਾਹੁੰਦਾ ਹੈ। (ਜੋ)
੨. ਵਿਸ਼ਨੂੰ ਦੇ ਹਜ਼ਾਰ ਨਾਮ ਹਰ ਰੋਜ਼ ਨਵੇਂ ਤੋਂ ਨਵੇਂ ਸ਼ੇਖਨਾਗ ਉਚਾਰਨ ਕਰਦਾ ਹੈ (ਮੂਰਖ ਬੰਦਾ) ਉਸਦੇ ਸਰੀਰ ਨੂੰ ਵੇਖਣਾ ਚਾਹੁੰਦਾ ਹੈ ॥੪੮॥ (ਅਤੇ ਸੋਚਦਾ ਹੈ, ਕਿ)
੩. (ਸ਼ੇਸ਼ਨਾਗ ਦੇ) ਹਜ਼ਾਰ ਫਣ ਉਤੇ ਪ੍ਰਕਾਸ਼ ਪੁੰਜ ਰੂਪ ਮਣੀਆਂ, ਹਨੇਰਾ ਨਾਸ ਕਰਨ ਵਾਲੇ ਸੂਰਜ ਦੇ ਸਮਾਨ ਪ੍ਰਕਾਸ਼ ਕਰ ਰਹੀਆਂ ਹਨ।

੪. ਜਿਵੇਂ-ਕਿਵੇਂ (ਹੋਇਆ, ਮੈਂ ਉਸ ਪਾਸੋਂ) ਇਕ ਮਣੀ ਖੋਹ ਕਰਕੇ ਲਿਆਵਾਂਗਾ, (ਜਿਸ ਕਰਕੇ ਮੇਰੇ) ਘਰ ਦੇ ਸਾਰੇ ਦੁੱਖ ਕਲੇਸ਼ ਨਾਸ਼ ਹੋ ਜਾਣਗੇ ॥੪੯॥

**ਤਹ ਤੇ ਮੂਢ ਸੂੰਨ ਮੂੜ ਆਵਹਿ,**
**ਪੁਨਾਕਾਸ ਕੋ ਲਾਂਘ ਸਿਧਾਵਹਿ।**
**ਸੁਰਪਤਿ ਲੋਕ ਵਿਲੋਕਣ ਕਾਰਣ,**
**ਸੁਧਾਤੜਾਗ ਕਲਪ ਤਰੁ ਬਾਰਣ ॥੫੦॥**
**ਸੁਰਭੀ ਨੰਦਨ-ਬਨ ਉਪ-ਬਨ,**
**ਕੋ ਦਰਸੋ ਸੁਰਨ ਸਹਿਤ ਬਾਹਨ ਕੋ।**
**ਬੈਸਿ ਪਾਕਸਾਸਨ ਸਿੰਘਾਸਨ,**
**ਕਰਹਿ ਕਵਣ ਬਿਧਿ ਬੁਬਧਹਿ ਸਾਸਨ ॥੫੧॥**

ਸੂੰਨ-ਸੁੰਞਾ, ਬਾਲੀ। ਕਾਸ-ਅਕਾਸ਼ ਸਿਧਾਵਹਿ-ਜਾਂਦਾ ਹੈ। ਸੁਰਪਤਿ-ਦੇਵਤਿਆਂ ਦਾ ਰਾਜਾ ਇੰਦ੍ਰ। ਸੁਰਪਤਿ ਲੋਕ-ਇੰਦ੍ਰ ਲੋਕ। ਵਿਲੋਕਣ-ਵੇਖਣ। ਕਾਰਣ-ਵਾਸਤੇ। ਸੁਧਾਂਤੜਾਗ-ਅੰਮ੍ਰਿਤ ਦਾ ਤਲਾਉ, ਅੰਮ੍ਰਿਤ ਕੁੰਡ। ਕਲਪ ਤਪੁ-ਕਲਪ ਬ੍ਰਿਛ। ਬਾਰਣ-ਐਰਾਪਤੀ ਨਾਮ ਦਾ ਹਾਥੀ। ਸੁਰਭੀ-ਕਾਮਧੇਨ ਗਊ। ਨੰਦਨ ਬਨ-ਨਾਮ ਹੈ, ਉਪਬਨ ਬਾਗ। ਸੁਰਨ-ਦੇਵਤਿਆਂ। ਬਾਹਨ-ਸੁਵਾਰੀਆਂ। ਬੈਸਿ-ਬੈਠਕੇ। ਪਾਕ ਸਾਸਨ-ਇੰਦ੍ਰ। ਸਿੰਘਾਸਨ-ਤਖਤ। ਬਿਧਿ-ਤਰੀਕੇ ਨਾਲ। ਬੁਬਧਹਿ-ਦੇਵਤਿਆਂ ਉਤੇ। ਸਾਸਨ-ਹਕੂਮਤ, ਤਾੜਨਾ।

੧. ਮੂਰਖ (ਪੁਰਸ਼) ਉਥੋਂ ਖਾਲੀ ਮੁੜ ਆਉਂਦਾ ਹੈ, ਫਿਰ ਅਕਾਸ਼ ਨੂੰ ਲੰਘ ਕੇ (ਸੁਰਗ ਨੂੰ) ਜਾਣਾ ਚਾਹੁੰਦਾ ਹੈ।
੨. ਵੇਖਣ ਦੇ ਵਾਸਤੇ, ਇੰਦ੍ਰ ਲੋਕ ਨੂੰ, ਅੰਮ੍ਰਿਤ ਕੁੰਡ ਨੂੰ, ਕਲਪ ਬ੍ਰਿਛ ਨੂੰ (ਤੇ) ਐਰਾਪਿਤ ਨਾਮ ਦੇ ਹਾਥੀ ਨੂੰ ॥੫੦॥
੩. ਕਾਮਧੇਨ ਗਊ ਨੂੰ, ਨੰਦਨ ਬਨ (ਨਾਮ ਵਾਲੇ) ਬਾਗ ਨੂੰ ਤੇ ਸਵਾਰੀਆਂ ਦੇ ਸਮੇਤ ਦੇਵਤਿਆਂ ਨੂੰ ਵੇਖ ਲਵਾਂਗਾ।
੪. ਇੰਦ੍ਰ (ਰਾਜਾ) ਇੰਦ੍ਰ (ਨਾਮ ਵਾਲੇ) ਤਖਤ ਉਤੇ ਬੈਠਕੇ, ਕਿਸ ਤਰੀਕੇ ਨਾਲ ਦੇਵਤਿਆਂ ਉਤੇ ਹਕੂਮਤ ਕਰਦਾ ਹੈ ॥੫੧॥

**ਕਿਵੇਂ ਪਰੇ ਮਮ ਤਿਹ ਪਰਚੋ ਜਬ।**
**ਨਿਜ ਗ੍ਰਿਹਿ ਪਠਵੋਂ ਦਿੱਵਯ ਭੋਗ ਤਬ।**

**ਇਤ ਰੀਤੋ ਉਤ ਰੀਤੋ ਆਵਹਿ।**
**ਪੁਨਿ ਦਿਗ ਮੰਗਲ ਕੋ ਉਠਿ ਧਾਵਹਿ ॥੫੨॥**
**ਦੁਰਗਮ ਵਿਖਮ ਅਦਰਸੀ ਠੌਰਹਿ।**
**ਦਰਬ ਨਮਿੱਤ ਨਿਰੰਤਰਿ ਦੌਰਹਿ।**
**ਚਿੱਤ ਚਪਲਤਾ ਕਰ ਅਹਿ ਨਿਸ ਮੈ।**
**ਭਟਕਹਿ ਬਿਅਰਥ ਕਹਾਂ ਦਸ ਦਿਸ ਮੈ ॥੫੩॥**

ਪਰਚੋ-ਪਰੇਮ, ਪਰਸਪਰ ਦਾ ਪਿਆਰ। ਪਠਵੋਂ-ਭੇਜਾਂਗਾ। ਦਿੱਵਯ ਭੋਗ-ਅਲੌਕਿਕ ਪਦਾਰਥ। ਰੀਤੋ-ਖਾਲੀ। ਉਤ-ਉਧਰੋਂ। ਦਿਗ ਮੰਡਲ-ਦਿਸਾਂਰੂਪ ਦੇਸ। ਦੁਰਗਮ-ਜਿਥੇ ਪਹੁੰਚਣਾ ਕਠਨ ਹੈ। ਵਿਖਮ-ਮਹਾਂ ਕਠਨ। ਅਦਰਸੀ-ਨਾ ਵੇਖੀ ਹੋਈ। ਗੁਪਤ ਦਰਬ-ਧਨ, ਦੌਲਤ। ਨਿਰੰਤਰਿ ਇਕਰਸ। ਅਹਿ ਨਿਸ-ਦਿਨ ਰਾਤ।

ਜੇ ਕਦੇ ਮੇਰਾ ਉਸ ਨਾਲ ਪ੍ਰੇਮ ਪੈ ਗਿਆ (ਤਾਂ ਫਿਰ ਮੈਂ) ਆਪਣੇ ਘਰ ਵਿਚ ਅਨੇਕ ਤਰ੍ਹਾਂ ਦੇ ਅਲੌਕਿਕ ਪਦਾਰਥ ਭੇਜਿਆ ਕਰਾਂਗਾ।

(ਇਸ ਤਰ੍ਹਾਂ ਨਾਲ) ਇਧਰੋਂ ਖਾਲੀ (ਹੱਥ ਜਾਂਦਾ ਹੈ, ਉਸੇ ਤਰ੍ਹਾਂ ਨਾਲ) ਉਧਰੋਂ ਖਾਲੀ ਆਉਂਦਾ ਹੈ, ਫੇਰ (ਦੌਲਤ ਦੀ ਇੱਛਾ ਕਰਕੇ) ਦਸੋਂ ਦਿਸਾਂ ਵੱਲ ਉਠ ਦੌੜਦਾ ਹੈ ॥੫੨॥

ਜਿਸ ਜਗ੍ਹਾ 'ਤੇ ਪਹੁੰਚਣਾ ਔਖਾ ਹੈ, ਜੋ ਬੜੀਆਂ ਕਠਨ ਤੇ ਲੁਕਵੀਆਂ ਜਗ੍ਹਾਂ ਹਨ, ਧਨ ਦੇ ਵਾਸਤੇ ਲਗਾ-ਤਾਰ ਭੱਜਾ ਫਿਰਦਾ ਹੈ।

ਚਿੱਤ ਦੀ ਚੰਚਲਤਾ ਕਰਕੇ ਦਿਨ-ਰਾਤ ਵਿਚ ਨਿਕੰਮਾ ਹੀ ਦਸੋਂ ਦਿਸਾਂ ਵਿਚ ਕਿਤੇ ਦਾ ਕਿਤੇ ਭੱਜਾ ਫਿਰਦਾ ਹੈ ॥੫੩॥

**ਤਤ ਨਿਰਮਲ ਬ੍ਰਹਮਾਤਮ ਰੂਪਾ।**
**ਸਾਖੀ ਸੁਧ ਅਸੰਗ ਅਨੂਪਾ।**
**ਭ੍ਰਮ ਕਰਿ ਭੀ ਕਬਹੂੰ ਕਹੂ ਰੀਤੇ।**
**ਨਿਹ ਸਿਮਰਸਿ ਨਿਜ ਬ੍ਰਹਮ ਅਭੀਤੇ ॥੫੪॥**
**ਵਯਸਿ ਸਮਸਿ ਉਪਾਧਿ ਭੇਦ ਕਰ।**
**ਜੀਵ ਈਸੁਰ ਕਾ ਦ੍ਰਿਧਿ ਭਿਦਾ ਪਰ।**
**ਮਾਯਾ ਅਵਿਦਯਾ ਮਿਲਿ ਮਿਲਿ ਭਾਸੇ।**
**ਮੁਗਧੋ ਕੇ ਉਰ ਮਾਂਹਿ ਪ੍ਰਕਾਸ਼ੇ ॥੫੫॥**

ਤਤ-ਸੋ, ਉਹ। ਨਿਰਮਲ-ਸੰਸ਼ਯ ਵਿਪਰਯ ਰੂਫ ਮੇਲ ਤੋਂ ਰਹਿਤ। ਬ੍ਰਹਮਾਤਮ-(ਬ੍ਰਹਮ+ਆਤਮ) ਵਿਆਪਕ। ਆਤਮ ਰੂਪਾ-ਮੇਰਾ ਆਤਮਾ ਰੂਪ। ਸਾਖੀ-ਇੰਦ੍ਰਿਆਂ ਦੇ ਵਿਵਹਾਰ ਦਾ ਗਵਾਹ ਸਰੂਪ। ਸੁਧ-ਰਾਗ ਦਵੈਸ਼ ਰੂਪ ਮੈਲ ਤੋਂ ਬਿਨਾਂ ਅਸੰਗ-ਅੰਤਹਕਰਣ ਦੇ ਧਰਮ ਤੋਂ ਰਹਿਤ ਅਵਸਥਾ। ਵਯਸ਼ਿ-ਵੱਖੋ-ਵੱਖਰਾ ਪਨਾ। ਸਮਸਿ-ਸਾਰਿਆਂ ਵਿਚ ਸਮਾਨ ਸੱਤਾਂ ਰੂਪ ਵਿਆਪਕਤਾ, ਜਿਸ ਤਰ੍ਹਾਂ ਬਾਗ ਵਿਚ ਵਯਸ਼ਿਟ ਭੇਦ ਕਰਕੇ ਅੰਬ ਅਨਾਰ, ਆੜੂ ਆਦਿਕ ਮੇਵੇ ਹਨ, ਪਰ 'ਬਾਗ' ਕੋਈ ਪਦਾਰਥ ਨਹੀਂ ਹੈ, ਪਰ ਸਮਸਿਟ ਰੂਪ ਕਰਕੇ ਸਾਰੇ ਘਾਸ-ਪਾਤ ਬ੍ਰਿਛਾਦਿਕ ਸਮੁੱਚੇ ਦਾ ਸਮੁੱਚਾ ਹੀ 'ਬਾਗ' ਹੈ। ਇਸੇ ਤਰ੍ਹਾਂ ਵਯਸਿਟ ਰੂਪ ਕਰਕੇ ਜਗਤ ਵਿਚ ਈਸ਼੍ਵਰ ਕੋਈ ਨਹੀਂ ਹੈ, ਪਰ ਸਮਸਿਟ ਰੂਪ ਕਰਕੇ ਸਾਰਾ ਜਗਤ ਹੀ ਈਸ਼ਵਰ ਰੂਪ ਹੈ। ਉਯਾਧਿ ਭੇਦ ਕਰਿ-ਜੀਵ ਉਪਾਧੀ ਕਰਕੇ ਆਤਮਾ ਜੀਵਾਤਮਾ ਤੇ। ਈਸ਼ਵਰ ਉਪਾਧਿ ਕਰਕੇ ਈਸ਼ਵਾਰ ਆਤਮਾ ਹੈ। ਦਵਿਧਿ-ਦੋ ਤਰ੍ਹਾਂ ਦਾ। ਭਿਦਾਪਰ-ਭੇਦ ਪਿਆ ਹੋਯਾ ਹੈ।

(ਹੇ ਮਨ !) ਉਹ ਜੋ ਮਾਯਾ-ਅਵਿਦਯਾ ਰੂਪ ਮੈਲ ਤੋਂ ਰਹਿਤ 'ਆਤਮਾ' ਰੂਪ ਹੈ, ਇੰਦ੍ਰਿਆਂ ਦੇ ਵਿਵਹਾਰ ਦਾ ਸਾਖੀ ਹੈ, ਰਾਗ ਦਵੈਸ ਤੋਂ ਸੁਧ ਹੈ, ਅੰਤਹਕਰਣ ਦੇ ਧਰਮਾਂ ਦੀ ਸੰਗਤ ਤੋਂ ਰਹਿਤ ਹੈ, ਸਰੀਰਾਦਿਕ ਰੂਪਾਂ ਤੋਂ ਭੀ ਰਹਿਤ ਹੈ। (ਤੂੰ) ਭੁੱਲ ਕਰਕੇ ਕਦੇ ਭੀ ਕਿਸੇ ਰੀਤੀ ਨਾਲ ਸਿਮਰਿਆ ਨਹੀਂ ਹੈ, (ਹੇ ਮਨ ! ਤੂੰ) ਆਪਣੇ ਆਤਮਾਂ ਨੂੰ ਡਰ ਤੋਂ ਰਹਿਤ (ਕਰਨ ਵਾਸਤੇ)॥੫੪) (ਉਸਨੂੰ) ਵਯਸਿਟ ਤੇ ਸਮਸਿਟ ਰੂਪ ਉਪਾਧੀ ਕਰਕੇ ਜੀਵ ਤੇ ਈਸ਼ਵਰ ਦਾ ਦੋ ਤਰ੍ਹਾਂ ਦਾ ਭੇਦ ਪਿਆ ਹੋਯਾ ਹੈ। ਮਾਯਾ ਨਾਲ ਮਿਲਕੇ 'ਈਸ਼ਵਰ' ਅਤੇ ਅਵਿਦਯਾ ਨਾਲ ਮਿਲ ਕਰਕੇ 'ਜੀਵ' ਭਾਸਦਾ ਹੈ, ਮੂਰਖਾਂ ਦੇ ਹਿਰਦੇ ਵਿਚ (ਇਸ ਤਰ੍ਹਾਂ ਦਾ) ਪ੍ਰਕਾਸ਼ ਹੁੰਦਾ ਹੈ ॥੫੫॥

**ਤਦਪਿ ਵਿਮਲ ਲਖੇ ਤਿਹ ਨਿਰ ਦੁਖ।**
**ਜਾਹਿ ਪਿਖੇ ਨਸ ਜਾਹਿ ਨਿਖਲ ਦੁਖ।**
**ਜਾਸ ਲਾਭ ਕਰਿ ਲਾਭ ਅਪਰ ਨਾ।**
**ਜਾ ਸੁਖ ਕਰਿ ਸੁਖ ਅਵਰ ਨ ਵਰਨਾ ॥੫੬॥**
**ਏਕ ਬਾਰ ਹੈ ਦਰਸਨ ਜਾ ਕੋ।**
**ਬੇਖਨ ਯੋਗ ਰਹੇ ਪੁਨ ਨਾਂ ਕੋ।**
**ਜਾਂ ਸਰੂਪ ਹੁਇ ਕਰਿ ਭਵ ਮਾਂਹੀ।**
**ਇਤਰ ਰੂਪ ਪੁਨ ਹੋਵੇਂ ਨਾਹੀ ॥੫੭॥**

ਤਦਪਿ-ਤਦ ਭੀ। ਵਿਮਲ-ਨਿਰਮਲ। ਨਿਰ ਦੁੱਖ-ਦੁੱਖਾਂ ਤੋਂ ਰਹਿਤ। ਨਿਖਲ-ਸਾਰੇ ਹੀ। ਅਪਰ-ਹੋਰ। ਵਰਨਾ-ਕਿਹਾ ਜਾਂਦਾ। ਇਤਰ-ਹੋਰ ਕੋਈ।

(ਹੇ ਮਨ ! ਭਾਵੇਂ ਏਹ ਭੇਦ ਪ੍ਰਤੀਤ ਹੁੰਦਾ ਹੈ) ਉਦੋਂ ਭੀ ਦੁੱਖਾਂ ਤੋਂ ਰਹਿਤ ਉਸ ਨਿਰਮਲ (ਸਰੂਪ ਨੂੰ) ਜਾਣਨਾ ਯੋਗ ਹੈ, ਜਿਸਦੇ ਵੇਖਣ ਕਰਕੇ ਸਾਰੇ ਹੀ ਦੁੱਖ ਨਾਸ ਹੋ ਜਾਂਦੇ ਹਨ।

ਜਿਸ ਲਾਭ (ਨੂੰ ਪ੍ਰਾਪਤ) ਕਰਨ ਕਰਕੇ ਕੋਈ-ਹੋਰ ਲਾਭ ਲੈਣ ਦੀ ਇੱਛਾ ਹੀ ਨਹੀਂ ਹੁੰਦੀ, ਅਤੇ ਜਿਸ ਸੁਖ (ਨੂੰ ਪ੍ਰਾਪਤ) ਕਰਨ ਕਰਕੇ ਹੋਰ ਕੋਈ ਸੁਖ ਹੀ ਨਹੀਂ ਕਿਹਾ ਜਾਂਦਾ ॥੫੭॥

ਜਿਸਦਾ ਦਰਸ਼ਨ ਇਕ ਵੇਰੀ ਹੋ ਜਾਵੇ, ਤਾਂ ਫਿਰ ਹੋਰ ਕੋਈ ਪਦਾਰਥ ਦੇਖਣ ਯੋਗ ਹੀ ਨਹੀਂ ਰਹਿ ਜਾਂਦਾ। ਜਿਸਦਾ ਸਰੂਪ ਹੋ ਜਾਣ ਕਰਕੇ ਜਗਤ ਵਿਚ ਫਿਰ ਜੀਵ ਹੋਰ ਕੋਈ ਰੂਪ ਹੁੰਦਾ ਹੀ ਨਹੀਂ ਹੈ, ਅਰਥਾਤ ਸਰੂਪ ਮੁਕਤਿ ਪ੍ਰਾਪਤ ਕਰਨ ਮਗਰੋਂ ਜੀਵ ਲਈ ਚੁਰਾਸੀ ਦਾ ਗੇੜ ਮੁੱਕ ਜਾਂਦਾ ਹੈ ॥੫੭॥

**ਜੋ ਸਰਬੇਕ ਸਮਾਨ ਸਮਾਨਾ।**
**ਤੋ ਮੈਂ ਭੀ ਸੋ ਰਮਯੋ ਨ ਆਨਾ॥**
**ਤੂ ਨ ਸਰਬ ਤੇ ਅਨਤਜ ਜਾਤੇ।**
**ਵਹੀ ਰੂਪ ਤਵ ਨਿਸਚੇ ਤਾਤੇ ॥੫੮॥**
**ਬ੍ਰਹਮ ਸਰਬ ਮੈ ਪੂਰਣ ਜੈਸੇ।**
**ਸਰਬ ਵਿਖੇ ਤੁਮ ਪੂਰਣ ਤੈਸੇ॥**
**ਜਾਂਤੇ ਸ੍ਰਤਿ ਤਵ ਬ੍ਰਹਮ ਬਖਾਨਾ।**
**ਤਾਂਤੇ ਤਵਬਪੁ ਵਯਾਭਵ ਨਾਨਾ ॥੫੯॥**

ਸਰਬੇਕ-ਸਰਬ+ਏਕ। ਆਨਾ-ਵੱਖਰਾ। ਅਨਤਜ-ਵੱਖਰਾ, ਹੋਰ ਕੁਝ। ਤਾਤੇ-ਇਸੇ ਕਰਕੇ। ਸ਼੍ਰਤਿ-ਵੇਦ, ਉਪਨਿਸ਼ਦ। ਬਪੁ-ਸਰੀਰ ਵਯਾ-ਵਿਆਯਾ, ਪੈਦਾ ਹੋਯਾ। ਭਵ-ਸੰਸਾਰ।

ਜੋ ਬ੍ਰਹਮ ਸਾਰਿਆਂ ਵਿਚ ਇਕ-ਸਮਾਨ ਸਮਾਯਾ ਹੋਯਾ ਹੈ, ਤੇਰੇ ਵਿਚ ਭੀ ਓਹੀ ਰਮਿਆ ਹੋਯਾ ਹੈ, ਕੋਈ ਹੋਰ ਨਹੀਂ ਹੈ।

ਜਿਸ ਕਰਕੇ ਤੂੰ ਸਾਰਿਆਂ ਤੋਂ ਵੱਖਰਾ ਨਹੀਂ ਹੈ, ਤਿਸੇ ਕਰਕੇ ਤੇਰਾ ਭੀ ਓਹੀ ਰੂਪ ਨਿਸਚੇ ਕੀਤਾ ਗਿਆ ਹੈ ਜਿਸ ਤਰ੍ਹਾਂ 'ਬ੍ਰਹਮ' ਸਾਰਿਆਂ ਵਿਚ ਇਕ ਸਾਰ ਪੂਰਨ ਹੈ, ਉਸੇ ਤਰ੍ਹਾਂ ਤੂੰ ਭੀ ਸਾਰਿਆਂ ਵਿਚ ਪੂਰਨ ਹੋ ਰਿਹਾ ਹੈਂ ॥੫੮॥

ਜਿਸ ਕਰਕੇ ਵੇਦ ਨੇ ਤੈਨੂੰ (ਬ੍ਰਹਮ ਦੀ ਅੰਸ) ਕਥਨ ਕੀਤਾ ਹੈ ਯਥਾ ਗੁਰ ਮੰਤ੍ਰ "ਕਹ ਕਬੀਰ ਏਹ ਰਾਮ ਕੀ ਅੰਸ" ਇਸੇ ਕਰਕੇ ਤੇਰੇ ਸਰੀਰ ਤੋਂ ਹੀ ਅਨੇਕ ਤਰ੍ਹਾਂ ਦਾ ਜਗਤ ਪੈਦਾ ਹੋਇਆ ਹੈ ॥੫੯॥

**ਭੂਤਨ ਕੋ ਹੈ ਪੂਤ ਅਮੂਤਨ।**
**ਜੜ ਪਰਣਾਸ ਨਾਸ ਹੈ ਮ੍ਰਿਦ ਜਨ॥**
**ਚੇਤਨ ਇਕ ਰਸ ਆਵਯ ਆਤਮ।**
**ਤਾ ਬਿਨ ਜੜ ਸੰਘਾਤ ਆਤਮ ॥੬੦॥**

**ਸਤੋ ਅੰਸ ਭੂਤਨ ਕੀ ਜੋ ਹੈ।**
**ਤਾਤੇ ਅੰਤਸ਼ਕਰਣ ਭਯੋ ਹੈ॥**
**ਰਾਗ ਦ੍ਵੈਖ ਕੋ ਘੋਖਸੁ ਜਾਂਤੇ।**
**ਸੋਪਿ ਰਾਵਰੋ ਰੂਪ ਨ ਤਾਂਤੇ ॥੬੧॥**

ਭੂਤਨ-ਤੱਤਾਂ। ਪੂਤ-ਪੁੱਤ੍ਰ, ਕਾਰਯ। ਅਮੂਤਨ-ਜੜ। ਪਰਣਾਮ-ਬਦਲਣ ਵਾਲੇ। ਮ੍ਰਿਦ ਜਨ ਮਿੱਟੀ ਤੋਂ ਪੈਦਾ ਹੋਯਾ ਘੜਾ। ਅਵਯ-ਅੰਗ, ਸਰੂਪ। ਸੰਘਾਤ-ਇਕੱਠ। ਅਨਾਤਮ-ਜੜ,॥੨॥ ਮਿਥਿਆ। ਘੋਖ-ਘਰ। ਰਾਵਰੋ-ਤੇਰਾ।

(ਹੇ ਮਨ ਤੇਰਾ ਇਹ ਸਰੀਰ) ਤੱਤਾਂ ਦਾ (ਪੁੱਤ੍ਰ ਕਾਰਯ) ਹੈ, ਇਸ ਕਰਕੇ ਜੜ੍ਹ ਹੈ, ਕਿਉਂਕਿ ਸਰੀਰ ਦਾ ਕਾਰਣ ਰੂਪ ਤੱਤ ਜੜ ਹਨ ਜੜ ਪਦਾਰਥ ਬਦਲਣ ਵਾਲਾ ਹੁੰਦਾ ਹੈ, ਇਸ ਕਰਕੇ ਸਰੀਰ ਸਦਾ ਬਲਦਾ ਰਹਿੰਦਾ ਹੈ, ਫਿਰ ਇਹ ਨਾਸ ਰੂਪ ਹੈ ਮਿੱਟੀ ਦੇ ਘੜੇ ਵਾਂਗੂੰ।

(ਤੇਰਾ ਬ੍ਰਹਮ) ਸਰੂਪ ਆਤਮਾ ਚੇਤਨ ਹੈ ਅਤੇ ਤਿੰਨਾਂ ਹਾਲਤਾਂ ਵਿਚ) ਇਕ ਰਸ ਹੈ, ਉਸ ਬ੍ਰਹਮ ਸਰੂਪ ਆਤਮ ਤੋਂ ਬਿਨਾਂ (ਸਾਰਾ ਜਗਤ) ਜੜ (ਪਦਾਰਥਾਂ) ਦਾ ਇਕਠ ਹੈ। ਇਸ ਲਈ ਜੜ ਅਤੇ ਮਿਥਿਆ ਹੈ ॥੬੦॥

ਪ੍ਰਸ਼ਨ-ਕੀ ਸੂਖਮ ਸਰੂਪ ਮੇਰਾ ਆਤਮਾ ਹੈ ? ਉੱਤਰः—ਤੱਤਾਂ ਦੀ ਜੋ ਸਤੋ ਅੰਸ਼ ਹੈ, ਉਸ ਤੋਂ ਹੀ ਅੰਤਾਹਕਰਣ ਪੈਦਾ ਹੋਇਆ ਹੈ,ਜਿਸ ਕਰਕੇ ਉਹ ਅੰਤਹਕਰਣ ਰਾਗ-ਦਵੈਖ ਦਾ ਘਰ ਹੈ, ਇਸ ਕਰਕੇ ਉਹ ਅੰਤਹਕਰਣ ਰਾਗ -ਦਵੈਖ ਦਾ ਘਰ ਹੈ ਅਤੇ ਉਹ ਅੰਤਹਕਰਣ ਭੀ ਤੇਰਾ ਸਰੂਪ ਨਹੀਂ ਹੈ ॥੬੧॥

**ਕਾਰਯ ਦੁਆਰਾ ਜਿਸ ਅਨੁਮਾਨਾ।**
**ਨਾ ਤਰ ਸੋ ਪਰਤੱਖ ਅਭਾਨਾ।**
**ਬਿਬ ਉਪਾਧਿ ਕੋ ਕਾਰਣ ਜੋ ਹੈ।**
**ਕਾਰਣ ਦੇਹ ਨ ਆਤਮ ਸੋ ਹੈ ॥੬੨॥**
**ਤੀਨ ਉਪਾਧਿ ਵਹੀਨੋ ਜੋਊ।**
**ਰੂਪ ਤੁਮਾਰੋ ਨਿਸਚੈ ਸੋਈ॥**
**ਨਹਿ ਤੱਤ ਬ੍ਰਹਮ ਰੂਪ ਨਿਜ ਧਯਾਵਹਿੰ।**
**ਜਾਕਰਿ ਮੂਢ ਮੁਕਤਿ ਤੂੰ ਪਾਵਹਿੰ ॥੬੩॥**

ਅਨੁਮਾਨਾ-ਅਨੁਮਾਨ ਕਰਕੇ ਜਿਸਦਾ ਗਿਆਨ ਹੋਵੇ, ਜਿਵੇਂ ਧੂੰਏਂ ਨੂੰ ਵੇਖਕੇ ਅੱਗ ਦਾ ਗਿਆਨ ਹੁੰਦਾ ਹੈ, ਇਸਦਾ ਨਾਮ ਹੈ। ਅਭਾਨਾ-ਪ੍ਰਤੀਤ ਨਹੀਂ ਹੁੰਦਾ, ਜਾਣਿਆ ਨਹੀਂ ਜਾਂਦਾ। ਬਿਬ-ਦੋ, ਦੋਹਾਂ।

ਵਿਹੀਨੋ-ਰਹਿਤ । ਤੱਤ-ਉਸ ਸੋ। ਰੂਪ ਨਿਜ-ਆਪਣਾ ਰੂਪ ।

(ਸਥੂਲ ਤੇ ਸੂਖਮ ਸਰੀਰ ਰੂਪੀ) ਕਾਰਯ ਦਵਾਰਾ ਜਿਸ (ਕਾਰਨ ਸਰੀਰ) ਦਾ ਗਿਆਨ ਹੁੰਦਾ ਹੈ, ਨਹੀਂ ਤਾਂ (ਸਥੂਲ-ਸੂਖਮ ਸਰੀਰ ਰੂਪੀ ਕਾਰਯ ਤੋਂ ਬਿਨਾਂ) ਉਸ (ਕਾਰਣ ਸਰੀਰ ਦਾ) ਪ੍ਰਤੱਖ ਨਹੀਂ ਜਾਣਿਆ ਜਾਂਦਾ (ਕਿਉਂਕਿ ਇਹ ਸਥੂਲ ਦ੍ਰਿਸ਼ਟੀ ਦਾ ਵਿਸਯ ਨਹੀਂ ਹੈ, ਕਾਰਯ ਦੇ ਅਨੁਮਾਨ ਤੋਂ ਹੀ ਜਾਣਿਆ ਜਾ ਸਕਦਾ ਹੈ) (ਸਥੂਲ ਤੇ ਸੂਖਮ ਰੂਪ) ਦੋਹਾਂ ਉਪਾਧੀਆਂ ਦਾ ਕਾਰਣ (ਰੂਪ) ਜੋ (ਕਾਰਣ ਸਰੀਰ) ਹੈ, ਉਹ 'ਕਾਰਣ ਸਰੀਰ' (ਭੀ ਤੇਰਾ) ਆਤਮਾ ਨਹੀਂ ਹੈ ॥੬੨॥

ਜੋ (ਸਥੂਲ, ਸੂਖਮ, ਕਾਰਣ ਰੂਪ) ਤਿੰਨਾਂ ਉਪਾਧੀਆਂ ਤੋਂ ਰਹਿਤ (ਬ੍ਰਹਮ) ਹੈ, (ਹੇ ਮਨ !) ਨਿਸਚੈ ਕਰਕੇ ਉਹ ਬ੍ਰਹਮ ਹੀ ਤੇਰਾ ਰੂਪ ਹੈ । ਉਸ 'ਆਪਨੇ ਰੂਪ' ਬ੍ਰਹਮ ਨੂੰ (ਤੂੰ) ਧਿਆਉਂਦਾ ਨਹੀਂ ਹੈ, ਹੇ ਮੂਰਖ ਮਨ  ਜਿਸਦੇ ਧਿਆਉਂਨੇ ਕਰਕੇ ਤੂੰ ਮੁਕਤੀ ਪਾਲ ਲਵੇਂਗਾ ॥੬੩॥

### ਦੋਹਰਾ

**ਹੇ ਮਨਿ ਤਜਿ ਨਿਜ ਬਹਿਰ ਗਤਿ ਅੰਤਰ ਬਰ ਸੁਖ ਹੇਤ ।**
**ਅੰਤਰ ਮੁਖ ਬਿਨ ਸੁਖ ਨਹੀਂ ਬਿਦਤ ਸਨਾਤਨ ਨੇਤ ॥੬੪॥**

ਬਿਦਤ-ਪ੍ਰਗਟ । ਸੁਨਾਤਨ-ਆਦ ਸਮਾਂ । ਨੇਤ-ਬੇਅੰਤ, ਤ੍ਰੀਕੇ ਨਾਲ,

ਹੇ ਮਨ ! (ਤੂੰ) ਆਪਨੀ ਬਾਹਰ ਦੀ ਗਤੀ ਛੱਡ ਕਰਕੇ, ਸੁਖ (ਪ੍ਰਾਪਤ ਕਰਨ) ਵਾਸਤੇ ਅੰਦਰ ਵੜ ਜਾਹੁ । ਅੰਤਰ ਮੁਖ (ਹੋਏ ਤੋਂ) ਬਿਨਾਂ ਸੁਖ ਨਹੀਂ (ਪ੍ਰਾਪਤ ਹੁੰਦਾ, ਇਹ ਗੱਲ) ਆਦ ਸਮੇਂ ਤੋਂ ਬੇਅੰਤ ਤ੍ਰੀਕਿਆਂ ਨਾਲ ਪ੍ਰਗਟ ਹੈ ॥੬੪॥

### ਕਬਿੱਤ

**ਚੰਚਲਾ ਕੋ ਮਤਿ ਚਿਤ ਚੰਚਲ ਕਰਤ ਚਿਤ ।**
**ਚੰਚਲਾ ਕੋ ਚੀਨ ਚਿਤ ਚੰਚਲਾ ਕੇ ਵਤ ਹੈ ॥**
**ਭੂਪਨ ਕੀ ਭ੍ਰਿਕੁਟੀ ਕੁਟੀ ਹੈ ਮੈ ਬਾਰ ਬਧੂ ਵਤ ।**
**ਗਤਾਗਤ ਕੇ ਬਪਾਰ ਵਿਚ ਵਿਚਰਤ ਹੈ ॥**
**ਕਾਂਸ਼ੀ ਜੂ ਕੀ ਬੀਥਨ ਕੇ ਜੂਥਨ ਮੈ ਧਾਮ ।**
**ਗ੍ਰਾਮ ਤਾਕੇ ਦ੍ਵਾਰੇ ਅਟੋ ਓਢ ਕੰਥਾ ਮੋਰ ਮਤ ਹੈ ॥**
**ਤਾਤੇ ਪਾਣ ਪਾਤ੍ਰ ਪਰੇ ਭਿਖਯਾ ਤਾਸੋਂ ਪ੍ਰਾਣ ਧਰੇ ॥**
**ਕਮਲਾ ਕੀ ਰਤਿ ਲੋਕ ਕਮਲਾ ਕਰਤ ਹੈ ॥੬੫॥**

ਚੰਚਲਾ-ਚੰਚਲਤਾਈ ਵਾਲੇ ਪਦਾਰਥ, ਮਾਯਕੀ ਪਦਾਰਥ, (੨) ਇਸਤਰੀ, (੩) ਬਿਜਲੀ, (੪)

ਖਿਨ ਭੰਗਰ। ਮਤਿ-ਨਾ। ਚਿਤ-ਚੇਤੇ ਕਰਨਾ। ਚੀਨ-ਵੇਖ, ਜਾਣ ਲੈਣਾ। ਵਤ-ਵਰਗਾ, ਸਮਾਨ। ਬਾਰਬਧੂ-ਵੇਸਵਾ, ਕੰਜਰੀ। ਗਤਾਗਤ-ਜਾਣਾ-ਆਉਣਾ। ਵਿਚਰਤ-ਚਲਨਾ। ਬੀਥਨ-ਗਲੀਆਂ। ਜੂਥਨ-ਝੁੰਡਾਂ ਦੇ ਝੁੰਡ। ਅਟੋ-ਫਿਰੇ। ਓਢ-ਉਪਰ ਲੈ ਕੇ। ਕੰਥਾ-ਗੋਦੜੀ। ਰਮਤ-ਫਿਰਨਾ। ਪਾਣ-ਹਥ। ਕਮਲਾ-ਮਾਯਾ। ਰਤਿ-ਪ੍ਰੀਤੀ। ਕਮਲਾ-ਸੁਦਾਈ।

੧. ਮਾਯਕਿ ਪਦਾਰਥਾਂ ਨੂੰ ਚੇਤੇ ਨਾ ਕਰ (ਕਿਉਂਕਿ ਇਨ੍ਹਾਂ ਦੀ ਚਿਤਵਨੀ) ਚਿਤ ਨੂੰ ਚੰਚਲ ਕਰ ਦੇਂਦੀ ਹੈ, ਹੇ ਮਨ ! (ਤੂੰ) ਬਿਜਲੀ ਨੂੰ ਵੇਖ; (ਇਹ ਸਾਰੇ ਪਦਾਰਥ) ਬਿਜਲੀ ਸਮਾਨ ਹੀ ਖਿਨ ਭੰਗਰ ਹਨ।
੨. ਰਾਜਿਆਂ ਦੀਆਂ ਅੱਖਾਂ ਦੇ ਭਰਵੱਟਿਆਂ ਰੂਪ ਕੁਟੀਆ ਵਿਚ, (ਇਹ ਮਾਯਕੀ, ਪਦਾਰਥ) ਕੰਜਰੀ ਵਾਂਗੂੰ ਔਣ ਜਾਣ ਦੇ ਵਪਾਰ ਵਿਚ ਫਿਰਦੇ ਰਹਿੰਦੇ ਹਨ।
੩. ਕਾਸ਼ੀ ਜੀ ਦੀਆਂ ਗਲੀਆਂ ਦੇ ਝੁੰਡਾਂ ਵਿਚ ਘਰ ਹਨ, ਉਨ੍ਹਾਂ ਘਰਾਂ ਦੇ ਬੂਹੇ, (ਉਤੇ) ਗੋਦੜੀ ਪਾ ਕੇ ਫਿਰ, (ਤੈਨੂੰ ਏਹੋ) ਮੇਰੀ ਸਿਖਯਾ ਹੈ।
੪. ਉਨ੍ਹਾਂ (ਘਰਾਂ) ਵਿਚੋਂ (ਤੇਰੇ ਹੱਥ ਰੂਪ ਭਾਂਡੇ ਵਿਚ (ਜੋ) ਭਿਖਯਾ ਪਵੇਗੀ, ਉਸ ਨਾਲ ਪ੍ਰਾਣਾਂ ਨੂੰ ਧਾਰਨ ਕਰ, (ਅਤੇ ਮਾਯਾ ਮਗਰ ਨਾ ਫਿਰ ਕਿਉਂਕਿ) ਮਾਯਾ ਦੀ ਪ੍ਰੀਤੀ ਨੇ ਲੋਕਾਂ ਨੂੰ ਕਮਲਿਆਂ ਕਰ ਛੱਡਿਆ ਹੈ ॥੬੫॥

## ਦੋਹਰਾ

**ਸ੍ਰੀ ਹਰਿ ਕੇ ਸ੍ਰੀ ਹਰਿ ਪੁਰੀ ਵਾਨਾਰਸ ਕੋ ਵਾਸ॥**
**ਜੀਵਤ ਭੁਗਤਿ ਮੁਕਤਿ ਮਰੇ ਕਰੇ ਚਹੋ ਚਿਤ ਤਾਸ ॥੬੬॥**

ਸ੍ਰੀ-ਮਾਯਾ। ਹਰਿ-ਇੱਛਾ। ਹਰਿ ਕੇ-ਤਿਆਗ ਕਰਕੇ। ਸ੍ਰੀ-ਸੋਭਾ ਵਾਲੀ। ਹਰਿ-ਸ਼ਿਵਜੀ। ਵਾਨਾਰਸ-ਕਾਸ਼ੀ। ਭੁਗਤਿ-ਭੋਗਾਂ ਦੀ ਪ੍ਰਾਪਤੀ। ਤਾਸ-ਉਸਨੂੰ।

ਹੇ ਮਨ ! ਮਾਯਾ ਦੀ ਇੱਛਾ ਦਾ ਤਿਆਗ ਕਰਕੇ, ਸੋਭਾ ਵਾਲੇ ਸ਼ਿਵਜੀ ਦੀ ਪੁਰੀ (ਜੋ) ਕਾਸ਼ੀ ਹੈ, ਉਸ ਵਿਚ ਵਾਸਾ ਕਰ ਲੈ। (ਕਿਉਂਕਿ ਉਹ ਕਾਸ਼ੀ) ਜੀਉਂਦਿਆਂ (ਪੁਰਸ਼ਾਂ ਨੂੰ ਅਨੇਕ ਤਰ੍ਹਾਂ ਦੇ ਪਦਾਰਥ ਭੁਗਤਾਉਂਦੀ ਹੈ ਅਤੇ ਮਰਨ ਮਗਰੋਂ ਜੀਵ ਨੂੰ ਮੁਕਤੀ (ਦੇਂਦੀ ਹੈ, ਇਸ ਲਈ) ਹੇ ਚਿਤ ! ਉਸ ਦੀ ਚਾਹ ਕਰ ॥੬੬॥

## ਕਬਿੱਤ

**ਉਪਬਨੋ ਮਧਿ ਸਿਧਿ ਭੋਜਨ ਬਿਬਿਧ ਤਪ।**
**ਬ੍ਰਿਧ ਹੂ ਤੇ ਬ੍ਰਿਧ ਜਾਸ ਮੈਂ ਪ੍ਰਧਾਨ ਹੈਂ॥**
**ਪਟਲ ਕੋਪੀਨ ਹੀ ਕੇ ਅਪ੍ਰਮਾਣ ਪਟ ਨੀਕੋ।**
**ਭੀਖ ਹੀ ਕੋ ਰਮਨੀਕੋ ਰਟਨੋ ਪ੍ਰਮਾਨ ਹੈਂ॥**

**ਚਾਰ ਖਾਨੀ ਪ੍ਰਾਣੀ ਜਾਮੈ ਮਰ ਕੇ ਨ ਫੇਰ ਜਾਮੈਂ ॥**
**ਆਵੈ ਢਿਗ ਤਾਮੈ ਮੰਗਲ ਸਮਾਨ ਹੈਂ ॥**
**ਛੋੜ ਐਸੀ ਕਾਸ਼ੀ ਕੈਸੇ ਸੁਧੀ ਔਰ ਠੌਰ ਬੈਸੇ।**
**ਕੈਸੇ ਭਏ ਦੇਵ ਜਮ ਹਾਸੀ ਕੋ ਸਧਾਨ ਹੈਂ ॥੬੭॥**

ਉਪ-ਸਮੀਪ, ਨੇੜੇ। ਸਿਧਿ-ਤਿਆਗ ਕੀਤੇ ਹੋਏ। ਬਿਬਿਧ-ਅਨੇਕ ਤਰ੍ਹਾਂ ਦੇ ਬ੍ਰਿਧ-ਵਧਨਾ, ਵਾਧਾ। ਪਟਲ-ਕਪੜ। ਕੋਪੀਨ-ਲੰਗੋਟੀ। ਅਪ੍ਰਮਾਣ-ਪ੍ਰਮਾਣ ਨਹੀਂ। ਪਟ-ਕਪੜਾ। ਨੀਕੋ-ਸੁੰਦਰ। ਰਮਨੀਕੋ-ਸੁੰਦਰ ਹੈ। ਰਟਨੇ-ਫਿਰਨਾ। ਚਾਰ ਖਾਨੀ-ਅੰਡਜ-ਜੇਰਜ, ਸ੍ਵੇਦਯ ਤੇ ਉਤ ਭੁਜ (ਅਰਥਾਤ ਅੰਡਿਆਂ ਤੋਂ ਪੈਦਾ ਹੋਣ ਵਾਲੇ, ਪਸੀਨੇ ਨਾਲ ਪੈਦਾ ਹੋਣ ਵਾਲੇ ਅਤੇ ਧਰਤੀ ਨੂੰ ਪਾੜਕੇ ਪੈਦਾ ਹੋਣ ਵਾਲੇ ਜੀਵ) ਜਾਮੇ-ਜਿਸ ਵਿਚ। ਜਾਮੈ-ਜੰਮਦੇ। ਮ੍ਰਿਤ-ਮੌਤ। ਮੰਗਲ-ਖੁਸ਼ੀ। ਸੁਧੀ-ਸ੍ਰੇਸ਼ਟ ਬੁੱਧੀ ਵਾਲਾ ਪੁਰਸ਼।

੧. (ਕਾਸ਼ੀ ਦੇ) ਆਸੇ-ਪਾਸੇ ਦੇ ਜੰਗਲ ਵਿਚ (ਫਲ-ਮੂਲ, ਕੰਦ ਆਦਿਕ) ਤਿਆਰ ਕੀਤੇ ਹੋਏ ਅਨੇਕ ਤਰ੍ਹਾਂ ਦੇ ਭੋਜਨ (ਮਿਲਦੇ ਹਨ, ਉਨ੍ਹਾਂ ਨੂੰ ਖਾ ਕੇ ਪੁਰਸ਼ ਇੰਦ੍ਰੀਆਂ ਨੂੰ ਵਸ ਕਰਨ ਰੂਪ) ਤਪ ਦੀ ਬ੍ਰਿਧੀ ਕਰਨ ਦੀ ਬ੍ਰਿਧੀ ਕਰੇ, ਜਿਸ (ਕਾਸ਼ੀ) ਵਿਚ (ਏਹੋ ਕਰਮ) ਪ੍ਰਧਾਨ (ਮੁਖ੍ਯ) ਹੈ।

੨. (ਸਰੀਰ ਉਤੇ) ਕੇਵਲ ਕੋਪੀਨ ਰੂਪ ਕੱਪੜ (ਪਾਇਆ ਹੋਵੇ, ਲੰਗੋਟੀ ਤੋਂ ਬਿਨਾਂ ਹੋਰ ਕੋਈ) ਚੰਗਾ ਕੱਪੜਾ (ਪਾਉਣਾ) ਪ੍ਰਵਾਨ (ਮਨਜ਼ੂਰ) ਨਹੀਂ ਹੈ ਅਤੇ ਭਿਖਿਆ ਲੈਣ ਦੇ ਵਾਸਤੇ ਜਾਣਾ ਹੀ ਸੁੰਦਰ ਫਿਰਨਾ ਪ੍ਰਵਾਨ ਕੀਤਾ ਗਿਆ ਹੈ।

੩. ਚਾਰ ਖਾਣੀਆਂ ਦੇ ਜੀਵ ਜਿਸ ਕਾਂਸ਼ੀ ਵਿਚ ਮਰਕੇ ਫਿਰ ਜੰਮਦੇ ਨਹੀਂ ਹਨ (ਭਾਵ ਮੁਕਤਿ ਹੋ ਜਾਂਦੇ ਹਨ ਅਤੇ ਦੁਬਾਰਾ ਜੰਮਣਾ-ਮਰਣਾ ਮਿਟ ਜਾਂਦਾ ਹੈ) ਉਸ (ਕਾਸ਼ੀ) ਵਿਚ (ਜੀਵ ਦੇ) ਨੇੜੇ ਮੌਤ ਆ ਜਾਵੇ (ਤਾਂ ਉਸ ਲਈ ਮੌਤ ਦੁਖ ਰੂਪ ਨਹੀਂ ਹੁੰਦੀ, ਸਗੋਂ) ਮੰਗਲ (ਖੁਸ਼ੀ) ਦੇ ਬਰਾਬਰ ਹੈ।

੪. ਇਸ ਤਰ੍ਹਾਂ ਦੀ ਜੋ ਕਾਸ਼ੀ ਹੈ, ਪਵਿੱਤ੍ਰ ਬੁੱਧੀਵਾਨ ਪੁਰਸ਼ ਹੋਰ ਕਿਸੇ ਜਗ੍ਹਾ ਉਤੇ ਕਿਸ ਤਰ੍ਹਾਂ ਬੈਠ ਸਕਦਾ ਹੈ ? ਉਥੇ ਰਹਿਣ ਵਾਲੇ (ਪੁਰਸ਼) ਦੇਵਤਿਆਂ ਨੂੰ ਤੇ ਜਮ ਨੂੰ ਹਾਸੀ ਕਰਨ ਦੇ ਸਥਾਨ ਹੋਏ ਹਨ, (ਕਿਉਂਕਿ ਕਾਸ਼ੀ ਵਿਚ ਰਹਿਣ ਵਾਲੇ ਦਾ ਕਰਮ ਜਾਲ ਟੁੱਟ ਜਾਂਦਾ ਹੈ, ਇਸ ਲਈ ਉਹ ਜਮ ਨੂੰ ਹਾਸੀ ਕਰਦਾ ਹੈ ਕਿ ਤੇਰੇ ਨਾਲ ਮੇਰਾ ਕੋਈ ਵਾਸਤਾ ਨਹੀਂ ਹੈ ਅਤੇ ਦੇਵਤੇ ਵਿਸ਼ਿਆਂ ਵਿਚ ਜਨਮ ਗੁਜਾਰ ਲੈਂਦੇ ਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ, ਪਰ ਕਾਸ਼ੀ ਵਿਚ ਰਹਿਣ ਵਾਲਾ ਭੋਗਾਂ ਨੂੰ ਭੋਗਦਾ ਹੋਯਾ ਭੀ ਕਾਸ਼ੀ ਵਿਚ ਨਰਕੋਂ ਮੁਕਤਿ ਪ੍ਰਾਪਤ ਕਰ ਲੈਂਦਾ ਨੂੰ, ਇਸ ਲਈ ਦੇਵਤਿਆਂ ਨੂੰ ਭੀ ਹਾਸੀ ਕਰਨ ਦਾ ਹੱਕ ਪ੍ਰਾਪਤ ਹੋ ਜਾਂਦਾ ਹੈ ॥੬੭॥

## ਦੋਹਰਾ

**ਅਗਯ ਤਜਹਿ ਬਨਾਰਸੀ ਤਉ ਨ ਖੇਦ ਕਛੁ ਮੋਹਿ।**
**ਤਜਹਿ ਸੁਜਨ ਲਖਿ ਮੁਕਤਿ ਪ੍ਰਦ ਦੁਸਹਿ ਦੁਖ ਮਮ ਹੋਹਿ ॥੬੮॥**

ਅਗਯ-ਅਗਯਾਨੀ, ਬੇਸਮਝ। ਖੇਦ-ਦੁਖ। ਸੁਜਨ-ਸ਼੍ਰੇਸ਼ਟ ਪੁਰਸ਼। ਪ੍ਰਦ-ਦੇਣਹਾਰੀ। ਦੁਸਹਿ ਦੁਖ ਉਹ ਦੁਖ, ਜਿਸਦਾ ਸਹਾਰਨਾ ਮਹਾਨ ਕਠਨ ਹੈ। ਹੋਹਿ-ਹੁੰਦਾ।

ਹੇ ਮਨ ! ਇਸ ਤਰ੍ਹਾਂ ਦੀ ਕਾਸ਼ੀ ਨੂੰ ਕੋਈ ਬੇਸਮਝ ਅਗਯਾਨੀ ਪੁਰਸ਼ ਤਿਆਗ ਦੇਵੇ ਤਾਂ ਮੈਨੂੰ ਕੁਝ ਭੀ ਦੁਖ-ਕਲੇਸ਼ ਨਹੀਂ ਹੁੰਦਾ। (ਪਰ ਜੋ) ਭਲਾ ਪੁਰਸ਼ ਜਾਣਦਾ ਹੈ (ਕਿ ਕਾਸ਼ੀ) ਮੁਕਤੀ ਦੇਣ ਵਾਲੀ ਹੈ, (ਅਤੇ ਫਿਰ ਉਹ ਕਾਸ਼ੀ ਨੂੰ) ਤਿਆਗ ਦੇਂਦਾ ਹੈ, (ਤਦ) ਮੈਨੂੰ (ਉਹ) ਦੁਖ ਹੁੰਦਾ ਹੈ (ਜਿਸਦਾ) ਸਹਾਰਨਾ ਮੇਰੇ ਲਈ ਬੜਾ ਔਖਾ ਹੈ ॥੬੮॥

## ਦੋਹਰਾ

**ਰੇ ਮਨ ਤੂੰ ਤੋ ਤਿਆਗ ਜਿਸ ਮੁਕਤਿ ਦ੍ਵਾਰ ਹਰਿ ਦ੍ਵਾਰ।**
**ਸਿਮਰਿ ਸਰਤਿ ਸਮਰਾਰਿ ਤਹਿ ਜਗ ਜੀਵਨ ਦਿਨ ਚਾਰ ॥੬੯॥**

ਜਿਸ-ਨਾ। ਹਰਿ ਦਵਾਰ-ਸ਼ਿਵ ਜੀ ਦਾ ਦਵਾਰ-ਕਾਸ਼ੀ। ਸ-ਰਤਿ-ਪ੍ਰੀਤੀ ਸਹਿਤ। ਸਮਰਾਰਿ-(ਸਮਰ+ਅਹਿ) ਸਮਰ ਨਾਮ ਵਾਲੇ ਦੈਤ ਦਾ ਵੈਰੀ -ਸ਼ਿਵ ਜੀ।

ਹੇ ਮਨ ! ਮੁਕਤੀ ਦਾ ਬੂਹਾ ਤੇ ਸ਼ਿਵਜੀ ਦਾ ਦਰਵਾਜਾ (ਜੋ ਕਾਸ਼ੀ ਹੈ) ਤੂੰ ਤਾਂ (ਉਸਦਾ) ਤਿਆਗ ਨਾ ਕਰ। (ਸਗੋਂ) ਉਸਨੂੰ ਤੇ ਸ਼ਿਵਜੀ ਨੂੰ ਪ੍ਰੀਤੀ ਸਹਿਤ ਸਿਮਰਦਾ ਰਹੁ (ਕਿਉਂਕਿ) ਜਗਤ ਦਾ ਜੀਉਣਾ ਚਾਰ ਦਿਨ ਹੈ ॥੬੯॥

## ਕਬਿੱਤ

**ਭੂਤਨ ਕੀ ਚਾਹਿ ਕਰੇ ਕਾਹੇ ਚਿਤ ਜਾਹਿ ਘਰੇ ਗਏ।**
**ਛਰੀ ਦਾਰ ਹਰੇ ਸਤਕਾਰ ਜੋਤ ਹੈ॥**
**ਨਾ ਰੇ ਇਹ ਕਾਲ ਮਹੀਪਾਲ ਗੁਰ ਮਤੇ ਮਾਂਹਿ।**
**ਅਜੇ ਸਮੋ ਨਾਹਿ ਨਰਮਾਹਿ ਸੁਖੀ ਸੋਤ ਹੈ॥**
**ਸੁਨੇ ਬੈਨ ਤੇਰੇ ਜਬ ਕ੍ਰੋਧ ਨੈਣ ਹੇਰੇ ਪ੍ਰਭ।**
**ਜਾ ਕੈ ਪੌਰ ਐਸੇ ਕੌੜੇ ਵਾਕ ਕੋ ਉਦੋਤ ਹੈ॥**

**ਛੋਰ ਤਾਕੇ ਪੌਰ ਦੌਰ ਮੋਖ ਠੌਰ ਕਾਸ਼ੀ ਮਾਹਿ।**
**ਧੂਨਾ ਨ ਕਠੋਰ ਜਹਾਂ ਦੌਰਪ ਅਗੋਤ ਹੈ ॥੭੦॥**

ਚਾਹਿ-ਇਛਾ। ਛਰੀਦਾਰ-ਚੋਬਦਾਰ, ਅੜਦਲੀ। ਹਰੇ-ਨਾਸ ਕਰਦੇ ਹਨ। ਸਤਕਾਰ-ਆਦਰ ਜੋਤ-ਕ੍ਰਾਂਤੀ। ਕਾਲ-ਸਮਾ। ਮਹੀਪਾਲ-ਰਾਜਾ। ਗੁਰਮਤੇ-ਸਲਾਹ-ਮਸ਼ਵਰੇ। ਨਰਨਾਹਿ-ਰਾਜਾ। ਸੋਤ-ਸੁੱਤਾ। ਹੇਰੇ-ਵੇਖਣਗੇ। ਉਦੋਤ-ਪ੍ਰਗਟ ਹੁੰਦੇ ਹਨ। ਪੌਰ-ਦਰਵਾਜਾ। ਦੌਰ-ਭੱਜਕੇ ਜਾਹੁ ਧੂਨਾ-ਅਵਾਜ਼। ਦੌਰਪ-ਦੁਆਰਪਾਲ, ਚੋਬਦਾਰ। ਅਗੋਤ-ਅੱਗੇ ਤੋਂ, ਸਾਹਮਣੇ ਤੋਂ।

੧. ਹੇ ਮਨ! ਰਾਜਿਆਂ ਦੇ ਘਰ (ਧਨ ਦੀ) ਚਾਹ ਕਰਕੇ ਕਿਸ ਲਈ ਜਾਂਦਾ ਹੈ (ਕਿਉਂਕਿ ਉਨ੍ਹਾਂ ਦੇ) ਘਰ (ਅੱਗੇ) ਗਿਆਂ ਚੋਬਦਾਰ (ਤੇਰਾ) ਸਤਕਾਰ ਨਾਸ ਕਰਦਾ ਹੈ (ਜਿਸ ਕਰਕੇ ਚੇਹਰੇ ਦੀ ਕ੍ਰਾਂਤੀ ਨਾਸ ਹੋ ਜਾਂਦੀ ਹੈ।

੨. (ਚੋਬਦਾਰ ਕਹਿੰਦਾ ਹੈ) ਓ ਮੂਰਖਾ! ਏਹ ਵੇਲਾ (ਮੁਲਾਕਾਤ ਦਾ ਨਹੀਂ ਹੈ, ਕਿਉਂਕਿ ਰਾਜਾ ਸਾਹਿਬ (ਇਸ ਵੇਲੇ ਵਜ਼ੀਰ ਸਾਹਿਬ ਨਾਲ) ਸਲਾਹ-ਮਸ਼ਵਰੇ ਵਿਚ (ਲੱਗੇ ਹੋਏ ਹਨ, ਜਦ ਫਿਰ ਦੂਜੀ ਵੇਰੀ ਗਿਆ ਤਾਂ ਫੇਰ ਚੋਬਦਾਰ ਆਖਦਾ ਹੈ) ਅਜੇ ਭੀ ਸਮਾਂ ਨਹੀਂ ਹੈ, (ਕਿਉਂਕਿ ਇਸ ਵੇਲੇ) ਰਾਜਾ ਸਾਹਿਬ ਸੁਖ ਦੀ ਨੀਂਦ ਸੁੱਤੇ ਹੋਏ ਹਨ।

੩. ਜਦੋਂ ਰਾਜਾ ਜੀ ਨੇ ਤੇਰੇ ਬਚਨ ਸੁਣੇ ਤਾਂ ਉਹ ਕ੍ਰੋਧ ਭਰੇ ਨੈਣਾਂ ਨਾਲ ਤੇਰੇ ਵੱਲ ਵੇਖਣਗੇ, ਇਸ ਤਰ੍ਹਾਂ ਦੇ ਕੌੜੇ ਵਾਕ ਜਿਨ੍ਹਾਂ (ਰਾਜਿਆਂ ਦੇ) ਬੂਹੇ 'ਤੇ ਪ੍ਰਗਟ ਹੁੰਦੇ ਹਨ।

੪. ਉਨ੍ਹਾਂ ਦੇ ਦਰਵਾਜੇ ਨੂੰ ਛੱਡ ਅਤੇ ਦੌੜਕੇ ਮੁਕਤੀ ਦੀ ਜਗ੍ਹਾ ਕਾਸ਼ੀ ਵਿਚ ਜਾਹ, ਅਤੇ ਜਿਥੋਂ ਦੇ ਚੌਕੀਦਾਰ ਪਾਸੋਂ ਅੱਗੇ ਦੀ ਕਠੋਰ ਅਵਾਜ਼ ਸੁਣੀ ਦੀ ਨਹੀਂ ਹੈ ॥੭੦॥

### ਦੋਹਰਾ

**ਅਪ੍ਰਮਾਨ ਆਨੰਦ ਪ੍ਰਦਿ ਪੁਨਾ ਜਨਮ ਜਹ ਹਾਨ।**
**ਬਸੋ ਮਨਾ ਅਨੰਦ ਬਨ ਤਦਿ ਨ੍ਰਿਪ ਕ੍ਰਿਪਣ ਸਥਾਨ ॥੭੧॥**

ਅਪ੍ਰਮਾਨ-ਬੇਅੰਤ, ਬੇਹੱਦ। ਪ੍ਰਦਿ-ਦੇਣ ਵਾਲਾ। ਹਾਨ-ਮਰਕੇ।

ਜੋ ਬੇਹੱਦ ਅਨੰਦ ਦੇਣ ਵਾਲੀ ਹੈ ਅਤੇ ਜਿਥੇ ਮਰਨ (ਮਗਰੋਂ ਫੇਰ) ਜਨਮ ਨਹੀਂ ਦੇਂਦਾ।

ਹੇ ਮਨ! ਕ੍ਰਿਪਣ (ਸ਼ੂਮ) ਰਾਜਿਆਂ ਦੇ ਸਥਾਨ ਦਾ ਤਿਆਗ ਕਰਕੇ, (ਉਸ) 'ਅਨੰਦ ਬਨ' (ਕਾਸ਼ੀ) ਵਿਚ ਜਾ ਕੇ ਵਾਸਾ ਕਰ ਲੈ ॥੭੧॥

### ਦੋਹਰਾ

**ਦਈ ਸਿਖਿਆਂ ਭੂਪ ਜੋ ਮਨ ਆਪਨ ਕੋ ਸਾਰ।**
**ਯਾ ਸਿਖਯਾ ਉਰ ਮੋਰ ਮੈ ਸਦਾ ਬਸੈ ਕਰਤਾਰ ॥੭੨॥**

ਜੋ ਸ਼੍ਰੇਸਟ ਸਿਖਯਾ ਰਾਜੇ (ਭਰਥਰੀ ਜੀ ਨੇ) ਆਪਨੇ ਮਨ ਨੂੰ ਦਿੱਤੀ ਹੈ।

ਹੇ ਕਰਤਾਰ ! ਇਹ (ਸੁਭ) ਸਿਖਯਾ ਮੇਰੇ ਹਿਰਦੇ ਵਿਚ ਸਦਾ ਵੱਸਦੀ ਰਹੇ, (ਐਸੀ ਕ੍ਰਿਪਾ ਕਰੋ) ॥੭੨॥

### ਦੋਹਰਾ

**ਅਲੰ ਭਰਤ ਵੈਰਾਗ ਕੋ ਪ੍ਰਿਥਮ ਧਿਆਇ ਅਨੂਪ।**
**ਸ੍ਵਮ ਸਿੱਖ ਕੋ ਸਿਖ ਮਤਿ ਦਈ ਸ੍ਵਾਮਿ ਸਮ ਭੂਪ ॥੭੩॥**

ਅਲੰ-ਪੂਰਾ ਹੋਯਾ ਹੈ । ਭਰਤ ਵੈਰਾਗ-ਭਰਤਰੀ ਹਰਿ ਦਾ ਵੈਰਾਗ ਸਤਕ । ਅਨੂਪ-ਮਹਾਂ ਸੁੰਦਰ। ਸ੍ਵ-ਆਪਨੇ। ਸ੍ਵਾਮਿ-ਗੁਰੂ ।

ਭਰਥਰੀ (ਹਰੀ ਜੀ ਦੇ ਕਥਨ ਕੀਤੇ ਹੋਏ) ਵੈਰਾਗ (ਸ਼ਤਕ ਦਾ) ਮਹਾਂ ਸੁੰਦਰ ਪਹਿਲਾ ਅਧਯਾਇ ਪੂਰਾ ਹੋ ਗਿਆ ਹੈ, (ਜਿਸ ਵਿਚ) ਰਾਜੇ (ਭਰਥਰੀ ਜੀ ਨੇ) ਆਪਣੇ ਮਨ ਰੂਪ ਚੇਲੇ ਨੂੰ, ਗੁਰੂ ਸਮਾਨ (ਸੁੰਦਰ) ਸਿੱਖ ਮੱਤ ਦਿੱਤੀ ਹੈ ॥੭੩॥

*ਇਤਿ ਪ੍ਰਥਮ ਅਧਯਾਇ ॥੧॥*

ੴ ਸਤਿਗੁਰ ਪ੍ਰਸਾਦਿ ॥

# ਦੂਜਾ ਅਧਯਾਯ ਅਰੰਭ

## ਦੋਹਰਾ

**ਦੁਤੀਏ ਪਸਚਾਤਾਤ ਕੇ ਭਾਖੇ ਦਸਕੁ ਸਲੋਕ।**
**ਜਾਕੇ ਸ੍ਰਵਣ ਮਨਨ ਤੇ ਨਸ਼ਟ ਹੋਹਿੰ ਮਣ ਸ਼ੋਕ ॥੧॥**

ਇਸ ਦੂਜੇ ਅਧਯਾਇ ਵਿਚ (ਮਨ ਦੇ) ਪਛਤਾਵੇ ਦੇ ਦਸ ਕੁ ਸਲੋਕ ਕਥਨ ਕੀਤੇ ਹਨ। ਜਿਨ੍ਹਾਂ ਸਲੋਕਾਂ) ਦੇ ਸ੍ਰਵਣ ਤੇ ਮਨਨ ਕਰਨ ਕਰਕੇ, ਮਨ ਦੇ ਸ਼ੋਕ ਨਸ਼ਟ ਹੋ ਜਾਂਦੇ ਹਨ ॥੧॥

## ਕਬਿੱਤ

**ਪਦ ਕੰਦ ਸ਼ਿਵਜੀ ਕੇ ਨ ਅਰਾਧੇ ਹਮ ਨੀਕੇ।**
**ਕਰਣ ਉਧਾਰ ਜੀ ਕੇ ਰਮਣੀਕੇ ਚੀਨ ਮੈ॥**
**ਨਾਕ ਪੌਰ ਤਾਕਨ ਕੇ ਧਾਕਨ ਮੈ ਪੁੰਨ ਦਛ।**
**ਤੇ ਪਿਨ ਇਕੱਤ੍ਰ ਕਛੁ ਕੀਨ ਪਾਗ ਹੀਨ ਮੈ॥**
**ਉਭੈ ਪੀਨ ਕੁਚੀ ਨਾਰੀ ਭਾਰੀ ਰੂਪ ਗੁਣ ਵਾਰੀ।**
**ਸ੍ਰਪਨੇ ਮਝਾਰੀ ਭੀ ਅਲਿੰਗਨ ਨ ਕੀਨ ਮੈ॥**
**ਮਾਤਾ ਕੋ ਜੋਬਨ ਬਨ ਤਾਸ ਨਾਸ ਹੇਤ ਜਨ।**
**ਕੇਵਲ ਕੁਠਾਰ ਹੋਇ ਖੋਇ ਸੁਖ ਤੀਨ ਮੈ ॥੨॥**

ਕੰਜ-ਕੌਲ ਫੁੱਲ। ਨੀਕੇ-ਸੁੰਦਰ। ਰਮਣੀਕੇ-ਸੁੰਦਰ। ਨਾਕ-ਸਵਰਗ। ਪੌਰ-ਦਰਵਾਜਾ। ਤਾਕਨ-ਤਖਤੇ। ਧਾਕਨ-ਖੋਲ੍ਹਨਾ। ਦਛ-ਚਤਰ, ਸਿਆਣਾ। ਤੇ ਪਿ-ਉਹ ਭੀ। ਉਭੈ-ਦੋਹਾਂ। ਪੀਨ-ਕਰੜੇ, ਕਠਰ। ਕੁਚੀ-ਮੰਮਿਆਂ ਵਾਲੀ। ਅਲਿੰਗਨ-ਚੁੰਮਨਾ-ਪਿਆਰ ਕਰਨਾ। ਜੋਬਨ-ਜੁਆਨੀ। ਤਾਸ-ਇਸਦੇ। ਹੇਤ-ਵਾਸਤੇ। ਕੁਠਾਰ ਹੋਇ-ਕੁਹਾੜਾ ਬਨ ਕਰਕੇ। ਸੁਖ ਤੀਨ-ਤਿੰਨ ਤਰ੍ਹਾਂ ਦੇ ਸੁਖ-ਸ਼ਿਵਜੀ ਦੇ ਚਰਨ, ਸਵਾ ਰੂਪ ਸੁਖ, ਸੁਰਗ ਸੁਖ ਤੇ ਇਸਤ੍ਰੀ ਦੇ ਭੋਗ ਰੂਪ ਸੁਖ।

੧ ਬੜਾ ਅਫਸੋਸ ਹੈ ਕਿ-ਸ਼ਿਵ ਜੀ ਦੇ ਮਹਾਂ ਸੁੰਦਰ ਚਰਨ ਕਮਲ ਹਨ, ਉਨ੍ਹਾਂ ਨੂੰ ਜੀਵ ਦੇ ਉਧਾਰ ਦਾ ਚੰਗਾ ਕਾਰਣ ਜਾਸ ਕਰਕੇ ਭੀ ਮੈਂ (ਉਨ੍ਹਾਂ ਦੀ) ਅਰਾਧਨਾ ਨਹੀਂ ਕੀਤੀ ਹੈ।

੨ ਜੋ ਪੌਰ, ਪਰਮ ਸਵਰਗ ਦੇ ਦਰਵਾਜੇ ਦੇ ਤਖਤਿਆ ਨੂੰ ਖੋਲ੍ਹਣ ਵਿਚ ਚਤਰ ਹਨ, ਮੈਂ ਭਾਗਾਂ

ਤੋਂ ਹੀਨੇ ਨੇ ਉਹ ਪੁੰਨ ਕਰਮ ਭੀ ਇਕੱਠੇ ਨਹੀਂ ਕੀਤੇ ਹਨ।

੩. ਜੋ ਇਸਤ੍ਰੀ ਦੋਹਾਂ ਹੀ ਕਠੋਰ ਮੰਮਿਆਂ ਵਾਲੀ ਤੇ ਮਹਾਂ ਸੁੰਦਰ ਰੂਪ ਤੇ ਗੁਣਾਂ ਵਾਲੀ ਹੈ। ਮੈਂ ਮੰਦਭਾਗੀ ਨੇ ਸੁਪਨੇ ਵਿਚ ਵੀ ਉਸਦੇ ਨਾਲ ਭੋਗ ਬਿਲਾਸ ਨਹੀਂ ਕੀਤਾ ਹੈ।

੪. (ਇਸ ਲਈ) ਮਾਤਾ ਦੀ ਜੁਆਨੀ ਰੂਪ ਜੋਬਨ ਹੈ, ਉਸਦਾ ਨਾਸ ਕਰਨ ਵਾਸਤੇ ਮੇਰਾ ਜਨਮ ਹੋਯਾ ਹੈ, (ਇਸ ਲਈ) ਮੈਂ ਕੇਵਲ ਕੁਹਾੜਾ ਬਣਕੇ ਹੀ ਤਿੰਨਾਂ ਸੁਖਾਂ ਨੂੰ ਨਾਸ ਕਰ ਲਿਆ ਹੈ॥

## ਨਰਾਜ ਛੰਦ

**ਅਦੋਖ ਬੇਦ ਬੋਧ ਕੋ ਅਧੈਨ ਮੈ ਨ ਕੀਨ ਹੈ।**
**ਨ ਸੇਵ ਮਾਤ ਤਾਤ ਕੀ ਮਝਾਰ ਚਿਤ ਦੀਨ ਹੈ।**
**ਦਯਾ ਨ ਦੀਨ ਜੰਤ ਪੈ ਕਰੀ ਮਨਾ ਕਿ ਮੈਂ ਕਬੀ।**
**ਨ ਨਯਾਇਵੰਤ ਦ੍ਰਵਯ ਕੀ ਇਕੱਤ੍ਰ ਕੀਨ ਲੌ ਅਬੀ ॥੩॥**

ਅਦੋਖ-ਦੋਸ਼ ਤੋਂ ਬਿਨਾਂ। ਬੋਧ-ਗਿਆਨ। ਅਧੈਨ-ਪੜ੍ਹਨਾ। ਮਝਾਰ-ਵਿਚ। ਦੀਨ ਜੰਤ-ਦੁਖੀ ਜੀਵਾਂ। ਪੈ-ਉਤੇ। ਨਯਾਇਵੰਤ-ਹੱਕ ਵਾਲਾ। ਦ੍ਰਵਯ-ਧਨ ਪਦਾਰਥ ਲੌ ਅਬੀ-ਇਸ ਵੇਲੇ ਤੱਕ

ਦੋਸ਼ਾਂ ਤੋਂ ਰਹਿਤ ਗਿਆਨ (ਪ੍ਰਤਿ ਪਾਦਨ ਕਰਨ ਵਾਲੇ) ਵੇਦਾਂ ਨੂੰ ਮੈਂ ਪੜ੍ਹਨਾ ਨਹੀਂ ਕੀਤਾ ਹੈ (ਅਤੇ) ਨਾਂ ਹੀ ਮਾਤਾ-ਪਿਤਾ ਦੀ ਸੇਵਾ (ਕਰਨ) ਵਿਚ ਚਿੱਤ ਨੂੰ ਲਾਇਆ ਹੈ। ਦੁਖੀ ਜੀਵਾਂ ਉਤੇ ਮੈਂ ਕਦੇ ਮਨ ਕਰਕੇ ਦਯਾ ਭੀ ਨਹੀਂ ਕੀਤੀ ਹੈ। (ਅਤੇ) ਨਿਆਯ ਨਾਲ ਆਪਨੇ ਹੱਕ ਦੇ ਧਨ-ਪਦਾਰਥ ਨੂੰ ਅੱਜ ਤਕ ਇਕੱਠਾ ਨਹੀਂ ਕੀਤਾ ਹੈ ॥੩॥

## ਨਰਾਜ ਛੰਦ

**ਵਿਸਾਲ ਨੀਲ ਕੰਜ ਨੈਨ ਚੰਚਲੈ ਰਿਦੈ ਪ੍ਰਿਯਾ।**
**ਨ ਕੀਨ ਸੁਪਨੈ ਪਿ ਮੈ ਅਲਿੰਗਨੰ ਮਹਾਂ ਤ੍ਰਿਯਾ।**
**ਪ੍ਰਪਿੰਡ ਪੈ ਸਲੋਭ ਕਾਕ ਯੋ ਸਮਾ ਗਥੋ ਹਮੈ।**
**ਵਿਕਾਸ ਮਾਤ ਆਸਕੰਜ ਨਾਸ ਕੋਕਰੀ ਜਮੈ ॥੪॥**

ਵਿਸਾਲ-ਚੌੜੇ ਤੇ ਮੋਟੇ। ਨੀਲ ਕੰਜ-ਨੀਲੇ ਕਮਲ। ਪਿ-ਭੀ। ਅਲਿੰਗਨੰ-ਪਿਆਰ ਦਾ ਭੋਗ। ਪ੍ਰਪਿੰਡ-ਪਰਾਏ ਸਰੀਰ, ਪਰ ਇਸਤ੍ਰੀ। ਗਤੋ-ਗੁਜਾਰ ਦਿੱਤਾ। ਵਿਕਾਸ-ਖਿੜੇ ਹੋਏ। ਕਰੀ-ਹਾਥੀ। ਜਮੈ-ਜੰਮਿਆ ਹਾਂ।

(ਜੋ) ਨੀਲੇ ਕਮਲਾਂ ਵਰਗੇ ਚੌੜੇ ਤੇ ਚੰਚਲ ਨੈਨਾਂ ਵਾਲੀ ਹੈ। (ਜਿਸਦੇ) ਹਿਰਦੇ ਵਿਚ ਪਿਆਰ ਭਰਿਆ ਹੈ। (ਉਸ) ਮਹਾਂ ਸੁੰਦਰ ਇਸਤ੍ਰੀ ਨਾਲ ਮੈਂ ਸੁਪਨੇ ਵਿਚ ਭੀ ਪਿਆਰ ਦਾ ਅਲਿੰਗਨ ਨਹੀਂ ਕੀਤਾ ਹੈ। ਪਰ-ਇਸਤ੍ਰੀ ਉਤੇ ਲੋਭਾਇਮਾਨ ਹੋ ਕੇ, ਮੈਂ ਕਾਂ ਵਾਂਗੂੰ (ਜ਼ਿੰਦਗੀ ਦਾ) ਸਾਰਾ ਸਮਾਂ ਗੁਜਾਰ

ਦਿੱਤਾ ਹੈ । ਮਾਤਾ (ਦੇ ਹਿਰਦੇ ਵਿਚਲੇ) ਖਿੜੇ ਹੋਏ ਆਸਾ ਰੂਪ ਕਮਲ ਨੂੰ ਨਾਸ ਕਰਨ ਵਾਸਤੇ, ਮੈਂ ਹਾਥੀ ਹੋ ਕੇ ਜਨਮਿਆ ਹਾਂ ॥੪॥

## ਕਬਿੱਤ

**ਤਾਂ ਜੀਵਨ ਕੋ ਧਿਕਾਰ ਜੋਊ ਦੁਖ ਕੋ ਅਗਾਰ।**
**ਮਿਤ੍ਰ ਬੰਧੁ ਪਰਵਾਰ ਕਰ ਨਿਤ ਜਿੱਤ ਹੈ।**
**ਦੀਨਾ ਨਾਥ ਜਨੋ ਪਰ ਉਪਕਾਰ ਕੋ ਬਾਪਾਰ।**
**ਤਾਕੋ ਤ੍ਰਿਸ਼ਕਾਰ ਜਾ ਮਝਾਰ ਨਿੱਤ ਥਿੱਤ ਹੈ।**
**ਜਾਕੇ ਭਾਲ ਬਿਖੈਇੰਦੁ ਦ੍ਵੰਦ ਤਾਪਦਾਰ ਬਿੰਦ।**
**ਕੋ ਧਿਆਨ ਜਾਮੋ ਮੰਦ ਭੂਤ ਨਿੰਦਾ ਨਿੱਤ ਹੈ॥**
**ਅਲਿ ਲੋਲ ਲੋਚਨ ਬਿਸਾਲ ਕੁਚ ਤਟ ਤ੍ਰਿਯਾ।**
**ਤਾਕੋ ਮੇਲਾ ਭੀ ਨਾ ਭਯੋ ਯਹੀ ਵੇਲਾ ਬਿਤ ਹੈ ॥੫॥**

ਅਗਾਰ-ਘਰ, ਮੰਦਰ । ਤ੍ਰਿਸਕਾਰ-ਅਨਾਦਰ । ਭਾਲ-ਮੱਥੇ । ਇੰਦੁ-ਚੰਦਰਮਾ । ਦਵੰਦ ਦਵੇਂ । ਤਾ-ਉਸਦੇ । ਪਦਾਰਬਿੰਦ-(ਪਦ+ਅਰਬਿੰਦ) ਚਰਨ ਕਮਲ । ਭੂਤ-ਪੁਰਸ਼ਾ । ਅਲਿ-ਭੌਰ । ਲਲ-ਚੰਚਲ । ਬਿਸਾਲ-ਮੋਟੇ-ਚੌੜੇ । ਕੁਚ ਤਟ-ਮੰਮਿਆਂ ਵਾਲੀ ਜਗ੍ਹਾਂ-ਛਾਤੀ । ਬਿਤ-ਬਿਅਰਥ ।

੧. ਉਸ ਜੀਵਨ ਨੂੰ ਧ੍ਰਿਕਾਰ ਹੈ, ਅਤੇ ਜੋ ਦੁੱਖਾਂ ਦਾ ਘਰ ਹੈ । ਮਿੱਤ੍ਰਾਂ, ਸੰਬੰਧੀਆਂ ਤੇ ਪ੍ਰਵਾਰ ਕਰ ਕੇ ਸਦਾ ਹੀ ਜਿੱਤਿਆ ਹੋਇਆ ਹੈ ।

੨. ਦੁਖੀ ਤੇ ਅਨਾਥ ਪੁਰਸ਼ਾਂ ਉਪਰ (ਜੋ) ਪਰ ਉਪਕਾਰ ਦਾ ਵਾਪਾਰ ਹੈ ਜਿਸ (ਜੀਵਨ) ਵਿਚ ਉਸਦਾ ਨਿਰਾਦਰ ਹੀ ਸਦਾ ਕਾਇਮ ਰਹਿੰਦਾ ਹੈ ਉਸਨੂੰ ਧ੍ਰਿਕਾਰ ਹੈ ।

੩ ਜਿਸਦੇ ਮੱਥੇ ਵਿਚ ਚੰਦਰਮਾ ਹੈ ਤੇ ਦੋਵੇਂ ਚਰਨ (ਜਿਸਦੇ) ਕੌਲ ਫੁੱਲਾਂ (ਵਰਗੇ ਹਨ) ਜਿਸ (ਜੀਵਨ) ਵਿਚ (ਉਸ ਸ਼ਿਵਜੀ) ਦਾ ਧਿਆਨ (ਨਹੀਂ ਹੋ ਸਕਦਾ, ਸਗੋਂ) ਸਦਾ ਹੀ ਬੁਰੇ ਪੁਰਸ਼ਾਂ ਦੀ (ਸੰਗਤ ਵਿਚ ਮਿਲਕੇ ਪਰਾਈ) ਨਿੰਦਾ ਹੁੰਦੀ (ਰਹਿੰਦੀ ਹੈ), ਉਸ ਜੀਵਨ ਨੂੰ ਧ੍ਰਿਕਾਰ ਹੈ ।

੪. ਭੌਰੇ (ਸਮਾਨ ਕਾਲੇ ਤੇ) ਚੰਚਲ ਨੇਤ੍ਰ ਤੇ ਚੌੜੀ ਛਾਤੀ ਹੈ (ਜਿਸ) ਇਸਤ੍ਰੀ (ਦੀ; ਜਿਸ ਜੀਵਨ ਵਿਚ) ਉਸਦਾ ਮਿਲਾਪ ਭੀ ਨਹੀਂ ਹੋਇਆ ਹੈ, ਇਹ ਸਮਾਂ (ਐਵੇਂ ਹੀ) ਬਤੀਤ ਗਿਆ ਨੂੰ ॥੫॥

## *ਕਬਿੱਤ*

**ਵਾਦੀ ਬ੍ਰਿੰਦ ਕੇ ਦਮਨ ਵਾਰੀ ਪਜਾਰੀ ਸੰਤਨ ਕੋ।**
**ਐਸੀ ਵਿਧਯਾ ਕੇ ਸਲੋਕ ਪਠਯੋ ਮੈ ਨ ਲੋਕ ਮੈਂ॥**

**ਖੜਗੋਂ ਕੇ ਅਗ੍ਰ ਕਰ ਕਰੀ ਕੁੰਭ ਪੀਠ ਨੀਕੋ।**
**ਪੀਠ ਕੇ ਨ ਯਸ ਨੀਠ ਕੀਨੋ ਸੁਰ ਲੋਕ ਮੈਂ।**
**ਕਾਂਤਾ ਕੇ ਅਧਰ ਮ੍ਰਿਦੁ ਦਲ ਵਤ ਰਸ ਨਿਧਿ।**
**ਸੋਨ ਚੂਸੇ ਉਦੈ ਨਾਕ ਨਾਰੀ ਤਿਨ ਕੋ ਰਸ ਲੀਨੋ ਅਹੋ॥**
**ਬ੍ਰਿਥਾ ਯੁਬਾ ਖੀਨੇ ਜੈਸੇ ਦੀਪ ਸੂਨੋ ਓਕ ਮੈ ॥੬॥**

ਵਾਦੀ–ਝਗੜਾਲੂ ਬੰਦੇ। ਬ੍ਰਿੰਦ-ਝੁੰਡ। ਦਮਨ ਵਾਲੀ-ਸ਼ਾਂਤ ਕਰਨ ਵਾਲੀ। ਖੜਗੋਂ ਕੇ ਅਗ੍ਰ-ਤਲਵਾਰਾਂ ਦੇ ਫਲ। ਕਰ–ਨਾਲ। ਕਰੀ–ਹਾਥੀ। ਕੁੰਭ-ਮੱਥਾ। ਪੀਠ-ਮਜ਼ਬੂਤ। ਪੀਠਕੇ-ਪੀਸ ਕਰਕੇ, ਚੂਰਾ ਚੂਰਾ ਕਰਕੇ। ਨੀਠ–ਸੁੰਦਰ। ਸੁਰਲੋਕ-ਦੇਵਲੋਕ, ਸਵਰਗ। ਕਾਂਤਾ-ਇਸਤ੍ਰੀ। ਅਧਰ-ਬੁਲ੍ਹ, ਹੋਠ। ਮ੍ਰਿਦ ਦਲਵਤ-ਕੋਮਲ ਪੱਤ੍ਰ ਸਮਾਨ। ਰਸ ਨਿਧਿ-ਅੰਮ੍ਰਿਤ ਦਾ ਖਜ਼ਾਨਾ। ਉਦੈ-ਚੜ੍ਹੇ ਹੋਏ। ਬਿਧੁ-ਚੰਦ੍ਰਮਾ। ਸ੍ਰਛਿਤ-ਚਾਂਦਨੀ। ਅਸ਼ੋਕ-ਸ਼ੋਕ ਤੋਂ ਰਹਿਤ। ਨਾਕ-ਸਵਰਗ। ਨਾਰੀ-ਇਸਤ੍ਰੀ। ਅਹੋ-ਹਾਇ ਅਫਸੋਸ। ਯੁਬਾ–ਜੁਆਨੀ। ਸੂਨੋ ਓਕ–ਸੁੰਞੇ ਘਰ।

੧. (ਜੋ) ਝਗੜਾਲੂ ਪੁਰਸ਼ਾਂ ਦੇ ਝੁੰਡ ਨੂੰ ਸਾਂਤ ਕਰਨ ਵਾਲੀ ਤੇ ਸੰਤਾਂ ਦੀ ਪਿਆਰੀ ਹੈ, ਅਜੇਹੀ ਵਿਦਯਾ ਦੇ ਸ਼ਲੋਕਾਂ ਨੂੰ ਮੈਂ ਇਸ ਲੋਕ ਵਿਚ ਨਹੀਂ ਪੜ੍ਹਿਆ ਹੈ।

੨. ਮੈਂ (ਜੰਗ ਵਿਚ ਜਾਕੇ) ਹਾਥੀਆਂ ਦੇ ਮਥੇ (ਅਤੇ ਉਸਦੀ) ਪਿਠ (ਉਪਰ ਬੈਠੇ ਹੋਏ) ਸੁੰਦਰ (ਸੂਰਮਿਆਂ ਨੂੰ) ਤਲਵਾਰਾਂ ਦੇ ਫਨ ਨਾਲ ਪੀਸ ਕਰਕੇ ਨਾ ਹੀ ਜਸ ਅਤੇ ਨਾ ਹੀ ਸੁੰਦਰ ਸ੍ਵਰਗ ਨੂੰ ਪ੍ਰਾਪਤ ਕੀਤਾ ਹੈ।

੩. ਇਸਤ੍ਰੀ ਦੇ ਹੋਠ (ਜੋ ਕਮਲ) ਦਲ ਵਰਗੇ ਕੋਮਲ ਤੇ ਰਸ ਦੀ ਨਿਧੀ ਹਨ, ਉਹ ਭੀ ਮੈਂ ਚੂਸੇ ਨਹੀਂ ਹਨ, ਅਤੇ ਨਾ ਹੀ ਚੜ੍ਹੇ ਹੋਏ ਚੰਦ੍ਰਮਾ ਦੀ ਚਾਂਦਨੀ ਵਿਚ ਮੈਂ (ਕਾਮ ਦੇ) ਸ਼ੋਕ ਤੋਂ ਰਹਿਤ (ਹੋਇਆ ਹਾਂ)।

੪. ਗਿਆਨ, ਸਵਰਗ ਤੇ ਇਸਤ੍ਰੀ, (ਇਨ੍ਹਾਂ) ਤਿੰਨਾਂ (ਵਿਚੋਂ ਇਕ ਦੇ ਭੀ) ਰਸ ਨੂੰ ਮੈਂ ਨਹੀਂ ਲਿਆ ਹੈ, ਹਾਇ! ਅਫਸੋਸ!! ਜੁਆਨੀ (ਮੈਂ ਇਸ ਤਰ੍ਹਾਂ) ਬੇਅਰਥ ਗਵਾ ਲਈ ਹੈ, ਜਿਸ ਤਰ੍ਹਾਂ ਉਜੜੇ ਹੋਏ ਘਰ ਵਿਚ ਦੀਵੇ (ਦਾ ਪ੍ਰਕਾਸ਼ ਬੇਅਰਥ ਹੁੰਦਾ ਹੈ) ॥੬॥

### *ਕਬਿੱਤ*

**ਦੀਪ ਮੈ ਪਤੰਗ ਪਰੇ ਜਰੇ ਨਾ ਪ੍ਰ-ਤਾਪ ਜਾਨੈ।**
**ਮੀਨ ਸੁ ਅਗਯਾਨ ਭਖੇ ਕੁੰਡੀ ਮਿਲੇ ਮਾਸ ਕੋ॥**
**ਗਜ ਗਜੀ ਹੇਤ ਪਰੇ ਖਾਤ ਖਾਤ ਅੰਕਸ ਕੋ।**
**ਰਾਗ ਮੈ ਕੁਰੰਗ ਰਾਗ ਕਰੇ ਨਿਜ ਨਾਸ ਕੋ॥**

**ਪੰਕਜ ਕੀ ਗੰਧ ਬੀਚ ਨੀਚ ਭ੍ਰਿੰਗ ਮੀਚ ਗਹੇ।**
**ਇਤਯਾਦਿ ਔਗਯਨਾਸ ਕਰੇ ਨਿਜ ਸਾਸ ਕੋ॥**
**ਅਹੋ ਹਾਸ ਗਨ ਮਹਾ ਮੋਹ ਕੋ ਪ੍ਰਤਾਪ ਲਾਹਾ।**
**ਸੁਭਾਸੁਭ ਜਾਨੋ ਪੈ ਨ ਹਾਨੋ ਭੋਗ ਆਸ ਕੋ ॥੭॥**

ਪਤੰਗ-ਪਤੰਗਾ, ਭੰਬਟ। ਪ੍ਰਤਾਪ-ਅੱਗ ਦੇ ਤੇਜ। ਮੀਨ-ਮੱਛੀ। ਰਾਜ-ਹਾਥੀ। ਗਜੀ-ਹਥਨੀ। ਖਾਤ-ਖਾਤਾ, ਟੋਆ (੨) ਖਾਂਦਾ ਹੈ। ਅੰਕਸ-ਕੁੰਡਾ। ਕੁਰੰਗ-ਹਰਨ। ਪੰਕਜ-ਕਮਲ। ਭ੍ਰਿੰਗ-ਭੌਰਾ। ਅਗਯ-ਬੇਸਮਝ। ਸਾਸ-ਪ੍ਰਾਣ।

੧. ਪਤੰਗ ਦੀਵੇ ਉਤੇ ਡਿੱਗਕੇ ਸੜ ਜਾਂਦਾ ਹੈ, (ਅਤੇ ਦੀਵੇ ਦੀ ਅੱਗ ਦੇ) ਤੇਜ ਦੇ ਦੁੱਖ ਨੂੰ ਜਾਣਦਾ ਨਹੀਂ ਹੈ, ਉਸੇ ਤਰ੍ਹਾਂ ਬੇਸਮਝ ਮੱਛੀ ਭੀ ਮਾਸ ਨਾਲ ਮਿਲੀ ਹੋਈ ਕੁੰਡੀ ਨੂੰ ਖਾ ਲੈਂਦੀ ਹੈ, (ਪਰ ਉਸ ਤੋਂ ਪੈਦਾ ਹੋਣ ਵਾਲੇ ਦੁੱਖ ਨੂੰ ਜਾਣਦੀ ਨਹੀਂ ਹੈ)।

੨. ਹਾਥੀ (ਕਲਬੂਤ ਰੂਪ) ਹਥਨੀ ਵਾਸਤੇ ਖਾਤੇ ਵਿਚ ਪੈ ਜਾਂਦਾ ਹੈ (ਅਤੇ ਫਿਰ ਸਾਰੀ ਉਮਰਾ (ਕੁੰਡੇ ਦੀ ਮਾਰ ਨੂੰ ਖਾਂਦਾ ਹੈ;) ਅਤੇ ਇਸੇ ਤਰ੍ਹਾਂ) ਰਾਗ ਵਿਚ ਰਾਗ (ਪ੍ਰੇਮ) ਕਰਕੇ ਹਰਨ ਆਪ ਨੂੰ ਨਾਸ ਕਰ ਲੈਂਦਾ ਹੈ, (ਪਰ ਸ਼ਿਕਾਰੀ ਦੇ ਕਪਟ ਨੂੰ ਜਾਣਦਾ ਨਹੀਂ ਹੈ)।

੩. ਕਮਲ ਫੁੱਲ ਦੀ ਸੁਗੰਧੀ ਵਿਚ ਫਸ ਕੇ ਭੌਰਾ ਮੌਤ ਨੂੰ ਗ੍ਰਹਿਣ ਕਰ ਲੈਂਦਾ ਹੈ, (ਪਰ ਸੂਰਜ ਦੇ ਅਸਤ ਹੋਣ ਦੇ ਸਮੇਂ ਨੂੰ ਜਾਣਦਾ ਨਹੀਂ ਹੈਂ,) ਇਸੇ ਤਰ੍ਹਾਂ ਨਾਲ ਬੇਸਮਝ ਜੀਵ ਆਪਣੇ ਪ੍ਰਾਣਾਂ ਨੂੰ ਨਾਸ ਕਰ ਲੈਂਦੇ ਹਨ।

੪. ਹਾਇ ! ਅਫਸੋਸ ਹੈ (ਅਤੇ ਆਪਣੇ ਉਪਰ) ਬੜੀ ਹਾਸੀ ਆਉਂਦੀ ਹੈ, ਕਿਉਂਕਿ ਮੈਂ) ਮਹਾਂ ਮੋਹ ਦੇ ਪ੍ਰਤਾਪ ਨੂੰ ਜਾਣਦਾ ਹਾਂ ਅਤੇ ਚੰਗੇ-ਮੰਦੇ ਕਰਮ ਨੂੰ ਸਮਝਦਾਂ ਭੀ ਹਾਂ ਫਿਰ ਭੀ ਭੋਗਾਂ ਦੀ ਆਸ ਨੂੰ ਨਾਸ ਨਹੀਂ ਕਰਦਾ ਹਾਂ॥੭॥

### ਦੋਹਰਾ

**ਮੋਹ ਮਹਾ ਤਮ ਰੂਪ ਕੋ ਗਹਨ ਮਹਾਤਮ ਆਹਿ ।**
**ਮੋਹੇ ਪੁਰਖ ਮਹਾਤਮਾ ਜਹਿ ਵਿਵੇਕ ਰਵਿ ਨਾਹਿ ॥੮॥**

ਮਹਾਤਮਾ-ਬੜਾ ਭਾਰਾ ਹਨੇਰਾ। ਮਹਾਤਮਾ-ਪ੍ਰਤਾਪ। ਗਹਨ-ਮਹਾਂ ਕਠਨ। ਰਵਿ-ਸੂਰਜ

ਮਹਾਂ ਅੰਧਕਾਰ ਰੂਪ ਮੋਹ ਦਾ ਪ੍ਰਤਾਪ ਬਹੁਤ ਕਠਨ ਹੈ।

ਜਿਨ੍ਹਾਂ ਦੇ (ਹਿਰਦੇ ਰੂਪ ਅਕਾਸ ਵਿਚ) ਵਿਵੇਕ ਰੂਪ ਸੂਰਜ ਨਹੀਂ ਚੜ੍ਹਿਆ ਹੈ (ਉਹ) ਮਹਾਤਮਾ ਪੁਰਸ਼ ਭੀ ਮੋਹੇ ਗਏ ਹਨ ॥੮॥

### ਸ੍ਵੈਯਾ

ਏ ਸ੍ਰੁਤਿ ਗਿਆਨ ਸੁਜਾਨਨ ਕੇ।
ਅਭਿਮਾਨ ਮਦਾਦਿ ਵਿਕਾਰ ਨਿਵਾਰੇ ॥
ਕੇਚਿਤ ਮੋ ਸਮ ਨੀਚਨ ਕੇ ਚਿੱਤ।
ਮੌ ਵਹੁ ਮਾਨ ਮਦਾਦਿਕ ਧਾਰੇ ॥
ਸੂਨ ਯਥਾ ਮਠ ਸਾਧਨ ਕੋ ਅਤਿ।
ਮੋਖ ਕੋ ਸਾਧਨ ਦੋਖ ਪ੍ਰਹਾਰੇ ॥
ਸੋ ਹਮ ਸੇ ਮਦਨਾਂਤਰ ਕੋ ਅਤਿ ਕਾਮ।
ਕੋ ਕਾਰਣ ਬਾਮ ਸਮਾਰੇ ॥੯॥

ਸ੍ਰੁਤਿ-ਵੇਦ। ਨਿਵਾਰੇ-ਦੂਰ ਕਰਦਾ ਹੈ। ਕੇ ਚਿਤ-ਕਈ ਕੁ। ਮਾਨ-ਹੰਕਾਰ। ਸੂਨ=ਸੁੰਞਾ ਸੱਖਣਾ। ਮਠ=ਘਰ। ਸਾਧਨ=ਸਾਧਾਂ-ਸੰਤ-ਜਨ। ਮਦਨਾਂਤਰ=ਕਾਮੀ ਪੁਰਸ਼ਾਂ। ਬਾਮ=ਇਸਤ੍ਰੀ।

ਏਹ ਵੇਦ ਦਾ ਗਿਆਨ ਸੁਜਾਨ ਪੁਰਸ਼ਾਂ ਦੇ (ਮਨ ਵਿਚੋਂ) ਹੰਕਾਰ ਤੇ ਮਦ ਆਦਿਕ ਵਿਕਾਰ ਦੂਰ ਕਰਦਾ ਹੈ। (ਪਰ) ਕਈ ਕੁ ਮੇਰੇ ਵਰਗੇ ਨੀਚਾਂ ਦੇ ਮਨ ਵਿਚ ਉਹ (ਵੇਦ ਗਿਆਨ) ਮਦ-ਮਾਨ ਆਦਿਕ ਔਗੁਣਾਂ ਨੂੰ ਧਾਰਨ (ਕਰ ਦੇਂਦਾ ਹੈ)।

ਜਿਸ ਤਰ੍ਹਾਂ ਜੰਗਲ ਵਿਚਲਾ ਖਾਲੀ ਮਕਾਨ ਸੰਤ-ਜਨਾਂ ਵਾਸਤੇ ਅਤਿ ਸੇ ਕਰਕੇ ਮੁਕਤੀ ਦਾ ਸਾਧਨ ਰੂਪ ਦੋਸ਼ਾ ਨੂੰ ਨਾਸ਼ ਕਰਨ ਵਾਲਾ ਹੁੰਦਾ ਹੈ।

(ਪਰ) ਉਹ ਮਕਾਨ ਮੇਰੇ ਵਰਗੇ ਕਾਮੀ ਪੁਰਸ਼ਾਂ ਲਈ ਅਤਿਸੇ ਹੀ ਕਾਮ ਦਾ ਕਾਰਣ (ਹੁੰਦਾ ਹੈ, ਜਿਥੇ ਬੈਠਕੇ ਉਹ ਕਾਮੀ ਪੁਰਸ਼) ਇਸਤ੍ਰੀ ਨੂੰ ਯਾਦ ਕਰਦਾ ਹੈ ॥੯॥

### ਕਬਿੱਤ

ਪੁੰਨਨ ਕੇ ਵਸਤੇ ਸੁ ਭੋਗਚਿਰ ਵਸਤੇ,
ਨਮਿਤ ਨਸੇ ਨਸਤੇ ਪ੍ਰਯਾਦ ਆਦਿ ਦਿਨ ਮੈ ॥
ਕੌਨ ਭੇਦ ਭੋਗਨਕੇ ਭੇਦ ਮੈ ਨ ਤਜੇ ਜਨ,
ਏਕ ਕੋ ਵਿਯੋਗ ਤੋ ਅਵੱਸ ਹੋਤ ਇਨ ਮੈ ॥
ਸੁਤੇ ਜਬ ਜਾਵੈ ਤਬ ਮਨ ਕੋ ਤਪਾਵੈ ਭਾਰੀ,
ਮੋਖੇ ਤਿਨੇ ਆਪ ਤਾਪ ਮੋਖੇ ਤਿਨ ਖਿਨੇ ਮੈ ॥

**ਐਸੇ ਮੋਖ ਪ੍ਰਤਿ ਬੰਧੀ ਵਿਖੈ ਲਖੇ ਮੈ ਸਬੰਧੀ,**
**ਕੋ ਕੁਭਾਗੀ ਬਿਨ ਮੈ ਜੋ ਰਾਗੀ ਹੋਤ ਇਨ ਮੈ ॥੧੦॥**

ਨਮਿਤ-ਕਾਰਣਾਂ। ਨਸਤੇ-ਨਸ ਜਾਣ ਕਰਕੇ, ਨਾਸ ਹੁੰਦੇ ਹਨ। ਅਵੱਸ-ਜ਼ਰੂਰ ਹੀ। ਸੁੱਤੇ-ਆਪਣੇ ਆਪ। ਤਪਾਵੈ-ਦੁੱਖ ਦੇਂਦੇ ਹਨ। ਮੋਖੇ-ਤਿਆਗ ਦੇਵੇ। ਮੋਖੇ-ਛੱਡ ਜਾਂਦੇ ਹਨ। ਪ੍ਰਤਿਬੰਧੀ-ਰੋਕ ਪਾਣ ਵਾਲੇ। ਕੁਭਾਗੀ-ਭਾਗਾਂ ਵਾਲਾ। ਰਾਗੀ-ਪ੍ਰੇਮੀ, ਸਨੇਹੀ।

੧. (ਪੂਰਬਲੇ) ਪੁੰਨ ਕਰਮਾਂ ਦੇ ਵੱਸ ਕਰਕੇ, ਉਹ ਭੋਗ ਰੂਪ ਪਦਾਰਥ ਚਿਰ ਕਾਲ ਤੱਕ ਪੁਰਸ਼ ਦੇ ਕੋਲ ਵੱਸਦੇ ਹਨ, (ਪਰ) ਭੋਗਾਂ ਦੇ ਕਾਰਣਾਂ ਦੇ ਨਾਸ ਹੋ ਜਾਣ ਕਰਕੇ ਭੋਗ ਭੀ ਨਾਸ ਹੋ ਜਾਂਦੇ ਹਨ, ਇਹ ਮਰਯਾਦਾ ਆਦ ਦਿਨ ਤੋਂ ਹੀ ਤੁਰੀ ਆਉਂਦੀ ਹੈ।

੨. ਭੋਗਾਂ ਦੇ ਮੋਹ ਦਾ ਤਿਆਗ ਕਰਨ ਦਾ ਕੀ ਭੇਦ ਹੈ, ਜੋ ਪੁਰਸ਼ ਇਨ੍ਹਾਂ ਨੂੰ ਤਿਆਗਦਾ ਨਹੀਂ ਹੈ, ਇਨ੍ਹਾਂ ਭੁਗਤਾਂ ਜਾਂ ਭੋਗਾਂ ਵਿਚੋਂ ਇਕ ਦਿਨ ਇਕ ਦਾ ਵਿਯੋਗ ਤਾਂ ਹੋਣਾ ਜ਼ਰੂਰੀ ਹੈ (ਅਰਥਾਤ ਭੋਗ ਭੁਗਤਾ ਨੂੰ ਛੱਡ ਜਾਂਦੇ ਹਨ, ਜਾਂ ਭੁਗਤਾ ਭੋਗਾਂ ਨੂੰ ਤਿਆਗ ਦੇਂਦਾ ਹੈ)।

੩. ਜਦੋਂ ਭੋਗ ਆਪਣੇ ਆਪ ਜਾਂਦੇ ਹਨ, ਤਾਂ ਇਹ ਭੁਗਤਾਂ (ਰੂਪ ਜੋ ਪੁਰਸ਼ ਹੈ,ਉਸ) ਨੂੰ ਭਾਰੀ ਦੁੱਖ ਦੇਂਦੇ ਹਨ ਅਤੇ ਜਦ ਭੁਗਤਾ ਪੁਰਸ਼ ਇਨ੍ਹਾਂ ਭੋਗਾਂ ਨੂੰ ਆਪ ਤਿਆਗ ਦੇਵੇ ਤਾਂ ਤਿੰਨੇ ਤਾਪ ਇਕ ਖਿਨ ਵਿਚ ਜੀਵ ਨੂੰ ਤਿਆਗ ਜਾਂਦੇ ਹਨ।

੪. ਇਸ ਤਰ੍ਹਾਂ ਦੇ ਭੋਗ ਜੋ ਮੁਕਤੀ ਵਿਚ ਰੁਕਾਵਟ ਪਾਣ ਵਾਲੇ ਹਨ; ਉਨ੍ਹਾਂ ਨੂੰ ਮੈਂ ਆਪਣਾ ਸਨਬੰਧੀ ਜਾਣਿਆ ਹੋਇਆ ਹੈ, ਮੈਥੋਂ ਬਿਨਾਂ ਹੋਰ ਮੰਦੇ ਭਾਗਾਂ ਵਾਲਾ ਕੌਣ ਹੈ, ਜੋ ਇਨ੍ਹਾਂ ਦਾ ਪ੍ਰੇਮੀ ਹੋ ਕੇ ਇਨ੍ਹਾਂ ਵਿਚ ਖੱਚਤ ਹੋ ਰਿਹਾ ਹੈ ॥੧੦॥

### *ਮਾਤ੍ਰਿਕ ਸ੍ਵੈਯਾ*

**ਅਹੋ ਸਖੈ ਮੈ ਭੋਗ ਨ ਭੋਗੇ। ਭੋਗਯੋ ਗਯੋ ਆਪ ਮੈ ਮੂਢ ॥**
**ਕ੍ਰਮ ਕ੍ਰਮ ਹਮਰੋ ਪ੍ਰਾਕ੍ਰਮ। ਸਗਰੋ ਲੀਨੇ ਭੋਗੋਂ ਭੋਗ ਅਗੂਢ ॥**
**ਭੁਗਤਾ ਜਾਨ ਭੋਗ ਮੈ ਭੋਗੇ। ਉਲਟਾ ਭੋਗੋਂ ਭੋਗਯੋ ਮੋਹ ॥**
**ਸਿਸਨੋਦਰ ਪਰ ਭੈਉ ਨ ਚੀਨੋ। ਕੀਨੋ ਮੈ ਨਿਜਾਪ ਸੋ ਦ੍ਰੋਹ ॥੧੧॥**

ਅਹੋ ਸਖੈ-ਹੇ ਮਿੱਤਰ। ਮੂਢ-ਮੂਰਖ-ਕ੍ਰਮ ਕ੍ਰਮ-ਸਹਜੇ ਸਹਜੇ, ਨੰਬਰ ਵਾਰ। ਪ੍ਰਾਕ੍ਰਮ-ਬਲ, ਜੋਰ। ਭੋਗਾਂ-ਭੋਗਾਂ ਨੇ। ਅਗੂਢ-ਚੁੱਪ-ਚੁਪਾਤਿਆਂ, ਬੇ-ਮਲੂਮੀ ਵਿਚ। ਭੁਗਤਾ-ਭੋਗਾਂ ਨੂੰ ਭੋਗਨ ਵਾਲਾ ਭੋਗੀ। ਭੋਗਯੋ-ਭੋਗ ਲਿਆ। ਸਿਸਨੋਦਰ-(ਸਿਸਨ+ਉਦਰ) ਲਿੰਗ ਇੰਦ੍ਰਯ ਤੇ ਪੇਟ ਢਿੱਡ। ਭੈਉ-ਡਰ ਨੇ। ਨਿਜਾਪ-ਆਪਨੇ ਆਪ। ਦਰੋਹ-ਛਲ।

ਹੇ ਮਿੱਤਰ! ਮੈਂ ਭੋਗ ਨਹੀਂ ਭੋਗੇ, ਸਗੋਂ ਮੈਂ ਮੂਰਖ਼ ਆਪ ਹੀ ਭੋਗਿਆ ਗਿਆ ਹਾਂ। ਸਹਜੇ-ਸਹਜੇ ਮੇਰੇ ਸਾਰੇ ਬਲ ਨੂੰ, ਭੋਗਾਂ ਨੇ ਚੁੱਪ-ਚੁਪੀਤਿਆਂ ਹੀ ਭੋਗ ਲਿਆ ਹੈ। ਮੈਂ (ਅਪਣੇ ਆਪ ਨੂੰ) ਭੋਗਾਂ ਨੂੰ ਭੋਗਣ ਵਾਲਾ ਜਾਣ ਕਰਕੇ ਭੋਗਿਆ ਹੈ, ਪਰ ਉਲਟਾ ਭੋਗਾਂ ਨੇ ਮੈਨੂੰ ਭੋਗ ਲਿਆ ਹੈ।

(ਮੈਂ) ਲਿੰਗ ਇੰਦ੍ਰਯ ਤੇ ਪੇਟ (ਨੂੰ ਭਰਨ ਵਾਸਤੇ ਵਿਸ਼ਯ ਭੋਗ ਤੇ ਰਸਨਾ ਦੇ ਭੋਗਾਂ ਵਿਚ ਲੱਗ ਕੇ) ਪਰਮਾਤਮਾ ਦੇ ਡਰ ਨੂੰ ਜਾਣਿਆਂ ਨਹੀਂ ਹੈ, (ਇਸ ਤਰ੍ਹਾਂ) ਮੈਂ ਅਪਨੇ ਆਪ ਨਾਲ ਛਲ-ਫਰੇਬ ਕੀਤਾ ਹੈ ॥੧੧॥

**ਇੰਦ੍ਰਯ ਗਣ ਕੇ ਸੰਜਮ ਤਪ ਕੋਤਾਪਯੋ ਮੋਹ ਨ ਕਬਹੂ ਠੀਕ ॥**
**ਕਾਮ ਕ੍ਰੋਧ ਲੋਭਾਦਿ ਅਗਨਿ ਕਰਿ ਮੈਂ ਸੰਤਪਤ ਭਯੋ ਅਬ ਤੀਕ ॥**
**ਕਾਲ ਚਕ੍ਰ ਵਤ ਭ੍ਰਮਤ ਸਰਬਦਾ ਸੀਤ ਉਸਨ ਬਪੁਧਰ ਵਖਯਾਤ ॥**
**ਸਮਾ ਨ ਬੀਤਯੋ ਹਉਂ ਹੀ ਬੀਤਯੋ ਭਯੋ ਵਿਲਖਣ ਮਮ ਸੰਗਾਤ ॥੧੨॥**

ਗਣ-ਸਮੂਹ, ਸਾਰੇ। ਸੰਜਮ-ਰੋਕਣਾ। ਸੰਤਪਤ-ਸੜ ਬਲ ਗਿਆ, ਬਹੁਤ ਦੁਖੀ ਹੋਯਾ। ਕਾਲ-ਸਮਾਂ। ਚਕ੍ਰ-ਗੋਲ ਪਹੀਏ। ਭ੍ਰਮਤ-ਫਿਰਦਾ ਹੈ। ਸਰਬਦਾ-ਹਮੇਸ਼ਾਂ ਹੀ। ਬਪੁ-ਸਰੀਰ। ਸੀਤ-ਠੰਡ, ਸਰਦੀ। ਉਸਨੇ-ਗਰਮੀ। ਵਖਜਾਤ-ਪ੍ਰਗਟ। ਸੰਗਾਤ- ਦੇਹ।

ਸਾਰੇ ਇੰਦ੍ਰਿਆਂ ਨੂੰ ਰੋਕ ਕੇ ਰੱਖਣ ਰੂਪ ਤਪ ਨੂੰ, ਮੈਂ ਕਦੀ ਭੀ ਠੀਕ ਤਰ੍ਹਾਂ ਨਾਲ ਨਹੀਂ ਤਪਿਆ ਹੈ। ਕਾਮ, ਕ੍ਰੋਧ ਤੇ ਲੋਭ ਆਦਿਕ ਅੱਗ ਨਾਲ ਮੈਂ ਹੁਣ ਤਕ ਚੰਗੀ ਤਰ੍ਹਾਂ ਕਰਕੇ ਤਪ (ਦੁਖੀ ਹੋ) ਗਿਆ ਹਾਂ। ਸਮਾਂ ਗੋਲ ਪਹੀਏ ਵਾਂਗੂੰ ਸਦਾ ਹੀ ਕਿਰ੍ਦਾ ਹੈ ਅਤੇ ਸਰਦੀ-ਗਰਮੀ ਰੂਪ ਦੇਹ ਧਰਕੇ ਪ੍ਰਗਟ (ਹੀ ਵਰਤ ਰਿਹਾ ਹੈ)।

ਸਮਾਂ ਨਹੀਂ ਗੁਜ਼ਰਿਆ, (ਉਲਟਾ) ਮੈਂ ਹੀ ਗੁਜਰ ਗਿਆ ਹਾਂ, ਅਤੇ ਮੇਰਾ ਸਰੀਰ ਵਿਲੱਖਣ ਹੋ ਗਿਆ ਹੈ (ਅਰਥਾਤ ਕਾਲੇ ਕੇਸ ਚਿੱਟੇ ਹੋ ਗਏ ਹਨ ਤੇ ਅੱਖਾਂ ਦੀ ਜੋਤਨਾ ਮਧਮ ਹੋ ਗਈ ਹੈ ਆਦਿਕ) ॥੧॥

**ਤ੍ਰਿਸਨਾ ਜੀਰਣ ਭਈ ਨ ਅਬ।**
**ਲੌ ਮੈ ਹੂੰ ਭਯੋ ਜਰਜਰੋ ਆਪ ॥**
**ਬ੍ਰਿੱਧ ਭਯੋ ਦੂਰਿ ਬੁਧਿ ਗਈ ਨਹਿ।**
**ਮਮ ਉਰ ਮੋ ਯਹ ਗੁਰ ਸੰਤਾਪ ॥**
**ਅਧਮ ਕਾਮ ਮੋ ਅਵਧਿ ਗਈ।**
**ਸਭ ਲਬਧਿ ਭਯੋ ਅਬ ਲੌ ਕਛੂ ਨਾਹਿ ॥**
**ਹਹਾ ਨ ਹਰਿ ਕੇ ਪਾ ਪਕਰੇ ਹਰਿ ਪਾਪ।**
**ਕਰੇ ਮੈ ਅਹਿ ਨਿਸ ਮਾਹਿ ॥੧੩॥**

**ਜੀਰਣ-ਬੁੱਢੀ, ਕਮਜ਼ੋਰ।** ਤ੍ਰਿਸ਼ਨਾ-ਭੋਗਾਂ ਦੀ ਇੱਛਾ ਤੇ ਧਨ-ਪਦਾਰਥਾਂ ਦੀ ਇੱਛਾ। **ਜਰਜਰੋ-**

ਕਮਜ਼ੋਰ, ਬੁੱਢਾ। ਬ੍ਰਿਧ-ਬੁੱਢਾ। ਦੂਰ ਬੁਧਿ- ਖੋਟੀ ਬੁਧੀ। ਗੁਰ-ਭਾਰੀ। ਸੰਤਪ-ਦੁਖ। ਅਧਮ ਕਾਮ-ਨੀਚ ਕੰਮਾਂ। ਅਵਧਿ-ਉਮਰਾ। ਲਬਧਿ-ਪ੍ਰਾਪਤ। ਅਬ ਲੌ-ਅਜ ਤਕ। ਪਾ -ਪੈਰ, ਚਰਨ। ਅਹਿ ਨਿਸ-ਦਿਨ-ਰਾਤ।

(ਮੇਰੇ ਮਨ ਵਿਚੋਂ) ਭੋਗਾਂ ਦੀ ਇੱਛਾ ਕਮਜ਼ੋਰ ਨਹੀਂ ਹੋਈ ਅਤੇ ਮੈਂ ਆਪ ਬੁੱਢਾ ਹੋ ਗਿਆ ਹਾਂ। (ਮੈਂ) ਬੁੱਢਾ ਹੋ ਗਿਆ ਹਾਂ, (ਮੈਂ) ਬੁੱਢਾ ਹੋ ਗਿਆ ਹਾਂ, (ਪਰ ਮਨ ਵਿਚੋਂ) ਖੋਟੀ ਬੁੱਧੀ ਨਹੀਂ ਗਈ ਹੈ, ਮੇਰੇ ਹਿਰਦੇ ਵਿਚ ਏਹੋ ਇਕ ਬੜਾ ਭਾਰੀ ਦੁਖ ਹੈ।

ਨੀਚ ਕੰਮਾਂ (ਦੇ ਪੂਰਿਆਂ ਕਰਨ) ਵਿਚ ਸਾਰੀ ਉਮਰਾ ਬੀਤ ਗਈ ਹੈ, ਅਤੇ ਅਜੇ ਤਕ ਮੈਂ ਕੁਝ ਪ੍ਰਾਪਤ (ਨਹੀਂ ਕੀਤਾ। ਹਾਇ ! ਅਫਸੋਸ ! ਮੈਂ ਹਰੀ ਦੇ ਚਰਨ ਨਹੀਂ ਫੜੇ ਅਤੇ ਹਰ ਇਕ ਪਾਪ ਕਰਨ ਵਿਚ ਮੈਂ ਦਿਨ-ਰਾਤ (ਗੁਜਾਰਿਆ ਹੈ) ॥੧੩॥

### ਸ੍ਵੈਯਾ

**ਫੂਲ ਨਿਬੰਧ ਸੁਗੰਧਿ ਰਹੱਸ ਕੋ ਧਾਰਤ ਜੋ ਸਬ ਸ੍ਵਾਤਮ ਚੀਨੋ ॥**
**ਤੇ ਧਨ ਯਾ ਬਿਧ ਰਾਜਤ ਜੋ ਭਵ ਬੰਧਨ ਬ੍ਰਿਧ ਕੀਓ ਜਿਸ ਖੀਨੇ ॥**
**ਸਠ ਤੇ ਸ਼ਤ ਵਾਰ ਪਠੇ ਨਹਿ ਸ੍ਵਾਤਮ ਚੀਨ ਭਯੋਮਦ ਪੀਨੋ ॥**
**ਹਾ ਨਰ ਕੇ ਤਨ ਮੋ ਬਸ ਮੈ ਨਰਕੇ ਦਸਬੇ ਕੌ ਪ੍ਰਾਕ੍ਰਮ ਕੀਨੋ ॥੧੪॥**

ਨਿਬੰਧ-ਧਾਰਮਕ ਗ੍ਰੰਥਿ। ਰਹੱਸ-ਗੁਪਤ ਭੇਦ, ਤਾਤ ਪਰਜ, ਸਿਧਾਂਤ। ਸ੍ਵਾਤਮ-ਆਪਨਾ ਆਤਮਾ। ਚੀਨੋ-ਜਾਣ ਲਿਆ ਹੈ। ਤੇ ਧਨ-ਉਹ ਪੁਰਸ਼ ਧੰਨ ਹਨ। ਰਾਜਤ-ਬਿਰਾਜਦੇ ਹਨ। ਖੀਨੋ-ਨਾਸ। ਸਠ-ਮੂਰਖ। ਸ਼ਤ ਵਾਰ-ਸੌ ਵੇਰੀ। ਪਠੇ-ਪੜ੍ਹੇ ਹਨ। ਮਦ-ਹੰਕਾਰ। ਪੀਨੋ-ਜ਼ੋਰਾਵਰ। ਹਾ-ਹਾਇ। ਬਸਬੇ-ਵੱਸਣ ਦੇ ਵਾਸਤੇ। ਪ੍ਰਾਕ੍ਰਮ-ਉਦਮ, ਬਲ।

(ਜੋ ਧਾਰਮਿਕ ਗ੍ਰੰਥ) ਹਨ, ਏਹ (ਫੁੱਲ ਹਨ,) ਉਨ੍ਹਾਂ ਦਾ (ਤਾਤ ਪਰਜ ਹੀ) ਇਨ੍ਹਾਂ ਦੀ (ਸੁਗੰਧੀ ਹੈ,) ਜੋ ਪੁਰਸ਼ ਇਨ੍ਹਾਂ ਗ੍ਰੰਥਾਂ ਦੇ ਸਿਧਾਂਤ ਨੂੰ ਹਿਰਦੇ ਵਿਚ ਧਾਰਦੇ ਹਨ, (ਉਹ) ਸਭ ਤਰ੍ਹਾਂ ਕਰਕੇ ਆਪਣੇ ਆਤਮਾ ਨੂੰ ਪਛਾਣ ਲੈਂਦੇ ਹਨ ਉਹ ਪੁਰਸ਼ ਧੰਨ ਹਨ ਜੋ ਇਸ ਤਰੀਕੇ ਨਾਲ ਗ੍ਰੰਥਾਂ ਦੇ ਸਿਧਾਂਤ ਨੂੰ ਜਾਣ ਕੇ ਸੰਸਾਰ ਵਿਚ ਬਿਰਾਜਦੇ ਹਨ, ਜਿਸ (ਕਰਕੇ ਉਨ੍ਹਾਂ ਨੇ) ਸੰਸਾਰ ਦੇ ਵਧੇ ਹੋਏ ਬੰਧਨਾਂ ਨੂੰ ਨਾਸ ਕਰ ਲਿਆ ਹੈ।

(ਮੈਂ) ਮੂਰਖ ਨੇ ਉਹ (ਗ੍ਰੰਥ) ਸੈਂਕੜੇ ਵੇਰੀਂ ਪੜ੍ਹੇ ਹਨ, (ਪਰ) ਆਪਣੇ ਆਤਮਾ ਨੂੰ ਜਾਣਿਆਂ ਨਹੀਂ ਹੈ, (ਸਗੋਂ) ਹੰਕਾਰ ਜ਼ੋਰਾਵਰ ਹੋ ਗਿਆ ਹੈ।

ਹਾਇ ! ਮੈਂ ਮਨੁੱਖ ਦੇ ਸਰੀਰ ਵਿਚ ਵਸ ਕਰਕੇ, ਨਰਕ ਵਿਚ ਵੱਸਣ ਦਾ ਹੀ ਉੱਦਮ ਕੀਤਾ ਹੈ ॥੧੪॥

### ਕਬਿੱਤ

**ਬ੍ਰਹਮ ਗਿਆਨ ਕੇ ਵਿਵੇਕੀ ਵਿਮਲ ਮਨੀਖਾ ਜਾਂਕੀ,
ਅਹੋ ਦੁਹ ਕ੍ਰਿਯਾ ਤਾਂਈ ਪਾਯੋਂਦ੍ਰਵਯ ਤਯਾਗੇ ਹੈਂ॥
ਭੋਜਨ ਕੀ ਰਾਸ ਕੋ ਆਵਸ ਧਨ ਤੇ ਉਦਾਸ ਜਾਤੇ,
ਭੋਗੋਂ ਤੇ ਨਿਰਾਸਾ ਆਤਮਾਨੁਰਾਗੇ ਹੈਂ॥
ਆਦਿ ਮੈ ਨਾ ਪ੍ਰਾਪਤਿ ਅਪ੍ਰਾਪਤਿ ਇਦਾਨੀ ਵਿਤ,
ਦ੍ਰਿੜਣ ਪ੍ਰਤੀਤ ਹਮ ਆਗੇ ਕਛੁ ਪਾਗੇ ਹੈਂ॥
ਇਛਾ ਮਾਤ੍ਰ ਧਨ ਕੇ ਇਕਤ੍ਰ ਕੋ ਨ ਤਯਾਗ ਸਕੇਂ,
ਵਹੀ ਵਡਭਾਗ ਹਮਾਰੇ ਭਾਗ ਭਾਗੇ ਹੈਂ॥੧੫॥**

ਵਿਮਲ-ਨਿਰਮਲ। ਮਨੀਖਾ-ਬੁੱਧੀ। ਅਹੋ-ਅਚਰਜ ਹੈ। ਦੁਹਕ੍ਰਿਯਾ-ਔਖੇ ਕਰਮ। ਪਾਯੋ-ਪ੍ਰਾਪਤ ਕੀਤਾ ਹੋਯਾ। ਦ੍ਰਵਯ-ਧਨ। ਰਾਸ-ਮੂੜੀ, ਪੂੰਜੀ। ਅਵਾਸ-ਘਰ। ਨਿਰਾਸ-ਉਦਾਸ। ਆਤਮਾਨੁਰਾਗੇ-ਆਤਮ ਸਰੂਪ ਦੇ ਪ੍ਰੇਮੀ। ਆਦਿ ਮੈ-ਪਹਿਲੇ ਸਮੇਂ ਵਿਚ। ਅਪ੍ਰਾਪਤਿ-ਪ੍ਰਾਪਤ ਨਹੀਂ ਹੈ। ਇਦਾਨੀ-ਇਸ ਸਮੇਂ ਵਿਚ। ਵਿਤ-ਧਨ। ਪਾਗੇ-ਪ੍ਰਾਪਤ ਹੋਵੇਗਾ। ਭਾਗੇ-ਨਾਸ ਹੋ ਗਏ।

(ਜੋ ਪੁਰਸ਼) ਬ੍ਰਹਮ ਗਿਆਨ ਦੀ ਵਿਚਾਰ ਵਾਲੇ ਹਨ, ਜਿਨ੍ਹਾਂ ਦੀ ਬੁਧੀ (ਦੁਰਵਾਸਨਾ ਰੂਪ) ਮੈਲ ਤੋਂ ਰਹਿਤ ਹੈ, ਵੱਡਾ ਅਚਰਜ ਹੈ, (ਕਿ ਉਨ੍ਹਾਂ ਨੇ) ਔਖੇ-ਔਖੇ ਕੰਮਾਂ ਕਰਕੇ ਪ੍ਰਾਪਤ ਕੀਤਾ ਹੋਇਆ ਧਨ ਤਿਆਗ ਦਿੱਤਾ ਹੈ। (ਜੋ) ਸਾਰੇ ਭੋਜਨ ਸਮਗ੍ਰੀ ਦੀ ਪੂੰਜੀ ਦਾ ਘਰ ਧਨ ਹੈ, ਉਹ (ਉਸ) ਧਨ ਤੋਂ ਉਦਾਸ (ਰਹਿੰਦੇ ਹਨ) ਜਿਸ ਕਰਕੇ ਭੋਗਾਂ ਦੀ ਆਸਾ ਤੋਂ ਰਹਿਤ ਹਨ (ਕੇਵਲ) ਆਤਮਾ ਸਰੂਪ ਦੇ ਹੀ ਪਰੇਮੀ ਹਨ। (ਜੋ ਧਨ ਮੈਨੂੰ) ਪਹਿਲੇ ਸਮੇਂ ਵਿਚ ਭੀ ਪ੍ਰਾਪਤ ਨਹੀਂ ਸੀ, ਇਸ ਸਮੇਂ ਵਿਚ ਭੀ ਪ੍ਰਾਪਤ ਨਹੀਂ ਹੈ ਅਤੇ ਇਹ ਭੀ ਪੱਕਾ ਭਰੋਸਾ ਨਹੀਂ ਹੈ, ਜੋ ਅੱਗੇ ਨੂੰ ਮੈਨੂੰ ਪ੍ਰਾਪਤ ਹੋਵੇਗਾ।

ਕੇਵਲ ਇੱਛਾ ਰੂਪ (ਜੋ) ਧਨ ਇਕੱਠਾ ਕੀਤਾ ਹੋਇਆ ਹੈ (ਅਸੀਂ ਉਸਨੂੰ ਭੀ) ਤਿਆਗ ਨਹੀਂ ਸਕੇ ਹਾਂ, (ਇਸ ਲਈ) ਉਹ ਵੱਡੇ ਭਾਗਾਂ ਵਾਲੇ ਹਨ ਅਤੇ ਭਾਗ ਮੇਰੇ ਨਾਸ ਹੋ ਗਏ ਹਨ ॥੧੫॥

### ਅਨੰਗ ਸੇਖਰ ਛੰਦ

**ਜਾਚ ਜਾਚ ਕੇ ਅਹਾਰ ਨਾਹਿ ਸੋ ਪਿ ਸ੍ਵਾਦ ਵਾਰ।
ਲਾਭ ਹੋਤ ਏਕ ਵਾਰ ਭੂਖ ਤਾਪ ਕੋ ਅਵਾਰ॥
ਸੈਨ ਭੂਮਿ ਪੈ ਬਨੋ ਨ ਸਾਕ ਸੈਨ ਕੋ ਗਨੋ।
ਸਰੀਰ ਮਾਤ੍ਰ ਪੋਖਨੋ ਨ ਜੋਬਨੋ ਸੁਪੇਦ ਵਾਰ॥**

**ਖੀਨ ਚੀਰਗੋ ਦਰੀ ਅਨੇਕ ਲੀਰ ਸੋਂ,**
**ਕਰਕਰੀ ਉਜਾਰ ਝੌਂਪਰੀਅਧੈਨ ਗ੍ਰੰਥ ਵਾਰ ਵਾਰ॥**
**ਹਾਇ ਹਾਇ ਭੋਗ ਚਾਹਿ ਨਾਹਿ ਮੈ ਤਜੇ,**
**ਅਜੇ ਮੋਰ ਚਿਤ ਬੈਲ ਕੋ ਸਵਾਰ ਬੈਲ ਕੇ ਸਵਾਰ ॥੧੬॥**

ਜਾਚਕੇ-ਮੰਗਕੇ। ਅਹਾਰ-ਭੋਜਨ, ਖੁਰਾਕ। ਸੋਪਿ-ਉਹ ਭੀ। ਲਾਭ ਹੋਤ-ਪ੍ਰਾਪਤ ਹੁੰਦਾ ਹੈ, ਮਿਲਦਾ ਹੈ। ਭੂਖ ਤਾਪ-ਭੁਖ ਦਾ ਦੁਖ। ਅਵਾਰ ਦੂਰ ਨਹੀਂ ਹੁੰਦਾ, ਮਿਟਦਾ ਨਹੀਂ ਹੈ। ਸੈਨ-ਸੌਣਾਂ। ਪੋਖਨੋ-ਭਰਨਾ। ਸੁਪੇਦ ਵਾਰ-ਚਿੱਟੇ ਖਨਿ ਚੀਰ-ਪਾਟੇ ਹੋਏ ਕੱਪੜੇ। ਕਰੀ-ਬਣਾਈ ਹੈ। ਝੌਂਪਰੀ-ਕੱਖਾਂ ਦੀ ਕੁਲੀ। ਅਧੈਨ-ਪੜ੍ਹਦਾ ਹਾਂ। ਮੋਰ-ਮੇਰੇ। ਸਵਾਰ-ਸੁਧਾਰ। ਬੈਲ ਸਵਾਰ-ਸ਼ਿਵਜੀ।

(ਲੋਕਾਂ ਦੇ ਘਰਾਂ ਤੋਂ) ਮੰਗ ਮੰਗ ਕੇ ਖਾਂਦਾ ਹਾਂ, ਉਹ ਭੀ ਸ੍ਵਾਦ ਵਾਲਾ ਨਹੀਂ, (ਅੱਠਾਂ ਪਹਿਰਾਂ ਵਿਚ ਕੇਵਲ) ਇਕ ਵੇਲੇ (ਖਾਣ ਨੂੰ) ਮਿਲਦਾ ਹੈ, ਕੋਈ (ਮੇਰਾ ਇਥੇ) ਸਾਕ ਸੈਨ ਨਹੀਂ (ਤੇ ਮੈਨੂੰ ਕੋਈ) ਜਾਣਦਾ ਭੀ ਨਹੀਂ ਹੈ, ਕੇਵਲ ਸਰੀਰ ਦੀ ਪਾਲਨਾ (ਭੀ ਮਸਾਂ-ਮਸਾਂ) ਹੁੰਦੀ ਹੈ, ਜੁਆਨੀ (ਦਾ ਵੇਲਾ ਗੁਜ਼ਰ ਚੁਕਾ ਹੈ, ਅਤੇ ਬੁਢੇਪੇ ਕਰਕੇ) ਵਾਲ ਸਫੈਦ ਹੋ ਗਏ ਹਨ।

ਪਾਟੇ ਹੋਏ ਕੱਪੜੇ ਦੀ ਗੋਦੜੀ ਹੈ ਜੋ ਅਨੇਕਾਂ ਲੀਰਾਂ (ਕੱਠੀਆਂ ਕਰਕੇ ਬਣਾਈ ਹੈ, ਅਤੇ (ਰਹਿਣ ਵਾਸਤੇ) ਉਜਾੜ ਵਿਚ ਝੌਂਪੜੀ ਬਣਾਈ ਹੋਈ ਹੈ, ਅਤੇ ਧਾਰਮਿਕ ਗ੍ਰੰਥਾਂ ਨੂੰ ਮੁੜ ਮੁੜ ਕੇ ਪੜ੍ਹਦਾ ਹਾਂ।

ਹਾਇ ਅਫਸੋਸ ! ਹਾਇ ਅਫਸੋਸ !! ਭੋਗਾਂ ਦੀ ਇੱਛਾ ਨੂੰ ਮੈਂ ਅਜੇ ਭੀ ਛੱਡਿਆ ਨਹੀਂ ਹੈ, ਹੇ ਬਲਦ ਉਤੇ ਸਵਾਰੀ ਕਰਨ ਵਾਲੇ ਸ਼ਿਵ ਜੀ ! ਮੇਰੇ ਮਨ ਰੂਪ ਬਲਦ ਨੂੰ ਸੁਧਾਰ ਲੈ ॥੧੬॥

## ਦੋਹਰਾ

**ਅਲੰ ਭਰਤ ਵੈਰਾਗ ਕੋ ਭਯੋ ਦੂਸਰੋ ਧਿਆਇ।**
**ਨਿੰਦਯੋ ਭੂਪ ਸ੍ਵਾਪ ਕੋ ਕਲਜਾਨਾਰਿ ਸੁਭਾਇ ॥੧੭॥**

ਅਲੰ-ਪੂਰਨ, ਸਮਾਪਤ। ਸ੍ਵਾਪ-ਅਪਨੇ ਆਪ। ਕਲਯਾਨਾਰਿ-(ਕਲਯਾਨ-ਅਰਿ) ਮੁਕਤੀ ਦਾ ਵੈਰੀ। ਸੁਭਾਇ-ਮੰਦ ਸੁਭਾਵ।

ਭਰਥਰੀ (ਹਰਿ ਜੀ ਦੇ ਬਣਾਏ ਹੋਏ) ਵੈਰਾਗ ਸ਼ੱਤਕ ਦਾ ਦੂਜਾ ਅਧ੍ਯਾਇ ਪੂਰਾ ਹੋ ਗਿਆ ਹੈ। (ਜਿਸ ਵਿਚ) ਰਾਜੇ (ਭਰਥਰੀ ਹਰੀ) ਨੇ ਆਪਣੇ ਆਪ ਨੂੰ ਮੁਕਤੀ ਦਾ ਦੁਸ਼ਮਣ (ਰੂਪ ਖੋਟਾ) ਸੁਭਾਵ (ਜਾਣਕੇ) ਨਿੰਦਿਆ ਹੈ ॥੧੭॥

***ਇਤਿ ਦੂਜਾ ਅਧ੍ਯਾਯ ॥***

# ਤੀਜਾ ਅਧਯਾਯ ਆਰੰਭ

## ਦੋਹਰਾ

**ਅਥ ਤ੍ਰਿਤੀਏ ਅਧਯਾਇ ਮੈ ਆਠ ਸ਼ਲੋਕ ਉਚਾਰ ।**
**ਵਰਨੇ ਮਹਿਮਾ ਕਾਲ ਕੀ ਸੁਨੋ ਜਨੋ ਉਰ ਧਾਰ ॥੧॥**

ਅਥ-ਹੁਣ, ਅਗੋ ਮਹਿਮਾ-ਉਪਮਾ, ਸੋਭਾ । ਕਾਲ-ਮੌਤ, ਮਾਰਨ ਵਾਲੀ ਤਾਕਤ ।

ਹੁਣ ਤੀਜੇ ਅਧਯਾਯ ਵਿਚ ਅੱਠ ਸਲੋਕ ਉਚਾਰਨ ਕਰਕੇ, ਕਾਲ (ਪੁਰਖ) ਦੀ ਮਹਿਮਾ ਵਰਨਨ ਕਰਦੇ ਹਾਂ, ਹੇ ਸੱਜਨ ਪੁਰਸ਼ੋ ! (ਇਸਨੂੰ) ਸੁਣੋ (ਤੇ) ਹਿਰਦੇ ਵਿਚ ਧਾਰਨ ਕਰੋ ॥੧॥

## ਕਬਿੱਤ

**ਇਨੇ ਪ੍ਰਾਨ ਤ੍ਰਾਨ ਕਾਜ ਕੇ ਕੇ ਮੈ ਨ ਕੀਨ,**
**ਕਾਜ ਕੰਜ ਦਲ ਪੈ ਬਿਰਾਜ ਕੰ ਕਣੀ ਜਿਉ ਹਤ ਹੈ ।**
**ਧਨ ਮਦ ਕਰਿ ਜਾਂਕੇ ਅੰਧ ਮਨੁ ਆਗੇ ਤਾਂ ਕੇ,**
**ਬਕੇ ਗੁਣ ਵਾਂਕੇ ਨਿਜ ਤਜੀ ਲਾਜ ਮਤਿ ਹੈ ।**
**ਹੌ ਤੌ ਗੁਣ ਖਾਨ ਤੁਮ ਸਕ੍ਰ ਕੇ ਸਮਾਨ,**
**ਕੁਰੁਖੇਤ੍ਰ ਗ੍ਰਸੇ ਭਾਨੁ ਮੋ ਮੈ ਦਾਨ ਤਦ ਵਤ ਹੈ ।**
**ਕੀਨੀ ਮੈ ਇਤਾਦਿ ਕ੍ਰਿਤ ਸਾਸਨ ਨਮਿੱਤ ਪਰ,**
**ਸਾਸਨਾ ਭੀ ਸਹੀ ਪਰ ਸਾਸ ਨ ਰਹਤ ਹੈ ॥੨॥**

ਤ੍ਰਾਣ-ਰਖਿਆ । ਕਾਜ-ਵਾਸਤੇ, ਕੇ ਕੇ-ਕਿਹੜੇ ਕਿਹੜੇ । ਕੰਜ ਦਲ-ਕਮਲ ਪਤ੍ਰ । ਬਿਰਾਜ ਪਈ ਹੋਈ । ਕੰ ਕਣੀ-ਪਾਣੀ ਦੀ ਬੂੰਦ । ਮਦ ਕਰਿ-ਹੰਕਾਰ ਕਰਕੇ । ਬਕੇ-ਉਚਾਰੇ । ਵਾਂਕੇ-ਉਹਦੇ । ਹੌ ਤੌ-ਮੈਂ ਤਾਂ । ਸਕ੍ਰ-ਇੰਦ੍ਰ । ਗ੍ਰਸੇ ਭਾਨੁ-ਸੂਰਜ ਗ੍ਰਹਿਣ ਦੇ ਸਮੇਂ । ਸਾਸਨ-ਸ੍ਵਾਸਾਂ । ਸਾਸਨਾ-ਤਾੜਨਾ । ਸਹੀ-ਸਹਾਰੀ ।

ਇਨ੍ਹਾਂ ਪ੍ਰਾਣਾਂ ਦੀ ਰਖਿਆ ਵਾਸਤੇ, ਕਿਹੜੇ ਕਿਹੜੇ ਕੰਮ ਮੈਂ ਨਹੀਂ ਕੀਤੇ, (ਪਰ) ਜਿਵੇਂ ਕਮਲ ਦੇ ਪਤ੍ਰ ਉਤੇ ਪਈ ਹੋਈ ਪਾਣੀ ਦੀ ਬੂੰਦ (ਝੱਟ ਪਟ ਹੇਠਾਂ ਨੂੰ ਤਿਲਕੀ ਜਾਂਦੀ ਹੈ, ਤਿਵੇਂ ਹੀ ਏਹ ਪ੍ਰਾਣ)

ਨਾਸ ਹੁੰਦੇ ਜਾਂਦੇ ਹਨ। ਧਨ ਦੇ ਹੰਕਾਰ ਕਰਕੇ, ਜਿਨ੍ਹਾਂ ਦੇ ਮਨ ਅੰਨ੍ਹੇ (ਹੋਏ ਹੋਏ ਹਨ) ਉਨ੍ਹਾਂ ਦੇ ਅੱਗੇ (ਖੜ੍ਹੇ ਹੋ ਕੇ) ਮੈਂ ਉਨ੍ਹਾਂ ਦੇ ਗੁਣ ਗਾਵੇਂ ਹਨ, ਅਤੇ ਆਪਣੀ (ਕੁਲ ਦੀ) ਲਾਜ (ਤੇ ਆਪਣੀ) ਬੁਧੀ ਤਿਆਗ ਦਿੱਤੀ ਹੈ।

ਮੈਂ ਤਾਂ ਸਾਰੇ ਗੁਣਾਂ ਦੀ ਖਾਨ (ਰੂਪ ਦਾਨ ਦਾ ਅਧਿਕਾਰੀ ਹਾਂ, ਅਤੇ ਤੁਸੀਂ ਇੰਦ੍ਰ ਦੇ ਸਮਾਨ (ਦਾਨੀ ਹੋ, ਜਿਵੇਂ ਕੁਰਖੇਤ੍ਰ ਵਿਚ ਸੂਰਜ ਗ੍ਰਹਿਣ (ਦੇ ਸਮੇਂ ਦਿੱਤੇ ਹੋਏ ਦਾਨ ਦਾ ਫਲ ਹੁੰਦਾ ਹੈ) ਉਸੇ ਤਰ੍ਹਾਂ ਹੀ ਮੈਨੂੰ ਦਿੱਤੇ ਹੋਏ ਦਾਨ (ਦਾ ਆਪ ਨੂੰ ਫਲ ਹੋਵੇਗਾ)।

ਮੈਂ ਸਵਾਸਾਂ ਦੀ ਰਖਿਆ ਵਾਸਤੇ ਇਸ ਤਰ੍ਹਾਂ ਦੇ ਕਰਮ ਕੀਤੇ ਹਨ, ਪਰਾਏ (ਪੁਰਸ਼ਾਂ ਦੀ) ਤਾੜਨਾ ਭੀ ਸਹਾਰੀ ਹੈ, ਪਰ ਸਵਾਸ ਫਿਰ ਭੀ ਰਹਿੰਦੇ ਨਹੀਂ ਹਨ ॥੨॥

### *ਕਬਿੱਤ*

**ਜਾਹਿ ਮਾਤ ਪਿਤਾ ਤੇ ਮੈ ਭਯੋ ਉਤਪਤਿ ਤੇ ਤੋ,**
**ਕਾਲ ਵਸ ਭਏ ਚਿਰ ਕਾਲ ਬੀਤ ਗਯੋ ਹੈ ।**
**ਸਮ ਵੈਸ ਵਾਰੇ ਦ੍ਵਾਰੈ ਮ੍ਰਿਤ ਕੇ ਸਿਧਾਰੇ ਸਾਰੇ,**
**ਰਹੇ ਹਮ ਸੇਖ ਦੇਹ ਬ੍ਰਿਧ ਵੈਸ ਲਯੋ ਹੈ।**
**ਨਦੀ ਰੇਤ ਤੀਰ ਪਰ ਤੁਰ ਯੋ ਸਰੀਰ ਭਯੋ,**
**ਪ੍ਰਤਿ ਦਿਨ ਮ੍ਰਿਤੁ ਤੀਰ ਤੀਰ ਅਬ ਅਯੋ ਹੈ।**
**ਗਿਲੇ ਕਾਲ ਬਯਾਲ ਸਮ ਮੈਂਡਕ ਕੇ ਅਜੇ ਹਮ,**
**ਭਜੇ ਭੋਗ ਮੱਛਰ ਕੋ ਮੋ ਸੋ ਮੂਢ ਜਯੋ ਹੈ ॥੩॥**

ਭਯੋ ਉਤਪਤਿ-ਪੈਦਾ ਹੋਯਾ ਹਾਂ। ਤੇ ਤੋ-ਉਹ ਤਾ। ਵੈਸ-ਉਮਰਾ। ਸੇਖ-ਬਾਕੀ। ਵੇਸ-ਰੂਪ। ਤੀਰ ਪਰ-ਕੰਢੇ ਉਤੇ। ਤੀਰ ਤੀਰ-ਨੇੜੇ ਨੇ। ਗਿਲੇ-ਨਿਕਲੇ ਹੋਏ। ਬਿਆਲ-ਸੱਪ। ਮੇਂਡਕ-ਡੱਡੂ। ਭੱਜੇ-ਦੌੜਦੇ ਹਾਂ।

ਜਿਸ ਮਾਤਾ-ਪਿਤਾ ਤੋਂ ਮੈਂ ਪੈਦਾ ਹੋਇਆ ਹਾਂ, ਉਹ ਤਾਂ ਕਾਲ ਦੇ ਵਸ ਹੋ (ਮਰ) ਗਏ ਹਨ ਅਤੇ (ਉਨ੍ਹਾਂ ਦੇ ਮੋਇਆਂ ਨੂੰ ਭੀ) ਬਹੁਤ ਸਮਾਂ ਬੀਤ ਗਿਆ ਹੈ।

ਬਰਾਬਰ ਦੀ ਉਮਰਾ ਵਾਲੇ, (ਮੇਰੇ) ਸਾਰੇ ਲੰਗੋਟੀਏ ਯਾਰ ਭੀ ਮੌਤ ਦੇ ਘਰ ਚਲੇ ਗਏ ਹਨ, ਪਿਛੇ ਕੇਵਲ ਅਸੀਂ ਹੀ ਰਹਿ ਗਏ ਹਾਂ, ਅਤੇ ਸਰੀਰ ਨੇ ਭੀ ਬਿਧ ਰੂਪ ਧਾਰ ਲਿਆ ਹੈ।

(ਜਿਵੇਂ) ਨਦੀ ਦੇ ਰੇਤਲੇ ਕੰਢੇ ਉਤੇ ਦਰਖਤ (ਹੋਵੇ ਤਾਂ ਉਸਦਾ ਕੋਈ ਵਿਸਾਹ ਨਹੀਂ ਹੁੰਦਾ) ਇਸੇ ਤਰ੍ਹਾਂ (ਮੇਰਾ) ਸਰੀਰ ਹੋ ਗਿਆ ਹੈ, ਅਤੇ ਰੋਜ਼ ਦੀ ਰੋਜ਼ ਮੌਤ ਨੇੜੇ-ਨੇੜੇ ਹੁਣ ਆਉਂਦੀ ਜਾਂਦੀ ਹੈ।

(ਜਿਸ ਤਰ੍ਹਾਂ) ਸੱਪ ਨੇ ਡੱਡੂ ਨੂੰ ਮੂੰਹ ਵਿਚ ਫੜਿਆ ਹੋਇਆ ਹੋਵੇ, (ਪਰ ਡੱਡੂ ਆਪਣੀ ਮੌਤ ਨੂੰ ਭੁਲਾਕੇ) ਮੱਛਰਾਂ ਨੂੰ ਖਾਣ ਦੀ ਇੱਛਾ ਕਰਦਾ ਹੈ, ਇਸੇ ਤਰ੍ਹਾਂ ਮੇਰੇ ਵਰਗੇ ਮਹਾਂ ਮੂਰਖਾਂ ਦਾ ਜਨਮ

ਹੋਇਆ ਹੈ, ਜੋ ਮੌਤ ਰੂਪ ਸੱਪ ਦੇ ਮੂੰਹ ਵਿਚ ਡੱਡੂ ਵਾਂਗੂੰ ਪਕੜਿਆ ਹੋਇਆ ਭੀ ਭੋਗਾਂ ਰੂਪ ਮੱਛਰਾਂ ਦੇ ਮਗਰ ਅਜੇ ਵੀ ਦੌੜਦਾ ਹੈ ॥੩॥

### *ਮਨੋ ਰਾਜ ਤ੍ਰਿਭੰਗੀ ਛੰਦ*

**ਕਛੁਕ ਨਿਮੇਸਾ ਹਮਰੀ ਵੈਸਾ ਲਖੌਂ ਨ ਕੈਸਾ ਕਾਮ ਧਰੋਂ।**
**ਸੁਰ ਸਰਿ ਕੋ ਤਟ ਪਰ ਕੁਟੀਆ ਠਟ ਕਰ ਤਾ ਮਹਿ ਤਪ ਕਰ ਤਾਪ ਹਰੋਂ।**
**ਗੁਣ ਜਾਹਿ ਉਦਾਰੈਂ ਅਸ ਗਨ ਦਾਰੈਂ ਮਮ ਰੁਚਿ ਧਾਰੈਂ ਤਹਿ ਵਿਚਰੋਂ।**
**ਗਣ ਗ੍ਰੰਥਨ ਮਹਿ ਉਤ ਕਾਵਿਨਿ ਮੋ ਯੁਤ ਕਥਾ ਰਸਾਂਮ੍ਰਿਤ ਪਾਨ ਕਰੋ ॥੪॥**

ਨਿਮੇਸਾ-ਅੱਖ ਝਮਕਨ ਜਿੰਨਾ ਸਮਾਂ, ਨਿਮੇਖ ਕਹਾਉਂਦਾ ਹੈ, ਛਿਨ। ਵੈਸਾ-ਉਮਾਰਾ। ਸੁਰਸ਼ਰਿ-ਗੰਗਾ ਨਦੀ। ਤਟ ਪਰ-ਕੰਢੇ ਉਤੇ। ਠਟ ਕਰ-ਬਣਾਕੇ। ਤਾਪੁ-ਦੁਖ ਨੂੰ। ਗਨ-ਬਹੁਤ। ਦਾਰੈਂ-ਇਸਤ੍ਰੀਆਂ। ਰੁਚਿ-ਪ੍ਰੀਤੀ। ਕਾਵਿਨਿ-ਕਵਿਤਾ ਰੂਪ ਰਚਨਾ।

੧. ਕੁਝ ਛਿਨਾਂ-ਪਲਾਂ ਜਿੰਨੀ ਮੇਰੀ ਉਮਰਾ ਹੈ, ਜਾਣ ਨਹੀਂ ਸਕਦਾ (ਕਿ) ਕਿਸ ਤਰ੍ਹਾਂ ਦੇ ਕੰਮ ਵਿਚ ਮਨ ਨੂੰ ਲਾਵਾਂ ?

੨. (ਕਦੇ ਖਿਆਲ ਹੁੰਦਾ ਹੈ, ਕਿ) ਗੰਗਾ ਦੇ ਕੰਢੇ ਉਤੇ ਕੁਟੀਆ ਬਣਾ ਲਵਾਂ ਤੇ ਉਸ ਵਿਚ ਬੈਠਕੇ ਤਪ ਨੂੰ ਕਰਦੇ ਹੋਇਆਂ ਦੁਖਾਂ ਨੂੰ ਨਾਸ ਕਰ ਲਵਾਂ।

੩. (ਫਿਰ ਖਿਆਲ ਆਉਂਦਾ ਹੈ, ਕਿ) ਜਿਨ੍ਹਾਂ ਵਿਚ ਉਦਾਰਤਾ, ਧੀਰਜਤਾ, ਸੁੰਦਰਤਾ, ਸੁਸੀਲਤਾ ਆਦਿਕ ਗੁਣ ਹਨ, ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਇਸਤ੍ਰੀਆਂ, (ਜੋ) ਮੇਰੇ ਨਾਲ ਪ੍ਰੀਤੀ ਰਖਦੀਆਂ ਹਨ, ਉਨ੍ਹਾਂ ਨਾਲ ਵਿਚਰਨਾ ਕਰਾਂ।

੪. (ਕਦੇ-ਕਦੇ ਇਉਂ ਫੁਰਨਾ ਉਠਦਾ ਹੈ ਕਿ) ਬਹੁਤ ਸਾਰੇ ਧਾਰਮਿਕ ਗ੍ਰੰਥਾਂ ਪੁਸਤਕਾਂ ਵਿਚ (ਜੋ ਲਿਖਿਆ ਹੈ, ਉਸਦਾ ਵਿਚਾਰ ਕਰਾਂ ਅਥਵਾ-ਅਲੰਕਾਰਾਂ) ਸੰਯੁਕਤ ਕਾਵਯ ਗ੍ਰੰਥਾਂ ਵਿਚ (ਮਨ ਨੂੰ ਲਾਵਾਂ, ਉਨ੍ਹਾਂ ਦੀ) ਕਥਾ ਰੂਪ ਅੰਮ੍ਰਿਤ ਰਸ ਨੂੰ ਪੀਣਾ ਕਰਾਂ ॥੪॥

### ਦੋਹਰਾ

**ਤਪੁ ਤ੍ਰਿਯਾ ਸੁਧਾ ਅਸਿਧ ਤ੍ਰੈ ਨਿਮਖ ਆਉਖਾ ਮਾਹਿ ॥**
**ਦੂਖ ਰੂਪ ਭਵ ਤੇ ਅਭੈ ਬਿਨ ਨਿਰਾਸ ਸੁਖ ਨਹਿ ॥੫॥**

(ਗੰਗਾ ਕਿਨਾਰੇ ਬੈਠ ਕੇ) ਤਪ (ਕਰਨਾ ਸੁਭ-ਗੁਣਾਂ ਵਾਲੀਆਂ) ਇਸਤ੍ਰੀਆਂ (ਦਾ ਮਿਲਣਾ ਤੇ ਕਥਾ ਰਸ) ਅੰਮ੍ਰਿਤ (ਦਾ ਪੀਣਾ, ਇਹ) ਤਿੰਨ ਕਰਮ ਨਿਮਖ (ਮਾਤ੍ਰ) ਉਮਰਾ ਵਿਚ ਸਿੱਧ ਨਹੀਂ (ਹੋ ਸਕਦੇ, ਕਿਉਂਕਿ ਤਪ ਕਰਨ ਲਈ ਤੇ ਵਿਦਯਾ ਪ੍ਰਾਪਤੀ ਲਈ ਬਹੁਤ ਸਾਰੀ ਉਮਰਾ ਦੀ ਲੋੜ ਹੈ।

(ਇਸ ਲਈ) ਦੁਖ ਰੂਪ ਸੰਸਾਰ ਤੋਂ ਨਿਰਾਸ਼ ਹੋਏ ਬਿਨਾਂ 'ਅਭੈ ਸੁਖ' (ਪ੍ਰਾਪਤ) ਨਹੀਂ ਹੋ ਸਕਦਾ ॥੫॥

## ਕਬਿੱਤ

**ਕਾਲ ਭਗਵਾਨ ਬ੍ਰਿੰਦ ਕਲਾਵਾਨ ਕਾਲੀ ਸੰਗ,**
**ਖੇਲਤ ਚੌਸਾਰ ਚਾਰ ਦਿਗ ਹੂੰ ਕੀ ਘਰ ਕੇ।**
**ਚਾਰ ਖਾਣੀ ਪ੍ਰਾਣੀ ਗੋਟਾ ਰੈਣ ਦਿਨ ਪਾਸ ਜੋਟਾ,**
**ਮਾਰਤ ਅਚੂਕ ਚੋਟਾ ਦੰਪਤਿ ਅਡਰ ਕੇ।**
**ਜਹਾਂ ਏਕ ਗ੍ਰਹ ਮੇ ਅਨੇਕ ਤਹਾਂ ਏਕ ਰਹੇ,**
**ਏਕ ਤੇ ਅਨੇਕ ਹ੍ਵੈ ਖਿਣੇਕੁ ਸਭ ਸਰ ਕੇ।**
**ਕਾਲ ਕਾਲੀ ਖਾਲੀ ਕੀਨੇ ਲੋਕ ਲੋਕ ਪਾਲੀ ਸਨ,**
**ਚੌਪਟ ਨ ਹਾਲੀ ਅਜੇ ਸੇਖ ਲੌ ਕਰ ਕੇ ॥੬॥**

ਬ੍ਰਿੰਦ-ਬਹੁਤੀਆਂ। ਕਾਲਵਾਨ-ਸ਼ਕਤੀਆਂ ਵਾਲਾ। ਕਾਲੀ-ਕਾਲ ਦੀ ਸ਼ਕਤੀ, ਮੌਤ। ਚੌਸਾਰ-ਚੌਪੜ। ਦਿਗ-ਦਿਸ਼ਾ। ਗੋਟਾ-ਨਰਦਾਂ। ਪਾਸ-ਪਾਸੇ, ਡਲ। ਜੋਟਾ-ਦੋਵੇਂ। ਅਚੂਕ-ਨਾ ਮਿਟਨ ਵਾਲੀ। ਚੋਟਾਂ-ਸੱਟਾਂ। ਦੰਪਤਿ-ਦੋਵੇਂ ਮਰਦ ਤੇ ਇਸਤ੍ਰੀ ਭਾਵ ਕਾਲ ਤੇ ਕਾਲੀ। ਅਡਰ-ਡਰ ਤੋਂ ਰਹਿਤ। ਖਿਣੇਕੁ-ਖਿਣ+ਏਕ, ਇਕ ਖਿਣ ਵਿਚ, ਖਿਣ ਵਿਚ। ਸਰ-ਕਰ ਲਿਆ। ਲੋਕ-ਚੌਦਾਂ ਲੋਕ। ਲੋਕ ਪਾਲੀ-ਵਰਨ, ਕੁਬੇਰ, ਇੰਦ੍ਰ ਬ੍ਰਹਮਾਂ ਆਦਿਕ ਲੋਕਾਂ ਦੀ ਪਾਲਨਾ ਕਰਨ ਵਾਲੇ। ਸਨ-ਸਮੇਤ। ਸੇਖ-ਬਾਕੀ।

ਬੇਅੰਤ ਸ਼ਕਤੀਆਂ ਵਾਲਾ ਕਾਲ ਭਗਵਾਨ (ਆਪਣੀ ਇਸਤ੍ਰੀ) ਕਾਲੀ ਨਾਲ (ਬੈਠ ਕੇ) ਚੌਪੜ ਖੇਡਦਾ ਹੈ, ਚਾਰ ਦਿਸਾ (ਚਾਰ ਬਿਦਿਸ਼ਾ, ਚਾਰ ਪੈਹਰ ਤੇ ਚਾਰ ਮੌਸਮ ਏਹੋ ਹੀ ਚੌਪੜ ਦੇ ਸੋਲਾਂ) ਘਰ ਹਨ। ਚਾਰ ਖਾਣੀਆਂ ਦੇ ਪ੍ਰਾਣੀ ਨਰਦਾਂ ਹਨ, ਦਿਨ ਤੇ ਰਾਤ ਪਾਸੇ ਹਨ, (ਇਹ) ਦੋਵੇਂ ਨਾ ਚੁੱਕਣ ਵਾਲੀਆਂ ਸੱਟਾਂ ਮਾਰਦੇ ਹਨ, (ਕਿਉਂਕਿ ਇਸ) ਦੰਪਤਿ (ਤੀਵੀਂ ਮਰਦ) ਨੂੰ (ਕਿਸੇ ਦਾ) ਡਰ ਨਹੀਂ ਹੈ।

ਜਿਥੇ ਇਕ ਘਰ ਵਿਚ ਅਨੇਕਾਂ (ਜੀਵ ਜਨ) ਉਥੇ ਇਕ ਰਹਿ ਗਿਆ ਹੈ, ਅਤੇ ਜਿਥੇ ਇਕ ਸੀ, (ਉਥੇ) ਇਕ ਤੋਂ ਅਨੇਕਾਂ ਹੋ ਗਏ ਹਨ, ਇਕ ਖਿਣ ਵਿਚ ਸਭ ਕੁਝ ਕਰ ਲਿਆ ਹੈ।

ਕਾਲ ਤੇ ਕਾਲੀ ਨੇ ਲੋਕ ਪਾਲਾਂ ਸਣੇ (ਸਾਰੇ) ਲੋਕ (ਖਾ ਖਾ ਕੇ ਖਾਲੀ ਕਰ ਦਿੱਤੇ ਹਨ, ਅਜੇ ਤੱਕ ਚੌਪੜ ਨਹੀਂ ਹਿੱਲੀ, (ਕਿਉਂਕਿ) ਅਜੇ ਜੋ ਬਾਕੀ (ਬ੍ਰਹਮ ਆਦਿਕ ਲੋਕ ਪਾਲ ਰਹਿੰਦੇ ਹਨ ਉਨ੍ਹਾਂ ਨੂੰ ਕਾਲ-ਕਾਲੀ ਖਾਣਾ ਚਾਹੁੰਦੇ ਹਨ) ॥੬॥

## ਕਬਿੱਤ

**ਭਾਨ ਹੂੰ ਕੀ ਗਤਾਗਤੀ ਕਰ ਦਿਨ ਦਿਨ ਪ੍ਰਤਿ ।**
**ਪ੍ਰਾਣ ਮੇਰੇ ਘਟੇ ਜੈਸੇ ਖੋਰੇ ਘਟੇ ਪਾਨਿ ਹੈ ॥**
**ਗ੍ਰਾਮ ਕਾਮੋ ਕਰ ਸਾਰੇ ਬਵ ਕੇ ਬੈਪਾਰ ਭਾਰੇ ।**
**ਤਾਮੋ ਮਤੇ ਮਤ ਵਾਰੇ ਮ੍ਰਿਤਕੋ ਨ ਧਿਆਨ ਹੈ ॥**
**ਜਾਤ ਜਰਾ ਪਾਤ ਉਤ ਪਾਤ ਪੇਖ ਭਤਿ ਜਾਤ ।**
**ਚੀਤ ਮੋ ਨ ਜਾਤ ਜੈਸੇ ਭਤਿ ਮੋ ਨ ਭਾਨ ਹੈ ॥**
**ਮੋਹ ਰੂਪ ਮਦਰਾ ਪ੍ਰਮਾਦ ਕਰ ਪਾਨ ਕੀਨੋ ਬਉਰਾ ।**
**ਭਯੋ ਭਵ ਗੌਰਾ ਭਵ ਕੋ ਨ ਗਿਆਨ ਹੈ ॥੭॥**

ਭਾਨ-ਸੂਰਜ । ਗਤਾ ਗਤਿ-ਜਾਣਾ-ਆਉਣਾ, ਚੜ੍ਹਨਾ-ਉਤਰਨਾ । ਗਰਾਮ-ਸਮੂਹ । ਸਾਰੇ, ਤਾਮੋ-ਉਨ੍ਹਾਂ ਵਿਚ ਮਤੇ-ਮਸਤ ਹੋ ਰਹੇ । ਜਾਤ-ਜਨਮ । ਜਰਾ-ਬੁਢੇਪਾ । ਪਾਤ-ਮਰਣਾ । ਉਤਪਾਤ-ਉਪਦ੍ਵ । ਭੀਤ-ਡਰ । ਜਾਤ-ਜਾਂਦਾ । ਭੀਤ-ਕੰਧ । ਭਾਨ-ਸੂਰਜ ਦਾ ਪ੍ਤੀਬਿੰਬ । ਮਦਰਾ-ਸ਼ਰਾਬ ਪ੍ਰਮਾਦ ਕਰ-ਭੁਲ ਕਰਕੇ । ਬਉਰਾ-ਪਾਗ਼ਲ । ਭਵ-ਸੰਸਾਰ, ਜਗਤ । ਗੌਰਾਂ-ਪਾਰਬਤੀ । ਭਵ-ਸ਼ਿਵਜੀ

ਸੂਰਜ ਦੇ ਚੜ੍ਹਨ-ਉਤਰਨ ਕਰਕੇ ਰੋਜ਼ ਦੇ ਰੋਜ਼ ਮੇਰੇ ਪ੍ਰਾਣ (ਇਸ ਤਰ੍ਹਾਂ ਘਟਦੇ ਜਾਂਦੇ ਹਨ, ਜਿ ਤਰ੍ਹਾਂ ਖੋਰੇ ਘੜੇ ਵਿਚੋਂ (ਬੂੰਦ-ਬੂੰਦ ਕਰਕੇ ਸਾਰਾ ਪਾਣੀ (ਨਿਕਲਦਾ) ਜਾਂਦਾ ਹੈ ।

ਸਾਰੇ ਕੰਮਾਂ ਦੇ ਕਰਨ ਰੂਪ (ਜੋ) ਸੰਸਾਰ ਦੇ ਵੱਡੇ-ਵੱਡੇ ਬਿਉਪਾਰ ਹਨ, ਉਨ੍ਹਾਂ ਵਿਚ ਮਸਤ (ਹੋ ਕੇ ਜੀਵ ਅਜੇਹੇ) ਮਤਵਾਲੇ ਹੋਏ ਹਨ, (ਕਿ ਇਨ੍ਹਾਂ ਨੂੰ) ਮੌਤ ਦਾ ਧਿਆਨ ਹੀ ਨਹੀਂ (ਰਿਹਾ) ਹੈ ।

ਜਨਮ (ਤੋਂ ਲੋਕ, ਬਾਲ, ਜੁਆਨੀ ਤੇ) ਬੁਢੇਪਾ ਤੇ ਮੌਤ ਰੂਪ ਉਪਦ੍ਵ (ਦੁੱਖ) (ਜੋ) ਦਿਸਦਾ ਹੈ (ਉਹ) ਡਰ ਚਿਤ ਵਿਚੋਂ (ਇਸ ਤਰ੍ਹਾਂ) ਨਹੀਂ ਜਾਂਦਾ, ਜਿਸ ਤਰ੍ਹਾਂ ਕੰਧ ਵਿਚ ਸੂਰਜ ਦਾ ਅਕਸ ਨਹੀਂ ਜਾਂਦਾ ।

ਮੋਹ ਰੂਪ ਸ਼ਰਾਬ ਨੂੰ ਭੁੱਲ ਨਾਲ ਪੀ ਕੇ ਜਗਤ ਪਾਗ਼ਲ ਹੋ ਗਿਆ ਹੈ, (ਇਸ ਕਰਕੇ ਜਗਤ ਨੂੰ ਸ਼ਿਵਜੀ ਤੇ ਪਾਰਬਤੀ (ਦੀ ਅਰਾਧਨਾ ਦਾ) ਗਿਆਨ ਹੀ ਨਹੀਂ (ਰਿਹਾ) ਹੈ ॥੭॥

## ਸ੍ਵੈਯਾ

**ਅਹੋ ਵਚਿੱਤ੍ਰ ਮਨੋਰਥ ਸਗਰੇ ਮੋ ਉਰ ਮੋ ਸੰਭਵ ਫਲ ਹੀਨ ।**
**ਇਨੇ ਨ ਆਦਿ ਅੰਤ ਮਧ ਚੀਨੋ ਜਲ ਤਰੰਗ ਇਵ ਉਪਜਤ ਲੀਨ ।**

**ਅਨੁ ਜਾਗ੍ਰਤ ਬਾਲਾਦਿ ਤੀਨ ਤ੍ਰਿਕ ਮੈ ਨ ਹੀਨ ਕੁਛ ਸੁਖਪਤੀ ਖੀਨ ।**
**ਜਰਾ ਕੀਨ ਜੋਬਨ ਕੋ ਭੋਜਨ ਪ੍ਰਾਕ੍ਰਮ ਹੀਨ ਭਯੋ ਮੈਂ ਦੀਨ ॥੮॥**

ਮੋ-ਮੇਰੇ, (੨) ਵਿਚ । ਸੰਭਵ-ਪੈਦਾ ਹੁੰਦੇ ਹਨ । ਤਰੰਗ-ਬੁਦਬੁਦਾ । ਇਵ-ਵਾਂਗੂੰ । ਜਰਾ-ਬੁਢੇਪਾ । ਇਹ ਤਿੰਨ ਤ੍ਰਿਕ ਕਹੇ ਜਾਂਦੇ ਹਨ ।

ਅਨੁ-ਕਾਲ, ਸਮਾ, ਭੂਤ, ਭਵਿੱਖਤ, ਵਰਤਮਾਨ ਅਥਵਾ ਤਿੰਨ ਕਾਲ ਜਾਗ੍ਰਤ, ਸੁਪਨ ਸਖੋਪਤੀ-ਅਵਸਥਾ । ਤਿੰਨ ਬਾਲਾਦਿ-ਬਾਲ, ਯੁਬਾ, ਬ੍ਰਿਧ-ਉਮਰਾ ਤਿੰਨ ।

ਬੜਾ ਅਚਰਜ ਹੈ (ਕਿ ਜੋ) ਫਲ ਤੋਂ ਹੀਨ ਮਨੋਰਥ (ਹਨ, ਉਹ) ਅਚਰਜ ਮਨੋਰਥ ਹਮੇਸ਼ਾਂ ਹੀ ਮੇਰੇ ਹਿਰਦੇ ਵਿਚ ਪੈਦਾ ਹੁੰਦੇ ਰਹਿੰਦੇ ਹਨ ।

ਇਨ੍ਹਾਂ ਦਾ ਆਦਿ, ਮਧ ਤੇ ਅੰਤ ਨਹੀਂ ਜਾਣਿਆ ਜਾਂਦਾ, (ਜਿਵੇਂ) ਪਾਣੀ ਵਿਚ ਤਰੰਗ ਉਪਜਦੇ ਤੇ ਬਿਨਸਦੇ ਰਹਿੰਦੇ ਹਨ, ਇਸ ਤਰ੍ਹਾਂ (ਇਹ ਸੰਕਲਪ ਮੇਰੇ ਹਿਰਦੇ ਵਿਚ) ਉਪਜਦੇ ਬਿਨਸਦੇ ਰਹਿੰਦੇ ਹਨ।

ਤਿੰਨਾਂ ਸਮਿਆਂ ਵਿਚ, ਤਿੰਨਾਂ ਅਵਸਥਾ ਵਿਚ ਤੇ ਤਿੰਨਾਂ ਉਮਰਾਂ ਵਿਚ (ਅਰਥਾਤ) ਤਿੰਨਾਂ ਤ੍ਰਿਕਾਂ ਵਿਚ (ਇਹ ਕਦੇ ਭੀ) ਨਾਸ ਨਹੀਂ ਹੁੰਦੇ, (ਕੇਵਲ) ਸੁਖੋਪਤੀ (ਅਵਸਥਾ ਵਿਚ ਸੰਕਲਪ) ਕੁਝ ਕਮਜ਼ੋਰ ਹੁੰਦੇ ਹਨ। ਬੁਢੇਪੇ ਨੇ ਜੁਆਨੀ ਨੂੰ ਭੱਛਨ ਕਰ (ਖਾ) ਲਿਆ ਹੈ, (ਜਿਸ ਕਰਕੇ ਮੇਰਾ) ਬਲ ਨਾਸ ਹੋ ਗਿਆ ਹੈ ਅਤੇ ਮੈਂ (ਹਰ ਤਰ੍ਹਾਂ ਕਰਕੇ) ਦੀਨ ਹੋ ਗਿਆ ਹਾਂ ॥੮॥

### ਸ੍ਵੈਯਾ

**ਬਾਝ ਗੁਣ ਗਜ੍ਯ ਮੋ ਤਨ ਮੋ ਗੁਣ ਅਫਲ ਭਏ ਸਭ ਜਿਉਂ ਤ੍ਰਿਯਾ ਬਾਂਝ ॥**
**ਕਾਲ ਖਿਮਾ ਬਿਨੁ ਬਲੀ ਕ੍ਰਿਤਾਂਤ ਉਪ ਪ੍ਰਾਪਤ ਅਬ ਹਨੇ ਕੇ ਸਾਂਝ ॥**
**ਸਹਸਾ ਯੁਕਤਿ ਮੁਕਤਿ ਹਿਤਕੋ ਸੁਭ ਜਾਂ ਕਰ ਮਨ ਕੋ ਸਹਸਾ ਜਾਇ ॥**
**ਹਰ ਕੇ ਪਾਇ ਕੰਜ ਜੁਗ ਹਰ ਕੇ ਅਵਰ ਸ੍ਰੇਯ ਕੌ ਕੌਣ ਉਪਾਇ ॥੯॥**

ਗੁਣੰ ਗਜ੍ਯ-ਗੁਣਾਂ ਦੇ ਗਜਾਤਾ (ਭਾਵ ਪ੍ਰਮਾਤਮਾ) ਨੂੰ । ਖਿਮਾ ਬਿਨੁ-ਖਿਮਾ ਨਾ ਕਰਨ ਵਾਲਾ । ਕ੍ਰਿਤਾਂਤ-ਕੀਤੀ ਦਾ ਅੰਤ ਕਰਨ ਵਾਲਾ-ਜਮਰਾਜਾ ਵਾ ਕਾਲ, ਮੌਤ । ਉਪ-ਸਮੀਪ, ਨੇੜੇ । ਹਨੇ-ਮਾਰਦਾ ਹੈ । ਕਿ-ਜਾਂ । ਸਹਸਾ-ਪ੍ਰਸ਼ਨ। ਹਿਤ-ਵਾਸਤੇ । ਸਹਸਾ-ਫ਼ਿਕਰ, ਗ਼ਮ, ਅੰਦੇਸਾ । ਹਰਕੇ-ਤਿਆਗ ਕਰਕੇ । ਪਾਇ ਕੰਜ-ਚਰਨ ਕਮਲ । ਸ੍ਰੇਯ-ਮੁਕਤੀ ।

ਗੁਣਾਂ ਦੇ ਗਿਆਤੇ ਰੂਪ ਪ੍ਰਮਾਤਮਾ ਨੂੰ ਜਾਣੇ ਤੋਂ ਬਿਨਾ, ਮੇਰੇ ਸਰੀਰ ਵਿਚ ਸਾਰੇ ਗੁਣ (ਇਸ ਤਰ੍ਹਾਂ) ਅਫਲ ਹੋ ਗਏ ਹਨ, ਜਿਵੇਂ (ਪੁਤ੍ਰ ਨਾ ਪੈਦਾ ਹੋਣ ਕਰਕੇ) ਬਾਂਝ ਇਸਤ੍ਰੀ (ਅਫਲ ਹੁੰਦੀ ਹੈ)।

ਖਿਮਾ ਤੋਂ ਹੀਨਾ ਕਾਲ ਬੜਾ ਬਲੀ ਹੈ (ਅਰਥਾਤ ਬਲਵਾਨ ਕਾਲ ਕਿਸੇ ਨੂੰ ਭੀ ਛੱਡਦਾ ਨਹੀਂ ਹੈ), (ਉਹ ਬ੍ਰਹਮਾ ਦੀ) ਕੀਤੀ ਹੋਈ ਦੁਨੀਆਂ ਦਾ ਅੰਤਕਰਨ ਵਾਲਾ ਹੈ ਅਤੇ ਪ੍ਰਾਪਤ ਹੋਣ ਦੇ ਨੇੜੇ (ਹੀ ਖੜ੍ਹਾ ਹੈ) ਹਣੇ ਮਾਰ-ਦੇਵੇਗਾ ਜਾਂ ਸੰਧਿਆ ਨੂੰ ਮਾਰ ਸੁਟੇਗਾ । (ਇਹ ਸੁਣ ਕਰਕੇ ਮਨ ਨੇ) –

ਪ੍ਰਸ਼ਨ-(ਕੀਤਾ ਹੈ ਕਿ) ਮੁਕਤੀ ਨੂੰ (ਪਾਉਣ) ਵਾਸਤੇ ਸ੍ਰੇਸ਼ਟ ਯੁਕਤੀ ਕੌਣ ਹੈ ? ਜਿਸ ਕਰਕੇ ਮਨ ਦੀ ਸੰਸਾ ਮਿਟ ਜਾਵੇ (ਤੇ ਮਨ ਨੂੰ ਸ਼ਾਂਤੀ ਆ ਜਾਵੇ)।

ਉੱਤਰ—ਕਮਲਾਂ (ਵਰਗੇ ਕੋਮਲ ਜੋ ਹਨ) ਹਰੀ ਦੇ ਦੋਵੇਂ ਚਰਨ, (ਉਨ੍ਹਾਂ ਦਾ) ਤਿਆਗ ਕਰਕੇ ਮੁਕਤੀ ਦਾ ਉਪਾਇ ਹੋਰ ਕੌਣ ਹੋ ਸਕਦਾ ਹੈ ? (ਅਰਥਾਤ ਹਰੀ ਦੇ ਦੋਹਾਂ ਚਰਨ-ਕਮਲਾਂ ਦੇ ਧਿਆਨ ਤੋਂ ਛੁਟ ਮੁਕਤੀ ਦਾ ਉਪਾਇ ਹੋਰ ਕੋਈ ਨਹੀਂ ਹੈ) ॥੯॥

## ਕਬਿੱਤ

**ਜਾਂਕੇ ਬਾਮੇ ਦਾਹਨੇ ਸਮੰਤ ਚਕ੍ਰ ਹੋਤੇ ਅਗ੍ਰ,**
**ਰਾਜਨ ਕੀ ਸਭਾ ਥੀ ਮਯੰਕ ਮੁਖੀ ਨਾਰੀਆਂ।**
**ਭੂਪਨ ਕੇਪੁਤ੍ਰ ਥੇ ਵਿਚਿੱਤ੍ਰ ਬੀਰ ਅਹੰਕਾਰੀ ਬ੍ਰਿੰਦ,**
**ਬੰਦੀ ਜਨ ਹੋਤੇ ਵੰਸ ਕੈ ਉਚਾਰੀਆਂ।**
**ਅਹੋ ਭਾਈ ਭਾਰੋ ਕਸ਼ਟ ਭਾਰੀ ਭੂਪ ਭਏ ਨਸ਼ਟ,**
**ਸਿੰਮ੍ਰਿਤ ਪਦੇ ਪ੍ਰਵਿਸ਼ਟ ਜਾਂਕੀ ਕਥਾ ਭਾਰੀਆਂ॥**
**ਹਿੰਸਕ ਪ੍ਰਪੰਚ ਸਾ ਬਰੰਚ ਕੋ ਅਸੰਗ ਪੁਨਾ,**
**ਤਾਹਿ ਕਾਲ ਬੀਰ ਕੋ ਜੁਹਾਰ ਬਾਰ ਬਾਰੀਆਂ ॥੧੦॥**

ਬਾਂਮੇ-ਖੱਬੇ। ਦਾਹਨੇ-ਸੱਜੇ। ਸਮੰਤ-ਵਜ਼ੀਰ। ਚਕ੍ਰ-ਸਮੂਹ, ਬਹੁਤ। (੨) ਮਯੰਕ ਮੁਖੀ-ਚੰਦ੍ਰਮਾਂ ਵਰਗੇ ਮੂੰਹ ਵਾਲੀਆਂ ਚੰਦ੍ਰਮੁਖੀਆ। ਬ੍ਰਿੰਦ-ਅਨੇਕਾਂ। ਬੰਦੀ ਜਨ-ਭੱਟ ਕੀਰਤੀ ਗਾਉਣ ਵਾਲੇ ਪੰਡਤਿ। ਪਦੇ-ਉਪਨਿਸ਼ਦਾਂ। ਪ੍ਰਵਿਸ਼ਟ-ਖਾਸ ਕਰਕੇ ਮਿਲੀ ਹੋਈ ਜਾਂ ਲਿਖੀ ਹੋਈ। ਹਿੰਸਕ-ਨਾਸ ਕਰਨ ਵਾਲਾ। ਪ੍ਰਪੰਚ-ਜਗਤ। ਬਰੰਚ-ਬ੍ਰਹਮਾ। ਸਾ-ਸਹਿਤ। ਬੀਰ-ਸੂਰਮੇ। ਜੁਹਾਰ-ਨਮਸਕਾਰ।

ਜਿਨ੍ਹਾਂ ਰਾਜਿਆਂ ਦੇ ਸੱਜੇ-ਖੱਬੇ ਵਜ਼ੀਰਾਂ ਦਾ ਘੇਰਾ ਪਿਆ ਹੁੰਦਾ ਸੀ, ਸਾਹਮਣੇ ਰਾਜਿਆਂ ਦੀ ਸਭਾ ਜੁੜੀ ਹੁੰਦੀ ਸੀ, (ਤੇ ਜਿਨ੍ਹਾਂ ਦੇ ਘਰ ਵਿਚ) ਚੰਦ੍ਰਮਾਂ ਵਰਗੇ ਮੂੰਹ ਵਾਲੀਆਂ ਇਸਤ੍ਰੀਆਂ ਸਨ। (ਜੋ) ਰਾਜਿਆਂ ਦੇ ਪੁੱਤ੍ਰ ਅਚਰਜ ਸੂਰਮੇ ਹੰਕਾਰ ਵਾਲੇ ਸਨ, ਅਨੇਕਾਂ ਬੰਦੀ ਜਨ (ਜਿਨ੍ਹਾਂ ਦੀ) ਵੰਸ ਜਾ ਜਸ ਉਚਾਰਨ ਕਰਦੇ ਹੁੰਦੇ ਸਨ।

ਅਸਚਰਜ ਹੈ, ਹੇ ਭਾਈ! ਵੱਡੇ ਭਾਰੇ ਦੁੱਖ ਦੀ ਗੱਲ ਹੈ। (ਕਿ) ਏਡੇ ਵੱਡੇ-ਵੱਡੇ ਰਾਜੇ ਨਸ਼ਟ ਹੋ ਗਏ ਹਨ।

ਨਾਸ ਕਰਨ ਵਾਲਾ ਕਾਲ (ਜੋ) ਬ੍ਰਹਮਾ ਦੇ ਸਮੇਤ ਜਗਤ ਨਾਸ (ਕਰਕੇ ਭੀ) ਅਸੰਗ ਹੈ (ਅਰਥਾਤ ਸਭਨਾਂ ਨੂੰ ਨਾਸ ਕਰਕੇ ਭੀ ਰੱਜਿਆ ਨਹੀਂ ਹੈ) ਉਸ ਕਾਲ ਰੂਪ ਸੂਰਮੇ ਨੂੰ ਮੈਂ ਮੁੜ-ਮੁੜ ਕੇ ਨਮਸਕਾਰ ਕਰਦਾ ਹਾਂ ॥੧੦॥

### ਸੋਰਠਾ

**ਅਹੋ ਭ੍ਰਾਤ ਅਤਿ ਕਸ਼ਟ ਜਾਸ ਕਾਲ ਕੇ ਵਸ ਭਏ ।**
**ਭਏ ਪ੍ਰਾਕ ਸਭ ਨਸ਼ਟ ਗਏ ਸ੍ਰਿਮ੍ਰਿਤਿਹਿ ਪਥਨ ਮੋ ॥੧੧॥**

(ਪ੍ਰਾਕ-ਪਹਲੇ ਹੋ ਚੁਕੇ । ਪਥਨ-ਰਸਤਿ । ਮੋ-ਵਿਚ ।

ਹਾਇ ਅਫਸੋਸ ਹੈ, ਹੇ ਭਾਈ ! ਬੜੇ ਦੁਖ (ਦੀ ਗੱਲ ਹੈ ਕਿ) ਜਿਸ ਕਾਲ ਦੇ ਵੱਸ ਹੋ ਕਰਕੇ ਪਹਿਲੇ ਸਮੇਂ ਵਿਚ ਹੋ ਚੁਕੇ, ਸਾਰੇ ਹੀ ਰਾਜੇ ਨਾਸ ਹੋ ਗਏ ਹਨ ਅਤੇ ਸਿਮ੍ਰਤੀਆਂ ਦੇ ਰਸਤਿਆਂ ਵਿਚ ਚਲੇ ਗਏ ਹਨ (ਅਰਥਾਤ ਸਿਮ੍ਰਤੀਆਂ ਪੁਰਾਣਾਂ ਦੀ ਕਥਾ ਸੁਣੀਏ ਤਾਂ ਉਨ੍ਹਾਂ ਦੇ ਨਾਮ ਆਦਿਕ ਪ੍ਰਸੰਗਾਂ ਦਾ ਪਤਾ ਮਿਲਦਾ ਹੈ) ॥੧੧॥

### ਅਰਧ ਭੁਯੰਗ ਪ੍ਰਯਾਤ ਛੰਦ ।

**ਜਿਸੇ ਕਾਲ ਗਾਲੇ । ਸੁ ਭੂਪਾਲ ਪਾਲੇ ।**
**ਜਿਸੇ ਆਸੇ ਪਾਸੇ । ਸੁਮੰਤ੍ਰੀ ਪ੍ਰਕਾਸ਼ੇ ॥੧੨॥**

ਜਿਸ ਕਾਲ ਨੇ ਗਾਲ ਦਿੱਤੀਆਂ ਹਨ (ਉਨ੍ਹਾਂ) ਸਰੇਸ਼ਟ ਰਾਜਿਆਂ ਦੀਆਂ ਪਾਲਾਂ ਦੀਆਂ ਪਾਲਾਂ। ਜਿਨ੍ਹਾਂ ਦੇ ਆਸੇ-ਪਾਸੇ (ਭਾਵ ਚਾਰ-ਚੁਫੇਰੇ) ਸਰੇਸ਼ਟ ਵਜ਼ੀਰਾਂ ਦਾ ਪ੍ਰਕਾਸ਼ ਹੁੰਦਾ ਸੀ ॥੧੨॥

**ਮਹਾਂ ਬੀਰ ਸਿਆਨੇ । ਸਭੀ ਨੀਤਿ ਜਾਨੇ।**
**ਪੁਨਾ ਜਾਂਹਿ ਆਗੇ । ਸਭਾ ਰਾਜ ਲਾਗੇ ॥੧੩॥**
**ਚਲੈ ਅਗ੍ਰ ਜਾਂਕੇ। ਤਨਯ ਭੂਪ ਬਾਂਕੇ।**
**ਯੁਵਾ ਦ੍ਰਵ ਮਾਤੇ । ਸਹੰਕਾਰ ਜਾਤੇ ॥੧੪॥**

(ਜੋ ਵਜ਼ੀਰ ਬੜੇ ਸੂਰਮੇ ਤੇ ਸਿਆਣੇ ਸਨ, (ਜੋ) ਸਾਰੀ ਰਾਜਨੀਤੀ ਨੂੰ ਜਾਣਦੇ ਸਨ, ਫਿਰ ਜਿਨ੍ਹਾਂ (ਵਜ਼ੀਰਾਂ) ਦੇ ਅੱਗੇ, ਰਾਜਿਆਂ ਦੀ ਸਭਾ ਲੱਗਦੀ ਸੀ ॥੧੩॥

ਜਿਨ੍ਹਾਂ ਦੇ ਅੱਗੇ-ਅੱਗੇ ਚਲਦੇ ਹਨ, ਰਾਜਿਆਂ ਦੇ ਸੁੰਦਰ ਪੁੱਤਰ, (ਜੋ) ਜੁਆਨੀ ਤੇ ਦੌਲਤ ਨਾਲ ਮਸਤ ਸਨ, ਜਿਸ ਕਰਕੇ (ਉਹ) ਹੰਕਾਰ ਦੇ ਸਹਿਤ ਸਨ ॥੧੪॥

**ਹੁਤੇ ਚਾਰਨਗ੍ਰੇ। ਸਭੋਗੰ ਸਮਗ੍ਰੇ।**
**ਤਹਾਂ ਰਾਜ ਧਾਨੀ । ਹੁਤੀ ਸ਼ਕ੍ਰ ਸਾਨੀ ॥੧੫॥**
**ਤੀਆ ਇੰਦੁ ਤੁੰਡੀ। ਮਨੋ ਕਾਮ ਕੁੰਡੀ।**
**ਜਟੀ ਲਾਲ ਮੋਤੀ । ਘਨੀ ਧਾਮ ਹੋਤੀ ॥੧੬॥**

(ਜਿਨ੍ਹਾਂ ਦੇ) ਅੱਗੇ-ਅੱਗੇ ਚਾਰਨ (ਬੰਦੀ ਜਨ-ਉਪਮਾਂ ਦੇ ਕਬਿੱਤ ਗਾਉਂਦੇ) ਹੁੰਦੇ ਸਨ, (ਜੋ) ਸੰਪੂਰਨ ਭੋਗਾਂ ਵਾਲੇ ਸਨ, ਉਨ੍ਹਾਂ ਦੀ ਰਾਜਧਾਨੀ, (ਸ਼ਕ੍ਰ) ਇੰਦ੍ਰ ਦੇ ਸਮਾਨ ਹੁੰਦੀ ਸੀ ॥੧੫॥

ਇੰਦ੍ਰ-ਚੰਦ੍ਰਮਾਂ । ਤੁੰਡੀ-ਮੂੰਹ ਵਾਲੀਆਂ ।

ਚੰਦ੍ਰਮਾਂ ਵਰਗੇ ਮੂੰਹ ਵਾਲੀਆਂ ਇਸਤ੍ਰੀਆਂ, (ਜੋ) ਮਾਨੋ ਕਾਮ ਦੀਆਂ ਕੁੰਡੀਆਂ ਸਨ, (ਜੋ) ਲਾਲਾਂ ਤੇ ਮੋਤੀਆਂ ਨਾਲ ਜੜੀਆਂ ਸਨ, (ਇਸ ਤਰ੍ਹਾਂ ਦੀਆਂ) ਬਹੁਤ ਸਾਰੀਆਂ ਇਸਤ੍ਰੀਆਂ ਜਿਨ੍ਹਾਂ ਦੇ ਘਰ ਵਿਚ ਹੁੰਦੀਆਂ ਸਨ ॥੧੬॥

**ਚਲੇ ਭਾਟ ਗਾਤੇ। ਚਿਰੰਜੀਵ ਦਾਤੇ।**
**ਜਿਨੈ ਕੋਪ ਆਗੇ ਸਭੀ ਭੂਪ ਭਾਗੇ ॥੧੭॥**
**ਸਿਰੇ ਛੱਤ੍ਰ ਛਾਜੇ। ਦਿਸ਼ਾ ਚਾਰ ਭ੍ਰਾਜੇ।**
**ਕਰੀ ਹੈ ਸਵਾਰੀ। ਕਰੀ ਹੈ ਸਵਾਰੀ ॥੧੮॥**

ਹੈ-ਘੋੜੇ । ਕਰੀ-ਕੀਤੀ । ਕਰੀ-ਹਾਥੀ ।

(ਜਿਨ੍ਹਾਂ ਦੀ ਉਪਮਾਂ ਦੇ ਛੰਦ) ਭੱਟ ਲੋਕ ਗਾਉਂਦੇ ਹੋਏ (ਜਿਨ੍ਹਾਂ ਦੇ ਨਾਲ) ਚਲਦੇ ਹਨ, (ਅਤੇ ਕਹਿੰਦੇ ਸਨ) ਹੇ ਦਾਤੇ! ਤੂੰ ਚਿਰੰਜੀਵੀ ਹੋਵੇਂ। ਜਿਨ੍ਹਾਂ ਦੇ ਕ੍ਰੋਧ ਅੱਗੇ, ਸਾਰੇ ਰਾਜੇ (ਹਾਰ ਮੰਨ ਕੇ) ਭੱਜ ਤੁਰਦੇ ਸਨ॥੧੭॥

(ਜਿਨ੍ਹਾਂ ਦੇ) ਸਿਰ ਉਤੇ ਛਤ੍ਰ ਝੁੱਲਦਾ ਸੀ, ਚੌਹਾਂ ਕੁੰਟਾਂ (ਵਿਚ ਜਿਨ੍ਹਾਂ ਦਾ) ਹੁਕਮ ਤੁਰਦਾ ਸੀ, ਘੋੜੇ (ਉਤੇ ਜਿਨ੍ਹਾਂ ਨੇ) ਸਵਾਰੀ ਕੀਤੀ ਹੁੰਦੀ ਸੀ, ਹਾਥੀ (ਉਤੇ ਜੋ) ਸਵਾਰੀ (ਕਰਦੇ) ਸਨ ॥੧੮॥

**ਇਨੇ ਆਦਿ ਰਾਜੇ । ਹੁਤੇ ਸਾ ਸਮਾਜੇ ।**
**ਸਭੀ ਕਾਲ ਮਾਰੇ । ਗਨੈ ਕੌਨ ਸਾਰੇ ॥੧੯॥**
**ਭਏ ਤੇ ਪੁਰਾਨੇ । ਨਕੋ ਤਾਹਿ ਜਾਨੇ ।**
**ਕਥਾ ਜੇ ਪੁਰਾਨੇ । ਸਨੇ ਨਾਮ ਜਾਨੇ ॥੨੦॥**

ਇਤ ਆਦਿਕ (ਜੋ) ਰਾਜੇ ਸਨ, ਸਮਾਜ ਦੇ ਸਹਿਤ ਹੈਗੇ ਸਨ, (ਉਹ) ਸਾਰੇ ਕਾਲ ਨੇ ਮਾਰੇ ਹਨ, (ਉਹ) ਸਾਰੇ ਕੌਣ ਗਿਣ ਸਕਦਾ ਹੈ ? ॥੧੯॥

ਉਹ ਪੁਰਾਣੇ ਹੋ ਗਏ ਹਨ, ਕੋਈ ਉਨ੍ਹਾਂ ਨੂੰ ਜਾਣਦਾ ਨਹੀਂ ਹੈ, ਜਿਹੜੇ ਪੁਰਾਣਾ ਦੀ ਕਥਾ ਸੁਣਦੇ ਹਨ, (ਓਹ ਹੀ) ਨਾਮ ਜਾਣ (ਸਕਦੇ ਹਨ) ॥੨॥

**ਪੁਨਾਂ ਤੀਨ ਲੋਕੀ। ਸੁਨੀਓ ਵਿਲੋਕੀ।**
**ਨਿਮੇਖੇਕ ਮਾਹੀ । ਗਿਲੋ ਕਾਲ ਤਾਹੀ ॥੨੧॥**
**ਯੁਬਾ ਬ੍ਰਿਧ ਛੋਰੇ। ਕਹੂੰ ਕੋ ਨ ਛੋਰੇ॥**
**ਨਮੋ ਤਾਸ ਕਾਲੇ । ਜਿਸੇ ਸਰਬ ਗਾਲੇ ॥੨੨॥**

ਫਿਰ ਤਿੰਨਾਂ ਲੋਕਾਂ ਵਿਚਲੇ ਜੀਵ, (ਜੋ ਸ਼ਾਸਤ੍ਰਾਂ ਵਿਚੋਂ) ਸੁਣੇ ਜਾਂਦੇ ਅਤੇ (ਅਨੁਭਵ ਕਰਕੇ) ਵੇਖੇ ਜਾਂਦੇ ਹਨ, ਇਹ ਨਿਮਖ ਵਿਚ ਹੀ, ਕਾਲ ਨੇ ਉਨ੍ਹਾਂ ਨੂੰ ਨਿਗਲ ਖਾ ਲਿਆ ਹੈ ॥੨੧॥

ਜੁਆਨ, ਬੁਢਾ ਤੇ ਬਾਲਕ, (ਜੋ) ਕਿਸੇ ਨੂੰ ਛੱਡਦਾ ਨਹੀਂ, ਉਸ ਕਾਲ ਨੂੰ ਨਮਸ਼ਕਾਰ ਹੈ, ਉਸਨੇ ਸਭਨਾਂ ਨੂੰ ਗਾਲਿਆ (ਨਾਸ ਕੀਤਾ) ਹੈ ॥੨੨॥

## ਦੋਹਰਾ

**ਹਨੇ ਹਨਤ ਪੁਨ ਹਨੇਗੋ ਉਤਮ ਮਧਮ ਮੰਦ।**
**ਗਨੇ ਬਰੋਬਰ ਸਰਧ ਕੋ ਤਾਂਤੇ ਤਾਂਕੋ ਬੰਦ ॥੨੩॥**

(ਜਿਸਨੇ) ਉੱਤਮ ਮੱਧਮ ਤੇ ਨੀਚ (ਪੁਰਸ਼) ਮਾਰੇ ਹਨ, ਮਾਰਦਾ ਹੈ ਤੇ ਮਾਰੇਗਾ। (ਜੋ) ਸਾਰਿਆਂ ਨੂੰ ਇਕ ਸਮਾਨ ਕਰਕੇ ਗਿਣਦਾ ਹੈ,ਇਸ ਕਰਕੇ (ਮੇਰੀ) ਉਸ ਨੂੰ ਨਮਸਕਾਰ ਹੈ ॥੨੩॥

## ਕਬਿੱਤ

**ਜਿਨੋਂ ਧਨੋ ਕਰ ਸਭ ਮਿਲੇ ਮਨੋ ਕਾਮ ਜਬ,**
**ਤਾਕੋ ਭਯੋ ਸਿਧ ਤਬ ਕਹਾਂ ਲਾਭ ਮਾਨ ਹੈ।**
**ਅਰਿਨ ਕੋ ਸਿਰ ਪਰ ਚਰਨ ਕੋ ਧਾਰ ਕਰ,**
**ਕਹਾ ਭਯੋ ਡਾਰ ਡਾਰ ਸੋਯ ਸਾਭਿਮਾਨ ਹੈ।**
**ਜੋ ਸਨੇਹੀ ਜਨੋ ਧਨ ਕਰ ਮਾਨ ਕੀਨੋ ਘਨੋ,**
**ਕਹਾਂ ਭਯੋ ਤੋਹਿ ਭਨੋ ਤੂੰ ਤੋ ਕੁਲ ਭਾਨ ਹੈ।**
**ਕਲਪ ਪ੍ਰਯੰਤ ਭੋਗ ਭੋਗੇਨਰ ਕਹਾਂ ਹੋਗ ਜਾਤੇ,**
**ਅੰਤ ਨਾਸੀ ਲੋਕ ਸਨੇ ਕਾਰ ਕਾਨ ਹੈ ॥੨੪॥**

ਅਰਿਨ-ਵੈਰੀਆਂ। ਡਾਰ ਡਾਰ-ਨਿੱਡਰ ਹੋ ਕੇ। ਕੁਲ ਭਾਨ-ਕੁਲ ਦਾ ਸੂਰਜ। ਕਲਪ-ਬ੍ਰਹਮਾਂ ਦੇ ਇਕ ਦਿਨ ਦਾ ਨਾਮ ਕਲਪ ਹੈ, ਚੌਦਾਂ ਇੰਦ੍ਰ ਰਾਜ ਕਰ ਚੁਕਨ ਤਾਂ ਬ੍ਰਹਮਾਂ ਦਾ ਇਕ ਦਿਨ ਮੁੱਕਦਾ ਹੈ, ੭੨ ਚੌਕੜੀਆਂ ਜੁਗ ਇਕ ਇੰਦ੍ਰ ਦੇ ਰਾਜ ਦਾ ਸਮਾਂ ਹੈ। ਕਾਰ ਕਾਨ--ਕਾਰਕ ਅਵਤਾਰ, ਜੋ ਕਿਸੇ ਇਕ ਖਾਸ ਕੰਮ ਨੂੰ ਪੂਰਾ ਕਰਨ ਲਈ ਹੋਵੇ, ਰਾਮਾਨੰਦ ਆਦਿਕ ਕਾਰਕਾਵਤਾਰ ਸਨ।

ਜਿਸ ਧਨ ਕਰਕੇ ਸਾਰੀਆਂ ਮਨੋਕਾਮਨਾ ਪੂਰੀਆਂ ਹੁੰਦੀਆਂ ਹਨ, ਜਦ ਉਸ ਧਨ ਪ੍ਰਾਪਤੀ ਹੋ ਗਈ ਤਦ ਕੀ ਲਾਭ ਮਿਲ ਜਾਣਾ ਹੈ ?

(ਜੇਕਰ) ਵੈਰੀਆਂ ਦੇ ਸਿਰ ਉਤੇ ਪੈਰ ਦੇਖ ਕੇ, ਸਭ ਤਰ੍ਹਾਂ ਦੇ ਡਰ ਨੂੰ ਤਿਆਗ ਕੇ ਅਭਿਮਾਨ ਨਾਲ ਸੌਂ ਗਿਆ ਤਾਂ ਕੀ ਹੋਣਾ ਹੈ ?

ਜੇ ਮਿੱਤ੍ਰਾਂ ਪਿਆਰਿਆਂ ਨੇ ਧਨ ਦੇ ਪ੍ਰਤਾਪ ਕਰਕੇ ਬਹੁਤਾ-ਆਦਰ ਮਾਣ ਕੀਤਾ ਅਤੇ ਤੈਨੂੰ (ਉਨ੍ਹਾਂ) ਕਹਿ ਦਿੱਤਾ ਤੂੰ ਤਾਂ ਕੁਲ ਦਾ ਸੂਰਜ ਹੈਂ, ਪਤਾ ਕੀ ਹੋਣਾ ਹੈ ?

ਹੇ ਬੰਦੇ ! ਕਲਪ (ਤਕ ਜੀਊਦਿਆਂ ਰਹਿ ਕੇ) ਭੋਗਾਂ ਨੂੰ ਭੋਗੇ ਤਾਂ ਕੀ ਹੋਵੇਗਾ, (ਕਿਉਂਕਿ) ਅੰਤ ਨੂੰ ਕਾਰਕ ਅਵਤਾਰਾਂ ਦੇ ਸਮੇਤ ਹੀ ਸਾਰੇ ਲੋਕਾਂ ਨੇ ਨਾਸ ਹੋ ਜਾਣਾ ਹੈ ॥੨੪॥

### ਦੋਹਰਾ

**ਭਯੋ ਕਾਲ ਭੈ ਪ੍ਰਗਟ ਕਰ ਤ੍ਰਿਤੀਏ ਇਤਿ ਸ੍ਰੀ ਆਪੁ ।**
**ਵੈਰਾਗਾਦਿਕ ਸੁਤ ਜਨੇ ਹਨੇ ਸਰਬ ਭੈ ਤਾਪ ॥੨੫॥**

ਕਾਲ ਦੇ ਡਰ ਨੂੰ ਪ੍ਰਗਟ ਕਰਕੇ ਤੀਸਰਾ ਅਧਯਾਯ ਪੂਰਾ ਹੋ ਗਿਆ ਹੈ । ਵੈਰਾਗ ਆਦਿਕ ਪੁਤ੍ਰ ਉਸਨੇ ਪੈਦਾ ਕੀਤੇ ਹਨ, ਜੋ ਸਾਰੇ ਡਰ ਤੇ ਦੁਖ ਨੂੰ ਨਾਸ ਕਰਦੇ ਹਨ ॥੨੫॥

*(ਇਤਿ ਤ੍ਰਿਤੀਯ ਅਧਯਾਯ)*

ੴ ਸਤਿਗੁਰ ਪ੍ਰਸਾਦਿ ॥

# ਅਥ ਚੌਥਾ ਅਧਯਾਯ ਆਰੰਭ

### ਦੋਹਰਾ

**ਉਤਕੰਠਾ ਨਿਜ ਚਿਤ ਕੀ ਕਹੇ ਚਤੁਰਥੇ ਧਯਾਇ।**
**ਕਰਤ ਬਿਨੌਂ ਨ੍ਰਿਪ ਸੰਭੁ ਪਹਿ ਸਾਤ ਸਲੋਕ ਬਨਾਇ ॥੧॥**

ਉਤਕੰਠਾ-ਇੱਛਾ। ਸੰਭੁ-ਸ਼ਿਵਜੀ।

ਆਪਣੇ ਚਿੱਤ ਦੀ ਇੱਛਾ ਚੌਥੇ ਅਧਿਆਇ ਵਿਚ ਕਹਿੰਦੇ ਹਨ। ਰਾਜਾ (ਭਰਥਰੀ ਜੀ) ਸੱਤ ਸਲੋਕ ਬਣਾਕੇ ਸ਼ਿਵਜੀ ਕੋਲ ਬੇਨਤੀ ਕਰਦੇ ਹਨ।

### ਤੋਟਕ ਛੰਦ

**ਇਕ ਏਕ ਨਿਸਾਪ੍ਰਿਹ ਸ਼ਾਂਤਿ ਮਨਾ।**
**ਕਰ ਪਾਤ੍ਰ ਪਵਿਤ੍ਰ ਦਿਸਾ ਬਸਨਾ॥**
**ਕਰਮਾ ਨਿਰਮੂਲਨ ਮੈ ਨਿਪੁਨਾ।**
**ਸਿਵਜੀ ਕਬ ਹ੍ਵੈ ਮਮ ਐਸ ਦਿਨਾ ॥੨॥**

ਇਕ ਏਕ-ਏਕਾ-ਏਕੀ, ਕੱਲ-ਮਕੱਲਾ, ਕੇਵਲ ਇਕ। ਨਿਸਾਪ੍ਰਿਹ-ਇੱਛਾ ਰਹਿਤ॥ (੨) ਮੋਹ ਰਹਿਤ। ਕਰ-ਹੱਥ। ਪਾਤ੍ਰ-ਖੱਪਰ, ਪਿਆਲਾ। ਬਸਨਾ-ਬਸਤ੍ਰ-ਕੱਪੜੇ। ਨਿਰਮੂਲਨ-ਜੜ ਪੁੱਟਣ। ਨਿਪੁਨਾ-ਚਤਰ।

(ਮੈਂ) ਇਕੱਲਾ ਹੀ ਇੱਛਾ ਤੋਂ ਰਹਿਤ ਤੇ ਸ਼ਾਂਤਿ ਮਨ ਹੋ ਕੇ (ਫਿਰਦਾ ਹੋਵਾਂ)। (ਮੇਰੇ) ਹੱਥ ਹੀ ਖੱਪਰ ਤੇ ਦਿਸ਼ਾ ਹੀ ਕੱਪੜੇ ਹੋਣ। ਨਿਸ਼ਕਾਮ ਤੇ ਸਕਾਮ ਕਰਮਾਂ ਦੀ ਜੜ੍ਹ ਪੁੱਟਣ ਵਿਚ ਮੈਂ ਚਤਰ ਹੋਵਾਂ।

ਹੇ ਸ਼ਿਵਜੀ ! ਮੇਰੇ ਇਸ ਤਰ੍ਹਾਂ ਦੇ ਦਿਨ ਕਦੋਂ ਹੋਵਨਗੇ ? ॥੨॥

### ਕਬਿੱਤ

**ਸ਼ਾਂਤਿ ਧੁਨੀ ਜਾਮਨੀ ਕੀ ਚਾਂਦਨੀ ਅਮਿਤ ਦੁਤ,**
**ਤਾਸੋਂ ਗੰਗਾਤੀਤ ਤਲੋਂ ਉੱਜਲੋ ਲਸਤ ਹੈ॥**
**ਤਾਮੈ ਸੁਖੀ ਬਹੂੰ ਕਹੂੰ ਸ਼ਿਵ ਸ਼ਿਵ ਕਹੂੰ ਐਸੀ,**
**ਬਾਣੀ ਭਨੋ ਜੈਸੇ ਪ੍ਰਾਣੀ ਦੁਖਾਰਤ ਹੈ॥**

**ਪ੍ਰੇਮ ਉਦੈ ਪਾਥ ਸਾਥ ਦ੍ਰਿਗ ਭੀਗ ਜਾਂਹਿ ਕਬ,**
**ਆਵੈ ਸਾਹਿ ਸਾਹਿ ਮੌ ਰੋਮਾਂਚ ਪੁਲਕਤ ਹੈ ॥**
**ਭਵ ਕੇ ਅਭੋਗਨ ਤੇ ਭਯੋ ਅਬ ਉਦਬੇਗ,**
**ਕਰੋਂ ਐਸੀ ਬਿਧੀ ਬੇਗ ਐਸੀ ਮੋਰੀ ਮਤ ਹੈ ॥੩॥**

ਸ਼ਾਂਤ-ਧੁਨੀ ਜੋ ਅਵਾਜ਼ ਵਲੋਂ ਸ਼ਾਂਤ ਹੈ, ਬਿਲਕੁਲ ਚੁਪ-ਚਾਂ। ਜਾਮਨੀ-ਰਾਤ। ਅਮਿੱਤ-ਬੇਹੱਦ। ਦੁਤ-ਪ੍ਰਕਾਸ਼। ਤਲੋ-ਉਪਰਲਾ ਭਾਗ। ਲਸਤ-ਚਮਕਦਾ। ਦੁਖਾਰਤ-ਦੁਖ ਕਰਕੇ ਦੁਖੀ ਵਾ ਦੀਨ। ਉਦੈ-ਪ੍ਰਗਟ ਹੋਵੇ। ਪਾਥ-ਪਾਣੀ ਆਂਸੂ। ਦ੍ਰਿਗ-ਨੇਤ੍ਰ, ਅੱਖਾਂ। ਸ਼ਾਹ ਸਾਹਿ-ਹਾਉਕੇ। ਰੋਮਾਂਚ-ਲੂੰ ਕੰਡੇ ਹੋ ਜਾਣੇ। ਪੁਲਕਤ-ਪੁਲਕਾਵਲੀ ਆਵੇ। ਭਵ-ਸੰਸਾਰ। ਅਭੋਗਨ-ਖੋਟੇ ਭੋਗ, ਦੁਖਦਾਈ ਭੋਗ। ਉਦਬੇਗ-ਵੈਰਾਗ। ਬੇਗ-ਛੇਤੀ ਨਾਲ।

ਨੋਟ-ਪਹਿਲੇ ਚੌਥੀ ਤੁਕ ਦਾ ਅਰਥ ਕਰਨਾ ਚਾਹੀਦਾ ਹੈ, ਤਾਂ ਵਿਵਸਥਾ ਲੱਗਦੀ ਹੈ-੪. ਸੰਸਾਰ ਦੇ ਖੋਟੇ ਭੋਗਾਂ ਤੋਂ ਹੁਣ (ਮੈਨੂੰ) ਵੈਰਾਗ ਹੋ ਗਿਆ ਹੈ (ਇਸ ਲਈ) ਛੇਤੀ ਨਾਲ ਅਜਿਹੀ ਬਿਧੀ ਕਰ ਦੇਹੁ, ਮੇਰੀ ਇਹ ਸਲਾਹ ਹੈ। (ਕਿ)

੧. ਰਾਤ ਦੀ ਚੁੱਪ.ਚਾਂ (ਜਿਸ ਵਿਚ ਚੰਦ੍ਰਮਾਂ ਦੀ ਚਾਂਦਨੀ ਦਾ ਬੇਹੱਦ ਪ੍ਰਕਾਸ਼ ਹੈ, ਉਸ (ਪ੍ਰਕਾਸ਼) ਨਾਲ ਗੰਗਾ ਦੇ ਕੰਢੇ ਦਾ ਉਪਰਲਾ ਹਿੱਸਾ ਚਿੱਟਾ-ਚਿੱਟਾ ਚਮਕਦਾ ਹੈ।

੨. ਉਸ (ਉਜਾਲੇ) ਵਿਚ ਮੈਂ ਕਿਸੇ ਜਗ੍ਹਾ ਉਤੇ ਸੁਖ ਪੂਰਬਕ ਬੈਠਾ ਰਹਾਂ, ਤੇ-'ਸ਼ਿਵਾਯ ਨਮ ਸ਼ਿਵਾਯ ਨਮ:' ਆਖਾਂ, ਅਤੇ ਇਸ ਤਰ੍ਹਾਂ ਦੀ ਬਾਣੀ ਬੋਲਾਂ, ਜਿਸ ਤਰ੍ਹਾਂ ਦੁਖੀਆ ਜੀਵ ਪੁਕਾਰਦਾ ਹੈ।

੩. ਪ੍ਰੇਮ ਨਾਲ ਪੈਦਾ ਹੋਵੇ ਹੋਏ ਪਾਣੀ (ਆਂਸੂਆਂ) ਨਾਲ ਅੱਖਾਂ ਭਿੱਜ ਜਾਣ, ਕਦੇ ਹਾਉਕੇ ਆਉਣ ਅਤੇ ਪੁਲਕਾਵਲੀ ਨਾਲ ਲੂੰ ਕੰਡੇ ਹੋ ਜਾਣ। (ਐਸੇ ਦਿਨ ਕਦੋਂ ਆਵਨਗੇ ?) ॥੩॥

### *ਕਬਿੱਤ*

**ਨ੍ਹਾਇਕੇ ਨਵਾਊਂ ਗੰਗਾ ਪਾਥ ਸਾਥ ਨਾਥ ਤੁਮੈ,**
**ਸੁਚ ਫੂਲ ਫਲੋਂ ਕਰ ਰੂਚਿ ਧਰ ਧਿਆਵੇਂਗੇ।**
**ਧਿਆਨ ਜੋਗ ਧਿਆਨ ਤੇਰੋ ਤਾਮੈ ਲਾਗੇ ਮਨ ਮੇਰੋ,**
**ਸੈਲ ਦਰੀ ਸਿਲਾ ਕੇ ਪ੍ਰਯੰਕ ਪੈ ਸੁਹਾਵੇਂਗੇ।**
**ਸੁਖੀ ਨਿਜਾਨੰਦ ਕਰ ਫਲਾ ਹਾਰੀ ਰਤਿ ਤਰ,**
**ਗੁਰੋਂ ਕੇ ਬਚਨ ਸੋਂ ਚਰਨ ਥਾਰੇ ਭਾਵੇਂਗੇ।**

**ਸਮਰਾਰੀ ਥਾਰੀ ਕ੍ਰਿਪਾ ਅਨੁਸਾਰੇ ਸਾਰੇ,**
**ਦੁਖ ਸਾਰੇਂ ਹਮ ਜਦੋਂ ਸੋ ਦਿਹਾਰੇ ਕਦੋਂ ਆਵੇਂਗੇ ॥੪॥**

ਗੰਗਾ ਪਾਥ-ਗੰਗਾ ਜਲ। ਨਾਥ-ਹੇ ਸ੍ਵਾਮੀ। ਸੁਦ-ਪਵਿਤ੍ਰ। ਰੁਚਿ-ਪ੍ਰੀਤੀ ਨਾਲ। ਸੈਲ ਦਰੀ-ਪਹਾੜ ਦੀ ਗੁਫਾ ਜਾਂ ਕੰਦਰਾ। ਸਿਲਾ-ਪੱਥਰ। ਪ੍ਰਯੰਕ-ਪਲੰਘ ਵੱਡਾ ਮੰਜਾ। ਨਿਜਾਨੰਦ-ਆਤਮ ਅਨੰਦ। ਫਲਾਹਾਰੀ-ਫਲਾਂ ਦਾ ਭੋਜਨ ਕਰਾਂ। ਰਤਿ-ਪ੍ਰੀਤੀ। ਸੌਂ-ਨਾਲ। ਥਾਰੇ-ਤੁਹਾਡੇ। ਸਮਰਾਰੀ-ਸ਼ਿਵਜੀ। ਥਾਰੀ-ਤੇਰੀ। ਸਾਰੇ-ਸਾੜ ਲਵਾਂ।

੧. ਹੇ ਨਾਥ ! ਗੰਗਾ ਜਲ (ਵਿਚ ਆਪ) ਨ੍ਹਾਕੇ, (ਫਿਰ) ਤੁਹਾਨੂੰ ਗੰਗਾ ਜਲ ਨਾਲ ਇਸਨਾਨ ਕਰਾਵਾਂਗਾ, ਅਤੇ ਪਵਿਤ੍ਰ ਫੁੱਲਾਂ-ਫਲਾਂ (ਨੂੰ ਬਨ ਵਿਚੋਂ ਇਕੱਠੇ) ਕਰਕੇ (ਆਪ ਅੱਗੇ) ਰਖਾਂਗਾ, (ਅਤੇ ਆਪ ਦਾ) ਸਿਮਰਨ ਕਰਾਂਗਾ।

੨. ਧਿਆਨ (ਕਰਨੇ) ਜੋਗ (ਜੋ) ਆਪ ਦਾ ਧਿਆਨ ਹੈ, ਉਸ ਵਿਚ ਮੇਰਾ ਮਨ ਲੱਗ ਜਾਵੇ, ਅਤੇ ਪਹਾੜ ਦੀ ਗੁਫਾ ਦੇ (ਅੰਦਰਲੀ) ਸਿਲਾ ਰੂਪ ਮੰਜੇ ਉਤੇ (ਮੈਂ ਬੈਠਕੇ) ਸੋਭਾ ਪਾਵਾਂਗਾ।

੩. ਆਤਮ ਅਨੰਦ ਕਰਕੇ ਸੁਖੀ (ਹੋਵਾਂਗਾ) ਫਲਾਂ ਦਾ ਭੋਜਨ ਕਰਨ ਨਾਲ ਅਤਿਯੰਤ ਪ੍ਰੀਤੀ (ਹੋ ਜਾਵੇਗੀ) ਅਤੇ ਗੁਰਾਂ ਦੇ ਬਚਨਾਂ ਨਾਲ (ਪ੍ਰੀਤੀ ਕਰਨ ਕਰਕੇ) ਆਪ ਦੇ ਚਰਨ ਮੈਨੂੰ ਚੰਗੇ ਲੱਗਣਗੇ।

੪. ਹੇ ਸਮਰ ਦੈਂਤ ਨੂੰ ਮਾਰਨ ਵਾਲੇ ਸ਼ਿਵ ਜੀ ! ਆਪਦੀ ਕ੍ਰਿਪਾ ਦੇ ਅਨੁਸਾਰ ਹੋਣ ਕਰਕੇ ਜਦੋਂ ਦੁੱਖਾਂ ਨੂੰ ਸਾੜ ਲਵਾਂਗਾ (ਮੇਰੇ ਉਤੇ) ਉਹ ਦਿਹਾੜੇ ਕਦੋਂ ਆਉਣਗੇ ॥੪॥

### *ਕਬਿੱਤ*

**ਸੁੰਦਰੀ ਕੇ ਭੋਗਨ ਮੈਂ ਸੁੰਦਰ ਏ ਕਾਲ ਗਯੋ,**
**ਧਾਰ ਕੇ ਭਵੋਟ ਭਵਯੋ ਸੋਗ ਮਗ ਚਿਰ ਮੈਂ।**
**ਪਾਯੋ ਅਤਿ ਖੇਦ ਗਯੋ ਥਾਕ ਨਿਰਵੇਦ ਅਬ,**
**ਚਹੋਂ ਗੰਗ ਤੀਰ ਪਰ ਬਹੋ ਉਤ ਗਿਰ ਮੈਂ।**
**ਤੁੰਗ ਹੋਂਹਿ ਤਨ ਬਾਰ ਨੈਨ ਪੂਰੇ ਪ੍ਰੇਮ ਬਾਰ,**
**ਕੰਠ ਦਬੇ ਨਾਮੋਂ ਚਾਰ ਗੰਗਾ ਜਾਂਕੇ ਸਿਰ ਮੈਂ।**
**ਭੋਗ ਨਰਕਾਂਗਨ ਕੇ ਹੇਤ ਕੋ ਨਾ ਭਜੋ ਅਬ,**
**ਕਰੋਂ ਐਸੀ ਬਿਧਿ ਭਵੌਂ ਭਵ ਮੈਂ ਨ ਫਿਰ ਮੈਂ ॥੫॥**

ਸੁੰਦਰੀ-ਇਸਤ੍ਰੀ। ਭਵੋਟ-(ਭਵ ਓਟ) ਸੰਸਾਰ ਦਾ ਆਸਰਾ। ਮਗ-ਰਸਤੇ। ਨਿਰਵੇਦ-ਵੈਰਾਗ। ਗਿਰ ਮੈ-ਪਹਾੜ ਦੀ ਗੁਫਾ। ਤੁੰਗ-ਉੱਚਾ, ਖੜ੍ਹਾ। ਬਾਰ-ਪਾਣੀ, ਆਂਸੂ। ਨਮੋ ਚਾਰ-ਨਾਮ ਦਾ ਸਿਮਰਨ।

ਨਰਾਗਨ-ਨਰਕਾਂ ਦੀ ਅੱਗ। ਭਵੌਂ ਭਵ ਮੈਂ ਨ-ਸੰਸਾਰ ਵਿਚ ਨਾ ਫਿਰਾਂ।

ਇਹ ਸੁੰਦਰ ਸਮਾਂ ਇਸਤ੍ਰੀ ਦੇ ਭੋਗਾਂ ਵਿਚ ਬੀਤ ਗਿਆ ਹੈ, ਸੰਸਾਰ ਦਾ ਆਸਰਾ ਧਾਰ ਕੇ ਮੈਂ ਸੋਗ ਦੇ ਰਾਹ ਵਿਚ ਬਹੁਤ ਚਿਰ ਤਕ ਫਿਰਦਾ ਰਿਹਾ ਹਾਂ।

ਵੱਡਾ ਦੁੱਖ ਪਾਇਆ ਅਤੇ ਥੱਕ ਗਿਆ ਹਾਂ ਹੁਣ (ਇਨ੍ਹਾਂ ਭੋਗਾਂ ਤੋਂ) ਵੈਰਾਗ ਚਾਹੁੰਦਾ ਹਾਂ, ਗੰਗਾ ਦੇ ਕੰਢੇ, ਜਾਂ ਪਹਾੜ ਉਤੇ ਜਾਂ ਪਰਬਤ ਦੀ ਗੁਫਾ ਵਿਚ (ਬਾਕੀ ਦੀ ਉਮਰਾ ਨੂੰ ਗੁਜਾਰਨਾ ਚਾਹੁੰਦਾ ਹਾਂ)।

(ਮੇਰਾ) ਸਰੀਰ ਖੜ੍ਹਾ ਹੋਵੇ, ਅੱਖਾਂ ਵਿਚ ਆਸੂ ਭਰੇ ਹੋਣ, ਪ੍ਰੇਮ ਜਲ ਨਾਲ ਕੰਠ ਦਬ ਜਾਵੇ (ਅਤੇ ਉਸਦੇ) ਨਾਮ ਦਾ ਸਿਮਰਨ ਕਰਾਂ, ਜਿਸਦੇ ਸਿਰ ਵਿਚ ਗੰਗਾ ਵਸ ਰਹੀ ਹੈ।

ਨਰਕਾਂ ਦੀ ਅੱਗ ਦਾ ਕਾਰਣ ਜੋ ਵਿਸ਼ੈ ਭੋਗ ਹਨ, ਹੁਣ (ਮੈਂ ਉਨ੍ਹਾਂ ਨੂੰ) ਸੇਵਨ ਨਾ ਕਰਾਂ, (ਕੋਈ) ਅਜਿਹੀ ਬਿਧੀ ਕਰ ਦਿਓ, (ਜਿਸ ਕਰਕੇ) ਮੈਨੂੰ ਮੁੜਕੇ ਸੰਸਾਰ ਵਿਚ ਫਿਰਨਾ ਨਾ ਪਵੇ ॥੫॥

## ਕਬਿੱਤ

**ਕਾਲ ਏਹ ਪੁੰਨਾਗਮੀ ਨ ਸੋ ਤੋ ਭਯੋ ਬ੍ਰਿਥਾ,**
**ਖੀਨ ਤਨ ਦੀਨ ਮਨੁ ਦੀਨ ਨਾਰੀ ਰਮਨੀਕ ਮੈ।**
**ਸੈਕਰੇ ਕਲੇਸੋ ਕੋ ਪ੍ਰਵੇਸੋ ਕਰ ਵਿਆਕੁਲ ਜੈਸੇ,**
**ਸੋ ਦਿਸਾ ਸਹੀ ਸਹ ਕਹਾਂ ਕਹਾਂ ਤੀਕ ਮੈ।**
**ਜੋ ਜੋ ਕਰੋਂ ਕਾਮ ਸੋ ਸੋ ਦੇਤ ਦੁਖ ਗ੍ਰਾਮ ਮੋਕੋ,**
**ਅਹੋ ਵਹੀ ਅਪ ਕਾਮ ਰਕੋਂ ਅਬ ਤੀਕ ਮੈ।**
**ਪ੍ਰਬਲ ਅਦਿਸ਼ਟ ਦੁਸ਼ਟ ਜੋਰਤ ਅਨਿਸ਼ਟ ਮਾਂਹਿ,**
**ਤਾਂ ਕੇ ਸਾਂਤਿ ਬਿਨਾ ਸਾਂਤਿਨਾਹਿ ਚੀਨੋ ਨੀਕਮੈ ॥੬॥**

ਪੁਨਾ ਗਮੀਨ-(ਪੁੰਨ ਆਗਮੀਨ) ਪੁੰਨਾ ਕਰਕੇ ਪ੍ਰਾਪਤ ਹੋਇਆ ਹੈ। ਕਾਲ-ਸਮਾਂ। ਰਮਨੀਕ-ਸੁੰਦਰ। ਵਿਆਕੁਲ-ਮਹਾਂ ਦੁਖੀ। ਗ੍ਰਾਮ-ਸਮੂਹ। ਪ੍ਰਬਲ-ਜ਼ੋਰ ਵਾਲੇ। ਅਦਿਸ਼ਟ-ਕਰਮ। ਆਨਿਸਟ-ਬੁਰਾਈ।

ਇਹ (ਜੋ ਪੂਰਬਲੇ) ਪੁੰਨਾਂ ਕਰਕੇ (ਮਨੁੱਖਾ ਜਨਮ ਰੂਪ) ਸਮਾਂ ਪ੍ਰਾਪਤ ਹੋਇਆ ਹੈ ਉਹ ਤਾਂ ਬਿਅਰਥ ਹੀ ਨਾਸ ਹੋ ਗਿਆ ਹੈ, (ਇਸ) ਸਰੀਰ (ਨੂੰ ਹੀ ਆਪਣਾ ਰੂਪ) ਪਛਾਣ ਕਰਕੇ, ਮਨ ਨੂੰ ਸੁੰਦਰ ਨਾਰੀਆਂ (ਦੇ ਭੋਗਾਂ) ਵਿਚ ਲਾ ਦਿੱਤਾ ਹੈ।

ਸੈਂਕੜੇ ਦੁੱਖਾਂ ਨੂੰ (ਦੇਣ ਵਾਲੇ ਕਰਮਾਂ ਵਿਚ ਮੈਂ) ਪ੍ਰਵੇਸ਼ ਕਰਕੇ ਮਹਾਂ ਦੁਖੀ ਹੋ ਗਿਆ ਹਾਂ, (ਉਸ ਵਿਆਕੁਲਤਾ ਕਰਕੇ) ਉਹ ਦਸਾ (ਹਾਲਤ) (ਮੇਰੀ ਹੋਈ ਅਤੇ ਮੈਂ) ਸਹਾਰੀ ਹੈ, (ਉਹ) ਨਿਸ਼ਚਾ ਮੈਂ ਕਿਥੋਂ-ਕਿਥੋਂ ਤੱਕ ਕਹਿ ਸਕਦਾ ਹਾਂ।

ਜੋ-ਜੋ ਕੰਮ ਭੀ ਮੈਂ ਕੀਤਾ ਹੈ, ਉਸ ਉਸ (ਕਰਮ ਨੇ) ਮੈਨੂੰ ਦੁੱਖਾਂ ਦਾ ਪੁੰਜ ਬਖਸ਼ ਦਿੱਤਾ ਹੈ, ਹਾਇ ਅਫ਼ਸੋਸ! ਉਹੀ ਬੁਰੇ ਕਰਮ ਮੈਂ ਅਜੇ ਤਕ ਕਰ ਰਿਹਾ ਹਾਂ।

ਮਹਾਂ ਬਲਵਾਨ ਦੁਸ਼ਟ ਕਰਮ (ਹੀ ਮੈਨੂੰ) ਖੋਟਿਆਂ ਕਰਮਾਂ ਵਿਚ ਜੋੜਦੇ ਹਨ, ਉਨ੍ਹਾਂ ਕਰਮਾਂ ਦੇ ਨਾਸ ਹੋਏ ਤੋਂ ਬਿਨਾਂ (ਮੈਨੂੰ) ਸ਼ਾਂਤੀ (ਪ੍ਰਾਪਤ) ਨਹੀਂ (ਹੋਵੇਗੀ, ਇਹ) ਮੈਂ ਠੀਕ ਜਾਣ ਲਿਆ ਹੈ ॥੬॥

### ਦੋਹਰਾ

**ਨਸ਼ਟ ਅਦ੍ਰਿਸ਼ਟ ਗਿਆਨ ਬਿਨ ਗ੍ਯਾਨ ਨ ਬਿਨੁ ਵੈਰਾਗ।**
**ਤਾਂਤੇ ਭਵ ਨਿਰਵੇਦ ਪ੍ਰਦ, ਜਾਤੇ ਭਵ ਦੁਖ ਤਿਆਗ ॥੭॥**

ਅਦ੍ਰਿਸ਼ਟ-ਕਰਮ। ਭਵ-ਸ਼ਿਵਜੀ। (੨) ਸੰਸਾਰ। ਨਿਰਵੇਦ-ਵੈਰਾਗ। ਪ੍ਰਦ-ਦੇਹੁ।

ਗਿਆਨ ਤੋਂ ਬਿਨਾ ਕਰਮ ਨਸ਼ਟ ਨਹੀਂ ਹੁੰਦੇ, ਅਤੇ ਵੈਰਾਗ ਬਿਨਾਂ ਗਿਆਨ ਨਹੀਂ (ਹੁੰਦਾ) ਇਸ ਲਈ ਹੇ ਸ਼ਿਵਜੀ! (ਮੈਨੂੰ) ਗਿਆਨ ਦੇਹੁ, ਜਿਸ ਕਰਕੇ ਸੰਸਾਰ ਦੇ ਦੁਖਾਂ ਦਾ ਤਿਆਗ (ਹੋ ਜਾਵੇ) ॥੭॥

### ਸ੍ਵੈਯਾ

**ਪੁੰਨ ਬਨੇ ਬਸ ਕੌਨ ਦਿਨੇ ਭਨੋ ਭੋ ਸ਼ਿਵ ਸ਼ੰਭ ਜਟੀ ਸਮਰਾਰੀ।**
**ਨਾਗਨ ਮੋਤਿਨ ਹਾਰਨ ਮੋ ਉਤ ਸ਼ਤਰੁ ਬਲੀ ਸੁ ਸਮਿਤ੍ਰ ਮੰਝਾਰੀ।**
**ਮਾਹਿੰ ਮਨੀ ਮ੍ਰਿਤ ਪਿੰਡ ਵਿਖੈ ਮਧ ਫੂਲੋਂਕੇ ਸਾਥ੍ਰ ਪਾਥਰ ਭਾਰੀ।**
**ਵਣ ਤ੍ਰਿਣ ਬੀਚ ਤ੍ਰਿ ਆਣ ਬਿਕੇ, ਸਭ ਮੈਂ ਸਮ ਹ੍ਵੈ ਕਬ ਦ੍ਰਿਸ਼ਟਿ ਹਮਾਰੀ ॥੮॥**

ਪੁੰਨ-ਪਵਿੱਤ੍ਰ। ਬਨੇ-ਜੰਗਲ ਵਿਚ। ਭੋ-ਹੇ। ਸ਼ਿਵ, ਸ਼ੰਭ, ਜਟੀ (ਜੜਾਵਾਂ ਵਾਲੇ) ਸਮਰਾਰੀ (ਸਮਰ ਦੈਂਤ ਦੇ ਵੈਰੀ) (ਇਹ ਸਭ ਸ਼ਿਵਜੀ ਦੇ ਨਾਮ ਹਨ)। ਮ੍ਰਿਤ ਪਿੰਡ-ਮਿੱਟੀ ਦਾ ਗੋਲਾ। ਸਾਥਰ-ਸੇਜਾ। ਵਣ ਤ੍ਰਿਣ-ਘਾਸ ਫੂਸ਼। ਪਵਿੱਤ੍ਰ ਬਨ ਵਿਚ ਵਸ ਕਰਕੇ, ਕਿਸ ਦਿਨ ਹੇ ਸ਼ਿਵ! ਹੇ ਸ਼ੰਭੂ! ਹੇ ਜਟੀ! ਹੇ ਸਮਰਾਰੀ! (ਇਤਾਦਿਕ ਨਾਮ) ਉਚਾਰਨ ਕਰਾਂਗਾ।

ਸੱਪਾਂ ਤੇ ਮੋਤੀਆਂ ਦੇ ਹਾਰਾਂ ਵਿਚ, ਉਧਰ ਬਲਵਾਨ ਦੁਸ਼ਮਨ ਤੇ ਸ਼੍ਰੇਸਟ ਮਿਤ੍ਰ ਵਿਚ ਸੁੱਚੀਆਂ ਮਣੀਆਂ ਤੇ ਮਿੱਟੀ ਦੇ ਗੋਲੇ ਵਿਚ, ਫੁੱਲਾਂ ਦੀ ਸੇਜਾ ਤੇ ਪੱਥਰਾਂ ਦੀ ਭਾਰੀ ਸੇਜਾ ਵਿਚ। ਘਾਸ-ਫੂਸ਼ ਤੇ ਇਸਤ੍ਰੀਆਂ ਵਿਚ (ਇਤਾਦਿਕ) ਸਭਨਾਂ ਵਿਚ ਸਮਾਨ ਦ੍ਰਿਸ਼ਟੀ ਮੇਰੀ ਕਦੋਂ ਹੋਵੇਗੀ? ॥੮॥

### ਕਬਿੱਤ

**ਗੰਗਾ ਤੀਰ ਪਰ ਉਤ ਹਿਮ ਗਿਰਿ ਸਿਲਾ ਪਰ,**
**ਬਾਂਧੇ ਪਦਮਾਸਨ ਕੋ ਮਨ ਇੰਦ੍ਰੇ ਜੀਤ ਕੇ।**

**ਬ੍ਰਹਮ ਕੇ ਧਿਆਨ ਕੀ ਅਭਖਾ ਵਿਧਿ ਸੋਂ ਨਿਵਾਸ,**
**ਯੋਗ ਨਿੰਦਾ ਮਾਂਹਿ ਕਰੋਂ ਹਰੋਂ ਤਾਪ ਚੀਤਕੇ।**
**ਜਠਰ ਕੁਰੰਗ ਕਰੇਂ ਸ੍ਰਿੰਗੋਂ ਸੰਗ ਕੰਡੂ ਮੋਹਿ,**
**ਸੁਖ ਸੋਂ ਅਭੀਤ ਮੋਕੋ ਜਾਨੇ ਸਮ ਭੀਤ ਕੇ।**
**ਪਾਰਬਤੀ ਨਾਥ ਮੇਂ ਅਨਾਥ ਕੇ ਅਭੀਤ ਵਾਰੇ,**
**ਉੱਤਮ ਦਿਹਾਰੇ ਕਬ ਆਵੇਂ ਐਸੀ ਰੀਤ ਕੇ ॥੯॥**

ਹਿਮ ਗਿਰ-ਹਮਾਲਯ ਪਹਾੜ। ਅਭਖਾ- ਨਿਰਵਿਕਲਪ ਸਮਾਧੀ। ਜਠਰ-ਬੁੱਢੇ। ਸ੍ਰਿੰਗੋਂ-ਸਿੰਙਾਂ। ਕੰਡੂ-ਖੁਰਕ। ਪਦਮਾਸਨ-ਸੱਜੇ ਪੱਟ ਉਤੇ ਖੱਬਾ ਪੈਰ ਰੱਖਣਾ, ਪਿੱਠ ਪਿਛੋਂ ਬਾਂਹ ਲਿਜਾ ਕੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਤੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਫੜਨਾ, ਠੋਡੀ ਨੂੰ ਛਾਤੀ ਨਾਲੋਂ ਚਾਰ ਉਂਗਲ ਦੀ ਵਿਥ 'ਤੇ ਸਥਿਰ ਕਰਕੇ ਨਜ਼ਰ ਨੂੰ ਭਰਵੱਟਿਆਂ ਦੇ ਮਧ ਸਥਾਨ ਵਿਚ ਜੋੜਨਾ। ਅਭੀਤ-ਡਰ ਤੋਂ ਰਹਿਤ। ਭੀਤ-ਕੰਧ। ਪਾਰਬਤੀ ਨਾਥ-ਹੇ ਪਾਰਬਤੀ ਦੇ ਸਵਾਮੀ, ਸ਼ਿਵਜੀ।

ਗੰਗਾ ਨਦੀ ਦੇ ਕੰਢੇ ਉਤੇ, ਜਾਂ ਹਿਮਾਲਯ ਪਹਾੜ ਦੀ ਸਿਲਾ ਉਤੇ, ਪਦਮਾਸਨ ਲਗਾਕੇ ਅਤੇ ਮਨ ਦੇ ਇੰਦ੍ਰਿਆਂ ਨੂੰ ਜਿੱਤ ਕਰਕੇ।

ਬ੍ਰਹਮ ਧਿਆਨ ਕਰਨ ਦੀ (ਜੋ) ਵਿਧੀ ਹੈ, ਉਸ (ਦੇ ਅਨੁਸਾਰ) ਹੋ ਕੇ ਯੋਗ ਨਿਦ੍ਰਾ ਵਿਚ ਨਿਵਾਸ ਕਰਾਂ, ਅਤੇ ਚਿਤ ਦੇ ਤਾਪ ਨੂੰ ਨਾਸ ਕਰ ਲਵਾਂ, (ਐਸੀ) ਨਿਰਵਿਕਲਪ ਸਮਾਧੀ (ਦੀ ਅਵਸਥਾ ਵਿਚ)।

ਬੁੱਢੇ ਹਰਨ (ਆ ਕੇ, ਆਪਣੇ) ਸਿੰਙਾਂ ਨਾਲ ਮੈਨੂੰ ਖੁਰਕ ਕਰਨ ਸੁਖ ਨਾਲ ਡਰ ਤੋਂ ਰਹਿਤ ਹੋ ਕੇ ਮੈਨੂੰ ਕੰਧ ਦੇ ਸਮਾਨ ਜਾਣ ਕੇ (ਸਿੰਙਾਂ ਨਾਲ ਖੁਰਕਨ)

ਹੇ ਪਾਰਬਤੀ ਦੇ ਸਵਾਮੀ! ਮੈਂ ਅਨਾਥ ਨੂੰ ਡਰ ਤੋਂ ਰਹਿਤ ਕਰਨ ਵਾਲੇ ਇਸ ਰੀਤੀ ਦੇ ਉਤਮ ਦਿਨ (ਮੇਰੇ ਉਤੇ) ਕਦੋਂ ਆਉਣਗੇ ॥੯॥

## ਦੋਹਰਾ

**ਨਿਜ ਵਿਖਾਂਣ ਕਰਿ ਹਰਿਣ ਕਰ ਸੰਘਰਸ਼ਹਿੰ ਮਮ ਦੇਹ।**
**ਮੋਹਿ ਖਬਰ ਹੇ ਹਰ ਨ ਹ੍ਵੈ ਕਬ ਹ੍ਵੈ ਮਮ ਅਸ ਦੇਹ ॥੧੦॥**

ਵਿਖਾਨ-ਸਿੰਗ। ਸੰਘਰਸ਼ਹਿੰ-ਖੁਰਕ ਕਰਨਗੇ। ਅਸ-ਇਸ ਤਰ੍ਹਾਂ ਦੀ ਅਜੇਹੀ।

ਆਪਨੇ ਸਿੰਙਾਂ ਨਾਲ ਹਰਨ-ਕਦੋਂ ਮੇਰੀ ਦੇਹ ਨੂੰ ਖੁਰਕ ਕਰਨਗੇ ?

ਅਤੇ ਮੈਨੂੰ (ਉਨ੍ਹਾਂ ਦੀ) ਖਬਰ ਨਹੀਂ ਹੋਵੇਗੀ, ਹੇ ਹਰੀ ਇਸ ਤਰ੍ਹਾਂ (ਨਾਲ ਬਾਹਰਲੇ ਗਿਆਨ ਤੋਂ ਰਹਿਤ ਮੇਰੀ ਦੇਹ ਕਦੋਂ ਹੋਵੇਗੀ ॥੧੦॥

## ਕਬਿੱਤ

**ਕਾਂਸੀ ਗੰਗਾ ਦੇ ਕਿਨਾਰੇ ਭਵ ਤੇ ਕਿਨਾਰੇ ਹੋਏ,**
**ਕਦੋਂ ਬਸੋਂ ਬਸਨ ਕੌਪੀਨ ਏਕ ਧਾਰਕੇ।**
**ਦੋਊ ਹਾਥ ਜੋਰ ਕਰ ਨਾਯ ਮਾਥਨ ਮੋ ਕਰੋਂਮ੍ਰਿਦ,**
**ਬਾਣੀ ਸਾਥ ਰਟੋਂ ਨਾਮ ਸਮ ਰਾਰਿ ਕੇ।**
**ਭੋ ਪ੍ਰਭੋ ਭਵਾਨੀ ਵਰ ਸ਼ੰਕਰ ਤ੍ਰਿਨੇਤਾ ਹਰ,**
**ਤ੍ਰਿਪਰਾਰੀ ਚੰਦ੍ਰਧਰ ਭਵ ਭਵ ਹਾਰਿ ਕੇ।**
**ਖਿਣ ਸਮ ਦਿਨ ਸਬ ਮੇਰੋ ਬੀਤ ਜਾਵੈ ਜਬ ਐਸੇ,**
**ਅਹਿ ਆਵੈਂ ਕਬ ਕਹੋ ਕ੍ਰਿਪਾ ਧਾਰ ਕੇ ॥੧੧॥**

ਕਿਨਾਰੇ-ਕੰਢੇ। ਕਿਨਾਰੇ-ਇਕ ਪਾਸੇ, ਅਲੱਗ, ਤਿਆਗੀ। ਮ੍ਰਿਦੁ-ਕੋਮਲ। ਸਮਰਾਰਿ-ਸ਼ਿਵਜੀ। ਭਵਾਨੀ ਵਰ-ਪਾਰਬਤੀ ਦੇ ਸਵਾਮੀ। ਤ੍ਰਿਨੇਤਾ-ਤਿੰਨ ਅੱਖਾਂ ਵਾਲੇ-ਸ਼ਿਵਜੀ। ਤ੍ਰਿਪੁਰਾਰੀ-ਤ੍ਰਿਪੁਣ ਦੈਂਤ ਦੇ ਵੈਰੀ। ਭਵ ਹਾਰ- ਸੰਸਾਰ ਨਾਸ ਕਰਨ ਵਾਲੇ। ਅਹਿ-ਦਿਨ।

ਸੰਸਾਰ ਤੋਂ ਤਿਆਗੀ ਹੋ ਕੇ (ਤੇ ਕੇਵਲ) ਇਕ ਲੰਗੋਟੀ ਰੂਪ ਕੱਪੜਾ ਧਾਰਨ ਕਰਕੇ ਕਾਸ਼ੀ (ਨਗਰ ਵਿਚ) ਗੰਗਾ ਦੇ ਕੰਢੇ ਉਤੇ ਕਦੋਂ ਵਾਸਾ ਕਰਾਂਗਾ।

ਦੋਵੇਂ ਹੱਥ ਜੋੜ ਕੇ, ਸਿਰ ਨਿਵਾਕੇ ਨਮਸ਼ਕਾਰ ਕਰਾਂਗਾ, ਅਤੇ ਸਮਰ ਦੈਂਤ ਨੂੰ ਨਾਸ ਕਰਨ ਵਾਲੇ ਸ਼ਿਵਜੀ ਦੇ ਨਾਮ ਨੂੰ ਕੋਮਲ ਬਾਣ ਨਾਲ ਉਚਾਰਨ ਕਰਾਂਗਾ।

ਹੇ ਪ੍ਰਭੂ ! ਹੇ ਭਵਾਨੀ ਦੇ ਪਤੀ ! ਹੇ ਸ਼ੰਕਰ ! ਹੇ ਤ੍ਰਿਨੈਨ ! ਹੇ ਹਰੀ ! ਹੇ ਤ੍ਰਿਪੁਰਾਰੀ ! ਹੇ ਚੰਦ੍ਰਮਾਂ ਧਾਰੀ ! ਹੇ ਭਵ (ਕਲਯਾਣ ਸਰੂਪ) ! ਹੇ ਸੰਸਾਰ ਦਾ ਡਰ ਨਾਸ ਕਰਨ ਵਾਲੇ ! (ਇਸ ਤਰ੍ਹਾਂ ਦੇ ਨਾਮ ਜਪਦਿਆਂ ਹੋਇਆ)

ਇਕ ਖਿਨ (ਦੇ ਗੁਜ਼ਰਨ) ਸਮਾਨ, ਜਦੋਂ ਮੇਰੇ ਸਾਰੇ ਦਿਨ ਬੀਤ ਜਾਣ, ਕ੍ਰਿਪਾ ਧਾਰਕੇ ਦੱਸੋ "ਇਸ ਤਰ੍ਹਾਂ ਦੇ ਦਿਨ ਕਦੋਂ ਆਵਣਗੇ ?" ॥੧੧॥

## ਸ਼ੰਕਰ ਛੰਦ

**ਕਬ ਦੇਹੁੰ ਮੈ ਅਰਥੀਨ ਸਰਬੰਸ ਜੋਰ ਕਰ ਕਰ ਦੇਇ।**
**ਕਬ ਤਰੁਣ ਕਰਣਾ ਸਾਥ ਅੰਤਹ ਕਰਣ ਪੂਰਣ ਹੋਇ।**
**ਦੁਸ਼ਕਾਮ ਕੋ ਪਰਿਣਾਮ ਜੋਨੀ ਤ੍ਰਿਯਗਦਾਦਿ ਅਪਾਰ।**
**ਤਿਹ ਦੁਖ ਸੀਮਾ ਪਿਖ ਡਰੋਂ ਨਿਜ ਮੰਦ ਕਰਮ ਨਿਹਾਰ ॥੧੨॥**

ਅਰਥੀਨ-ਮੰਗਤਿਆਂ, ਸੁਆਲੀਆਂ । ਕਰ-ਨਾਲ । ਕਰ-ਹਥ । ਤਰੁਣ-ਨਵੀਂ । ਦੁਸ਼ਕਾਮ-ਬੁਰੇ ਕਰਮ । ਪਰਣਾਮ-ਫਲ । ਤ੍ਰਿਗਦਾਦਿ-(ਤ੍ਰਿਗਦ+ਆਦਿ) ਸਰਪ ਵਰਗੀਆਂ ਟੇਢੀਆਂ । ਸੀਮਾ-ਔਧੀ । ਪਿਖ-ਵੇਖਕੇ ।

ਕਦੋਂ ਮੈਂ ਦੋਹਾਂ ਹੱਥਾਂ ਨਾਲ (ਦਰ ਦੇ) ਮੰਗਤਿਆਂ ਨੂੰ (ਆਪਣਾ) ਸਰਬੰਸ ਵੰਡ ਦੇਵਾਂਗਾ ?

ਨਵੀਂ ਤੋਂ ਨਵੀਂ ਕਰੁਣਾ ਨਾਲ ਮੇਰਾ ਅੰਤਸ਼ਕਰਣ ਕਦੋਂ ਭਰ ਜਾਵੇਗਾ ?

ਬੁਰੇ ਕਰਮਾਂ ਦਾ ਫਲ (ਜੋ) ਸਰਪ ਆਦਿਕ ਟੇਢੀਆਂ, ਜੂਨਾਂ ਅਪਾਰ ਹਨ ! ਮੈਂ ਆਪਣੇ ਉਨ੍ਹਾਂ ਮੰਦ ਕਰਮਾਂ ਦੀ ਔਧੀ ਰੂਪ ਦੁਖ ਵੇਖਕੇ ਡਰ ਰਿਹਾ ਹਾਂ ॥੧੨॥

### ਸ਼ੰਕਰ ਛੰਦ

**ਜਿਸ ਪੁੰਨ ਬਨ ਮੈ ਸਰਦ ਹਿਮਕਰ ਕਿਰਣ ਪਰਣਿਤ ਚਾਰ ।**
**ਬਨ ਤਾਸ ਮੈ ਕਰ ਬਾਸ ਮੈ ਨਿਰਵੇਦ ਸਹਿਤ ਵਿਚਾਰ ।**
**ਮਮ ਚਿਤ ਕੋ ਹਰ ਚਰਣ ਕੀ ਤਰ ਸ਼ਰਨ ਹੋਇ ਸਰਾਗ ।**
**ਜਬ ਇਮ ਬਤਾਵੋਂ ਬਿਮਲ ਰੈਨਾ ਤਬੀ ਮੈ ਬਡਭਾਗ ॥੧੩॥**

ਪੁੰਨ-ਪਵਿਤ੍ਰ । ਸਰਦ-ਅੱਸੂ-ਕੱਤੇ ਮਹੀਨੇ ਦਾ ਨਾਮ ਸਰਦ ਰੁੱਤ ਹੈ । ਹਿਮਕਰ-ਚੰਦ੍ਰਮਾਂ । ਚਾਰੁ-ਸੁੰਦਰ । ਨਿਰਵੇਦ-ਵੈਰਾਗ । ਸਰਾਗ-ਪ੍ਰੇਮ ਸਹਿਤ । ਬਿਮਲ ਰੈਨਾ-ਚਾਂਦਨੀ ਰਾਤ । ਤਰ-ਆਤਸੇ ਕਰ ।

ਜਿਸ ਪਵਿਤ੍ਰ ਬਨ ਵਿਚ ਸਰਦ ਰੁਤ ਦੇ ਚੰਦ੍ਰਮਾਂ ਦੀਆਂ ਸੁੰਦਰ ਕਿਰਣਾਂ ਪੈਂਦੀਆਂ ਹਨ । ਓਸ ਬਨ ਦੇ ਵਿਚ ਵਾਸਾ ਕਰਕੇ, ਮੈਂ ਵੈਰਾਗ ਦੇ ਸਹਿਤ ਹੋ ਕੇ (ਆਤਮ) ਵਿਚਾਰ ਕਰਾਂ । ਆਤਸੇ ਕਰ ਮੇਰੇ ਚਿਤ ਨੂੰ ਸ਼ਿਵਜੀ ਦੇ ਚਰਨਾਂ ਦੀ ਸਰਣ ਪ੍ਰੇਮ ਸਹਿਤ ਪ੍ਰਾਪਤ ਹੋ ਜਾਵੇ । ਜਦੋਂ ਇਸ ਤਰ੍ਹਾਂ ਨਾਲ ਚਾਂਦਨੀ ਰਾਤ ਮੈਂ ਬਿਤਾਵਾਂਗਾ, ਤਦ ਮੈਂ (ਆਪਨੇ ਆਪ ਨੂੰ) ਵਡਭਾਗੀ ਮੰਨਾਂਗਾ ॥੧੩॥

### ਦੋਹਰਾ

**ਤਜਿ ਸੁਤੰਤ੍ਰ ਭਵ ਭੋਗ ਕਬ ਲਖੋਂ ਨਿਜਾਤਮ ਆਪ ।**
**ਦੇਹ ਬਿਖੇ ਸੰਦੇਹ ਬਿਨ ਵਿਚਰੋਂ ਤਬ ਨਿਹ ਪਾਪ ॥੧੪॥**

ਸੰਦੇਹ-ਦੇਹ ਅਧਯਾਸ । ਨਿਹਾ ਪਾਪ-ਪੁੰਨ ਸਰੂਪ ।

ਸੰਸਾਰ ਦੇ ਸੁੰਦਰ ਭੋਗਾਂ ਨੂੰ ਤਿਆਗ ਕਰਕੇ ਮੈਂ ਆਪਨੇ ਆਪ ਨੂੰ ਆਤਮ ਸਰੂਪ ਕਦੋਂ ਜਾਣਾਂਗਾ । (ਜਦੋਂ) ਦੇਹ ਵਿਚ (ਰਹਿੰਦੇ ਹੋਇਆਂ) ਦੇਹ ਅਧਿਯਾਸ ਤੋਂ ਬਿਨਾ ਹੋ ਕੇ ਵਿਚਰਾਂਗਾ, ਤਦੋਂ ਪਾਪਾਂ ਤੋਂ ਰਹਿਤ (ਭਾਵ ਪੁੰਨਾਤਮਾ ਸਰੂਪ) ਆਪ ਨੂੰ ਸਮਝਾਂਗਾ ।

### ਦੋਹਰਾ

**ਮੁਨੋ ਕਰਮ ਜੋ ਜੋ ਕਰੇ ਸੋ ਸੋ ਹਮ ਹੂੰ ਕੀਨ ।**
**ਤਿਨ ਕਰਮੋਂ ਕੇ ਫਲੋਂ ਕਰਿ ਹਮ ਠਾਗੇ ਮਤਿ ਹੀਨ ॥੧੫॥**

ਜੋ ਜੋ ਕਰਮ ਮੁਨੀ-ਜਨਾਂ ਨੇ ਕੀਤਾ ਹੈ, ਮੈਂ ਭੀ ਉਹ ਉਹ (ਕਰਮ) ਕੀਤਾ ਹੈ (ਪਰ) ਮੈਂ ਮਤਿ ਤੋਂ ਹੀਨਾ ਉਨ੍ਹਾਂ ਕਰਮਾਂ ਦੇ ਫਲਾਂ ਕਰਕੇ ਠੱਗਿਆ ਗਿਆ ਹਾਂ ॥੧੫॥

ਪ੍ਰਸ਼ਨ-ਕਿਸ ਤਰ੍ਹਾਂ ਠੱਗਿਆ ਗਿਆ ਹੈ ? ਉੱਤਰ:

### ਦੋਹਰਾ

**ਮੁਨਿਨ ਲਹਯੋ ਸ਼ੁਖ ਰੂਪ ਫਲ ਹਮ ਹੂੰ ਦੁਖ ਫਲ ਲੀਨ ।**
**ਕਰੇ ਕਰਮ ਸਮਵਿਖਮ ਫਲ ਇਉਂ ਮੈਂ ਠਾਗਯੋ ਦੀਨ ॥੧੬॥**

ਮੁਨੀ-ਜਨਾਂ (ਨੇ ਉਨ੍ਹਾਂ ਕਰਮਾਂ ਦਾ) ਸੁਖ ਰੂਪ ਫਲ ਪ੍ਰਾਪਤ ਕੀਤਾ ਹੈ, ਅਤੇ ਮੈਂ ਦੁਖ ਰੂਪ ਫਲ ਲਿਆ ਹੈ । ਕਰਮ (ਤਾਂ ਮੁਨੀ-ਜਨਾਂ ਤੇ ਮੈਂ) ਸਮਾਨ ਕੀਤੇ ਸਨ, (ਪਰ) ਫਲ ਉਲਟਾ (ਪਾਇਆ ਹੈ, ਇਸ ਤਰ੍ਹਾਂ ਨਾਲ) ਮੈਂ ਦੀਨ-ਜਨ ਠੱਗਿਆ ਗਿਆ ਹਾਂ ॥੧੬॥

ਪ੍ਰਸ਼ਨ— ਤੇਰੇ ਤੇ ਮੁਨੀ-ਜਨਾਂ ਦੇ ਕਰਮ ਸਮਾਨ ਕਿਸ ਤਰ੍ਹਾਂ ਹਨ ? ਉੱਤਰ-

### ਦੋਹਰਾ

**ਮੁਨਨਿ ਤਜੇ ਗ੍ਰਿਹ ਉਚਿਤ ਸੁਖ ਕਰਿ ਸੰਤੋਖ ਬਿਬੇਕ ।**
**ਅਹੰ ਵਿਦੇਸ਼ ਕਲੇਸ਼ ਕਰਿ ਤਿਆਗੇ ਭੋਗ ਅਨੇਕ ॥੧੭॥**

ਮੁਨੀ-ਜਨਾਂ ਨੇ ਘਰ ਦੇ ਉਚਿਤ ਸੁਖ, ਸੰਤੋਖ ਤੇ ਵੈਰਾਗ ਕਰਕੇ ਤਿਆਗੇ ਹਨ । (ਪਰ) ਮੈਂ (ਧਨ ਦੀ ਇੱਛਾ ਕਰਕੇ) ਪ੍ਰਦੇਸ ਵਿਚ ਜਾ ਕੇ ਅਨੇਕਾਂ ਦੁੱਖ (ਪਾਏ ਹਨ, ਅਤੇ ਘਰ ਦੇ) ਅਨੇਕਾਂ ਭੋਗਾਂ (ਰੂਪ ਸੁਖ) ਤਿਆਗੇ ਹਨ ॥੧੭॥

### ਦੋਹਰਾ

**ਰਿਖਨ ਖਿਮਾਂ ਕਰਿ ਖਲੋਂ ਕੇ ਸੋਢੇ ਦੁਰ ਬਚਨਾਦਿ ।**
**ਮੈਂ ਭੀ ਸਹੇ ਕੁਵਾਕਪਲ ਕਰਜਾਚਨ ਸੇਵਾਦਿ ॥੧੮॥**

ਰਿਖੀ-ਜਨਾਂ ਨੇ ਮੂਰਖਾਂ ਦੇ (ਗਾਲਾਂ) ਆਦਿਕ ਬੁਰੇ ਬਚਨ ਖਿਮਾ ਧਾਰਨ ਕਰਕੇ ਸਹਾਰੇ ਹਨ । ਮੈਂ ਭੀ (ਉਨ੍ਹਾਂ ਦੇ) ਬੁਰੇ ਬੋਲ ਸਹਾਰੇ ਹਨ । ਪਰ ਸੇਵਾ ਕਰਨ (ਤੇ ਧਨ) ਮੰਗਣ ਦੀ ਇੱਛਾ ਕਰਕੇ ਸਹਾਰੇ ਹਨ ॥੧੮॥

### ਦੋਹਰਾ

**ਸੀਤ ਵਾਤ ਆਤਪ ਦੁਸਹ ਪੁਨਾ ਕਲੇਸ ਅਪਾਰ।
ਮੁਨਿਨ ਸਹੇ ਤਪ ਧਾਰ ਕਰਿ ਹਮੋ ਸਹੇ ਸਹੇ ਨਾਰਿ ॥੧੯॥**

ਵਾਤ-ਹਵਾ। ਆਤਪ-ਧੁੱਪ, ਗਰਮੀ। ਦੁਹਹ-ਕਠਨ।

ਠੰਡੀ ਹਵਾ ਤੇ ਕਠਨ ਗਰਮੀ ਅਤੇ ਅਨੇਕਾਂ ਦੁਖ, ਮੁਨੀ-ਜਨਾਂ ਨੇ ਤਪ ਧਾਰਨ ਕਰਕੇ ਸਹੇ ਹਨ, ਅਤੇ ਮੈਂ ਭੀ ਸਹੇ ਹਨ, (ਪਰ) ਇਸਤ੍ਰੀ (ਦੇ ਮੋਹ) ਸਹਿਤ ਹੋ ਕੇ ਸਹਾਰੇ ਹਨ ॥੧੯॥

### ਦੋਹਰਾ

**ਹਰ ਪਦ ਪਦਨ ਜੁਗਲ ਮੁਨੋ ਧਯਾਯੋ ਮਨੁ ਕ੍ਰਿਤ ਬਾਚ।
ਪ੍ਰਾਣੋ ਕਪਿ ਦਿਨ ਰਾਤਿ ਮੈਂ ਮਿਆਯੋ ਧਨ ਕੇ ਸਾਂਚ ॥੨੦॥**

ਪਦਮ-ਕਮਲ। ਕ੍ਰਿਤ-ਸਰੀਰ। ਜੁਗਲ-ਦੋਵੇਂ।

ਮੁਨੀ-ਜਨਾਂ ਨੇ ਹਰੀ ਦੇ ਦੋਹਾਂ ਚਰਨ-ਕਮਲਾਂ ਨੂੰ ਮਨ, ਬਾਣੀ, ਸਰੀਰ ਕਰਕੇ ਧਿਆਇਆ ਹੈ। (ਅਤੇ) ਮੈਂ ਭੀ ਦਿਨ ਰਾਤ ਦੇ ਸਵਾਸ-ਸਵਾਸ ਵਿਚ ਧਨ ਨੂੰ ਸੱਚਾ ਜਾਣ ਕਰਕੇ ਧਿਆਇਆ ਹੈ ॥੨੦॥

### ਦੋਹਰਾ

**ਖਿਮਾ ਤ੍ਰਿਪਤਿਯੁਤ ਦੁਰਬਚਨ ਸਹੋਂ ਤਜੋ ਗ੍ਰਿਹ ਭੋਗ।
ਸਰੁਚਿਧਯਾਉਂ ਹਰਿ ਪਾਉਂ ਮੈਂ ਤਬ ਤਾ ਸਮ ਫਲ ਹੋਗ ॥੨੧॥**

(ਜਦ) ਖਿਮਾ ਦੇ ਸੰਜੁਗਤ ਤ੍ਰਿਪਤੀ (ਨੂੰ ਧਾਰਕੇ) ਖੋਟੇ ਬਚਨਾਂ ਨੂੰ ਸਹਾਰਾਂਗਾ ਤੇ ਘਰ ਦੇ ਭੋਗ ਤਿਆਗ ਦੇਵਾਂਗਾ। ਅਤੇ ਪ੍ਰੀਤੀ ਸਹਿਤ ਹਰੀ ਦੇ ਚਰਨਾਂ ਨੂੰ ਧਿਆਵਾਂਗਾ, ਤਦ ਉਨ੍ਹਾਂ ਦੇ ਸਮਾਨ ਫਲ (ਮੈਨੂੰ ਭੀ) ਪ੍ਰਾਪਤ ਹੋਵੇਗਾ ॥੨੧॥

### ਦੋਹਰਾ

**ਐਸੇ ਸ਼ੰਕਰ ਵੰਤ ਦਿਨ ਹੇ ਹਰ ਸ਼ੰਕਰ ਸ਼ੰਭੁ।
ਹੋਇ ਕਬ ਸਮ ਮੁਨਿਨ ਕੇ ਮੈਂ ਵਿਚਰੋਂ ਤਜਿ ਦੰਭ ॥੨੨॥**

ਸ਼ੰਕਰ-ਕਲਯਾਨ। ਸੰਭ-ਸ਼ਿਵ ਜੀ। ਸ਼ੰਕਰ-ਵੰਤ।

ਹੇ ਹਰੀ! ਹੇ ਕਲਯਾਨ ਰੂਪ ਸ਼ਿਵਜੀ। ਇਸ ਤਰ੍ਹਾਂ ਨਾਲ ਕਲਯਾਨ ਕਰਨ ਵਾਲੇ ਦਿਨ, ਮੁਨੀ-ਜਨਾਂ ਦੇ ਸਮਾਨ ਮੇਰੇ ਕਦੋਂ ਹੋਣਗੇ ? (ਇਸ ਕਰਕੇ ਮੈਂ) ਦੰਭ ਨੂੰ ਤਿਆਗ ਕੇ ਵਿਚਾਰਾਂਗਾ ॥੨੨॥

### ਦੋਹਰਾ

**ਸੂਰਗ ਅਖਯ ਸੁਖ ਲਾਭ ਹਿਤ ਕਰੇ ਮਖਾਦਿ ਸਰਾਗ।**
**ਕਰੇ ਯਾਗ ਰਿਖ ਵਾਕ ਗ੍ਰਹਿ ਪੁਨਾ ਮੁਨਿਨ ਮਨ ਠਾਗ ॥੨੩॥**

(ਜੋ) ਸਵਰਗ ਸੁਖ ਨਾਸ ਤੋਂ ਰਹਿਤ ਹੈ (ਉਸਨੂੰ) ਪ੍ਰਾਪਤ ਕਰਨ ਵਾਸਤੇ, ਯੱਗਯ ਆਦਿ (ਕਰਮ) ਪ੍ਰੇਮ ਨਾਲ ਕਰੇ (ਤਾਂ ਉਹ) ਪ੍ਰਾਪਤ ਹੁੰਦੇ ਹਨ। (ਉਸ, ਸੁਖ ਵਾਸਤੇ ਮੈਂ) ਰਿਖੀ-ਜਨਾਂ ਦੇ ਬਚਨਾਂ ਨੂੰ ਗ੍ਰਹਿਣ ਕਰਕੇ ਯੱਗਜ ਕੀਤੇ ਹਨ ਪਰ (ਮੈਂ ਜਾਣਦਾ ਹਾਂ, ਜੇ) ਮੁਨੀ-ਜਨਾਂ ਨੇ ਮੈਨੂੰ ਠੱਗ ਲਿਆ ਹੈ ॥੨੩॥

ਪ੍ਰਸ਼ਨ-ਰਿਖੀ ਜਨਾਂ ਨੇ ਕਿਸ ਤਰ੍ਹਾਂ ਠੱਗਿਆ ?

### ਦੋਹਰਾ

**ਤਾ ਕ੍ਰਿਤਕੇ ਫਲ ਕੋ ਜਬੈ ਪਰਾਮਰਸ ਮੈਂ ਕੀਨ।**
**ਜਨਤ ਪੀਨ ਭੈ ਮਮ ਰਿਦੈ ਹੋਇ ਪੁੰਨ ਜਬ ਖੀਨ ॥੨੪॥**

ਤਾ ਕ੍ਰਿਤ-ਉਸ ਕਰਮ। ਪਰਾਮਰਸ-ਵਿਚਾਰ ਕੀਤਾ। ਜਨਤ-ਪੈਦਾ ਹੋ ਗਿਆ।
ਪੀਨ-ਭਾਰੀ ਵੱਡਾ। ਖੀਨ-ਨਾਸ।

ਜਦੋਂ ਮੈਂ (ਸੰਤ ਜਨਾਂ ਨਾਲ) ਉਨ੍ਹਾਂ ਕਰਮਾਂ ਦੇ ਫਲ ਦਾ ਵਿਚਾਰ ਕੀਤਾ। (ਤਾਂ) ਮੇਰੇ ਹਿਰਦੇ ਵਿਚ ਬੜਾ ਭਾਰੀ ਡਰ ਪੈਦਾ ਹੋ ਗਿਆ, ਜੋ ਪੁੰਨਾਂ ਦੇ ਨਾਸ ਹੋਣ ਤੋਂ ਹੁੰਦਾ ਹੈ ॥੨੪॥

### ਦੋਹਰਾ

**ਗਿਰਤ ਨਾਕ ਗਿਰਤੇ ਅਧੇ ਪੁਰਖ ਪਖਾਨ ਤੁਰੰਤ।**
**ਸਹਤ ਕਸ਼ਟ ਤੇ ਕਸ਼ਟ ਤਰ ਅਨਭਵ ਕਰਤ ਸੁ ਜੰਤ ॥੨੫॥**

ਨਾਕ-ਸਵਰਗ। ਗਿਰ-ਪਹਾੜ। ਅਧੇ-ਹੇਠਾਂ। ਪਖਾਨ-ਪੱਥਰ। ਤੁਰੰਤ-ਛੇਤੀ ਨਾਲ।

ਪੁਰਖ ਸੁਰਗ ਤੋਂ ਹੇਠਾਂ (ਇਸ ਤਰ੍ਹਾਂ) ਡਿੱਗਦਾ ਹੈ, (ਜਿਵੇਂ) ਪੱਥਰ ਪਹਾੜ ਤੋਂ ਹੇਠਾਂ ਝਟ-ਪਟ ਡਿੱਗ ਪੈਂਦਾ ਹੈ ਅਤੇ ਦੁੱਖ ਨਾਲੋਂ ਭੀ ਮਹਾਨ ਦੁਖ ਸਹਾਰਦਾ ਹੈ, ਪਰ (ਉਸ ਦੁਖ ਨੂੰ) ਓਹੀ ਜੀਵ ਅਨੁਭਵ ਕਰਦਾ ਹੈ ॥੨੫॥

### ਦੋਹਰਾ

**ਜਨਮ ਮਰਨ ਦ੍ਰਿੜ ਕਰਨ ਕੋ ਅਤਿ ਦ੍ਰਿੜ ਕਰਨ ਸੁ ਭੋਗ।**
**ਤਾਂ ਹਿਤ ਮੈਂ ਕ੍ਰਿਤ ਕਰੇ ਭਵ ਕੋ ਮਮ ਸਮ ਖਲ ਹੋਗ ॥੨੬॥**

ਜਨਮ-ਮਰਨ ਨੂੰ ਪ੍ਰਤੱਖ ਕਰਨ ਵਾਲਾ (ਵਿਸ਼ੇ) ਭੋਗਾਂ ਦਾ ਕਰਨਾ (ਹੀ) ਦ੍ਰਿੜ ਕਰਮ ਹੈ। ਉਨ੍ਹਾਂ

ਕਰਮਾਂ ਨੂੰ ਮੈਂ ਹਿਤ ਕਰਕੇ ਕੀਤਾ ਹੈ, (ਇਸ ਲਈ) ਸੰਸਾਰ ਵਿਚ ਮੇਰੇ ਸਮਾਨ ਮੂਰਖ ਹੋਰ ਕੌਣ ਹੋਵੇਗਾ ? ॥੨੬॥

ਦੋਹਰਾ

**ਭੋਗ ਬਡਾਈ ਕਰ ਮੁਨੋ ਮੋਹਿ ਲੁਭਾਯੋ ਚਿਤ ।**
**ਕਰਮ ਗਰਤ ਮਹਿ ਡਾਰਮਮ ਹਰਯੋ ਮੁਕਤਿ ਸੁਖ ਵਿਤ ॥੨੭॥**

(ਸੁਰਗਾਦਿ) ਭੋਗਾਂ ਦੀ ਵਡਿਆਈ ਕਰਕੇ ਮੁਨੀ ਜਨਾਂ (ਬ੍ਰਾਹਮਣਾਂ) ਨੇ ਮੇਰੇ ਚਿਤ ਨੂੰ ਲੁਭਾ ਲਿਆ ਹੈ। (ਇਸ ਤਰ੍ਹਾਂ ਯੱਗ ਕਰਨ ਆਦਿ) ਕਰਮਾਂ ਦੇ ਖਾਤੇ ਵਿਚ ਮੈਨੂੰ ਸੁਟਕੇ, ਮੁਕਤਿ ਸੁਖ ਰੂਪ ਧਨ (ਮੇਰਾ) ਖੋਹ ਲਿਆ ਹੈ ॥੨੭॥

ਸੋਰਠਾ

**ਕਰ ਸੰਤੋਖ ਬਿਬੇਕ ਤਜੇ ਨ ਗ੍ਰਿਹ ਕੇ ਉਚਿਤ ਸੁਖ ।**
**ਤਿਆਗੇ ਭੋਗ ਅਨੇਕ ਭ੍ਰਮਨ ਵਿਦੇਸ਼ ਕਲੇਸ਼ ਕਰ॥੨੮॥**

ਸੰਤੋਖ ਤੇ ਵਿਚਾਰ ਕਰਕੇ, (ਮੈਂ) ਘਰ ਦੇ ਉਚਿਤ ਸੁਖ ਤਿਆਗੇ ਨਹੀਂ ਹਨ। (ਪਰ) ਪ੍ਰਦੇਸ ਵਿਚ ਫਿਰਨ ਅਤੇ ਸਰੀਰ ਦੇ ਦੁਖਾਂ ਕਰਕੇ (ਮੈਂ) ਅਨੇਕਾਂ (ਹੀ ਵਿਸ਼ੈ) ਭੋਗ ਤਿਆਗੇ ਹਨ ॥੨੮॥

ਦੋਹਰਾ

**ਅਹੋ ਖਿਮਾ ਕਰ ਖਲੋਂ ਕੇ ਸਹੇ ਨ ਦੁਰ ਬਚਨਾਦਿ ।**
**ਸੋਢੇ ਮੋਹਿ ਕੁਵਾਕ ਪਰ ਕਰ ਜਾਚਨ ਸੇਵਾਦਿ ॥੨੯॥**

ਬੜਾ ਅਚਰਜ ਹੈ, (ਕਿ ਮੈਂ) ਖਿਮਾ ਨੂੰ ਧਾਰਨ ਕਰਕੇ, ਮੂਰਖ ਪੁਰਸ਼ਾਂ ਦੇ (ਗਾਲਾਂ ਮੰਦੇ) ਆਦਿਕ ਬੁਰੇ ਬਚਨ ਨਹੀਂ ਸਹਾਰੇ ਹਨ। (ਪਰ)
ਪਰਾਈ ਸੇਵਾ ਕਰਨ ਤੇ ਜਾਚਨਾ ਕਰਨ ਲਈ, ਮੈਂ ਭੀ (ਮੂਰਖਾਂ ਦੇ) ਬੁਰੇ-ਬੋਲ-ਕਬੋਲ ਸਹਾਰੇ ॥੨੯॥

ਦੋਹਰਾ

**ਸੀਤ ਵਾਤ ਆਤਪ ਦਸੁਹਿ ਪੁਨਾ ਕਲੇਸ਼ ਕਦੰਬ ।**
**ਮੈ ਨ ਸਹੇ ਤਪ ਧਾਰ ਕਰ ਸੋਢੇ ਬੀਚ ਕੁਟੰਬ ॥੩੦॥**

ਛੰਜੀ ਹਵਾ ਕਰੜੀ ਧੁਪ ਅਤੇ ਹੋਰ ਜੋ ਕਈ ਤਰ੍ਹਾਂ ਦੇ ਦੁਖ ਹਨ। (ਇਹ ਸਾਰੇ)
ਮੈਂ ਤਪ ਧਾਰਨ ਕਰਕੇ ਨਹੀਂ ਸਹਾਰੇ ਹਨ, ਪਰ ਕੁਟੰਬ (ਵਿਚ ਇਹ ਸਭ ਕੁਝ) ਸਹਾਰਿਆ ਹੈ ॥੩੦॥

ਦੋਹਰਾ

## ਧਿਆਇਯੋ ਧਨ ਕੋ ਅਹਿ ਨਿਸੇ ਮਨ ਕ੍ਰਿਤ ਬਚਨ ਸਨੇਮ ।
## ਈਸ਼ਰ ਕੇ ਪਦ ਪਦਮ ਕੋ ਧਿਆਯੋ ਤਿਉ ਨ ਸਪ੍ਰੇਮ ॥੩੧॥

(ਜਿਵੇਂ) ਨੇਮ ਨਾਲ ਮਨ, ਬਾਣੀ, ਸਰੀਰ ਕਰਕੇ ਰਾਤ-ਦਿਨ ਵਿਚ ਮੈਂ ਧਨ ਨੂੰ ਸਿਮਰਦਾ ਹਾਂ। ਤਿਵੇਂ ਪ੍ਰੇਮ ਨਾਲ ਈਸ਼੍ਵਰ ਦੇ ਚਰਨ-ਕਮਲਾਂ ਨੂੰ ਮੈਂ ਕਦੇ ਭੀ) ਨਹੀਂ ਧਿਆਇਆ ਹੈ ॥੩੧॥

ਦੋਹਰਾ

## ਏ ਗੁਰ ਪਸਚਾ ਤਾਪ ਉਰਭਯੋ ਨ ਆਤਮ ਵਿਤ।
## ਬਿਨ ਬਿਚਾਰ ਮੈ ਮੁਗਧ ਕੋ ਲਯੋ ਵਿਸ਼ਯੋ ਭਵ ਜਿਤ ॥੩੨॥

(ਮੈਨੂੰ) ਇਹ ਵੱਡਾ ਪਛਤਾਵਾ ਹੈ, (ਕਿ ਮੇਰੇ) ਹਿਰਦੇ ਵਿਚ ਆਤਮ ਗਿਆਨ ਰੂਪ ਧਨ (ਪ੍ਰਾਪਤ) ਨਹੀਂ ਹੋਯਾ ਹੈ। (ਕਿਉਂਕਿ) ਮੈਂ ਵਿਚਾਰ ਤੋਂ ਹੀਨੇ ਮੂਰਖ ਨੂੰ ਵਿਸ਼ਯਾਂ ਨੇ ਸੰਸਾਰ ਵਿਚ ਜਿੱਤ ਲਿਆ ਹੈ ॥੩੨॥

ਦੋਹਰਾ

## ਦੁਸ਼ਟ ਆਦ੍ਰਿਸ਼ਟ ਸਨੇਹ ਯੁਤ ਉਰ ਕਾਗਰ ਪਰ ਵਰਨ ।
## ਭੋਗ ਰਾਗ ਮੈ ਸੋ ਨ ਲਹੇ ਅੰਕ ਵਿਚਾਰ ਅਵਰਨ ॥੩੩॥

ਅਦ੍ਰਿਸ਼ਟ-ਪ੍ਰਾਰਬਧ। ਸਨੇਹ-ਤੇਲ। ਕਾਗਰ-ਕਾਗਤ। ਵਰਨ-ਅਖਰ। ਅਵਰਨ-ਨਾਸ। ਰਾਗ-ਪ੍ਰੇਮ।

ਅਨ੍ਵੈ ਅਰਥ-ਹਿਰਦੇ ਰੂਪ ਕਾਗਤ ਉਤੋਂ (ਜੋ) ਬੁਰੇ ਕਰਮਾਂ ਰੂਪ 'ਵਰਨ' (ਅੱਖਰ) ਮੋਹ ਰੂਪ ਤੇਲ ਸੰਜੁਗਤ (ਹੋ ਜਾਣ ਕਰਕੇ)

ਵਿਸ਼ੇ ਭੋਗਾਂ ਵਿਚ ਪ੍ਰੇਮ (ਕਰਨ ਵਾਲੇ ਪਾਸੋਂ) ਉਹ ਅੱਖਰ ਲਹਿ ਨਹੀਂ ਸਕਦੇ (ਉਨ੍ਹਾਂ) (ਅੰਕ) ਭਾਵ ਮਿਟਦੇ ਨਹੀਂ ਹਨ, ਅੱਖਰਾਂ ਨੂੰ (ਆਤਮ) ਵਿਚਾਰ ਹੀ ਨਾਸ ਕਰਦੀ ਹੈ ॥੩੩॥ (ਤਾਂਤੇ ਬੇਨਤੀ ਕਰੋ)

ਸੋਰਠਾ

## ਪ੍ਰਭੂ ਅਨਾਥ ਕੇ ਨਾਥ ਮੈਂ ਅਨਾਥ ਕੇ ਮਾਥ ਪਰ ।
## ਕ੍ਰਿਪਾ ਦ੍ਰਿਸ਼ਟਿ ਕੇ ਸਾਥ, ਸ਼ਿਵਾ ਨਾਥ ਨਿਜ ਹਾਥ ਧਰ ॥੩੪॥

ਸ਼ਿਵਾ-ਪਾਰਬਤੀ। ਸ਼ਿਵਾਨਾਥ-ਸ਼ਿਵਜੀ।

ਹੇ ਅਨਾਥਾਂ ਦੇ ਨਾਥ ਪ੍ਰਭੂ ! ਮੈਂ ਅਨਾਥ ਦੇ ਸਿਰ ਉਤੇ।

ਹੇ ਸ਼ਿਵਾ ਨਾਥ ! ਕ੍ਰਿਪਾ ਦ੍ਰਿਸ਼ਟੀ ਦੇ ਨਾਲ ਆਪਣਾ ਹੱਥ ਰਖੋ ॥੩੪॥

### ਦੋਹਰਾ

**ਬਿਨ ਬੈਰਾਗ ਬਿਬੇਕ ਮੈ ਤਵ ਪਦ ਪੰਕਜ ਟੇਕ ।**
**ਸ੍ਰੀ ਸ਼ੰਕਰ ਮਮ ਸ਼ੰਕਰੋ ਦੇ ਵੈਰਾਗ ਬਿਬੇਕ ॥੩੫॥**

ਸੰਕਰੋ-ਕਲਿਆਨ ਕਰੋ ।

ਮੈਂ ਵੈਰਾਗ ਤੇ ਵਿਵੇਕ ਤੋਂ ਹੀਣੇ ਨੂੰ ਤੇਰੇ ਚਰਨ-ਕਮਲਾਂ ਦੀ ਹੀ ਓਟ ਹੈ। ਹੇ ਹਰੀ ਸ਼ੰਕਰ ! ਮੈਨੂੰ ਵੈਰਾਗ ਵਿਵੇਕ ਦੇ ਕੇ ਮੇਰੀ ਕਲਿਆਨ ਕਰੋ ॥੩੫॥

### ਚੌਪਈ

**ਭਵ ਮੈ ਵਹੀ ਪੁਰਖ ਵਡਭਾਗੀ।**
**ਇਤ ਉਤ ਵੋਗ ਚਾਹ ਜਿਹ ਤਿਆਗੀ।**
**ਕਰ ਨਿਵਾਸ ਗਿਰਿ ਕੰਦਰ ਮਾਹੀ।**
**ਪਰਮ ਪ੍ਰਕਾਸ਼ ਰੂਪ ਹਰਿ ਧ੍ਯਾਹੀ ॥੩੬॥**
**ਤਿਸੈ ਧ੍ਯਾਨ ਕੇ ਆਨੰਦ ਕਰਕੇ।**
**ਤਿਨਹਿ ਦ੍ਰਿਗਨ ਤੇ ਉਦਕ ਜੁ ਸਰਕੇ।**
**ਬੈਸ ਨਿਸੰਕ ਅੰਕ ਕੇ ਮਾਹੀ।**
**ਅਚਵਿਹਿ ਵਿਹੰਗ ਮਰਤ ਜਲ ਤਾਹੀ ॥੩੭॥**

ਇਤ-ਉਤ-ਇਧਰ, ਉਧਰ, ਲੋਕ-ਪ੍ਰਲੋਕ । ਕੰਦਰ-ਗੁਫਾ । ਦ੍ਰਿਗਨ-ਅੱਖਾਂ । ਉਦਕ-ਪਾਣੀ । ਵਿਹੰਗ-ਪੰਛੀ। ਸਰਤ-ਵਗਦਾ । ਸਰਕੇ-ਵਗਦਾ ਹੈ । ਨਿਸੰਕ-ਨਿੱਡਰ, ਬੇਖੌਫ । ਅੰਕ-ਗੋਦੀ । ਅਚਵਹਿ-ਪੀਂਦੇ ਹਨ ।

ਸੰਸਾਰ ਵਿਚ ਓਹੀ ਪੁਰਖ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਲੋਕ-ਪ੍ਰਲੋਕ ਨੇ ਭੋਗਾਂ ਦੀ ਇੱਛਾ ਛੱਡ ਦਿੱਤੀ ਹੈ । (ਅਤੇ ਜੋ) ਪਹਾੜ ਦੀ ਗੁਫਾ ਵਿਚ ਨਿਵਾਸ ਕਰਕੇ, ਪਰਮ ਪ੍ਰਕਾਸ਼ ਰੂਪ ਹਰੀ ਨੂੰ ਧਿਆਉਂਦੇ ਹਨ। ਉਸ ਹਰੀ ਦੇ ਧਿਆਨ ਦੇ ਅਨੰਦ ਕਰਕੇ ਉਨ੍ਹਾਂ ਦੀਆਂ ਅੱਖਾਂ ਵਿਚੋਂ ਜੋ ਪਾਣੀ ਵਗਦਾ ਹੈ, (ਅਰਥਾਤ ਅੱਖਾਂ ਤੋਂ ਆਂਸੂ ਵਗਦੇ ਹਨ । (ਉਸ) ਵਗਦੇ ਪਾਣੀ ਨੂੰ ਪੰਛੀ (ਉਨ੍ਹਾਂ ਦੀ) ਗੋਦੀ ਵਿਚ ਬੈਠਕੇ ਤੇ ਨਿਡਰ ਹੋ ਕੇ ਪੀਂਦੇ ਹਨ ॥੩੭॥

### ਚੌਪਈ

ਧਨ ਜਨੋਂ ਕੀ ਉਮਰਾ ਐਸੇ।
ਪਰੀ ਹੋਤ ਕੈ ਭਾਖੀ ਜੈਸੇ॥
ਹਮ ਮਤਿ ਮੰਦ ਅਧੰਨ ਕੁਭਾਗੀ।
ਭੁਗਤਿ ਮੁਕਤਿ ਬਿਭ ਤੇ ਵੈਰਾਗੀ॥੩੮॥
ਕੇਵਲ ਵਿਅਰਥ ਮਨੋਰਥ ਸੰਗਾ।
ਮਮ ਸ਼ੁਭ ਅਵਧ ਭਵਤ ਪਰਿ ਭੰਗਾ।
ਬਾਪੀ ਬਾਗ ਤੜਾਗ ਕਿਨਾਰੇ।
ਸੁੰਦਰ ਮੰਦਰ ਹੋਹਿ ਹਮਾਰੇ॥੩੯॥

ਅਧੰਨ-ਧੰਨ ਨਹੀਂ ਹਾਂ। ਬਿਭ ਤੇ-ਦੋਹਾਂ ਤੋਂ। ਅਵਧ-ਉਮਰਾ। ਭਵਤ -ਹੁੰਦੀ ਹੈ। ਭੰਗਾ-ਨਾਸ। ਬਾਪੀ-ਬਾਉਲੀ। ਤੜਾਗ-ਤਲਾਉ।

ਉਹ ਪੁਰਸ਼ ਧੰਨ ਹਨ, ਜਿਨ੍ਹਾਂ ਦੀ ਉਮਰ ਇਸ ਤਰ੍ਹਾਂ ਨਾਲ ਨਾਸ ਪਈ ਹੁੰਦੀ ਹੈ, ਜਿਸ ਤਰ੍ਹਾਂ (ਦੀ ਮੈਂ ਉਪਰ) ਕਥਨ ਕੀਤੀ ਹੈ।

ਅਸੀਂ ਮੰਦ ਬੁੱਧੀ ਵਾਲੇ ਤੇ ਖੋਟੇ ਭਾਗਾਂ ਵਾਲੇ ਧੰਨ ਨਹੀਂ ਹਾਂ, (ਕਿਉਂਕਿ) ਸੰਸਾਰ ਦੇ ਭੋਗਾਂ ਰੂਪ ਪਦਾਰਥਾਂ ਤੇ ਮੁਕਤਿ ਦੇਣ ਵਾਲੇ (ਜੋ) ਕਰਮ ਹਨ, ਇਨ੍ਹਾਂ ਦੋਹਾਂ ਤੋਂ ਵੈਰਾਗੀ ਹਾਂ ॥-3੮॥

ਕੇਵਲ ਫਜ਼ੂਲ ਸੰਕਲਪਾਂ ਨਾਲ, ਮੇਰੀ ਪਵਿੱਤ੍ਰ ਉਮਰਾ ਨਾਸ ਹੁੰਦੀ ਜਾਂਦੀ ਹੈ। (ਅਰਥਾਤ ਸੰਕਲਪ ਉਠਦਾ ਹੈ, ਕਿ) ਬਾਉਲੀ ਜਾਂ ਤਲਾਉ ਦੇ ਕੰਢੇ ਉਪਰ ਬਾਗ (ਹੋਵੇ, ਤੇ ਉਸਦੇ ਵਿਚ ) ਸਾਡੇ ਬੜੇ ਸੁਹਣੇ-ਸੁਹਣੇ ਮੰਦਰ ਹੋਵਨ॥੩੯॥

### ਚੌਪਈ

ਸੁਭਗ ਭਵਾਨੀ ਸਹ ਤਹ ਅੰਤਰ।
ਕਰਹਿ ਸੁ ਕ੍ਰੀੜਾ ਕੇਲ ਨਿਰੰਤਰ॥
ਅਸ ਮਨ ਰਾਜ ਕੌਤਕਹਿ ਧਿਆਵਤ।
ਅਸੀ ਆਉਖਾ ਪਰੈ ਬਿਤਾਵਤ ॥੪੦॥
ਕਿੰਚਿਤ ਸੰਚਿਤ ਭੋਗ ਮਝਾਰੀ।
ਪਰੀ ਹੋਤ ਹਤ ਵੈਸ ਹਮਾਰੀ।

**ਤਿਨੋ ਸਮਾਨ ਸੁ ਦਿਵਸ ਹਮਾਰੈ।**
**ਕਬ ਆਵਹਿੰਗੇ ਹੇ ਸਮਰਾਰੇ ॥੪੧॥**

ਸੁਭਾਗ-ਸੁੰਦਰ। ਭਵਾਨੀ-ਇਸਤ੍ਰੀ। ਕ੍ਰੀੜਾ-ਭੋਗ-ਬਿਲਾਸ। ਕੇਲ-ਕਾਮ ਕੇਲ। ਨਿਰੰਤਰ-ਇਕ ਸਾਰ। ਮਨੋ ਰਾਜ-ਸੰਕਲਪ। ਆਉਖਾ-ਉਮਰਾ। ਸਮਰਾਰੇ-ਹੇ ਸ਼ਿਵਜੀ। ਕਿੰਚਤ-ਥੋੜ੍ਹੇ ਜਿੰਨੇ। ਸੰਚਿਤ-ਪ੍ਰਾਪਤ ਹੋਏ ਹੋਏ ਪਦਾਰਥ। ਹੱਥ-ਨਾਸ।

ਸੁੰਦਰ ਇਸਤ੍ਰੀ ਨਾਲ ਉਸ (ਮੰਦਰ ਦੇ) ਅੰਦਰ ਕਾਮ ਕੇਲ ਤੇ ਭੋਗ ਬਿਲਾਸ ਇਕ ਰਸ ਕਰਦਾ ਰਿਹਾ। ਇਸ ਤਰ੍ਹਾਂ ਦੇ ਕੌਤਕਾਂ ਦੇ ਸੰਕਲਪਾਂ ਨੂੰ (ਮੇਰਾ ਮਨ ਸਦਾ ਹੀ) ਧਿਆਉਂਦਾ ਹੈ ਅਤੇ ਇਸੇ ਤਰ੍ਹਾਂ ਹੀ ਉਮਰਾ ਨੂੰ ਪਿਆ ਬਿਤਾਉਂਦਾ ਹੈ ॥੪੦॥

ਥੋੜ੍ਹੇ ਜਿੰਨੇ ਪ੍ਰਾਪਤ ਹੋਏ ਹੋਏ (ਜੋ) ਭੋਗ (ਹਨ, ਉਨ੍ਹਾਂ ਦੇ) ਵਿਚ ਹੀ ਮੇਰੀ ਉਮਰਾ ਨਾਸ ਪਈ ਹੁੰਦੀ ਹੈ।

ਹੇ ਸਮਰ ਦੈਂਤ ਨੂੰ ਨਾਸ ਕਰਨ ਵਾਲੇ ਸ਼ਿਵਜੀ। ਉਨ੍ਹਾਂ (ਮਹਾਂ ਪੁਰਸ਼ਾਂ ਦੇ) ਸਮਾਨ ਹੀ ਸਾਡੇ ਸ਼ੁਭ ਦਿਨ ਕਦੋਂ ਆਉਣਗੇ ? ॥੪੧॥

### ਦੋਹਰਾ

**ਨਿਜ ਭਵ ਹਿਤ ਭਵ ਤਿਆਗ ਹਿਤ ਭੋ ਭਵ ਮੈ ਭਵ ਧਿਆਉਂ।**
**ਸੇਖ ਆਯੁ ਨਿਜ ਕਬ ਵਿਅੰ ਸੁਖ ਸੋਂ ਤਥਾ ਵਿਹਉਂ ॥੪੨॥**

ਭਵ-ਕਲਿਆਨ। ਭਵ-ਸੰਸਾਰ। ਭੋ-ਹੇ। ਭਾਵ-ਸ਼ਿਵਜੀ। ਸੇਖ-ਬਾਕੀ।
ਵਿਅੰ-ਬੀਤੇਗੀ।

ਆਪਣੀ ਕਲਿਆਨ ਵਾਸਤੇ ਤੇ ਸੰਸਾਰ ਦੇ ਤਿਆਗ ਵਾਸਤੇ, ਹੇ ਸ਼ਿਵਜੀ ! ਮੈਂ ਤੈਨੂੰ ਧਿਆਉਂਦਾ ਹਾਂ।

ਮੇਰੀ ਬਾਕੀ ਦੀ ਉਮਰਾ ਸੁਖ ਨਾਲੋਂ ਕਦੋਂ ਗੁਜ਼ਰੇਗੀ (ਕ੍ਰਿਪਾ ਕਰ, ਜੋ) ਉਸਨੂੰ (ਸੁਖ ਪੂਰਬਕ) ਗੁਜਾਰ ਲਵਾਂ ॥੪੨॥

### ਦੋਹਰਾ

**ਭਰਤ ਸ਼ਤਕ ਵੈਰਾਗ ਕੋ ਧਯਾਯ ਚਤੁਰਥੋ ਬੱਸ।**
**ਕਰੀ ਸ਼ੁਭ ਇਛਾ ਭਰਤ ਨ੍ਰਿਪ ਤਾਂ ਬਿਨ ਜੀਵਨ ਭੱਸ ॥੪੩॥**

ਭਰਥਰੀ (ਜੀ ਦੇ) ਵੈਰਾਗ ਸ਼ਤਕ ਦਾ ਚੌਥਾ ਅਧਯਾਯ ਬੱਸ (ਪੂਰਾ) ਹੋ ਗਿਆ ਹੈ। (ਇਸ ਵਿਚ) ਰਾਜੇ ਭਰਥਰੀ ਨੇ ਸ਼ੁਭ ਇੱਛਾ (ਵਰਨਣ) ਕੀਤੀ ਹੈ, ਉਸ ਤੋਂ ਬਿਨਾਂ ਜੀਵਨ ਹੀ ਖੇਹ (ਰੂਪ) ਹੈ ॥੪੩॥

*ਇਤਿ ਚਤੁਰਥ ਅਧਯਾਯ ॥੪॥*

ੴ ਸਤਿਗੁਰ ਪ੍ਰਸਾਦਿ ॥

# ਅਥ ਪੰਜਵਾਂ ਅਧਯਾਯ ਆਰੰਭ

### ਦੋਹਰਾ

**ਅਥ ਪੰਚਮ ਅਧਯਾਇ ਮੈਂ ਸਾਤ ਸ਼ਲੋਕ ਅਨੂਪ ।**
**ਬਿਧਿ ਕੋ ਦੇਤ ਉਲਾਹਨੋ ਬਹੁ ਬਿਧਿ ਭਰਥਰਿ ਭੂਪ ॥੧॥**

ਹੁਣ ਪੰਜਵੇਂ ਅਧਯਾਇ ਵਿਚ ਮਹਾਂ ਸੁੰਦਰ ਸੱਤ ਸਲੋਕ (ਉਚਾਰਨ ਕਰਕੇ) ਰਾਜਾ ਭਰਥਰੀ ਜੀ ਬਹੁਤ ਤਰ੍ਹਾਂ ਨਾਲ ਬ੍ਰਹਮਾ ਨੂੰ ਉਲਾਂਭੇ ਦੇਂਦੇ ਹਨ ॥੧॥

### ਕਬਿੱਤ

**ਮੋ ਮਨ ਕੋ ਅਜ ਖਲ ਮ੍ਰਿਦ ਪਿੰਡ ਮਖਲੁਕ,**
**ਕਰ ਇਕੱਤ੍ਰ ਚਿੰਤਾ ਚੱਕ੍ਰ ਪਰ ਧਰੇ ਹੈ ॥**
**ਦੁਖ ਮਾਂਝ ਦੁਖ ਹੋਰ ਲਾਭ ਹੋਤ ਸਾਂਝ ਭੋਰ,**
**ਦੰਡ ਜੋਰ ਕਰ ਜੋਰ ਕਰ ਫੇਰੇ ਚਲ ਕਰੇ ਹੈ ॥**
**ਅਤ੍ਰ ਮਿਤ੍ਰ ਬਲਭ ਪ੍ਰਗਲਭ ਕੁਲਾਲ ਵਤ,**
**ਕੌਨੇ ਵਿਧਿ ਕਰੇ ਵਿਧਿ ਵੈਤੋ ਘਰੇ ਘਰੇ ਹੈ ॥**
**ਅਹੋ ਮੈ ਨ ਜਾਨੋ ਭੋਰਾ ਦੇਵ ਮੋਤੇ ਮੁਖ ਮੋਰਾ,**
**ਚਿੰਤਾ ਬਿਖੇ ਮੋਰਾ ਚਿਤ ਨਿਤ ਜਰੇ ਹੈ ॥੨॥**

ਅਜ-ਬ੍ਰਹਮਾ । ਖਲ-ਮੂਰਖ । ਮ੍ਰਿਦ ਪਿੰਡ-ਮਿੱਟੀ ਦਾ ਗੋਲਾ । ਭੋਰ-ਸਵੇਰੇ । ਜੋਰ ਕਰ-ਜੋੜਕੇ । ਮਖਲੁਕ-ਗੋਲਾ । ਚਕ੍ਰ-ਕੁਮਿਆਰ ਦਾ ਚੱਕ । ਜ਼ੋਰ ਕਰ- ਹੱਥ ਦੇ ਜ਼ੋਰ । ਚਲ ਕਰੇ-ਘੁਮਾਉਂਦਾ ਹੈ । ਅਤ੍ਰ-ਹੋਰ । ਬਲਭ-ਪਿਆਰਾ । ਪ੍ਰਗਲਭ-ਚਤਰ । ਕੁਲਾਲ-ਕੁਮਿਆਰ । ਘਰੇ ਘਰੇ-ਘੜੇ ਘੜਦਾ ਹੈ । ਅਹੋ-ਹਾਇ ਅਫਸੋਸ । ਭੋਰਾ-ਰਤਾ ਭਰ ਵੀ । ਮੋਰਾ-ਮੋੜ ਲਿਆ । (੨) ਮੇਰਾ । ਜਰੇ-ਸੜਦਾ ਹੈ ।

ਮੂਰਖ ਬ੍ਰਹਮਾ ਨੇ ਮੇਰੇ ਮਨ ਨੂੰ ਮਿੱਟੀ ਦੇ ਗੋਲੇ (ਵਾਂਗੂੰ) ਗਲੋਲਾ ਜੇਹਾ ਬਣਾ ਕੇ ਚਿੰਤਾ ਰੂਪ ਚੱਕ ਉੱਤੇ ਧਰਿਆ ਹੈ ।

(ਜੋ) ਦੁਖ ਵਿਚੋਂ ਹੋਰ ਬਹੁਤ ਦੁਖ ਸੰਝ ਸਵੇਰੇ ਪ੍ਰਾਪਤ ਹੁੰਦਾ ਹੈ, (ਏਹੋ ਹੀ ਬ੍ਰਹਮਾਂ ਰੂਪ ਕੁਮਿਆਰ

ਦਾ) ਡੰਡਾ ਹੈ, (ਇਸ) ਡੰਡੇ ਦੇ ਜ਼ੋਰ ਕਰਕੇ (ਚਿੰਤਾ ਰੂਪ ਚੱਕ ਨੂੰ ਬਹੁਤਾ) ਘੁਮਾਉਂਦਾ ਹੈ। (ਜਿਵੇਂ) ਕੁਮਿਆਰ ਘੜੇ ਅਤੇ ਹੋਰ (ਅਨੇਕ ਤਰ੍ਹਾਂ ਦੇ ਭਾਂਡੇ (ਘੜਦਾ ਹੈ, ਉਸ ਤਰ੍ਹਾਂ ਕੁਮਿਆਰ ਵਾਂਗੂੰ ਮਿਤ੍ਰ ਪਿਆਰਾ, ਚਤਰ (ਆਦਿਕ) ਘੜਿਆਂ ਨੂੰ ਘੜਕੇ ਬ੍ਰਹਮਾ ਨੇ ਕਿਹੜੀ ਵਿਧੀ ਕੀਤੀ ਹੈ।

ਹਾਇ ! ਅਫਸੋਸ ! ਮੈਂ (ਇਸ ਗੱਲ ਨੂੰ) ਰਤੀ ਜਿੰਨਾ ਨਹੀਂ ਜਾਣਿਆ, (ਕਿ) ਬਿਧਾਤਾ ਨੇ ਮੇਰੇ ਵਲੋਂ ਮੂੰਹ ਮੋੜ ਲਿਆ ਹੈ, (ਇਸੇ ਕਰਕੇ) ਚਿੰਤਾ (ਰੂਪ ਅੱਗ) ਵਿਚ ਮੇਰਾ ਚਿਤ ਨਿਤ ਹੀ ਸੜਦਾ (ਰਹਿੰਦਾ) ਹੈ ॥੨॥

## *ਕਬਿੱਤ*

**ਕੁਲਕੋ ਜੋ ਮਾਨਸੋ ਮਹਾਨ ਦ੍ਰਿੜ ਗ੍ਰੰਥ ਆਹਿ।
ਤਾਂਹਿ ਕੋ ਪ੍ਰਭੇਦਨ ਕੇ ਮਾਹਿ ਸਿਆਨੀ ਭਾਰੀ ਹੈ।
ਗੁਣ ਗਣ ਕਵੀ ਵਾਰੀ ਵਾਰੀ ਕੋ ਖਿਰਾਨ ਵਾਰੀ।
ਸੁਭ੍ਰ ਸੋਮ ਉਜਿਆਰੀ ਲਾਜ ਲਤਾ ਕੋ ਕੁਠਾਰੀ ਹੈ।
ਮੋਖ ਭੋਗ ਸੁਖ ਆਰੀ ਦੀਨਤਾ ਕਲੇਸ਼ ਕਿਆਰੀ।
ਧੀਰਜ ਕੇ ਦੀਪ ਕੋ ਸਮਾਨ ਬਜਾਰੀ ਹਾਰੀ ਹੈ।
ਪੇਟ ਕੀ ਪਿਟਾਰੀ ਲਾਈ ਕ੍ਰੂਰ ਮੁਖਚਾਰੀ ਪੂਰ।
ਪੂਰ ਸਭੀ ਹਾਰ ਠਾਗੀ ਵਿਸ਼ ਸਾਰੀ ਹੈ ॥੩॥**

ਦ੍ਰਿੜ ਗ੍ਰੰਥਿ-ਪੱਕੀ ਗੰਢ। ਅਹਿ-ਹੈ। ਪ੍ਰਭੇਦਨ-ਖੋਲ੍ਹਨ। ਗਣ-ਸਮੂਹ, ਝੁੰਡ, ਗਰੋਹ। ਵਾਰੀ-ਬਗੀਚੀ। ਸੁਭ੍ਰ-ਸੁੰਦਰ। ਸੋਮ ਉਜਿਆਰੀ-ਚੰਦ੍ਰਮਾ ਦੀ ਚਾਂਦਨੀ। ਲਤਾ-ਵੇਲ। ਕੁਠਾਰੀ-ਕੁਹਾੜੀ। ਵਿਸ਼-ਸ੍ਰਿਸ਼ਟੀ। ਦੀਪ ਕੋ-ਦੀਵੇ ਨੂੰ। ਬਜਾਰੀ-ਹਵਾ। ਹਾਰੀ-ਨਾਸ ਕਰਨ ਵਾਲੀ। ਕ੍ਰੂ-ਚੰਦਰੇ, ਭੈੜੇ। ਮੁਖਚਾਰੀ-ਬ੍ਰਹਮਾ।

(ਜੋ ਮਨ ਵਿਚ ਆਪਨੀ ਉਚੀ) ਕੁਲ ਹੋਣ ਦਾ ਮਾਨ ਹੈ, ਉਹ ਬੜੀ ਪੱਕੀ ਗੰਢ ਹੈ,ਉਸਨੂੰ ਖੋਲ੍ਹਣ ਵਿਚ (ਜੋ) ਬੜੀ ਸਿਆਣੀ ਹੈ। ਸਮੂਹ ਗੁਣਾਂ ਦੀ ਵਾੜੀ (ਜੋ) ਕਵੀ ਜਨ ਹਨ, (ਉਸ) ਵਾੜੀ ਨੂੰ ਖਿੜਾਉਨ ਵਾਲੀ ਸੁੰਦਰ ਚੰਦ੍ਰਮਾਂ ਦੀ ਚਾਂਦਨੀ ਹੈ, ਅਤੇ ਲਜਾ ਰੂਪ ਵੇਲ ਨੂੰ (ਕੱਟਣ ਵਾਲੀ) ਕੁਹਾੜੀ ਹੈ।

ਭੋਗ ਰੂਪ ਮੁਖ ਤੇ ਮੋਖ ਰੂਪ ਸੁਖ ਨੂੰ (ਕੱਟਣ ਵਾਸਤੇ) ਆਰੀ ਹੈ, ਦੀਨਤਾ ਤੇ ਕਲੇਸ਼ਾਂ ਦੀ ਕਿਆਰੀ ਹੈ, ਧੀਰਜ ਰੂਪ ਦੀਵੇ ਨੂੰ ਨਾਸ ਕਰਨ ਵਾਸਤੇ ਹਵਾ ਸਮਾਨ ਹੈ।

ਚੰਦਰੇ ਬ੍ਰਹਮਾਂ ਨੇ (ਇਸ ਤਰ੍ਹਾਂ) ਦੀ ਬਣਾਈ ਹੈ। 'ਪੇਟ ਦੀ ਪਿਟਾਰੀ' (ਜੋ ਮਨੁੱਖ ਸਰੀਰ ਦੇ ਨਾਲ) ਲਾਈ ਹੈ (ਜਿਸਨੂੰ) ਭਰਦੀ-ਭਰਦੀ ਸਾਰੀ ਦੁਨੀਆਂ ਥੱਕ ਗਈ ਹੈ, (ਇਸ ਕਰਕੇ) ਸਾਰੀ ਦੁਨੀਆਂ ਠੱਗੀ ਗਈ ਹੈ ॥੩॥

### ਕਬਿੱਤ

**ਨਾਗੋਂ ਕੋ ਅਹਾਰੁ ਬਿਆਰ ਮਾਟੀ ਕੀਨੋ ਮੁਖ ਚਾਰ,**
**ਉੱਦਮਨ ਹਿੰਸਾ ਵਾਰ ਸੁਖ ਲਾਭ ਹੋਇ ਹੈ।**
**ਅੰਕੁਰ ਤ੍ਰਿਣਾਦਿ ਸੁਵਾਦਿ ਸੁਧਾ ਸੋ ਪ੍ਰਸਾਦਿ ਪਾਇ,**
**ਪਸੂਬ੍ਰਿੰਦ ਅਹਿਲਾਦ ਧਾਰ ਧਰਾ ਸੋਇ ਹੈ।**
**ਰਚੀ ਨਰੋਂ ਕੀਕੁਬ੍ਰਿਤਿ ਸਿਧ ਜੋ ਨਾ ਬਿਨਾ ਬਿੱਤ,**
**ਧਨ ਸਿੱਧਤਾ ਨਮਿੱਤ ਗੁਣ ਨਿੱਤ ਖੋਇ ਹੈ।**
**ਜਨੋਂਸੋਂ ਵਿਰੋਧ ਵਿਧਿ ਕਰਿ ਕਹਾ ਕੀਨੋ ਸਿੱਧ ਰੰਡੀ,**
**ਪੂਤ ਸਮ ਤਾਂਹਿ ਦੰਡੀਨਾਹਿ ਕੋਇ ਹੈ ॥੪॥**

ਮੁਖ ਚਾਰ-ਬ੍ਰਹਮਾ। ਅੰਕੁਰ-ਖੇਤੀ। ਸੁਧਾ-ਅੰਮ੍ਰਿਤ। ਅਹਾਰ-ਖੁਰਾਕ। ਬਿਆਰ-ਹਵਾ। ਪ੍ਰਸਾਦਿ-ਭੋਜਨ। ਬ੍ਰਿੰਦ-ਵੰਡ, ਸਾਰੇ। ਅਹਿਲਾਦ-ਅਨੰਦ। ਸੋਇ-ਸੌਂਦਾ। ਕੁਬ੍ਰਿਤ-ਬੁਰੀ ਉਪ ਜੀਵਕਾ। ਬਿਤ-ਧਨ। ਸਿੱਧਤਾ-ਪ੍ਰਾਪਤੀ। ਵਿਧਿ-ਬ੍ਰਹਮਾ। ਦੰਡੀ-ਦੰਡ ਦੇਣ ਵਾਲਾ।

ਬ੍ਰਹਮਾਂ ਨੇ ਸੱਪਾਂ ਦੀ ਖੁਰਾਕ ਹਵਾ ਤੇ ਮਿੱਟੀ ਬਣਾਈ ਹੈ, (ਜਿਸਨੂੰ ਪ੍ਰਾਪਤ ਕਰਨ ਲਈ) ਨਾ ਹੀ ਉੱਦਮ ਦੀ ਲੋੜ ਹੈ ਤੇ ਨਾ ਹੀ ਹਿੰਸਾ (ਕਰਨੀ ਪੈਂਦੀ ਹੈ, ਸਹਜੇ ਹੀ) ਸੁਖ ਨਾਲ ਪ੍ਰਾਪਤ ਹੋ ਜਾਂਦੀ ਹੈ। ਖੇਤੀ ਤੇ ਘਾਹ ਆਦਿਕ ਅੰਮ੍ਰਿਤ ਵਰਗੇ ਸਵਾਦ ਵਾਲੀ ਪਸੂਆਂ ਦੀ ਖੁਰਾਕ ਹੈ, (ਜਿਸ ਨੂੰ) ਖਾ ਕੇ ਸਾਰੇ ਪਸ਼ੂ ਅਨੰਦ ਨਾਲ ਧਰਤੀ ਉਤੇ ਸੌਂ ਜਾਂਦੇ ਹਨ।

(ਕੇਵਲ) ਮਨੁੱਖਾਂ ਦੀ ਉਪਜੀਵਕਾ ਹੀ ਬੁਰੀ ਬਣਾਈ ਹੈ (ਜੋ) ਧਨ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ ਅਤੇ ਧਨ ਦੀ ਪ੍ਰਾਪਤੀ ਵਾਸਤੇ (ਮਨੁੱਖ) ਸਦਾ ਹੀ (ਆਪਣੇ ਸੁਭ ਗੁਣਾਂ ਨੂੰ) ਨਾਸ ਕਰਦਾ ਹੈ। ਬ੍ਰਹਮਾਂ ਨੇ ਮਨੁੱਖਾਂ ਨਾਲ ਵੈਰ ਕਰਕੇ ਕੀ ਕੁਝ ਪ੍ਰਾਪਤ ਕੀਤਾ ਹੈ ? (ਮੈਂ ਜਾਣਦਾ ਹਾਂ, ਜੋ ਬ੍ਰਹਮਾਂ) ਰੰਡੀ ਦੇ ਪੁੱਤ੍ਰ ਸਮਾਨ (ਉਜੱਡ ਹੈ) ਕਿਉਂਕਿ ਉਸਨੂੰ ਕੋਈ ਦੰਡ ਦੇਣ ਵਾਲਾ ਨਹੀਂ ਹੈ ॥੪॥

### ਸੋਰਠਾ

**ਭਵ ਨਿਧਿ ਤਰਨ ਮਝਾਰ ਬਲੀ ਨਰਨ ਕੀ ਤਰੁਣ ਧੀ।**
**ਬਿਧਿ ਨਾ ਤਾਹਿ ਅਹਾਰ ਕਤ ਉਲਟੀ ਬਿਧਿ ਨਾ ਕਿਯੋ ॥੫॥**

ਸੰਸਾਰ ਸਮੁੰਦਰ ਤੋਂ ਤਰਨ ਵਿਚ, ਮਨੁੱਖ ਦੀ ਜਵਾਨ ਉਮਰਾ ਵਾਲੀ ਬੁਧੀ ਹੀ (ਬਲੀ) ਸਮਰੱਥ ਹੈ, (ਪਰ) ਬ੍ਰਹਮਾਂ ਨੇ ਉਨ੍ਹਾਂ (ਮਨੁੱਖਾਂ ਦੀ) ਖੁਰਾਕ (ਸੁਤੰਤ੍ਰ) ਕਿਯੋਂ ਨਹੀਂ ਬਣਾਈ ? (ਕੀ ਏਹ ਉਸਨੇ) ਉਲਟੀ ਬਿਧੀ ਨਹੀਂ ਕੀਤੀ ? (ਅਰਥਾਤ ਏਹ ਉਲਟੀ ਰੀਤੀ ਕੀਤੀ ਹੈ) ॥੫॥

### ਕਬਿੱਤ

**ਆਧ ਬਿਆਧਿ ਬ੍ਰਿੰਦ ਰੋਗ ਤਾਹਿ ਕੇ ਸੰਜੋਗ ਕਰ,**
**ਆਉ ਮੈ ਅਰੋਗ ਕੋ ਵਿਯੋਗ ਭਯੋ ਅੱਤ ਹੈ।**
**ਪੁਨਾ ਰਮਾ ਜਹਾਂ ਵਸੇ ਤਾਂਤੇ ਖਗ ਵਤ ਨਸੇ,**
**ਖੁਲੇ ਦੁਆਰੇ ਵਤ ਧਸੇ ਬਿਪਤਾ ਮਹੱਤ ਹੈ ।**
**ਜੋ ਜੋ ਨਿਰ ਮਯੋ ਭਯੋਪਰ ਵਸ ਤਾਂਹਿ ਕਾਲ,**
**ਤਾਤ ਕਾਲ ਨਿਜ ਵਸਿ ਅਵਸ ਕਰਤ ਹੈ ।**
**ਅਜ ਜੋ ਅਕੁੰਡੇ ਕੀਨੋ ਕਾਕੀ ਸੁਭ ਬਿਤ ਚੀਨੋ,**
**ਬੇਦ ਲੋਕ ਮਤ ਸੋ ਨ ਕੋ ਸਤ ਹੈ ॥੬॥**

ਆਧਿ, ਬਿਆਧਿ (ਤੇ ਉਪਾਧਿ ਆਦਿਕ) ਬਹੁਤੇ ਰੋਗ (ਪੈਦਾ ਕੀਤੇ ਹਨ) ਉਨ੍ਹਾਂ (ਰੋਗਾਂ) ਦੇ ਸੰਜੋਗ ਕਰਕੇ, ਮੇਰੀ ਅਰੋਗ ਉਮਰਾ ਦਾ (ਸਰੀਰ ਨਾਲੋਂ) ਵੱਡਾ ਦੁਖ ਦਾਈ ਵਿਛੋੜਾ ਹੋ ਗਿਆ ਹੈ,

ਫਿਰ (ਪਹਿਲੇ) ਜਿਥੇ ਮਾਇਆ ਵਸਦੀ ਹੈ, (ਜੇ ਮਾਯਾ) ਉਸ ਜਗ੍ਹਾ ਤੋਂ ਪੰਛੀ ਵਾਂਗੂੰ (ਫਰ੍ਹ ਕਰਕੇ) ਨਸ ਜਾਵੇ, (ਤਾਂ ਉਹ) ਮਹਾਨ ਬਿਪਤਾਵਾਂ (ਇਸ ਤਰ੍ਹਾਂ ਆਣ) ਵੜਦੀਆਂ ਹਨ, (ਜਿਸ ਤਰ੍ਹਾਂ ਖੁਲ੍ਹੇ ਬੂਹੇ ਹੋਣ ਕਰਕੇ ਮਨੁੱਖ ਸਹਜੇ ਹੀ ਮਕਾਨ ਅੰਦਰ ਵੜ ਜਾਂਦਾ ਹੈ । ਜੋ ਜੋ ਪੁਰਸ਼ ਪੈਦਾ ਹੋਇਆ ਹੈ, (ਉਹ ਹਰ ਕੋਈ) ਪਰਾਏ ਵਸ ਹੋ ਗਿਆ ਹੈ, ਉਨ੍ਹਾਂ ਸਭਨਾਂ ਨੂੰ ਕਾਲ ਜ਼ਰੂਰ ਹੀ ਆਪਣੇ ਵੱਸ ਕਰ ਲੈਂਦਾ ਹੈ ।

ਜਿਸ ਦੇ ਸਿਰ ਉਤੇ ਕਿਸੇ ਦਾ ਕੁੰਡਾ ਨਹੀਂ ਹੈ ਇਸ ਤਰ੍ਹਾਂ ਦਾ ਜੋ ਬ੍ਰਹਮਾ ਹੈ, ਉਸਨੇ ਜੋ ਕੁਝ ਭੀ ਪੈਦਾ ਕੀਤਾ ਹੈ, (ਦੱਸੋ ਉਨ੍ਹਾਂ ਵਿਚੋਂ) ਕਿਸ ਦੀ ਸੁਖਦਾਈ ਥਿਰਤਾ ਜਾਣੀ ਦੀ ਹੈ, ਲੋਕਿਕ ਮਤ ਤੇ ਵੈਦਿਕ ਮਤ ਨਾਲ ਉਨ੍ਹਾਂ ਵਿਚੋਂ ਕੋਈ ਭੀ ਸੁਖੀ ਨਹੀਂ ਹੈ ਅਤੇ ਨਾ ਹੀ ਕੋਈ ਸੱਤ ਹੈ ॥੬॥

### ਕਬਿੱਤ

**ਬੰਸਰੀ ਕੀ ਧੂਨਾ ਕਹੂੰ ਹਾ ਹਾ ਇਤ ਰੋਨਾ ਕਹੂੰ,**
**ਸ਼੍ਰੇਸ਼ਟਨ ਕੀ ਗੋਸਟ ਕਹੂੰ ਦੁਸ਼ਟਤਾ ਹਰਤ ਹੈ।**
**ਅੰਧ ਧੀ ਸੁਰਾਚੀ ਕਹੂੰ ਮਹਾਂ ਕਟੁ ਵਾਚੀ ਕਹੂੰ,**
**ਸਜਾਮਾ ਅਭਿਰਾਮਾ ਰਮਾ ਮਨ ਹਰਿ ਅਤਿ ਹੈ।**

**ਕਹੂੰ ਦੁਸ਼ਟ ਕੁਸ਼ਟ ਸੰਗ ਗਰੇ ਅੰਗ ਕਸ਼ਟ ਸਹੇ,**
**ਸਦਾ ਜਲਪਤ ਰਹੇ ਜੈਸੇ ਜਲਪਤਿ ਹੈ।**
**ਰਚਨਾ ਨਿਰੰਕੁਸ਼ ਬਿਰੰਚ ਕੀਨ ਜਾਨੇ ਹਮ,**
**ਸੁਧਾ ਰੂਪ ਕੀ ਵਿਖ ਰੂਪ ਏ ਜਗਤ ਹੈ ॥੭॥**

ਧੁਨਾ-ਅਵਾਜ਼ ਹੋ ਰਹੀ ਹੈ। ਸ੍ਰੇਸਟਨ-ਭਲੇ ਪੁਰਸ਼ਾਂ। ਗੋਸ਼ਟ-ਚਰਚਾ। ਅੰਧ ਧੀ-ਅੰਨ੍ਹੀ ਬੁੱਧੀ ਵਾਲੇ। ਸੁਰਾਚੀ-(ਸੁਰਾ+ਅਚੀ। ਸ਼ਰਾਬ ਪੀਂਦੇ ਹਨ। ਕਟੁ-ਕੌੜੇ। ਵਾਚੀ-ਬੋਲਦੇ ਹਨ। ਸਜਾਮਾ-ਸੋਲਾਂ ਵਰ੍ਹਿਆਂ ਦੀ। ਰਮਾ-ਇਸਤ੍ਰੀ। ਹਰਿ ਅਤਿ-ਚੁਰਾਉਂਦੀ ਹੈ। ਕੁਸ਼ਟ-ਕੋੜ੍ਹ ਰੋਗ। ਗਰੇ-ਗਲੇ ਹੋਏ। ਅੰਗ-ਸਰੀਰ। ਜਲਪਤ-ਰੋਂਦਾ ਕੁਰਲਾਉਂਦਾ ਹੈ। ਜਲਪਤਿ-ਸਮੁੰਦਰ। ਨਿਰੰਕੁਸ-ਬੇ ਮੁਹਾਰਾ। ਬਿਰੰਚ-ਬ੍ਰਹਮਾ।

ਕਿਧਰੇ ਬੰਸਰੀ (ਆਦਿਕ ਵਾਜਿਆਂ ਦੀ) ਅਵਾਜ਼ ਹੋ ਰਹੀ ਹੈ, ਅਤੇ ਕਿਧਰੇ ਹਾਇ! ਹਾਇ! ਕਰਕੇ ਰੋਣਾ ਕੁਰਲਾਣਾ ਹੋ ਰਿਹਾ ਹੈ ਕਿਧਰੇ ਸੰਤ ਜਨਾਂ ਦੀ ਚਰਚਾ ਹੋ ਰਹੀ ਹੈ, ਅਤੇ ਕਿਧਰੇ (ਦੁਸ਼ਟ ਪੁਰਸ਼) ਦੁਸ਼ਟਤਾਈ (ਨਾਲ ਲੋਕਾਂ ਨੂੰ) ਦੁਖ ਦੇ ਰਹੇ ਹਨ।

ਕਿਧਰੇ ਬੁੱਧੀ ਤੋਂ ਅੰਨੇ ਸ਼ਰਾਬ ਪੀ ਰਹੇ ਹਨ, ਕਿਧਰੇ (ਬੁਰੇ ਆਦਮੀ) ਬਹੁਤ ਕੌੜੇ ਬਚਨ ਬੋਲ ਰਹੇ ਹਨ, ਕਿਧਰੇ ਸੋਲਾਂ ਵਰ੍ਹਿਆਂ ਦੀ ਮਹਾਂ ਸੁੰਦਰ ਇਸਤ੍ਰੀ ਮਨਾਂ ਨੂੰ ਮੋਹ ਰਹੀ ਹੈ। ਕਿਧਰੇ ਬੁਰੇ ਆਦਮੀ ਕੌੜੇ ਰੰਗ ਨਾਦ ਗਲੇ ਹੋਏ ਸਰੀਰ ਉਤੇ ਦੁਖ ਸਹਾਰਦੇ ਹੋਏ (ਇਸ ਤਰ੍ਹਾਂ) ਸੜ ਰਹੇ ਹਨ, (ਜਿਸ ਤਰ੍ਹਾਂ ਬੜਵਾ ਅਗਨੀ ਨਾਲ) ਸਮੁੰਦਰ ਸਦਾ ਹੀ ਸੜਦਾ ਹੈ। ਬੇ-ਮੁਹਾਰੇ ਬ੍ਰਹਮਾ ਦੀ ਰਚਨਾ ਨੂੰ ਅਸੀਂ ਜਾਣ ਨਹੀਂ ਸਕਦੇ (ਕਿ) ਏਹ ਜਗਤ ਅੰਮ੍ਰਿਤ ਰੂਪ ਹੈ ਜਾਂ ਜ਼ਹਿਰ ਰੂਪ ਹੈ ॥੭॥

### *ਕਬਿੱਤ*

**ਰੁਚਤ ਸੁਮੇਰ ਸੋ ਨਾ ਆਵੇ ਕਹੂੰ ਕਾਮ ਜੋ ਨਾ,**
**ਨਿਜ ਗੌਰਤਾ ਮੈ ਸੋਨਾ ਸਦਾ ਗਲਤਾਨ ਹੈ।**
**ਜੀਵ ਜੇ ਸੰਤੋਖ ਕਰ ਤ੍ਰਿਪਤ ਸਦੀਵ ਤਰ,**
**ਤਾਕੋ ਸੇਖਨਾ ਅਨੰਦ ਰਹਯੋ ਕਛੂ ਆਨ ਹੈ।**
**ਪੁਨਾ ਜੇਈ ਆਨ ਜਨ ਧਨ ਲੋਭ ਕਰ ਮਨ,**
**ਵਿਆਕੁਲ ਹੈਂ ਜਾਂ ਕੇ ਤਾਂ ਕੀ ਤ੍ਰਿਸ਼ਨਾ ਨ ਹਾਨ ਹੈ।**
**ਕੌਨ ਕੇ ਨਿਮਿਤ ਐਸੀ ਸੰਪਦਾ ਅਮਿਤ ਰਚੀ,**
**ਇਤਬਿਧਿ ਕਰਕੇ ਨ ਬਿਧਿ ਬੁਧਿਮਾਨ ਹੈ ॥੮॥**

ਰੁਚਿਤ-ਭਾਉਂਦਾ ਨਹੀਂ। ਗੌਰਤਾ-ਵਡਿਆਈ, ਗੌਰਵਤਾ। ਗਲਤਾਨ-ਮਸਤ ਰਹਿੰਦਾ ਹੈ। ਸੇਖ-

ਬਾਕੀ, ਹੋਰ ਆਨ ਜਨ-ਹੋਰ ਪੁਰਸ਼। ਹਾਨ-ਨਾਸ, ਮਿਟਦੀ। ਅਮਿਤ-ਬੇਅੰਤ।

ਸੁਮੇਰ (ਪਰਬਤ, ਮੈਨੂੰ) ਭਾਉਂਦਾ ਨਹੀਂ ਹੈ, (ਕਿਉਂਕਿ ਸੁਮੇਰ ਸੋਨੇ ਦਾ ਹੈ, ਅਤੇ) ਸੋਨਾ ਕਿਸੇ ਕੰਮ ਆਉਂਦਾ ਨਹੀਂ ਹੈ, ਅਤੇ (ਫਿਰ) ਸੋਨਾ (ਰੂਪ ਸੁਮੇਰ) ਆਪਣੀ ਵਡਿਆਈ ਵਿਚ ਸਦਾ ਹੀ ਮਸਤ ਰਹਿੰਦਾ ਹੈ। ਜਿਹੜੇ ਜੀਵ ਸੰਤੋਖ ਨਾਲ ਸਦਾ ਹੀ ਰੱਜੇ ਰਹਿੰਦੇ ਹਨ, ਉਨ੍ਹਾਂ ਪੁਰਸ਼ਾਂ ਲਈ ਸੰਤੋਖ ਤੋਂ ਬਿਨਾ ਹੋਰ ਕੋਈ ਵਸਤੂ ਭੀ ਅਨੰਦ ਦੇਣ ਵਾਲੀ ਬਾਕੀ ਨਹੀਂ ਹੈ।

ਫਿਰ ਜਿਹੜੇ ਹੋਰ ਬੰਦੇ ਹਨ, (ਉਨ੍ਹਾਂ ਵਿਚੋਂ ਜਿਨ੍ਹਾਂ ਦੇ ਮਨ ਧਨ ਦੇ ਲੋਭ ਨਾਲ ਵਿਆਕੁਲ ਹਨ, ਉਨ੍ਹਾਂ ਦੀ ਤ੍ਰਿਸ਼ਨਾ ਕਦੇ ਭੀ ਮਿਟਦੀ ਨਹੀਂ ਹੈ, (ਇਸ ਸੁਮੇਰ ਛੱਡਕੇ ਭਾਵੇਂ ਅਨੇਕਾਂ ਸੁਮੇਰ ਪਰਬਤ ਉਨ੍ਹਾਂ ਨੂੰ ਮਿਲ ਜਾਣ।

ਇਸ ਤਰ੍ਹਾਂ ਦੀ ਬੇਅੰਤ ਸੰਪਤਾ ਕਿਸ ਦੇ ਵਾਸਤੇ ਰਚੀ ਹੈ, ਇਸ ਬਿਧੀ (ਦੀ ਵੀਚਾਰ) ਕਰਕੇ ਜਾਣਿਆ ਜਾਂਦਾ ਹੈ, ਜੋ ਬ੍ਰਹਮਾਂ ਬੁਧੀਵਾਨ ਨਹੀਂ ਹੈ ॥੮॥

## ਕਬਿੱਤ

**ਪੁਰਖ ਰਤਨ ਗੁਣ ਗਣ ਕੋ ਸਦਨ ਪੁਨਾ,**
**ਪੌਰਖ ਕੇ ਆਇ ਤਨ ਪਰਮ ਪ੍ਰਬੀਨਾ ਹੈ।**
**ਸਾਰੀ ਧਰਾ ਕੋ ਸਿੰਗਾਰ ਜੜਾਜੜ ਕੇ ਸਿਰਦਾਰ,**
**ਮੋਖ ਭੋਗ ਕੋ ਭੰਡਾਰ ਚਾਰੁ ਲਖ ਲੀਨਾ ਹੈ।**
**ਚਤਰ ਬਦਨ ਕੋ ਚਤੁਰ ਹਮ ਚੀਨੋਤਬ,**
**ਪ੍ਰਿਥਮੇ ਜੋ ਐਸੇ ਨਰ ਉਤਪਤਿ ਕੀਨਾ ਹੈ।**
**ਤਾਂ ਕੇ ਪਾਛੇ ਤਤਖਿਨ ਨਸ਼ਟ ਕਰੇ ਹਾ ਹਾ ਕਸ਼ਟ,**
**ਇਤਿ ਬਿਧਿ ਬਿਧਨਾਕੋ ਪੰਡਿਤ ਨ ਚੀਨਾ ਹੈ ॥੯॥**

ਰਚਤ-ਅਮੋਲਕ। ਸਦਨ-ਘਰ। ਪੌਰਖ-ਬਲ। ਆਇਤਨ-ਘਰ। ਪ੍ਰਬੀਨਾ-ਚਤਰ, ਸਿਆਨਾ। ਧਰਾ-ਧਰਤੀ। ਜੜਾਜੜ-(ਜੜ-ਅਜੜ) ਜੜ ਚੇਤਨ। ਚਾਰ-ਸੁੰਦਰ। ਚਤਰ ਬਦਨ-ਚੌਹੁੰ ਮੂੰਹਾਂ ਵਾਲਾ-ਬ੍ਰਹਮਾ।

ਅਮੋਲਕ ਮਨੁੱਖ (ਜਨਮ) ਸਾਰੇ ਗੁਣਾਂ ਦਾ ਘਰ ਹੈ ਤੇ ਬਲ ਪ੍ਰਾਕ੍ਰਮ ਦਾ ਭੀ ਘਰ ਹੈ, ਅਤੇ ਵੱਡਾ ਹੀ ਚਤਰ ਤੇ ਸਿਆਣਾ ਹੈ।

ਸਾਰੀ ਧਰਤੀ ਦੇ ਸਿੰਗਾਰ ਹੈ, ਜੜ-ਚੇਤਨ ਦਾ ਸਰਦਾਰ ਹੈ, ਭੋਗ ਮੋਖ ਦਾ ਸੁੰਦਰ ਭੰਡਾਰ (ਅਸਾਂ) ਜਾਣ ਲਿਆ ਹੈ। ਚੌਂਹ ਮੂੰਹਾਂ ਵਾਲੇ ਬ੍ਰਹਮਾਂ ਨੂੰ ਪਹਿਲਾਂ ਅਸਾਂ ਸਿਆਣਾ ਜਾਣਿਆ ਸੀ, (ਕਿਉਂ) ਜੋ ਉਨ੍ਹੇਂ ਇਸ ਤਰ੍ਹਾਂ ਦਾ ਮਨੁੱਖ ਪੈਦਾ ਕੀਤਾ ਹੈ।

ਉਸਦੇ ਮਗਰੋਂ ਝਟ ਪਟ (ਹੀ ਉਹ) ਨਸ਼ਟ ਕਰ ਦੇਂਦਾ ਹੈ, ਹਾਇ ! ਹਾਇ ! ਬੜੇ ਦੁੱਖ ਦੀ ਗੱਲ ਹੈ, ਇਸ ਬਿਧੀ (ਨੂੰ ਵੇਖ ਕਰਕੇ) ਅਸਾਂ ਬ੍ਹਮਾਂ ਨੂੰ ਪੰਡਿਤ (ਸਿਆਣਾ) ਨਹੀਂ ਜਾਣਿਆ ਹੈ (ਅਰਥਾਤ ਬ੍ਹਮਾ ਪੰਡਿਤ ਨਹੀਂ ਸਗੋਂ ਮਹਾਂ ਮੂਰਖ ਹੈ) ॥੯॥

ਦੋਹਰਾ

**ਭਰਤ ਸ਼ਤਕਵੈਰਾਗ ਕੋ ਧਯਾਇ ਪੰਚਮੋ ਅੰਤ।**
**ਦੋਸ਼ ਅਰੋਪ ਬਿਰੰਚ ਕੋ ਹਰਿ ਦਿਆਲ ਵਰਣੰਤ ॥੧੦॥**

ਭਰਥਰੀ (ਜੀ ਦੇ) ਵੈਰਾਗ ਸ਼ਤਕ ਦਾ ਪੰਜਵਾਂ ਅਧਯਾਇ ਸਮਾਪਤ ਹੋਇਆ ਹੈ । ਇਸ ਵਿਚ ਬ੍ਹਮਾ ਵਿਚ ਦੋਸ (ਅਰੋਪ) ਸਥਾਪਣ ਕੀਤੇ ਹਨ, (ਜਿਸਨੂੰ ਪ੍ਰਾਕ੍ਰਿਤ ਭਾਸ਼ਾ ਵਿਚ ਪੰਡਿਤ) ਹਰਿ ਦਿਆਲ ਜੀ ਨੇ ਵਰਣਨ ਕੀਤਾ ਹੈ ॥੧੦॥

*ਇਤਿ ਪੰਚਮੋ ਅਧਯਾਯ ॥੫॥*

ੴ ਸਤਿਗੁਰ ਪ੍ਰਸਾਦਿ ॥

# ਅਥ ਛੇਵਾਂ ਅਧਯਾਯ ਆਰੰਭ

### ਦੋਹਰਾ

**ਖਸ਼ਟੇ ਸ੍ਰੇਸ਼ਟ ਜਨਾਨ ਕੀ ਵਰਨਨ ਕਰੇ ਪ੍ਰਸੰਸ।**
**ਸ਼ੁਭ ਸਲੋਕ ਸੱਤ੍ਰਾ ਤਿਸੇ ਹ੍ਰਿਦਯ ਕਮਲ ਕੋ ਹੰਸ ॥੧॥**

ਖਸ਼ਟੇ-ਛੇਵੇਂ ਅਧਯਾਇ ਵਿਚ। ਸਰੇਸਟ ਜਨਾਨ-ਭਲੇ ਪੁਰਸ਼ਾਂ। ਪ੍ਰਸੰਸ-ਉਪਮਾਂ। ਸੱਤ੍ਰਾ-੧੭। ਹੰਸ-ਸੂਰਜ।

ਇਸ ਛੇਵੇਂ ਅਧਯਾਇ ਵਿਚ, ਭਲੇ ਪੁਰਸ਼ਾਂ ਦੀ ਉਪਮਾਂ ਵਰਨਣ ਕਰਦੇ ਹਾਂ।

ਉਸ (ਉਪਮਾਂ) ਦੇ ਸੁੰਦਰ ੧੭ ਸ਼ਲੋਕ (ਹਨ, ਜੋ) ਹਿਰਦੇ ਰੂਪ ਕਮਲ ਨੂੰ ਖਿੜਾਉਨ ਵਾਲੇ ਸੂਰਜ ਹਨ ॥੧॥

### ਛਪਯ ਛੰਦ

**ਸੰਤ ਗਏ ਬਨ ਮਾਹਿ ਨਾਹਿ ਕੋ ਜੰਤ ਜਾਹਿ ਮਹਿ।**
**ਬਸਨ ਹੇਤੁ ਕਿਧੋ ਧਾਮ ਤਲੋ ਅਵਿਰਾਮ ਹੁਤੋ ਨਹਿ।**
**ਸ੍ਰਵਣ ਯੋਗ ਗੀਤਾਦਿ ਕਹਾਂ ਥੇ ਤਹਾ ਵਿਯੋਗ ਦੁਖ।**
**ਕੈ ਨ ਅਧਿਕ ਰੁਚਿਹੇਤੁ ਪ੍ਰਾਣ ਸਮ ਮਿਤ੍ਰ ਸੰਗ ਸੁਖ।**
**ਤੇ ਹੁਤੇ ਸਰਬ ਪ੍ਰਤਿ ਹਤੇ ਜੇ ਦੀਪ ਸਿਖਾ ਵਤ ਤਰਲ ਪਿਖ।**
**ਯੁਤ ਭ੍ਰਮਤ ਪਤਤ ਪਤੰਗ ਕੇ ਪੰਖ ਪਵਨ ਕਰਿ ਚਪਲ ਸਿਖ ॥੨॥**

ਬਸਨ ਹੇਤੁ-ਵਸਨ ਵਾਸਤੇ। ਤਲੋ-ਸਥਾਨ, ਜਗ੍ਹਾ। ਕੈ-ਜਾ, ਅਥਵਾ। ਪ੍ਰਤਿ-ਨੂੰ। ਦੀਪ-ਦੀਵਾ। ਸਿਖਾ-ਲਾਟ। ਵਤ-ਵਾਂਗੂੰ। ਤਰਲ-ਚੰਚਲ, ਨਾਸ ਮਾਨ। ਪੰਖ-ਖੰਭ। ਪਵਨ-ਹਵਾ। ਕਰਿ-ਨਾਲ। ਚਪਲ-ਚੰਚਲ, ਛਿਨ-ਭੰਗਰ। ਸਿਖ-ਸਿਖਾ, ਦੀਵੇ ਦੀ ਲਾਟ।

ਸੰਤ (ਉਸ) ਬਨ ਵਿਚ ਚਲੇ ਗਏ, ਜਿਸ (ਬਨ) ਵਿਚ ਕੋਈ (ਜੀਵ) ਜੰਤੂ ਨਹੀਂ ਸੀ।

ਪ੍ਰਸ਼ਨ-ਕੀ ਉਨ੍ਹਾਂ ਕੋਲ ਵਸਨ ਵਾਸਤੇ ਮਹਾਂ ਸੁੰਦਰ ਸਥਾਨ ਵਾਲਾ ਘਰ ਨਹੀਂ ਸੀ, ਸੁਣਨ ਦੇ ਲਾਇਕ (ਜ) ਭਗਵਤ, ਗੀਤਾ ਆਦਿਕ (ਪੁਸਤਕ ਹਨ, ਉਹ ਭੀ) ਕਿਥੇ ਸਨ ? ਉਨ੍ਹਾਂ ਦੇ ਵਿਛੋੜੇ ਰੂਪ ਦੁਖ (ਕਰਕੇ ਸੰਤ ਜਨ ਬਨ ਵਿਚ ਗਏ ਸਨ)। ਜਾਂ ਬਹੁਤੀ ਪ੍ਰੀਤੀ ਵਾਲੇ ਤੇ ਪ੍ਰਾਣਾਂ ਸਮਾਨ ਪਿਆਰ ਵਾਲੇ

ਮਿਤ੍ਰਾਂ ਦੀ ਸੰਗਤ ਦਾ ਸੁਖ (ਨਹੀਂ ਸੀ, ਇਸੇ ਕਰਕੇ ਬਨ ਵਿਚ ਚਲੇ ਗਏ ਸਨ)।

ਉਤਰ-ਉਹ (ਪਦਾਰਥ) ਸਾਰੇ ਹੀ ਹੈਗੇ ਸਨ, (ਪਰ) ਸਭਨਾਂ ਨੂੰ ਤਿਆਗ ਦਿੱਤਾ ਸੀ, (ਕਿਉਂਕਿ) ਦੀਵੇ ਦੀ ਲਾਟ ਵਾਂਗੂੰ ਚੰਚਲ (ਅਰਥਾਤ ਛਿਨ ਵਿਚ ਨਾਸ ਹੋ ਜਾਣ ਵਾਲੇ) ਵੇਖਕੇ। ਜਿਵੇਂ ਦੀਵੇ ਦੀ ਲਾਟ ਦੇ ਚੁਤਰਫੇ ਪਤੰਗਾ) ਭ੍ਰਮਦਾ (ਫਿਰਦਾ) ਰਹਿੰਦਾ ਹੈ (ਤਾਂ) ਪਤੰਗੇ ਦੇ ਖੰਭਾਂ ਦੀ ਹਵਾ ਨਾਲ (ਦੀਵੇ ਦੀ) ਲਾਟ ਚੰਚਲ ਹੁੰਦੀ ਹੈ, (ਤਾਂ ਖੰਭਾਂ) ਸੰਜੁਗਤ (ਪਤੰਗਾ ਲਾਟ ਉਤੇ) ਡਿਗ ਕੇ ਨਾਸ ਹੁੰਦਾ ਹੈ. (ਇਵੇਂ ਹੀ ਪਦਾਰਥਕ ਸੁਖਾਂ ਨੂੰ ਨਾਸ ਹੋਣ ਦਾ ਕਾਰਨ ਰੂਪ ਜਾਣਕੇ, ਉਨ੍ਹਾਂ ਦਾ ਤਿਆਗ ਕਰ ਦਿੱਤਾ ਹੈ) ॥੨॥

ਪ੍ਰਸ਼ਨ-ਤਿਆਗ ਤਾਂ ਦਿੱਤੇ ਹਨ, ਪਰ ਪਦਾਰਥਾਂ, ਦੇ ਸੁਖ ਨੂੰ ਵੇਖਕੇ, ਮਨ ਕਦੇ ਨਾ ਕਦੇ ਲੋਭੀ ਤਾਂ ਹੋ ਜਾਂਦਾ ਹੋਵੇਗਾ ? ਉਤਰ-

### ਸ੍ਵੈਯਾ

**ਯਹ ਮੰਡਲ ਮਾਤ੍ਰ ਪ੍ਰਪੰਚ ਸਭੀ ਤਤ,**
**ਵੇਤਨ ਕੋ ਕਤ ਕਾਰਣ ਲੋਭਾ।**
**ਜਿਮ ਸਾਗਰ ਮੈ ਮਛਰੀ ਮਛਰੀ ਉਛਰੇ,**
**ਮਛਰੀ ਕਛੁ ਹੋਤ ਸੁ ਛੋਭਾ।**
**ਤਿਵ ਨੈਕੁ ਲੁਭਾਇ ਸਕੇ ਨ ਤਿਸੇ ਖਿਨ,**
**ਖੀਣ ਖੀਣ ਲਖੀ ਤਿਨ ਲੋਕ ਕੀ ਸੋਭਾ।**
**ਸ਼ੁਕਤੀਗਯ ਭ੍ਰਮਾਤ ਨ ਰੂਪ ਮ੍ਰਿਖਾ,**
**ਤਤਵੇਤਨ ਕੋ ਨ ਤਥਾ ਤਿਹ ਖੋਭਾ ॥੩॥**

ਮੰਡਲ ਮਾਤ੍ਰ-ਗਲ ਚਕ੍ਰ ਵਾਂਗੂੰ ਸਾਰੇ ਦਾ ਸਾਰਾ। ਪ੍ਰਪੰਚ-ਚਲ ਸਰੂਪ ਸਾਰੀ ਰਚਨਾ। ਮਛਰੀ-ਮਛੀ (ਮਛਰੀ ਹੋਈ)। ਸ਼ੁਕਤੀਗਯ-ਸਿੱਪੀ ਦੇ ਗਿਆਨ ਵਾਲਾ। ਰੂਪ-ਰੁਪਾ, ਚਾਂਦੀ। ਮ੍ਰਿਖਾਂ-ਝੂਠ। ਤਤਵੇਤਨ-ਗਿਆਨ ਵੰਤ, ਮਹਾਂ ਪੁਰਸ਼ਾਂ।

ਇਹ ਜੋ ਗੋਲ ਚੱਕ੍ਰ ਵਰਗਾ, ਛਲ ਸਰੂਪ ਸਾਰੇ ਦਾ ਸਾਰਾ ਸੰਸਾਰ ਹੈ, ਤਤਵੇਤੇ ਪੁਰਸ਼ਾਂ (ਗਿਆਨ ਵਾਨ) ਲਈ ਲੋਭ ਦਾ ਕਾਰਨ ਕਿਵੇਂ ਹੋ ਸਕਦਾ ਹੈ ? (ਕਿਉਂਕਿ ਗਿਆਨੀ ਪੁਰਸ਼ ਜਾਣਦੇ ਹਨ ਕਿ)

ਜਿਵੇਂ ਸਮੁੰਦਰ ਦੇ ਵਿਚ ਮੱਛੀ ਨਾਲ ਮਿਲਕੇ ਮੱਛੀ ਉਛਲਦੀ ਹੈ ਤਾਂ ਉਸ (ਸਮੁੰਦਰ) ਵਿਚ ਕੁਝ ਖਯੋਭ ਹੁੰਦਾ ਹੈ ? (ਭਾਵ ਜਿਵੇਂ ਮੱਛੀ ਦੇ ਉਛਲਨੇ ਕਰਕੇ ਸਮੁੰਦਰ ਵਿਚ ਖਯੋਭ ਨਹੀਂ ਹੁੰਦਾ)

ਤਿਵੇਂ ਹੀ (ਸੰਸਾਰਕ ਭੋਗ) ਉਨ੍ਹਾਂ (ਦੇ ਮਨ) ਨੂੰ ਰਤੀ ਜਿੰਨਾਂ ਭੀ ਲੁਭਾ ਨਹੀਂ ਸਕਦੇ, ਕਿਉਂਕਿ ਉਨ੍ਹਾਂ ਨੇ ਸੰਸਾਰਕ ਸ਼ੋਭਾ ਨੂੰ ਇਕ ਖਿਨ ਵਿਚ ਨਾਸ ਹੋ ਜਾਣ ਵਾਲੀ ਜਾਣ ਲਿਆ ਹੋਇਆ ਹੈ।

ਜਿਵੇਂ ਸਿੱਪੀ ਦੇ ਗਿਆਨ ਵਾਲੇ ਪੁਰਸ਼ ਨੂੰ (ਸਿੱਪੀ ਦਾ ਦਰਸ਼ਨ) ਚਾਂਦੀ ਦਾ ਭੁਲੇਖਾ ਨਹੀਂ ਪਾ

ਸਕਦਾ, ਇਵੇਂ ਹੀ ਤਤਵੇਤਾ ਮਹਾਂ ਪੁਰਸ਼ਾਂ ਨੇ ਸਾਰੇ ਪ੍ਰਪੰਚ ਨੂੰ ਮਿਥਯਾ ਜਾਣ ਲਿਆ ਹੋਇਆ ਹੈ, ਇਸ ਵਿਚ ਉਨ੍ਹਾਂ ਸੱਤਤਾ ਦਾ ਖਯੋਭ ਛਿਨਮਾਤ੍ਰ ਭੀ ਨਹੀਂ ਹੁੰਦੀ।

ਅਰਥਾਤ ਜਿਸਨੂੰ ਸਿੱਪੀ ਦੇ ਰੂਪ ਦਾ ਪੂਰਨ ਗਿਆਨ ਨਹੀਂ ਹੈ, ਉਹ ਸਿੱਪੀ ਦੇ ਟੁਕੜੇ ਨੂੰ ਰੇਤ ਵਿਚ ਚਮਕਦਾ ਹੋਇਆ ਵੇਖਕੇ ਚਾਂਦੀ ਸਮਝ ਸਕਦਾ ਹੈ, ਪਰ ਜਿਸਨੂੰ ਸਿੱਪੀ ਦਾ ਪੂਰਨ ਗਿਆਨ ਨਿਸਚੇ ਹੋ ਚੁਕਾ ਹੈ, ਉਹਨੂੰ ਚਾਂਦੀ ਦਾ ਭੁਲੇਖਾ ਨਹੀਂ ਪੈਂਦਾ, ਇਵੇਂ ਹੀ ਤਤਵੇਤੇ ਮਹਾਂ ਪੁਰਸ਼ਾਂ ਨੂੰ ਜਗਤ ਰਚਨਾ ਨਾਲ ਮੋਹ ਨਹੀਂ ਹੋ ਸਕਦਾ, ਕਿਉਂਕਿ ਉਨ੍ਹਾਂ ਨੇ ਇਸਨੂੰ ਮਿਥਯਾ ਨਿਸਚੇ ਕਰ ਲਿਆ ਹੋਇਆ ਹੈ ॥੩॥

### ਸਵੈਯਾ

**ਨਿਤ ਪੁੰਨ ਪਰਾਇਣ ਜਾਂਚਿਤ ਕੇਵਲ ਤਾਂ ਭਵ ਬੰਧ ਹਨਯੋ ਗਨ ਹੈ।**
**ਮਨ ਪੰਨਗ ਕ੍ਰੂਰ ਮਝਾਰ ਅਹੰ ਵਿਖ ਮੂਲ ਸਨੇ ਜੁ ਤਿਨੇ ਹਨ ਹੈ।**
**ਬਰ ਸਾਰਦ ਚੰਦ੍ਰ ਕੀ ਚਾਂਦਨੀ ਸੋਂ ਯਹ ਬਯੋਮ ਤਲੋ ਉਜਲੋ ਬਨ ਹੈ।**
**ਬਸ ਜੋਬਨ ਹੈ ਅਸ ਰੈਨ ਬਿਤਾ ਵਤ ਜੋਬਨ ਮੈ ਜਨ ਸੋ ਧਨ ਹੈ ॥੪॥**

ਜਿਨ੍ਹਾਂ ਦਾ ਚਿਤ ਕੇਵਲ ਪੁੰਨਾਂ ਦੇ ਆਸਰੇ ਸਦਾ (ਰਹਿੰਦਾ ਹੈ) ਉਨ੍ਹਾਂ ਨੇ ਸੰਸਾਰ ਦੇ ਬੰਧਨਾਂ ਨੂੰ ਨਾਸ ਕਰ ਲਿਆ ਹੈ।

ਮਨ ਰੂਪ ਡਰਾਉਣੇ ਸੱਪ ਵਿਚ ਹੰਕਾਰ ਰੂਪ ਜ਼ਹਿਰ ਹੈ, ਉਸ ਜ਼ਹਿਰ ਦੇ ਸਮੇਤ ਹੀ ਉਸ ਮਨ ਰੂਪ ਸੱਪ ਨੂੰ ਉਨ੍ਹਾਂ ਨੇ ਮਾਰ ਲਿਆ ਹੈ।

ਸਰਦ ਰੁੱਤ (ਅੱਸੂ-ਕੱਤਕ) ਦੇ ਚੰਦ੍ਰਮਾਂ ਦੀ ਸ੍ਰੇਸ਼ਟ ਚਾਂਦਨੀ ਨਾਲ ਇਹ ਅਕਾਸ ਰੂਪ ਸਥਾਨ ਉਜਲਾ ਬਣ ਰਿਹਾ ਹੈ।

ਜੋ ਪੁਰਸ਼ ਇਸ ਤਰ੍ਹਾਂ ਦੇ ਬਨ ਵਿਚ ਜੋਬਨ ਅਵਸਥਾ ਵਿਚ ਵਸ ਕੇ ਉਮਰਾ ਰੂਪ ਰਾਤ੍ਰੀ ਬਤਾਉਂਦਾ ਹੈ, ਉਹ ਪੁਰਸ਼ ਧੰਨ ਹੈ ॥੪॥

### ਸ੍ਵੈਯਾ

**ਸੁਚ ਚਾਰਘਨੀ ਖਿਤ ਸੇਜ ਬਨੀ ਮ੍ਰਿਦ ਦ੍ਵੈ ਭੁਜ ਬੇਲ ਬਿਸਾਲ ਸਿਰਾਨੋ।**
**ਸੀਅਰੋ ਗਤਿ ਮੰਦ ਸੁਗੰਧ ਵਹੇ ਯਹ ਵਾਤ ਅਹੇ ਵਯੰਜਨੋਖ ਵਿਤਾਨੋ।**
**ਵਿਧੁ ਦੀਪ ਲਸੇ ਤਪਤਾਦਿ ਗ੍ਰਸੇ ਸੁਧਿ ਬੁਧਿ ਬਧੂ ਮਿਲ ਮੋਦ ਮਹਾਨੋ।**
**ਮੁਨਿ ਸਾਂਤਿ ਸਰੂਪ ਅਨੂਪ ਵਿਭੂਤਿ ਸੋ ਭੂਪਤਿ ਕੇ ਸਮ ਸੋਵਤ ਮਾਨੋ ॥੫॥**

ਖਿਤ-ਧਰਤੀ। ਮ੍ਰਿਦ-ਕੋਮਲ। ਸੇਜ-ਸੇਜਾ। ਗਤਿ-ਚਲਨਾ। ਵਯੰਜਨੋ-ਪੱਖਾ। ਖ-ਅਕਾਸ। ਵਿਤਾਨੋ-ਚੰਦੋਆ। ਵਿਧੁ-ਚੰਦ੍ਰਮਾ। ਸੁਧਿ ਬੁਧਿ-ਆਤਮ ਵਿਸ਼ੈਨੀ ਬੁਧੀ। ਬਧੂ-ਕੰਚਨੀ, ਵੇਸਵਾ।

(ਜੋ) ਪਵਿਤ੍ਰ (ਘਾਹ ਨਾਲ) ਬਹੁਤ ਸੁੰਦਰ ਬਨੀ ਹੋਈ ਧਰਤੀ ਹੈ, (ਇਹ) ਮਾਨੋ ਕੋਮਲ ਸੇਜਾ ਹੈ, ਸੋ ਬਾਹਾ (ਵਰਗੀਆਂ ਜੋ) ਵੇਲਾਂ ਵੱਡੀਆਂ ਤੇ ਲੰਮੀਆਂ ਹਨ, (ਏਹੋ ਮਾਨੋ) ਸਿਰਹਾਨਾ ਹੈ।

ਇਹ (ਜੋ) ਠੰਡੀ, ਹੌਲੀ-ਹੌਲੀ ਤੇ ਸੁਗੰਧੀ ਵਾਲੀ (ਤਿੰਨਾਂ ਤਰ੍ਹਾਂ ਦੀ) ਹਵਾ ਚਲਦੀ ਹੈ ਇਹ ਹਵਾਈ ਪੱਖਾ ਹੈ ਅਤੇ 'ਖ' ਅਕਾਸ ਚੰਦੋਆ ਹੈ।

(ਜੋ) ਤਪਸ ਆਦਿਕ (ਦੁਖਾਂ ਨੂੰ) ਗ੍ਰਸਨ (ਨਾਸ ਕਰਨ) ਵਾਲਾ ਚੰਦ੍ਰਮਾ ਹੈ (ਏਹੋ) ਲਸੈ ਪ੍ਰਕਾਸ਼ ਕਰਨ ਵਾਲਾ ਦੀਵਾ ਹੈ ਅਤੇ (ਜੋ) ਪਵਿਤ੍ਰ ਆਤਮ ਵਿਸ਼ੈਨੀ ਬੁਧੀ ਹੈ, (ਏਹ) ਇਸਤ੍ਰੀ ਹੈ (ਜਿਸ ਨਾਲ) ਮਿਲਕੇ ਸੰਤ-ਜਨਾਂ ਨੂੰ ਮਹਾਨ ਅਨੰਦ (ਪ੍ਰਾਪਤ ਹੋ ਰਿਹਾ ਹੈ)।

(ਇਸ ਤਰ੍ਹਾਂ ਦੀ) ਉਪਮਾ ਤੋਂ ਰਹਿਤ ਸ਼ਾਂਤਿ ਸਰੂਪ ਵਿਭੂਤਿ ਨੂੰ (ਪ੍ਰਾਪਤ ਕਰਨ ਵਾਲਾ) ਉਹੀ ਮੁਨੀ-ਜਨ ਰਾਜਿਆਂ ਦੇ ਸਮਾਨ ਸੁੱਤਾ ਹੋਇਆ ਸੰਸਾਰਕ ਸੁਖਾਂ ਨੂੰ) ਮਾਣ ਰਿਹਾ ਹੈ ॥੪॥

## ਕਬਿੱਤ

**ਕਹਾਂ ਏ ਚੰਡਾਲ ਜਾਤ ਮਗ ਮੋ ਦ੍ਵਿਜਾਤ ਕਿਧੋਂ,**
**ਕੈਧੋ ਕੋਊ ਸ਼ੂਦ੍ਰ ਹੈ ਕਿ ਚੋਰ ਵਾ ਤਪੇਸ਼ ਹੈ।**
**ਤਤ ਕੇ ਪ੍ਰਵੇਸ਼ ਮੈ ਪ੍ਰਬੀਨ ਮਤ ਮਾਨ ਉਤ,**
**ਉੱਤਮ ਯੋਗਸ਼ ਕੌਨ ਚੀਨ ਕੋਊ ਵੇਸ ਹੈ।**
**ਇਤਿ ਬਿਧਿ ਕਰ ਜੋ ਸੰਭਾਖ ਮਾਨ ਜਨਨ ਕੇ,**
**ਮੁਖੋਂ ਕਰਿ ਸੰਭਵ ਵਿਕਲਪ ਅਸੇਸ ਹੈ।**
**ਸਨੇ ਗੁਰ ਨੇ ਮੁਨਿ ਤਾਂਹਿ ਵਰ ਸ਼੍ਰਾਪ ਦੇਤ ਨਾਹਿ,**
**ਸੁਖੀ ਜਾਤ ਪਥ ਮਾਹਿ ਜੈਸੋ ਨਿਖਤ੍ਰੇਸ ਹੈ ॥੬॥**

ਦ੍ਵਿਜਾਤ-ਬ੍ਰਹਾਮਨ, ਖਤ੍ਰੀ ਤੇ ਵੈਸ, ਤਿੰਨਾਂ ਜਾਤੀਆਂ ਦੇ ਮਨੁੱਖਾਂ ਦਾ ਨਾਮ ਦ੍ਵਿਜਾਤੀ ਹੈ। ਤਪੇਸ-ਤਪੀਸ਼ੂਰ। ਯੋਗੇਸ਼-ਯੋਗੀਰਾਜ। ਸੰਭਾਖਮਾਨ-ਕਥਨ ਕੀਤੇ ਹੋਏ ਬਚਨ। ਸੰਭਵ-ਪੈਦਾ ਹੋਏ ਹੋਏ। ਗੁਨੇ-ਵਿਚਾਰਦਾ ਹੈ। ਮੁਨਿ-ਮਹਾਤਮਾ ਜਨ। ਪਥ-ਰਾਹ, ਮਾਰਗ। ਨਿਖਤੇਸ-ਚੰਦ੍ਰਮਾਂ।

ਨਟ-ਜੋ ਮਹਾਤਮਾ ਪੁਰਸ਼ ਭ੍ਰਿਖਯਾ ਲੈਣ ਆਦਿਕ ਵਿਹਾਰ ਲਈ ਕਿਤੇ ਜਾਂਦਾ ਹੈ, ਤਾਂ ਲੋਕ ਉਸ ਬਾਰੇ ਇਸ ਤਰ੍ਹਾਂ ਦੇ ਕਿਆਸ ਕਰਦੇ ਹਨ

ਕਿ ਇਹ ਸੜਕ ਉਤੇ ਕੋਈ ਚੰਡਾਲ ਤੁਰਿਆ ਜਾਂਦਾ ਹੈ, ਜਾਂ ਦ੍ਵਿਜਾਤੀ ਹੈ ? ਅਥਵਾ ਕੋਈ ਸੂਦ੍ਰ ਹੈ, ਜਾਂ ਚੋਰ ਹੈ ਅਥਵਾ ਤਪੀਸੁਰ ਹੈ (ਕਿਉਂਕਿ)

ਤੱਤ ਦੇ ਪ੍ਰਵੇਸ਼ (ਜੋ) ਬੁੱਧੀਮਾਨ (ਪੁਰਸ਼) ਚਤਰ ਹੈ, ਉਸ ਉਤਮ ਯੋਗੀ ਰਾਜ ਦੇ ਰੂਪ ਨੂੰ ਕੌਣ ਕੋਈ ਜਾਣ ਸਕਦਾ ਹੈ, (ਇਸੇ ਕਰਕੇ, ਉਪਰ ਲਿਖੀਆਂ ਵਿਚਾਰਾਂ ਮਨ ਵਿਚ ਕਰਦੇ ਹਨ)

ਇਸ ਤਰੀਕੇ ਨਾਲ ਜੋ ਕਥਨ ਕੀਤੇ ਹੋਏ ਬਚਨ ਮਨੁੱਖਾਂ ਦੇ ਮੂੰਹੋਂ, ਅਨੇਕ ਤਰ੍ਹਾਂ ਦੇ ਸੰਕਲਪ ਪੈਦਾ

ਹੁੰਦੇ ਹਨ, (ਉਨ੍ਹਾਂ ਨੂੰ)

ਮਹਾਤਮਾਂ ਪੁਰਸ਼ ਸੁਣਦੇ ਹਨ, ਵਿਚਾਰਦੇ ਹਨ, ਪਰ ਉਨ੍ਹਾਂ ਨੂੰ (ਪਾਪੀ), ਫਲ ਦਾ ਲਾਲਚ ਨਹੀਂ ਹੁੰਦੇ (ਸਗੋਂ ਆਪਣੇ ਆਪ ਵਿਚ ਮਸਤ) ਸੁਖੀ ਮਾਰਗ ਵਿਚ (ਇਸ ਤਰ੍ਹਾਂ ਤੁਰੇ ਜਾਂਦੇ ਹਨ,) ਜਿਸ ਤਰ੍ਹਾਂ ਚੰਦ੍ਰਮਾ ਅਕਾਸ਼ ਵਿਚ ਤੁਰਿਆ ਜਾਂਦਾ ਹੈ ॥੬॥

## ਕਬਿੱਤ

ਹਿੰਸਾ ਨਾਹਿ ਕਰੇ ਪਰ ਦਰਬ ਨਾ ਹਿਰੇ,
ਸੱਤ ਬਚਨ ਉਚਾਰੇ ਪੁੰਨ ਕਰੇ ਹੈ।
ਯਥਾ ਵਿਤ ਕਥਾ ਪਰ ਨਾਰਨ ਕੀ ਨ ਭਨੇ ਸੁਨੇ,
ਤਾਂਤੇ ਗੁੰਗਾ ਬੋਲਾ ਬਨੇ ਭੋਲਾ ਸਮ ਚਰੇ ਹੈ।
ਤ੍ਰਿਸ਼ਨਾ ਕੋ ਪ੍ਰਵਾਹ ਭੰਗ ਗੁਰੋਂ ਬਿਖੇ ਨਿਮ੍ਰ ਅੰਗ,
ਮਿਤ੍ਰ ਭਾਵ ਸਬੈ ਸੰਗ ਕਰੇ ਹਰ ਹਰੇ ਹੈ।
ਗਾਯੋ ਸਭ ਗ੍ਰੰਥਨ ਮੈ ਸੰਤ ਐਸੇ ਪੰਥਨ ਮੈ,
ਰਾਗ ਦੋਖ ਮੋਖ ਚਰੇ ਜੈਸੇ ਦਿਨ ਕਰੇ ਹੈ ॥੭॥

ਦਰਬ-ਧਨ। ਭੋਲਾ-ਸ਼ਿਵਜੀ। ਚਰੇ-ਵਿਚਰੇ ਹਨ। ਹੇਰ-ਵੇਖਕੇ। ਦਿਨਕਰੇ-ਸੂਰਜ

(ਮਨ ਕਰਕੇ ਕਿਸੇ ਦਾ ਬੁਰਾ ਨਹੀਂ ਮੰਗਦੇ, ਬਾਣੀ ਕਰਕੇ ਕੌੜਾ ਬੋਲਦੇ ਕਿਸੇ ਦਾ ਦਿਲ ਨਹੀਂ ਦੁਖਾਉਂਦੇ, ਸਰੀਰ ਕਰਕੇ ਕਿਸੇ ਦਾ ਨਾਸ ਨਹੀਂ ਕਰਦੇ, ਇਹ ਤਿੰਨ ਤਰ੍ਹਾਂ ਦੀ ਹਿੰਸਾ ਹੈ, ਜੋ ਸੰਤ-ਜਨ ਹਿੰਸਾ ਨਹੀਂ ਕਰਦੇ, ਪਰ ਧਨ ਨੂੰ ਚੁਰਾਉਂਦੇ ਨਹੀਂ ਹਨ, (ਮੂੰਹ ਤੋਂ ਸਦਾ ਹੀ) ਸੱਚੇ ਬਚਨ ਬੋਲਦੇ ਹਨ, ਪੁੰਨ-ਦਾਨ ਕਰਨ ਦਾ ਸਮਾਂ ਹੋਵੇ ਤਾਂ ਕਰਦੇ ਹਨ। (ਪਰ) ਆਪਣੇ ਵਿਤ ਅਨੁਸਾਰ ਅਰਥਾਤ ਆਪਣੀ ਤਾਕਤ ਤੋਂ ਵਧਕੇ ਦਾਨ ਪੁੰਨ ਭੀ ਨਹੀਂ ਕਰਦੇ, ਪਰ ਇਸਤ੍ਰੀਆਂ ਦੀ ਕਥਾ ਨਾ ਕਹਿੰਦੇ ਹਨ ਤੇ ਨਾ ਸੁਣਦੇ ਹਨ, (ਉਸ ਵਲੋਂ ਤਾਂ) ਗੁੰਗੇ ਬੋਲੇ ਬਣੇ ਰਹਿੰਦੇ ਹਨ, ਜਾਂ ਸ਼ਿਵਜੀ ਦੇ ਸਮਾਨ ਵਿਚਰਦੇ ਹਨ

ਤ੍ਰਿਸ਼ਨਾ ਦੇ ਪ੍ਰਵਾਹ ਨੂੰ ਨਾਸ ਕਰ ਲਿਆ ਹੈ, ਆਪ ਤੋਂ ਵੱਡੇ ਪੁਰਸ਼ਾਂ ਨਾਲ ਨਿਮ੍ਰਤਾ ਦਾ ਵਰਤਾਵ ਕਰਦੇ ਹਨ, ਸਾਰੇ ਪੁਰਸ਼ਾਂ ਨਾਲ ਮਿਤ੍ਰਾਂ ਵਾਂਗੂੰ ਵਰਤਦੇ ਹਨ (ਜਾਂ) ਸੰਸਾਰ ਦੀ ਸਾਰੀ ਰਚਨਾ ਵਿਚ ਹਰੀ ਨੂੰ ਵੇਖਦੇ ਹਨ ਅਤੇ ਸਭਨਾਂ ਨੂੰ ਆਪਣਾ ਮਿਤ੍ਰ ਜਾਣਦੇ ਹਨ, ਸਾਰੇ ਗ੍ਰੰਥਾਂ ਵਿਚ ਏਹ ਕਿਹਾ ਗਿਆ ਹੈ, ਕਿ ਐਸੇ ਗੁਣਾਂ ਵਾਲੇ ਸੰਤ ਹੁੰਦੇ ਹਨ ਜੋ ਰਾਗ-ਦ੍ਵੇਖ ਤੋਂ ਇਸ ਤਰ੍ਹਾਂ ਮੁਕਤ ਹੋ ਕੇ ਵਿਚਰਦੇ ਹਨ, ਜਿਸ ਤਰ੍ਹਾਂ ਸੂਰਜ ਉਚੀ-ਨੀਵੀਂ ਜਗ੍ਹਾ ਦੇ ਰਸ ਨੂੰ ਸੋਖਦਾ ਹੋਇਆ ਭੀ ਸਭਨਾਂ ਤੋਂ ਅਸੰਗ ਰਹਿੰਦਾ ਹੈ ॥੭॥

### ਕਬਿੱਤ

**ਪਾਣਿ ਪਾਤ੍ਰ ਪੈ ਪਵਿਤ੍ਰ ਭਿੱਖਯਾ ਅੰਨ ਅਖੈ,**
**ਚਿੱਤ੍ਰ ਦ੍ਵਾਰੇ ਭ੍ਰਮੇ ਮਿਲੇ ਗਿਲੇ ਨਿਰਦੋਖ ਹੈ॥**
**ਦਸੋ ਦਿਸਾ ਚੈਲ ਵਿਸਤੀਰਣ ਅਮੈਲ ਪੁਨਿ,**
**ਤਲਪ ਅਨੰਤਾ ਕੀ ਅਨੰਤ ਸੁਖ ਔਖ ਹੈ॥**
**ਕਰਮਾ ਕੋ ਮੂਲਾ ਮੂਲ ਅਵਿਦਯਾ ਨਿਰਮੂਲ ਜਾ ਕੀ,**
**ਦੀਨਤਾ ਨਿਵਾਰੀ ਸਾਰੀ ਸ੍ਵਾਤਮ ਸੰਤੋਖ ਹੈ॥**
**ਭੇਦਾ ਭੇਦ ਭ੍ਰਮ ਭਾਗੋ ਬ੍ਰਹਮ ਵਿਤ ਬੀਤ ਰਾਗੋ,**
**ਮਾਨ ਅਪਮਾਨ ਤੇ ਨ ਉਦੇ ਮੋਦ ਰੋਖ ਹੈ॥**

ਪਾਣਿ ਪਾਤ੍ਰ-ਹੱਥ ਹੀ ਭਾਂਡਾ। ਅਖੈ-ਖਾਂਦੇ ਹਨ। ਚਿੱਤ੍ਰ ਦ੍ਵਾਰੇ ਦਵਾਰੇ-ਚਿਤ੍ਰਕਾਰੀ ਵਾਲੇ ਮਕਾਨਾਂ ਦੇ ਬੂਹੇ ਬੂਹੇ ਅੱਗੇ। ਭ੍ਰਮੇ-ਫਿਰਦੇ ਹਨ। ਚੈਲ-ਕੱਪੜੇ। ਅਮੈਲ-ਨਿਰਮਲ ਉਜਲੇ। ਤਲਪ-ਸੇਜਾ। ਅਨੰਤਾ-ਧਰਤੀ। ਅਨੰਤ-ਬੇਅੰਤ। ਮੂਲ-ਮੁੱਢ, ਕਾਰਨ। ਅਮੂਲਾ-ਨਾਸ ਹੋ ਗਈ ਹੈ। ਬੀਤ ਰਾਗੋ-ਵੈਰਾਗ। ਹੱਥਾਂ ਰੂਪ ਭਾਂਡੇ ਵਿਚ ਭਿਖਯਾ ਦਾ ਪਵਿਤ੍ਰ ਅੰਨ।

ਪਾ ਕੇ ਖਾਂਦੇ ਹਨ, (ਜੋ) ਚਿਤ੍ਰਕਾਰੀ ਵਾਲੀ ਮੁਕਾਨਾਂ ਦੇ ਬੂਹੇ-ਬੂਹੇ ਅੱਗੇ ਫਿਰਦਿਆਂ ਹੋਇਆਂ ਮਿਲਦਾ ਹੈ, (ਜਿਸ ਅੰਨ ਵਿਚ ਕੋਈ) ਦੋਸ਼ ਨਹੀਂ ਹੈ। ਵੱਡੇ ਵਿਸਥਾਰ ਵਾਲੀਆਂ ਦਸੋਂ-ਦਿਸ਼ਾ ਹੀ ਉਜਲ ਬਸਤ੍ਰ ਹਨ, ਅਤੇ ਬੇਅੰਤ ਸੁਖ ਪ੍ਰਗਟ ਕਰਨ ਵਾਲੀ ਧਰਤੀ ਹੀ ਸੇਜਾ ਹੈ।

ਕਰਮਾਂ ਦਾ ਕਾਰਨ ਰੂਪ ਜੋ ਅਵਿਦਯਾ ਹੈ ਉਸ ਨੂੰ ਨਾਸ ਕਰ ਦਿੱਤਾ ਹੈ, ਜਿਨ੍ਹਾਂ ਦੀ ਅਵਿਦਯਾ ਨਿਰਮੂਲ ਹੋ ਗਈ ਹੈ, ਉਨ੍ਹਾਂ ਨੇ ਸਾਰੀ ਦੀਨਤਾਈ ਦੂਰ ਕਰ ਲਈ ਹੈ ਅਤੇ ਆਪਨੇ ਆਤਮਾਨੰਦ ਨੂੰ ਪਾ ਕੇ ਸੰਤੋਖਵਾਨ ਹੋ ਰਹੇ ਹਨ।

ਭੇਦ-ਅਭੇਦ (ਰੂਪ ਜੋ ਪੰਜ ਤਰ੍ਹਾਂ ਦਾ) ਭਰਮ ਨਾਸ ਹੋ ਗਿਆ ਹੈ, ਬ੍ਰਹਮ ਸਰੂਪ ਨੂੰ ਜਾਣ ਕਰਕੇ ਸੰਸਾਰ ਦੇ ਰਾਗ ਤੋਂ ਬੀਤ ਚੁੱਕੇ ਹਨ, ਅਤੇ ਪੂਰਨ ਵੈਰਾਗੀ ਹਨ, ਸਤਿਕਾਰ ਕਰਨ ਉਤੇ ਮੋਦ ਨਹੀਂ ਹੁੰਦੇ ਅਤੇ ਨਿਰਾਦਰ ਕਰਨ ਉਤੇ ਕ੍ਰੋਧ ਪੈਦਾ ਨਹੀਂ ਹੁੰਦਾ (ਅਰਥਾਤ ਮਾਨ, ਅਪਮਾਨ ਤੋਂ ਹਰਖ ਸੰਗ ਪੈਦਾ ਨਹੀਂ ਹੁੰਦਾ) ॥੮॥

### ਗੀਆ ਮਾਲਤੀ ਛੰਦ ॥

**ਸ਼ਤ ਖੰਡ ਖੀਨ ਕੁਪੀਨ ਜਾਂਕੀ ਤਾਸੁ ਸਮ ਜਿਹਿ ਗੋਦਰੀ।**
**ਸੁਖ ਸਾਤ ਭਿਖਯਾਹਾਰ ਸੇਜਾਂ ਬਨ ਮਸਾਨੇ ਗਿਰਿ ਦਰੀ।**

## ਪਿਖ ਸਤਰੁ ਮਿਤ੍ਰ ਸਮਾਨ ਮੁਖ ਦੁਤਿ ਸੂੰਨ ਸਦਨੋ ਮੈ ਸਦਾ।
## ਨਿਰਮਲ ਨਿਜਾਤਮ ਕੋ ਭਜੇ ਸੁਖ ਰੂਪ ਤੇ ਜਨ ਸਰਬਦਾ ॥੯॥

ਸ਼ਤ ਖੰਡ-ਸੌ ਟੁਕੜੇ। ਖੀਨ-ਕਮਜ਼ੋਰ, ਪੁਰਾਨੀ। ਤਾਸੁ-ਉਸਦੇ। ਗੋਦਰੀ-ਗੋਦੜੀ, ਜੁਲੀ। ਭਿਖਯਾਹਰ-ਭਿਖਯਾ ਦਾ ਅੰਨ। ਮਸਾਨੇ-ਮਸਾਣਾਂ ਵਿਚ। ਗਿਰਿਦਰੀ-ਪਹਾੜ ਦੀ ਗੁਫਾ। ਸੂੰਨ-ਉਜਾੜ। ਸਦਨੋ-ਮੰਦਰਾਂ ਵਿਚ। ਨਿਜਾਤਮ-ਆਪਨੇ ਆਤਮ ਸਰੂਪ।

ਜਿਸ ਦੀਆਂ ਸੌ ਲੀਰਾਂ ਪੁਰਾਣੀਆਂ (ਗੰਢ-ਗੰਢ ਕੇ) ਕੁਪੀਨ ਬਣਾਈ ਹੋਈ ਹੈ, ਅਤੇ ਇਸ ਦੇ ਸਮਾਨ ਹੀ ਜਿਸਦੀ-(ਪੁਰਾਣੀਆਂ ਲੀਰਾਂ ਗੰਢ-ਗੰਢ ਕੇ) ਗੋਦੜੀ ਬਣੀ ਹੋਈ ਹੈ।

(ਜੋ) ਸੁਖ ਨਾਲ ਪ੍ਰਾਪਤ ਹੋਣ ਵਾਲਾ ਭਿਖਯਾ ਦਾ ਅੰਨ ਖਾਂਦਾ ਹੈ, ਅਤੇ ਜੰਗਲ ਸਮਾਨ ਜਾਂ ਪਹਾੜ ਦੀ ਗੁਫਾ (ਦੀ ਜ਼ਮੀਨ ਜਿਸਦੀ) ਸੇਜਾ ਹੈ।

(ਜੋ ਮਲ-ਵਿਛੇਪ ਤੋਂ ਰਹਿਤ) ਉਜਲ ਤੇ ਸੁਖ ਰੂਪ ਆਪਣਾ ਆਤਮਾ ਸਰੂਪ ਹੈ, ਉਹ ਪੁਰਸ਼ ਹਮੇਸ਼ਾ ਹੀ ਉਸਦਾ ਸਿਮਰਨ ਕਰਦਾ ਹੈ ॥੯॥

### ਦੋਹਰਾ

## ਚਰਹਿ ਸੁਤੰਤ੍ਰ ਨਿਰੰਕੁਸੇ, ਸਪ੍ਰਮਾਦਿ ਮਦ ਨਸ਼ਟ।
## ਅਧਿਸ਼ਟਾਨ ਪ੍ਰਬੋਧ ਕਰਿ, ਕਲਪਤ ਨਸਟ ਸਮਸਟ ॥੧੦॥

ਨਿਰੰਕੁਸ-ਚਾਰ ਤਰ੍ਹਾਂ ਦੇ ਦੰਡ-ਰਾਜ ਦੰਡ, ਜੋ ਮਾਮਲਾ ਜਾਂ ਜ਼ੁਰਮਾਨਾ ਆਦਿਕ ਦੇਣ ਤੋਂ ਉਤਰਦਾ ਹੈ।

ਦੇਵ ਦੰਡ, ਜੋ ਪੂਜਾ, ਦਾਨ ਆਦਿਕਾਂ ਦੇ ਕਰਨ ਤੋਂ ਉਤਰਦਾ ਹੈ।

ਪਿਤਰੀ ਦੰਡ, ਜੋ ਸਰਾਧ-ਖਯਾਹ ਆਦਿ ਕਰਨ ਤੋਂ ਉਤਰਦਾ ਹੈ।

ਰਿਖੀ ਦੰਡ, ਜੋ ਵਿਦਯਾ ਆਦਿਕ ਪ੍ਰਾਪਤ ਕਰਨ ਤੋਂ ਉਤਰਦਾ ਹੈ।

ਜੋ ਪੁਰਸ਼ ਇਨ੍ਹਾਂ ਦੋਹਾਂ ਦੰਡਾਂ ਤੋਂ ਰਹਿਤ ਹੋਵੇ, ਉਸਨੂੰ ਨਿਰੰਕੁਸ ਕਹਿੰਦੇ ਹਨ।

ਸਪ੍ਰਮਾਦ-(ਸ+ਪ੍ਰਮਾਦ) ਅਗਿਆਨ ਦੇ ਸਮੇਤ। ਮਦ-ਹੰਕਾਰ।

ਅਧਿਸਟਾਨ-ਆਸਰਾ ਸਰੂਪ ਅਦਵੈਤ ਚੇਤਨ। ਪਰਬੋਧ-ਆਤਮ ਗਿਆਨ।

ਕਲਪਤ-ਜੋ ਮਨ ਦੇ ਫੁਰਨਿਆਂ ਤੋਂ ਹੀ ਪੈਦਾ ਕੀਤਾ ਗਿਆ ਹੈ, ਸੰਸਾਰ।

ਨਿਰੰਕੁਸ ਤੇ ਸੁਤੰਤਰ ਵਿਚਰਦੇ ਹਨ, ਜਿਨ੍ਹਾਂ ਦਾ ਅਗਿਆਨ ਦੇ ਸਮੇਤ ਹੰਕਾਰ ਨਾਸ ਹੋ ਗਿਆ ਹੈ। (ਉਸ ਕਰਕੇ)

ਆਸਰਾ ਸਰੂਪ ਜੋ ਆਤਮ ਚੇਤਨ ਹੈ, ਉਸਦਾ ਪੂਰਨ ਗਿਆਨ ਪ੍ਰਾਪਤ ਹੋ ਜਾਣ ਕਰਕੇ, ਕਲਪਨਾ ਮਾਤ੍ਰ ਸਾਰਾ ਸੰਸਾਰ ਨਸ਼ਟ ਹੋ ਚੁਕਾ ਹੈ ॥੧੦॥

## ਲਲਤ ਛੰਦ

**ਤੀਨ ਭਵਨ ਮਧ ਸਰਬ ਸਰਗ ਕੋ ਆਸ ਮੰਤ ਮੈ ਢੂਢਯੋ ਤਾਤ।**
**ਕਹੂੰ ਨ ਦੇਖਾ ਸੁਨਾ ਕਹੂੰ ਨਹਿ ਐਸੋ ਜਨ ਜੋ ਜਨਯੋ ਬਿਧਾਤ।**
**ਜਨ ਕੋ ਅੰਤਸ਼ਕਰਣ ਕਰੀ ਸਮ ਵਿਸ਼ੇ ਰੂਪ ਕਰਣੀ ਮਿਲਿ ਰਾਤ।**
**ਸੰਜਮ ਸੰਗਲ ਤਿੰਹ ਪਗ ਮੈ ਜਿਨ ਡਾਰਯੋ ਲੀਲਾ ਕਰਿ ਭੋ ਭ੍ਰਾਤ ॥੧੧॥**

ਸਰਗ-ਸੰਸਾਰ। ਕਰੀ-ਹਾਥੀ। ਰਾਤ-ਪ੍ਰੀਤੀ ਕਰ ਰਿਹਾ ਹੈ।

ਹੇ ਮਿਤ੍ਰ ! ਤਿੰਨਾਂ ਭਵਨਾਂ ਰੂਪ ਸਾਰੇ ਸੰਸਾਰ ਨੂੰ, ਮੈਂ ਆਸਾਵਾਨ ਹੋ ਕੇ ਢੂੰਢਿਆ ਹੈ। ਐਸਾ ਪੁਰਸ਼ (ਮੈਂ) ਨਾ ਕਿਤੇ ਵੇਖਿਆ ਹੈ ਤੇ ਨਾ ਕੋਈ ਸੁਣਿਆ ਹੈ, ਬਿਧਾਤਾ ਨੇ ਜੇ ਪੈਦਾ ਕੀਤਾ ਹੋਵੇ (ਤਾਂ ਪਤਾ ਨਹੀਂ, ਪਰ ਮੈਂ ਦੇਖਿਆ-ਸੁਣਿਆ ਨਹੀਂ)।

ਪੁਰਸ਼ ਦਾ ਅੰਤਹਕਰਣ ਹਾਥੀ ਸਮਾਨ ਹੈ, (ਜੋ) ਵਿਸ਼ਿਆਂ ਰੂਪ ਹਥਨੀ ਨਾਲ ਮਿਲਕੇ ਪ੍ਰੀਤੀ ਕਰ ਰਿਹਾ ਹੈ। ਸੰਜਮ ਸਰੂਪ ਸੰਗਲ ਉਸਦੇ ਪੈਰਾਂ ਵਿਚ ਪਏ ਹੋਏ ਹਨ, ਜਿਸਨੇ (ਇਸ ਅੰਤਹਕਰਣ ਰੂਪ ਹਾਥੀ ਨੂੰ) ਲੀਲ੍ਹਾ ਕਰਨ ਵਿਚ ਸੁਟ ਦਿੱਤਾ ਹੋਇਆ ਹੈ। ਹੇ ਭ੍ਰਾਤਾ ॥੧੧॥

## ਦੋਹਰਾ

**ਸੁਖ ਪਤਿ ਵਤ ਜਾਗ੍ਰਤ ਵਿਖੇ ਤਜੇ ਤ੍ਰਿਧਾ ਜਿਹ ਭੋਗ।**
**ਐਸੋ ਇੰਦ੍ਰਯ ਜਿੱਤ ਜਨ ਕੋਇਕ ਇਸਥਿਤ ਹੋਗ ॥੧੨॥**

ਸਖੋਪਤੀ ਅਥਵਾ ਵਾਂਗੂੰ, ਜਾਗ੍ਰਤ ਅਵਸਥਾ ਵਿਚ ਜਿਨ੍ਹਾਂ ਨੇ ਤਿੰਨ ਤਰ੍ਹਾਂ-ਮਨ, ਬਾਣੀ ਤੇ ਸਰੀਰ ਦੇ ਭੋਗ ਛੱਡ ਦਿੱਤੇ ਹਨ।

ਇਸ ਤਰ੍ਹਾਂ ਦੇ ਇੰਦ੍ਰਿਆਂ ਨੂੰ ਆਪਣੇ ਵੱਸ ਵਿਚ ਰੱਖਣ ਵਾਲੇ ਕੋਈ ਇਕ ਵਿਰਲੇ ਪੁਰਸ਼ ਹੀ ਇਸਥਿਤ ਹੋਣਗੇ ॥੧੨॥

## ਨੀਲ ਛੰਦ

**ਸ਼ੈਲ ਸ਼ਿਲਾ ਸਿਹਜਾ ਗਿਰਿ ਮੰਦਰ ਕੰਦੂਰ ਹੈ।**
**ਬ੍ਰਿਛਨ ਕੀ ਛਿਲ ਕੇ ਪਟ ਵਾ ਦਿਗ ਅੰਬਰ ਹੈ।**
**ਮਿਤ੍ਰ ਕੁਰੰਗ ਸਮੂਹ ਮਹੀ ਤਿਨ ਸੰਗ ਚਰੇ।**
**ਕੋਮਲ ਪੁੰਨ ਫਲਕੀਨ ਫਲੋਂ ਕਰ ਪ੍ਰਾਨ ਧਰੇ ॥੧੩॥**

ਪਹਾੜ ਦੀਆਂ ਚਟਾਨਾਂ (ਹੀ ਜਿਨ੍ਹਾਂ ਦੀਆਂ) ਸੇਜਾ ਹਨ ਤੇ ਪਹਾੜ ਦੀ ਕੰਦ੍ਰਾਂ ਹੀ ਮੰਦਰ ਹਨ। ਦਰਖਤਾਂ ਦੇ ਛਿਲ ਦੇ ਕੱਪੜੇ (ਪਾਏ ਹੋਏ ਹਨ) ਅਥਵਾ ਦਿਸਾ ਹੀ (ਇਨ੍ਹਾਂ ਦੇ) ਕੱਪੜੇ ਹਨ (ਅਰਥਾਤ

ਹਮੇਸ਼ਾਂ ਹੀ ਜੋ ਨੰਗ-ਮ-ਨੰਗੇ ਰਹਿੰਦੇ ਹਨ)।

ਹਰਨ (ਜਿਨ੍ਹਾਂ ਦੇ) ਮਿਤ੍ਰ ਹਨ, (ਜੋ) ਧਰਤੀ ਉਤੇ ਉਨ੍ਹਾਂ ਦੇ ਨਾਲ ਫਿਰਦੇ ਹਨ।

ਕੋਮਲ ਤੇ ਪਵਿਤ੍ਰ ਫਲਾਂ ਵਾਲੇ ਬ੍ਰਿਛਾਂ ਦੇ ਫਲਾਂ ਨੂੰ ਖਾ ਕੇ (ਜੋ ਆਪਣੇ) ਪ੍ਰਾਣਾਂ ਨੂੰ ਧਾਰਨ ਕਰ ਰਹੇ ਹਨ ॥੧੩॥

**ਸੀਤਲ ਸ੍ਰੇਛਿਤ ਸੂੱਛ ਸੁਗੰਧਤ ਮਿਸਟ ਘਨਾ।**
**ਉਚਿਤ ਅੰਬੁ ਗਿਰਿੰਦਨ ਕੋ ਅਚਤ ਜੋ ਜਨਾ।**
**ਬ੍ਰਹਮ ਵਿਚਾਰ ਵਤੀ ਸੁਮਤੀ ਯੁਵਤੀ ਕੋ ਸਦਾ**
**ਧਾਰ ਰਿਦੇ ਮਹਿ ਮੋਦ ਲਹੈ ਨ ਤਜੈ ਸੁਕਦਾ ॥੧੪॥**

ਠੰਡਾ, ਨਿਰਮਲ, ਪਵਿਤ੍ਰ, ਸੁਗੰਧੀ ਵਾਲਾ ਤੇ ਬਹੁਤ ਮਿੱਠਾ ਪਾਣੀ (ਜੋ) ਪਹਾੜਾਂ ਦੀਆਂ ਚੋਟੀਆਂ (ਤੋਂ ਡਿੱਗਦਾ ਹੈ, ਉਸ ਪਾਣੀ ਨੂੰ) ਜੋ ਪੁਰਸ਼ ਪੀਂਦੇ ਹਨ।

ਬ੍ਰਹਮ ਵਿਚਾਰ ਵਾਲੀ, ਸ਼ੁਭ ਮਤ ਰੂਪ ਇਸਤ੍ਰੀ ਨੂੰ ਸਦਾ ਹੀ ਹਿਰਦੇ ਵਿਚ ਧਾਰੀ ਰਖਕੇ ਅਨੰਦ ਪ੍ਰਾਪਤ ਕਰ ਰਹੇ ਹਨ, ਕਦੇ ਭੀ ਤਿਆਗਦੇ ਨਹੀਂ ਹਨ ॥੧੪॥

**ਜੋ ਨਿਜ ਪ੍ਰਾਣਨਿ ਤ੍ਰਾਹ ਕੇ ਕਾਰਣ ਪਾਣਿ ਬਿਬੋ।**
**ਜੋਰ ਨਮੋਂ ਸਿਰ ਸੋ ਨ ਕਰੋਂ ਕਹੂੰ ਅਗ੍ਰ ਕਬੇ।**
**ਜੋ ਇਤਿ ਰੀਤਿ ਪ੍ਰਮਾਨ ਬਿਰਾਜਤ ਲੋਕ ਬਿਖੇ।**
**ਮਾਨਤ ਤਾ ਪ੍ਰਮੇਸ਼੍ਵਰ ਮੈ ਸੁਨ ਜੀਵ ਸਖੇ ॥੧੫॥**

ਤ੍ਰਾਹ-ਰਖਯਾ। ਪਾਣਿ-ਹਥ। ਬਿਬੋ-ਦੋਵੇਂ। ਅਗ੍ਰ-ਅੱਗੇ॥ ਪ੍ਰਮਾਨ-ਪੁਰਖ। ਮਾਨਤ-ਮੰਨਦਾ ਹਾਂ। ਤਾ-ਉਹ।

ਜੋ (ਪੁਰਸ਼) ਆਪਣੇ ਪ੍ਰਾਣਾਂ ਦੀ ਰਖਿਆ ਵਾਸਤੇ ਦੋਵੇਂ ਹੱਥ ਜੋੜਕੇ, ਸਿਰ ਨਾਲ ਕਦੇ ਭੀ ਕਿਸੇ ਅੱਗੇ ਨਮਸ਼ਕਾਰ ਨਹੀਂ ਕਰਦੇ ਹਨ। ਇਸ ਤ੍ਰੀਕੇ ਨਾਲ, ਜਿਹੜੇ ਪੁਰਸ਼ ਇਸ ਲੋਕ ਵਿਚ ਬਿਰਾਜਦੇ (ਰਹਿੰਦੇ) ਹਨ। ਹੇ ਮਿਤ੍ਰ! ਸੁਣ ਉਨ੍ਹਾਂ ਜੀਵਾਂ ਨੂੰ ਮੈਂ ਪਰਮੇਸ਼ਰ ਕਰਕੇ ਮੰਨਦਾ ਹਾਂ, (ਉਹ ਜੀਵ ਨਹੀਂ ਹਨ) ॥੧੫॥

### ਕਬਿੱਤ

**ਕਬੀ ਭੂਮ ਆਸਨ ਸਿੰਘਾਸਨ ਪੈ ਬਾਸ ਕਬੀ,**
**ਕਬੀ ਭਿਸ ਗ੍ਰਾਸ ਕਬੀ ਬਿੰਨਜ ਅਹਾਰ ਹੈ।**
**ਕਬੀ ਸ਼ਤ ਖੰਡ ਵਤੀ ਗੋਦਰੀ ਕੇ ਓਢੇ ਜਤੀ,**

**ਕੰਬਰ ਕੌ ਕਬਹੂੰ ਦਿਗੰਬਰ ਕੋ ਧਾਰ ਹੈ।**
**ਕਬੀ ਭਾਨੁ ਕਰਿ ਤਪੇ ਕਬੀ ਸੀਸ ਛਤ੍ਰ ਦਿਪੈ,**
**ਕਹੂੰ ਸਤਕਾਰ ਹੋਤ ਕਹੂੰ ਤ੍ਰਿਸ ਕਾਰ ਹੈ।**
**ਤਦਪਿ ਨ ਸੰਤ ਜਨ ਸੁਖੀ ਦੁਖੀ ਹੋਤ ਮਨ,**
**ਆਤਮਾ ਅਸੰਗ ਲਖੇ ਦੇਹ ਕੋ ਵਿਹਾਰ ਹੈ ॥੧੬॥**

(ਵਿਦਵਾਨ ਮਹਾਂ ਪੁਰਸ਼ਾਂ ਦਾ) ਕਦੇ ਧਰਤੀ ਉਤੇ ਆਸਣ ਹੁੰਦਾ ਹੈ, ਅਤੇ ਕਦੇ ਰਾਜ ਤਖਤ ਉਤੇ ਬੈਠਕੇ ਸੋਭਾ ਪਾਂਦੇ ਹਨ, ਕਦੇ (ਭਿਸ) ਕਮਲ ਡੰਡੀ (ਭੇਂਹ) ਖਾਂਦੇ ਹਨ ਅਤੇ ਕਦੇ (ਬਿੰਜਨ) ਅਨੇਕ ਤਰ੍ਹਾਂ ਦੇ ਸਵਾਦੀ ਖਾਣੇ ਖਾਂਦੇ ਹਨ।

ਕਦੇ ਸੌ ਲੀਰਾਂ ਜੋੜਕੇ ਬਣਾਈ ਹੋਈ ਗੋਦੜੀ ਓਢਦੇ ਹਨ (ਕਦੇ ਦੁਸ਼ਾਲੇ ਪਹਿਨਦੇ ਹਨ) ਕਦੇ ਸੰਨਿਆਸੀਆਂ ਵਾਲਾ ਕੰਬਲ (ਲੈਂਦੇ ਹਨ, ਅਤੇ) ਕਦੇ ਦਿਸ਼ਾ ਰੂਪ ਬਸਤ੍ਰ ਧਾਰਦੇ (ਭਾਵ ਬਿਲਕੁਲ) ਨੰਗੇ ਰਹਿੰਦੇ ਹਨ।

ਕਦੇ ਸੂਰਜ ਦੀ ਧੁੱਪ ਨਾਲ ਸੜਦੇ ਹਨ, ਕਦੇ ਸਿਰ ਉਤੇ ਛਤਰ ਝੂਲਦਾ ਹੈ, ਕਦੇ (ਉਨ੍ਹਾਂ ਦਾ) ਸਤਿਕਾਰ ਹੁੰਦਾ ਹੈ ਅਤੇ ਕਦੇ ਨਿਰਾਦਰ ਹੁੰਦਾ ਹੈ।

ਤਦ ਭੀ ਸੰਤ-ਜਨ ਮਨ ਕਰਕੇ ਸੁਖੀ ਦੁਖੀ ਨਹੀਂ ਹੁੰਦੇ, (ਕਿਉਂਕਿ) ਆਤਮਾ ਨੂੰ ਅਸੰਗ ਜਾਣਦੇ ਹਨ (ਅਤੇ ਸੁਖ ਦੁੱਖ ਆਦਿਕ ਸਾਰੇ) ਦੇਹ ਦੇ ਵਿਹਾਰ ਹਨ (ਜਿਨ੍ਹਾਂ ਨਾਲ ਸੰਤ-ਜਨਾਂ ਨੇ ਆਪਣਾ ਕੋਈ ਸਬੰਧ ਨਹੀਂ ਮੰਨਿਆ ਹੈ) ॥੧੬॥

## ਦੋਹਰਾ

**ਕ੍ਰਿਆ ਸੂਪਨ ਪ੍ਰਤਿਬਿੰਬ ਤੇ ਬਿੰਬ ਪ੍ਰਬੁਧ ਅਰੰਗ।**
**ਤਥਾ ਤ੍ਰਿਧਾ ਕ੍ਰਿਤ ਕਾਲ ਤ੍ਰੈ ਜੀਵਨ ਮੁਕਤਿ ਅਸੰਗ ॥੧੭॥**

ਪ੍ਰਬੁਧ-ਜਾਗਣਾ। ਅਰੰਗ-ਅਸੰਗ, ਰੰਗ ਨਹੀਂ ਹੈ। ਤ੍ਰਿਖਾ-ਤਿੰਨ ਤਰ੍ਹਾਂ ਦੀ। ਕਾਲ ਤ੍ਰੈ-ਤਿੰਨੇ ਕਾਲ ਭੂਤ, ਭਵਿੱਖਤ ਤੇ ਵਰਤਮਾਨ। ਪ੍ਰਤਿਬਿੰਬ-ਪ੍ਰਛਾਵਾਂ, ਅਕਸ।

ਜਿਵੇਂ-"ਨਰਪਤਿ ਏਕ ਸਿੰਘਾਸਨ ਸੋਇਆ ਸੁਪਨੇ ਭਇਆ ਭੇਖਾਰੀ" ਇਕ ਰਾਜਾ ਰਾਜ ਸਿੰਘਾਸਨ ਉਤੇ ਸੌਂ ਗਿਆ ਤੇ ਸੁਪਨੇ ਵਿਚ ਕੰਗਾਲ ਹੋ ਕੇ ਟੁਕੜੇ ਮੰਗਦਾ ਫਿਰਿਆ, ਪਰ ਜਦ ਜਾਗਿਆ ਤਾਂ ਰਾਜ ਭਾਗ ਨੂੰ ਜਿਉਂ ਦਾ ਤਿਉਂ ਵੇਖਕੇ ਸੁਪਨੇ ਦੀ ਕ੍ਰਿਯਾ ਤੋਂ ਅਰੰਗ ਰਹਿੰਦਾ ਹੈ, ਅਤੇ ਜਿਵੇਂ ਸੂਰਜ ਦਾ ਪ੍ਰਛਾਵਾਂ, ਪਾਣੀ ਦੇ ਘੜਿਆਂ ਵਿਚ ਪੈ ਕੇ ਅਨੇਕਾਂ ਰੰਗਾਂ ਦਾ ਨਜ਼ਰ ਆਉਂਦਾ ਹੈ, ਪਰ ਸੂਰਜ ਉਨ੍ਹਾਂ ਸਭਨਾਂ ਰੰਗਾਂ ਤੋਂ ਵੱਖਰੇ ਦਾ ਵੱਖਰਾ ਹੈ, ਇਸੇ ਤਰ੍ਹਾਂ ਹੀ ਜੀਵਨ ਮੁਕਤਿ ਪੁਰਸ਼ ਤਿੰਨ ਤਰ੍ਹਾਂ ਮਨ, ਬਾਣੀ ਤੇ ਸਰੀਰ ਦੀ ਕ੍ਰਿਯਾ ਤੋਂ ਤਿੰਨੇ ਕਾਲ ਹੀ ਅਪਣੇ ਆਪ ਨੂੰ ਅਸੰਗ ਮੰਨਦਾ ਹੈ ॥੧੭॥

### ਕਬਿੱਤ

**ਜਾਚ ਜਾਚ ਅੰਨ ਖਾਤੋ ਆਨ ਲੈਨ ਦੇਨ ਘਾਤੇ,**
**ਨੀਚ ਜਨ ਸੰਗ ਹਾਤੋ ਸੁਤੇ ਆਤੋ ਜਾਤੋ ਹੈ।**
**ਵਿਚਰੇ ਅਲਗ ਮਗ ਮਾਂਹਿ ਨਾਂਹਿ ਜਗ ਮਾਂਹਿ,**
**ਕਾਹੂੰ ਸੋ ਵਿਰੋਧ ਨਾਤੋ ਬੋਧ ਸਿੰਧ ਨਾਤੋ ਹੈ।**
**ਗਲੀ ਗਲੀ ਮਾਂਹਿ ਬੀਨ ਗਲੀ ਗਲੀ ਟਲੀ ਲੀਨ,**
**ਤਾਂਕੋ ਖਿੰਥਾ ਸਤਿ ਪੀਨ ਖੀਨ ਸੀਤ ਵਾਤੋ ਹੈ।**
**ਅਹੰ ਕ੍ਰਿਤ ਬ੍ਰਿਤ ਰਾਤੋ ਨਾਹਿ ਨਿਰਮਾਨ ਗਾਤੋ,**
**ਜਾਕੋ ਮਨ ਮੀਨ ਬ੍ਰਹਮ ਨੰਦ ਸਿੰਧ ਮਾਤੋ ਹੈ ॥੧੮॥**

(ਭਗਤ-ਜਨਾਂ ਦੇ ਘਰੋਂ ਤੋਂ) ਮੰਗ ਮੰਗਕੇ ਅੰਨ ਖਾਂਦੇ ਹਨ, ਹਰ ਕਿਸੇ ਪਾਸੋਂ ਲੈਣ-ਦੇਣ ਦਾ ਵਾਸਤਾ ਨਹੀਂ ਰਖਿਆ ਹੈ, ਨੀਚ ਪੁਰਸ਼ਾਂ ਦੀ ਸੰਗਤ ਦਾ ਤਿਆਗ ਕਰ ਦਿੱਤਾ ਹੈ, (ਕਿਉਂਕਿ ਜਾਣਦੇ ਹਨ, ਜੋ ਨੀਚ ਕੇ ਸੰਗ ਤੇ ਮੀਚ ਭਲੀ" ਅਤੇ ਆਪਨੇ ਆਪ ਸੁਤੰਤ੍ਰ ਆਉਂਦੇ ਜਾਂਦੇ (ਵਿਚਾਰਦੇ) ਹਨ।

ਸਭਨਾਂ ਤੋਂ ਅਲੱਗ ਰਹਿਕੇ ਸੰਤ ਮਾਰਗ ਵਿਚ ਫਿਰਦੇ ਹਨ, ਕਿਸੇ ਦੇ ਨਾਲ ਵਿਰੋਧ ਨਹੀਂ ਕਰਦੇ, ਅਤੇ ਗਿਆਨ ਰੂਪ ਸਮੁੰਦਰ ਵਿਚ ਨ੍ਹਾਤੇ ਹੋਏ ਹਨ।

(ਸ਼ਹਿਰਾਂ-ਨਗਰਾਂ ਦੀ) ਗਲੀ-ਗਲੀ ਵਿਚੋਂ ਗਲੀਆਂ-ਸੜੀਆਂ ਲੀਰਾਂ ਚੁਣ ਚੁਣਕੇ, ਉਸਦੀ ਖਿੰਥਾ ਸੀਉਂਨ ਲਈ ਹੈ ਅਤੇ ਉਸਨੂੰ ਪਹਿਨ ਕੇ ਠੰਡ ਤੇ ਹਵਾ ਨੂੰ ਨਾਸ ਕਰ ਲਿਆ ਹੈ।

"ਮੈਂ ਕਰਦਾ ਹਾਂ, ਮੈਂ ਭੋਗਦਾ ਹਾਂ", ਇਸ ਤਰ੍ਹਾਂ ਦੀ ਬ੍ਰਿਤੀ ਵਿਚ ਮਹਾਤਮਾ-ਜਨ ਮਿਲੇ ਨਹੀਂ ਹਨ, ਜਿਨ੍ਹਾਂ ਦਾ ਸਰੀਰ ਮਾਨ ਤੋਂ ਰਹਿਤ ਹੈ ਅਤੇ ਜਿਨ੍ਹਾਂ ਦਾ ਮਨ ਰੂਪ ਮੱਛ ਬ੍ਰਹਮਾ ਨੰਦ ਰੂਪ ਸਮੁੰਦਰ ਵਿਚ ਮਸਤ ਰਹਿੰਦਾ ਹੈ ॥੧੮॥

### ਦੋਹਰਾ

**ਚਿਤ ਸੋ ਮਿਲਿ ਚਿਤ ਸੋ ਭਯੋ ਜਿਹ ਚਿਤ ਤਜਿ ਨਿਜ ਬਾਨ।**
**ਅਸ ਜੀਵਨ ਮੁਕਤੇ ਪੁਰਖ ਨਹਿ ਮੁਕਤੈ ਜਗ ਜਾਨ ॥੧੯॥**

ਜਿਨ੍ਹਾਂ ਦਾ ਚਿਤ ਆਪਨੀ ਬਾਨ (ਵਾਦੀ) ਨੂੰ ਛੱਡ ਕਰਕੇ, ਚੇਤਨ ਸਰੂਪ ਨਾਲ ਮਿਲ ਕੇ ਚੇਤਨ ਦਾ ਰੂਪ ਹੋ ਗਿਆ ਹੈ।

ਇਸ ਤਰ੍ਹਾਂ ਦੇ ਜੀਵਨ ਮੁਕਤ ਪੁਰਸ਼ ਜਗਤ ਵਿਚੋਂ ਮੁੱਕਦੇ ਨਹੀਂ ਹਨ, (ਇਹ ਗੱਲ ਸੱਤ) ਜਾਣੋ ॥੧੯॥

## ਕਬਿੱਤ

**ਆਸਾ ਨਾਮ ਸਰੀ ਮਨੋਰਾਜ ਨੀਰ ਭਰੀ,**
**ਤ੍ਰਿਸ਼ਨਾ ਤਰੰਗੋ ਖਰੀ ਵਿਆਕੁਲੀ ਗੰਭੀਰ ਹੈ।**
**ਧੀਰਜ ਕੇ ਤਰੁ ਹਾਰੀ ਭੁਧਿ ਨਾਵ ਕੋ ਨਿਵਾਰੀ,**
**ਭਵਸਿੰਧ ਗਤਿ ਵਾਰੀ ਬਿਪਤਾ ਸਮੀਰ ਹੈ।**
**ਮਦਨਾਦਿ ਖਗ ਭੀਰ ਰਾਗ ਦ੍ਵੈਖ ਗ੍ਰਾਹਿ ਗੀਰ,**
**ਮੋਹ ਚੱਕ੍ਰ ਯਾਂਕੋ ਨੀਰਜਾਰੇ ਵਾਂਕੋ ਸੀਰ ਹੈ।**
**ਊਚੇ ਚਿੰਤਾ ਤਟਜਾਂਤੇ ਤਰਣੀ ਕਠਨ ਤਾਂਤੇ,**
**ਭੋਗੀ ਤਾਮੋਂ ਬਹੇ ਪਾਰ ਤੀਰ ਹੈ ॥੨੦॥**

ਆਸਾ ਨਾਮ ਵਾਲੀ ਨਦੀ ਸੰਕਲਪਾਂ ਰੂਪ ਪਾਣੀ ਨਾਲ ਭਰੀ ਹੋਈ ਹੈ, ਜਿਸ ਵਿਚ ਤ੍ਰਿਸ਼ਨਾ ਰੂਪ ਲਹਿਰਾਂ ਉਠਦੀਆਂ ਹਨ, ਅਤੇ ਵਿਆਕੁਲਤਾ (ਇਸ ਨਦੀ ਦੀ) ਬੇੜੀ ਨੂੰ ਤਬਾਹ ਕਰਨ ਵਾਲੀ ਹੈ ਅਤੇ ਸੰਸਾਰ ਰੂਪ ਸਮੁੰਦਰ ਵੱਲ ਵਗਦੀ ਹੋਈ ਜਾ ਰਹੀ ਹੈ ਤੇ ਬਿਪਤਾ ਰੂਪ ਹਵਾ (ਇਸ ਉਤੇ ਵਗ ਰਹੀ) ਹੈ।

ਕਾਮਾਦਿਕ ਪੰਛੀਆਂ ਦੀ (ਇਸ ਨਦੀ ਉਤੇ) ਭੀੜ ਹੈ, ਰਾਗ ਤੇ ਦੋਖ (ਰੂਪ)। ਤੰਦੂਏ ਜੀਵਾਂ ਨੂੰ ਫੜਨ ਵਾਲੇ ਹਨ, ਮੋਹ ਰੂਪੀ ਘੁੰਮਨ ਘੇਰੀ ਹੈ, ਜੋ ਅਮੀਰ (ਲੋਕ ਹਨ) ਉਨ੍ਹਾਂ ਨੂੰ (ਇਸ ਨਦੀ ਦਾ ਸੰਕਲਪਾਂ ਰੂਪ) ਪਾਣੀ ਸਾੜਦਾ ਹੈ।

'ਚਿੰਤਾ' (ਇਸ ਨਦੀ ਦੇ) ਉਚੇ ਕੰਢੇ ਹਨ, ਜਿਸ ਕਰਕੇ (ਇਹ) ਨਦੀ ਤਰਣੀ ਕਠਨ ਹੈ, ਇਸੇ ਕਰਕੇ ਵਿਸ਼ੈ ਭੋਗੀ (ਪੁਰਸ਼) ਉਸ ਨਦੀ ਵਿਚ ਰੁੜ ਗਏ ਹਨ, ਅਤੇ ਯੋਗੀ ਲੋਕ ਇਸਦੇ ਪਾਰਲੇ ਕੰਢੇ ਉਤੇ ਜਾ ਚੜ੍ਹੇ ਹਨ।

## ਸੋਰਠਾ

**ਸੁਖ ਸ੍ਵਰੂਪ ਤੇ ਸਾਧ ਨਿਕਲ ਗਏ ਤਿਹ ਸਰਿਤ ਮੋਂ।**
**ਆਸਾ ਨਦੀ ਅਗਾਧ ਨਿਕਲ ਗਏ ਜਨ ਇਤ੍ਰ ਗਣ ॥੨੧॥**

ਸੁਖ ਸ੍ਵਰੂਪ (ਜੋ) ਸੰਤ ਜਨ ਹਨ, ਉਹ (ਇਸ) ਨਦੀ ਤੋਂ ਪਾਰ ਨਿਕਲ ਗਏ ਹਨ। ਇਸ ਅਗਾਧ ਆਸਾ ਰੂਪ ਨਦੀ ਨੇ ਹੋਰ ਸਾਰੇ ਜੀਵ ਨਿਗਲ ਲਏ (ਭਾਵ ਸਮੂਲਚੇ ਹੀ ਖਾ ਲਏ ਹਨ ॥੨੧॥

## ਨਰਾਜ ਛੰਦ

**ਪਥੇ ਪਥੇਨ ਭੀਖ ਕਸ਼ਟ ਸਾਥ ਹਾਥ ਪੈ ਧਰੇ ।**
**ਮਠੇ ਮਸਾਨਬਾਗ ਕਿ ਯੁਗਾਤ ਆਗ ਸੋਂ ਜਰੇ ।**
**ਸਮੂਹ ਭੂਮਿ ਪੈਫਲੀ ਫਲੇ ਕਹਾ ਨ ਦੇਂ ਫਲੇ ।**
**ਮ੍ਰਿਗਾਨ ਕੇ ਮ੍ਰਿਗਾਨ ਕਿੰਨ ਸੀਤ ਵਾਤ ਕੋ ਦਲੇ ॥੨੨॥**

ਕੀ ਰਾਹੇ ਰਾਹ (ਜਾਂਦਿਆਂ) ਭਿਖਿਆ ਨਹੀਂ (ਮਿਲਦੀ ਤੇ) ਮਹਾਨ ਦੁਖ ਭੋਗਨ ਨਾਲ ਹੱਥ ਲਗਦੀ ਹੈ ? (ਅਰਥਾਤ ਹਰੇਕ ਰਾਹ ਉਤੇ ਸੁਖ ਨਾਲ ਮਿਲ ਜਾਂਦੀ ਹੈ)। ਕੀ ਮੰਦਰ, ਮਸਾਨ, ਬਾਗ ਤੇ (ਯੁਗਾਤ) ਬੁਰਜ ਅੱਗ ਨਾਲ ਸੜ ਗਏ ਹਨ (ਜੋ ਰਹਿਣ ਲਈ ਜਗ੍ਹਾ ਨਹੀਂ ਹੈ)।

ਸਾਰੀ ਧਰਤੀ ਉਤੇ (ਜੋ) ਫਲਾਂ ਨਾਲ ਫਲੇ ਹੋਏ ਦਰਖਤ ਹਨ ਕਿ ਉਹ ਫਲ ਨਹੀਂ ਦੇਂਦੇ ਹਨ ? ਭਾਵ ਸਾਰੇ ਹੀ ਬ੍ਰਿਛ ਫਲ ਦੇ ਰਹੇ ਹਨ।

ਹਰਨਾਂ ਦੀਆਂ (ਮ੍ਰਿਗਾਨ) ਖਲੜੀਆਂ ਕੀ ਠੰਡ ਤੇ ਹਵਾ ਨੂੰ ਨਾਸ ਨਹੀਂ ਕਰਦੀਆਂ ਹਨ ? ਭਾਵ ਮ੍ਰਿਗਛਾਲਾਂ ਠੰਡ ਦੂਰ ਕਰਦੀਆਂ ਹਨ ॥੨੨॥

**ਇਸੋ ਸਮਾਜ ਆਜ ਲੌ ਬਿਰਾਜਮਾਨ ਹੈ ਸਬੀ।**
**ਇਨੇ ਹੁਤੇ ਤ੍ਰਿਨੇਤ ਕੋ ਮਹਾਨ ਧੀ ਤਜੇ ਕਬੀ।**
**ਪੁਨਾ ਕਬੇ ਭਜੇ ਧਨੰ ਕਣੀ ਮਦਾਂਧ ਜੰਤੁ ਕੋ।**
**ਬਸੇ ਇਨੇ ਬਨੇ ਬਨੋ ਭਜੇ ਨਿਜਾਤਮਾ ਅਨੰਤ ਕੋ ॥੨੩॥**

ਇਸ ਤਰ੍ਹਾਂ ਦਾ ਸਾਰਾ ਸੁਖ ਦਾ ਸਮਾਨ ਅੱਜ ਤਕ ਧਰਤੀ ਉਤੇ ਮੌਜੂਦ ਹੈ। ਏਨਾ ਕੁਝ ਹੁੰਦਿਆਂ ਹੋਇਆਂ ਭੀ ਬੁਧੀਮਾਨ ਪੁਰਸ਼ ਸ਼ਿਵਜੀ ਦੇ ਧਿਆਨ ਵ ਸਿਮਰਨ ਨੂੰ ਕਦੇ ਭੀ ਨਹੀਂ ਛੱਡਦਾ ਹੈ।

ਅਤੇ ਜੋ ਧਨ ਦੀ ਇਕ ਕਣੀ ਪ੍ਰਾਪਤ ਕਰਕੇ ਹੰਕਾਰ ਨਾਲ ਅੰਨ੍ਹੇ ਬਣੇ ਹੋਏ ਹਨ, ਉਸ ਜੀਵ ਨੂੰ ਕਦੋਂ ਸਿਮਰਦੇ ਹਨ ?

ਇਸ ਤਰ੍ਹਾਂ ਦੀ ਸਾਮਗ੍ਰੀ ਨਾਲ ਬਣੇ ਹੋਏ ਜੋ 'ਬਨ' ਹਨ, ਉਨ੍ਹਾਂ ਵਿਚ ਵਸ ਕੇ ਆਪਣੇ ਅਨੰਤ ਆਤਮਾ ਦਾ ਸਿਮਰਨ ਕਰੋ ॥੨੩॥

**ਸਮਾਨ ਪਾਪ ਪੁੰਨ ਕੇ ਵਿਪਾਕ ਸੁਖ ਦੁਖ ਕੋ।**
**ਲਖੇ ਚਰੇ ਬਨੇ ਨ ਰਾਗ ਦੋਖ ਯੋ ਵਿਦੁਖ ਕੌ।**
**ਇਸੋ ਪ੍ਰਮਾਨ ਲੋਕ ਮੈਂ ਅਸ਼ੋਕ ਕੋਇਕੇ ਕਹੂੰ।**
**ਵਿਲੋਕ ਹੈਂ ਅਨੇਕ ਕੋ ਜੁ ਬ੍ਰਹਮ ਰੂਪ ਏਕ ਹੂੰ ॥੨੪॥**

ਵਿਪਾਕ-ਫਲ। ਬਿਦੁਖ-ਵਿਦਵਾਨ। ਪ੍ਰਮਾਨ-ਮਨੁੱਖ। ਵਿਲੋਕ-ਵੇਖਦਾ।

ਪਾਪ ਕਰਮ ਦਾ ਫਲ ਦੁਖ ਤੇ ਪੁੰਨ ਕਰਮ ਦਾ ਫਲ ਸੁਖ, ਜੋ ਇਨ੍ਹਾਂ ਨੂੰ ਇਕ ਸਮਾਨ ਜਾਣਦਾ ਹੈ ਅਤੇ ਵਿਚਾਰਦਾ ਹੈ, ਬਨ ਵਿਚ ਐਸੇ ਵਿਦਵਾਨ ਨੂੰ ਰਾਗ-ਦੋਖ ਨਹੀਂ ਹੈ। ਇਸ ਤਰ੍ਹਾਂ ਦਾ ਅਸ਼ੋਕ ਪੁਰਖ ਸੰਸਾਰ ਵਿਚ ਕੋਈ ਇਕ ਕਿਤੇ ਵਿਰਲਾ ਹੁੰਦਾ ਹੈ। ਦਿਸਣ ਵਿਚ ਤਾਂ ਐਸੇ ਅਨੇਕਾਂ ਹਨ, ਪਰ ਜੋ ਸਾਰੇ ਜਗਤ ਨੂੰ ਬ੍ਰਹਮ ਰੂਪ ਕਰਕੇ ਜਾਣਦਾ ਹੈ, ਉਹ ਕੋਈ ਇਕ ਵਿਰਲਾ ਹੈ ॥੨੪॥

### ਕਬਿੱਤ

**ਦੇਵ ਏਕ ਮਹਾਂਦੇਵ ਨਦੀ ਦੇਵਨ ਦੀ ਸੇਵ ਗਿਰਿ,**
**ਗੁਹਾ ਧਾਮ ਏਵ ਚੀਰ ਦਿਸ਼ਾ ਚਾਰ ਹੈਂ।**
**ਏਕ ਕਾਲ ਮਿਤ੍ਰ ਨੀਕੋ, ਬ੍ਰਤ ਨਿਰਦੀਨਤਾ ਕੋ,**
**ਸੰਗ ਬੁਧਜੁਵਤੀ ਕੋ ਪ੍ਰਿਆ ਬਤ ਡਾਰ ਹੈ।**
**ਸੁਬਾ ਨਿਰਵੈਰਤਾ ਕੁਮਾਰ ਬ੍ਰਹਮ ਕੋ ਬਿਚਾਰ ਔਰ,**
**ਕਰਾਂ ਭਨੋ ਜਾਨੌ ਬਨੋਯਾ ਅਚਾਰ ਹੈ।**
**ਐਸੇ ਸਦਾ ਚਾਰ ਪਰਵਾਰ ਕਰ ਜੋਊ ਨਰ,**
**ਸਦਾ ਪਰਵਾਰਯੋ ਸਦਾ ਤਾਹਿ ਕੋ ਜੋਹਾਰ ਹੈ ॥੨੫॥**

(ਜੋ) ਦੇਵਤਿਆਂ ਵਿਚੋਂ ਮਹਾਂਦੇਵ (ਸ਼ਿਵਜੀ) ਤੇ ਨਦੀਆਂ ਵਿਚੋਂ ਦੇਵ ਨਦੀ (ਗੰਗਾ) ਦਾ ਸੇਵਨ ਕਰਦੇ ਹਨ, ਪਹਾੜ ਦੀਆਂ ਕੰਦਰਾਂ (ਜਿਨ੍ਹਾਂ ਨੇ) ਘਰ (ਬਣਾਏ ਹਨ) ਅਤੇ ਇਸੇ ਤਰ੍ਹਾਂ ਹੀ ਚਾਰੇ ਦਿਸਾਂ (ਜਿਨ੍ਹਾਂ ਨੇ) ਕੱਪੜੇ ਪਹਿਨੇ ਹੋਏ (ਭਾਵ ਨੰਗੇ) ਹਨ।

ਜਿਨ੍ਹਾਂ ਨੇ ਇਕ ਕਾਲ ਨੂੰ ਮਿਤ੍ਰ ਬਣਾਇਆ ਹੈ, (ਜੋ) ਕਿਸੇ ਅੱਗੇ ਦੀਨਤਾ ਨਹੀਂ ਕਰਦੇ, ਏਹੋ ਬੁਧੀ ਪਿਆਰੀ ਇਸਤ੍ਰੀ ਉਨ੍ਹਾਂ ਦੇ ਨਾਲ ਰਹਿੰਦੀ ਹੈ, ਅਤੇ ਬੋਹੜ ਆਦਿਕ ਬ੍ਰਿਛਾਂ ਦੇ) ਡਾਲ (ਹੀ ਉਨ੍ਹਾਂ ਦੇ) ਪ੍ਰੇਮ ਦਾ ਸਥਾਨ ਹਨ। (ਜੋ) ਨਿਰਵੈਰਤਾ (ਹੈ, ਇਹ ਉਨ੍ਹਾਂ ਦੀ) ਲੜਕੀ ਹੈ, (ਜੋ) ਬ੍ਰਹਮ ਦੀ ਵੀਚਾਰ ਹੈ ਇਹ ਪੁਤ੍ਰ ਹੈ, (ਉਨ੍ਹਾਂ ਦੀ ਬਾਬਤ ਹੋਰ ਕੀ ਕਹਿਣਾ ਹੈ, ਜਿਨ੍ਹਾਂ ਦਾ ਇਸ ਤਰ੍ਹਾਂ ਦਾ ਕਰਤਬ ਬਣਿਆ ਹੋਇਆ ਹੈ, ਇਸ ਤਰ੍ਹਾਂ ਦੇ ਸਰੇਸ਼ਟ ਆਚਾਰ ਰੂਪ ਪਰਵਾਰ ਨਾਲ ਜੋ ਪੁਰਸ਼ ਪਰਵਾਰਿਆ ਘਰਿਆ ਰਹਿੰਦਾ ਹੈ, ਉਸਨੂੰ ਮੇਰੀ ਸਦਾ ਹੀ ਨਮਸ਼ਕਾਰ ਹੈ ॥੨੫॥

### ਕਬਿੱਤ

**ਭਿਖਯਾ ਹਰਯੋ ਅੰਨ ਸਰਬ ਗੁਣੋਂ ਕੇ ਸਪੰਨ,**
**ਅਖੇਨਿਧਿ ਅਜਨਤ ਲਾਭ ਦੀਨਤਾ ਅਭਾਵ ਹੈ।**

**ਦੂਰ ਮਤਿਸਰ ਤ੍ਰਾਸ ਮਦ ਅਭਮਾਨ ਆਸ,**
**ਹਨੇ ਦੁਖ ਰਾਸ ਸਨੇ ਜਨੇ ਸਾਂਤਿ ਭਵ ਹੈ।**
**ਨਾਹਿ ਪ੍ਰਤਿ ਹਤ ਹੈ ਸਕਲ ਕਾਲ ਸਤ ਹੈ,**
**ਅਖਲ ਦੇਸਿ ਗਤਿ ਹੈ ਮਹੇਸ਼ ਯਗ ਗਾਵ ਹੈ।**
**ਹਿੰਸਾ ਬਾਧ ਨਿਰੋ ਪਾਧਿ ਭਨਤ ਪ੍ਰਸੰਸਾ ਸਾਧੁ,**
**ਮੁਖ ਮੋਖ ਸਾਧਨ ਮੋਂ ਸਾਧਨ ਕੋ ਭਾਵ ਹੈ ॥੨੬॥**

ਭਿਖਿਆ ਕਰਕੇ ਪ੍ਰਾਪਤ ਹੋਇਆ ਜੋ ਅੰਨ ਹੈ, ਉਹ ਸਾਰੇ ਗੁਣਾਂ ਦੇ ਸਪੰਨ ਹੈ, ਇਹ ਅਖੈਂ ਨਿਧਿ ਹੈ ਕਿਉਂਕਿ ਕਦੇ ਭੀ ਨਾਸ ਨਹੀਂ ਹੁੰਦੀ, ਜਦੋਂ ਭੀ ਚਾਹੇ ਭਿਖਿਆ ਮੰਗਕੇ ਅੰਨ ਪ੍ਰਾਪਤ ਕਰ ਸਕਦੇ ਹੋ, ਭਿਖਿਆ ਕਿਸੇ ਸਮੇਂ ਭੀ ਮੁਕਦੀ ਨਹੀਂ ਹੈ, ਫਿਰ ਇਸ ਲਈ ਕੋਈ ਯਤਨ ਨਹੀਂ ਕਰਨਾ ਪੈਂਦਾ ਯਤਨ ਬਿਨਾਂ ਹੀ ਪ੍ਰਾਪਤ ਹੋ ਜਾਂਦਾ ਹੈ, ਇਸੇ ਵਾਸਤੇ ਕਿਸੇ ਦੀ ਮੁਥਾਜੀ ਨਹੀਂ ਕਰਨੀ ਪੈਂਦੀ, ਇਸ ਲਈ ਦੀਨਤਾਈ ਦਾ ਅਭਾਵ ਹੈ। ਖੋਟੀ ਮਤਿ ਈਰਖਾ, ਡਰ, ਹੰਕਾਰ ਅਭਿਮਾਨ ਤੇ ਆਸਾ ਤੇ ਦੁਖ ਦੀ ਰਾਸੀ ਦਾ ਨਾਸ ਕਰਦਾ ਹੈ ਅਤੇ ਸਹਿਜੇ-ਸਹਿਜੇ ਸ਼ਾਂਤਿ ਭਾਵ ਲਿਆਉਂਦਾ ਹੈ।

ਇਸ ਭਿਖਿਆ ਦੇ ਅੰਨ ਦਾ ਕਿਸੇ ਵੇਲੇ ਭੀ ਨਾਸ ਨਹੀਂ ਹੁੰਦਾ, ਹਰ ਵੇਲੇ ਹੀ ਤਿਆਰ ਮਿਲਦਾ ਹੈ ਸਾਰਿਆਂ ਸਮਿਆਂ ਵਿਚ ਇਸਦਾ ਮਿਲ ਜਾਣਾ ਨਿਸਚੇ ਹੈ, ਫਿਰ ਸਾਰਿਆਂ ਦੇਸਾਂ ਵਿਚ ਪ੍ਰਾਪਤ ਹੋ ਸਕਦਾ ਹੈ, ਇਸ ਦਾ ਨਾਮ ਸ਼ਿਵ ਯੱਗ ਕਿਹਾ ਜਾਂਦਾ ਹੈ ਅਰਥਾਤ ਇਹ ਰੱਬੀ ਯੱਗ ਹੈ, ਜੋ ਰੱਬ ਵਲੋਂ ਹੋ ਰਿਹਾ ਹੋਵੇ, ਉਸ ਦਾ ਨਾਮ ਹੁੰਦਾ ਹੈ 'ਰੱਬੀ ਯੱਗ'।

ਹੋਰਨਾਂ ਯੱਗਾਂ ਵਿਚ ਹਿੰਸਾ ਕਰਮ ਹੁੰਦਾ ਹੈ, ਪਰ ਇਸ ਵਿਚ ਹਿੰਸਾ ਦੀ ਰੋਕ ਹੈ, ਦੂਸਰੇ ਯੱਗਾਂ ਦੇ ਪੂਰਿਆਂ ਹੋਣ ਵਿਚ ਕਈ ਉਪਾਧੀਆਂ ਖੜ੍ਹੀਆਂ ਹੋ ਜਾਂਦੀਆਂ ਹਨ ਪਰ ਇਸ ਵਿਚ ਕਿਸੇ ਤਰ੍ਹਾਂ ਦੀ ਕੋਈ ਉਪਾਧੀ ਪੈਦਾ ਨਹੀਂ ਹੁੰਦੀ। ਸਾਰੇ ਸਾਧੂ ਇਸ ਦੀ ਪ੍ਰਸੰਸਾ ਕਥਨ ਕਰਦੇ ਹਨ ਫਿਰ ਮੁਕਤੀ ਦੇ ਸਾਧਨਾਂ ਵਿਚੋਂ ਮੁਖ ਸਾਧਨ ਹੈ। ਅਜਿਹਾ ਭਾਵ ਸਾਧੂਆਂ ਦਾ ਹੈ ਅਰਥਾਤ ਸਾਧੂਆਂ ਦੇ ਮਨ ਦਾ ਇਹ ਭਾਵ ਹੈ ਕਿ ਭਿਖਿਆ ਦਾ ਅੰਨ ਮੁਕਤੀ ਦੇ ਸਾਰੇ ਸਾਧਨਾਂ ਵਿਚੋਂ ਮੁਖ ਉਤਮ ਸਾਧਨ ਹੈ ॥੨੭॥

## ਦੋਹਰਾ

**ਸਮ ਦਮਾਦਿ ਕੇ ਪੁਸ਼ਟਿ ਹਿਤ ਗਰਬ ਹਿਤਾਰਥ ਸਪ੍ਰੀਤਿ।**
**ਗਹੇ ਸਿੱਧ ਪਮਾਰਥ ਹਿਤ ਭਿਖਿਆ ਅੰਨ ਅਤੀਤ ॥੨੭॥**

ਸਮ-ਮਨ ਦਾ ਰੋਕਨਾ। ਦਮ-ਇੰਦ੍ਰਿਆਂ ਦਾ ਰੋਕਨਾ। ਪੁਸ਼ਟ-ਤਾਕਤ ਵਾਲੇ।

ਸਮ, ਦਮ ਆਦਿਕ ਕਰਮ ਨੂੰ ਤਾਕਤ ਵਾਲੇ ਕਰਨ ਵਾਸਤੇ ਹੰਕਾਰ ਨੂੰ ਨਾਸ ਕਰਨ ਵਾਸਤੇ ਪ੍ਰੀਤੀ ਦੇ ਸਹਿਤ ਇਸ ਨੂੰ ਗ੍ਰਹਿਣ ਕਰੇ। ਪ੍ਰਮਾਰਥ ਨੂੰ ਸਿਧ ਕਰਨ ਵਾਸਤੇ ਅਤੀਤ ਮਹਾਤਮਾ ਪੁਰਸ਼ ਭਿਖਿਆ ਦੇ ਅੰਨ ਨੂੰ ਗ੍ਰਹਿਣ ਕਰੋ ॥੨੭॥

### ਕਬਿੱਤ

**ਪਰੇ ਪਾਨ ਪਾਤ੍ਰ ਪੈ ਸੁਭਾਵਕ ਪਵਿਤ੍ਰ ਤਾਸੋਂ,**
**ਪ੍ਰਾਣ ਰਖਯਾ ਕਰੇ ਜਹਾਂ ਚਹੇ ਬਹੇ ਹੈ।**
**ਵਾਰ-ਵਾਰ ਵਿਸ ਕੋ ਨਿਹਾਰ ਤ੍ਰਿਣ ਭਾਰ ਵਤ,**
**ਕਰੇ ਤ੍ਰਿਸ ਕਾਰ ਸਦਾ ਚਾਰ ਮਾਂਹਿ ਰਹੇ ਹੈ।**
**ਤਨ ਕੇ ਤਿਆਗ ਲਗ ਸ਼ੁਭ ਮਗ ਲਗ ਰਹੇ,**
**ਦੇਹ ਜੀਵਭਾਵ ਕੋ ਸੁਭਾਵ ਬ੍ਰਹਮ ਗਹੇ ਹੈ।**
**ਐਸੀ ਦੈਵੀ ਸੰਪਦਾ ਨ ਲਹੇ ਦੇਵ ਦਯਾ ਬਿਨ ਈਸ,**
**ਕ੍ਰਿਪਾ ਤੇ ਆਨੀਸ਼ ਨਿਜ ਰੂਪ ਲਹੇ ਹੈ ॥੨੮॥**

ਅਨੀਸ-(ਅਨ-ਈਸ) ਈਸਰ ਨਹੀਂ ਭਾਵ ਜੀਵ।

ਹੱਥਾਂ ਰੂਪ ਭਾਂਡੇ ਵਿਚ ਸੁਭਾਵਕ ਹੀ ਜੋ ਪਵਿੱਤ੍ਰ ਭਿਖਿਆ ਪੈ ਜਾਵੇ, ਉਸ ਨਾਲ (ਆਪਣੇ ਪ੍ਰਾਣਾਂ ਦੀ ਰਖਿਆ ਕਰੇ, ਅਤੇ ਜਿਥੇ ਮਨ ਚਾਹੇ ਉਥੇ ਬੈਠਾ ਰਹੇ।

ਮੁੜ-ਮੁੜ ਕੇ ਸੰਸਾਰ ਨੂੰ ਕੱਖਾਂ ਦੇ ਪੂਲੇ ਵਾਂਗੂੰ ਵੇਖਕੇ ਇਸਦਾ ਸਦਾ ਹੀ ਨਿਰਾਦਰ ਕਰਦਾ ਰਹੇ, ਅਤੇ ਸਰੇਸ਼ਟ ਆਚਾਰ ਵਿਚ ਲੱਗਾ ਰਹੇ।

ਸਰੀਰ ਦੇ ਅੰਤ ਸਮੇਂ ਤਕ (ਭਾਵ ਮਰਣ ਪ੍ਰਯੰਤ ਸਰੇਸ਼ਟ ਮਾਰਗ ਵਿਚ ਲਗਾ ਰਹੇ ਅਤੇ ਦੇਹ ਵਿਚ ਜੀਵ ਭਾਵ (ਨਾ ਰੱਖ ਸਗੋਂ) ਬ੍ਰਹਮ ਭਾਵ ਨੂੰ ਧਾਰੀ ਰਖੇ (ਅਰਥਾਤ ਦੇਹ ਨੂੰ ਜੀਵ ਕਰਕੇ ਨਾ ਮੰਨੋ, ਸਗੋਂ ਜੀਵ ਨੂੰ ਬ੍ਰਹਮ ਦੀ ਅੰਸ ਕਰਕੇ ਮੰਨਦਾ ਰਹੇ।

ਇਸ ਤਰ੍ਹਾਂ ਦੀ ਦੈਵੀ ਸੰਪਦਾ ਨੂੰ, ਪ੍ਰਭੂ ਦੀ ਦਯਾ ਤੋਂ ਬਿਨਾਂ ਕੋਈ ਵੀ ਪ੍ਰਾਪਤ ਨਹੀਂ ਕਰ ਸਕਦਾ, ਈਸ਼ਵਰ ਦੀ ਕ੍ਰਿਪਾ ਨਾਲ ਜੀਵ ਆਪਣੇ ਸਰੂਪ ਨੂੰ ਜਾਣ ਲੈਂਦਾ ਹੈ ॥੨੮॥

### ਕਬਿੱਤ

**ਸੁਚ ਬਨੋਂ ਕੋ ਨਿਵਾਸੀ ਮ੍ਰਿਗੋਂ ਸੰਗ ਖੇਲ ਹਾਸੀ,**
**ਮੇਲ ਦਾਸ ਦਾਸੀ ਕੋ ਨ ਮੇਧ ਫਲ ਆਸੀ ਹੈ।**
**ਕਬੀ ਪੂਤ ਨਦੀ ਤਟ ਕਬੀ ਸਮਸਾਨੇ ਮਠ,**
**ਕਬਹੂੰ ਪਖਾਨ ਬਟ ਤਰੁ ਤਰੇ ਬਾਸੀ ਹੈ।**

**ਕੇਵਲ ਪ੍ਰਸੰਨ ਮਨ ਤੁਲ ਆਇ ਤਨ ਬਨ,**
**ਤਦਪਿ ਏਕਾਂਤ ਘਨ ਬਾਸੀ ਸੁਖ ਰਾਸੀ ਹੈ।**
**ਈਸ ਕੇ ਉਪਾਸੀ ਕੀ ਪ੍ਰਕਾਸ਼ੀ ਯਾ ਬਿਭੂਤ ਤਾਂਹਿ,**
**ਗਾਵੇ ਸੁਨ ਧਯਾਵੈ ਨਾਂਹਿ ਪਾਵੈ ਜਮ ਪਾਸੀ ਹੈ ॥੨੯॥**

(ਜੋ) ਪਵਿੱਤ੍ਰ ਬਨ ਵਿਚ ਨਿਵਾਸ ਰੱਖਦਾ ਹੈ, (ਜੰਗਲ ਦੇ) ਹਰਨ ਆਦਿਕਾਂ ਨਾਲ ਹਾਸਾ ਠੱਠ ਕਰਕੇ ਖੇਡਦਾ ਤੇ ਮੇਲ ਰੱਖਦਾ ਹੈ, ਦਾਸ ਤੇ ਦਾਸੀਆਂ ਨੂੰ ਚਾਹੁੰਦਾ ਨਹੀਂ ਹੈ ਤੇ ਜੰਗਲ ਦੇ ਪਵਿੱਤ੍ਰ ਫਲ (ਆਸੀ) ਖਾਂਦਾ ਹੈ।

ਕਦੇ ਪਵਿੱਤ੍ਰ ਨਦੀ ਦੇ ਕੰਡੇ (ਉਤੇ ਬੈਠਦਾ ਹੈ), ਕਦੇ ਮੜੀਆਂ-ਮਸਾਣਾਂ ਵਿਚ (ਰਹਿੰਦਾ ਹੈ) ਕਦੇ ਪੱਥਰ ਦੀ ਸਿਲਾ ਉਤੇ ਅਤੇ ਕਦੇ ਦਰਖਤ ਦੇ ਹੇਠਾਂ ਵਾਸਾ ਕਰਦਾ ਹੈ।

ਕੇਵਲ (ਜਿਨ੍ਹਾਂ ਦਾ ਮਨ ਖਾਸ ਕਰਕੇ ਸ਼ਾਂਤ ਹੈ, ਜੋ ਘਰ ਤੇ ਬਨ ਨੂੰ ਇਕ ਸਾਰ ਜਾਣਦਾ ਹੈ, ਪਰ ਤਦ ਭੀ ਏਕਾਂਤ ਵਿਚ ਵਾਸਾ ਰੱਖਣਾ ਹੀ ਸੁਖ ਦੀ ਰਾਸ ਹੈ। ਈਸ਼ਰ ਦੀ ਉਪਾਸਨਾ ਕਰਨ ਵਾਲੇ ਦੀ ਇਹ ਸੰਪਦਾ ਪ੍ਰਗਟ ਕੀਤੀ ਗਈ ਹੈ, (ਜੋ ਕੋਈ ਇਨ੍ਹਾਂ ਗੁਣਾਂ ਵਾਲਾ ਹੋ ਕੇ ਪ੍ਰਭੂ ਦੇ ਗੁਣ) ਗਾਉਂਦਾ ਹੈ ਤੇ ਸੁਣਦਾ ਹੈ, ਅਤੇ ਉਸਦਾ ਸਿਮਰਨ ਕਰਦਾ ਹੈ, ਉਹ ਜਮ ਫਾਂਸੀ ਨਹੀਂ ਪਾਵੇਗਾ ॥੨੯॥

## ਦੋਹਰਾ

**ਭਰਤ ਸ਼ਕਤ ਵੈਰਾਗ ਕੋ ਇਤੀ ਖਸ਼ਟਸੋ ਧਯਾਇ।**
**ਸੁਜਨੋ ਕੇ ਗੁਨ ਗਨ ਭਨੇ ਹਰ ਦਿਆਲ ਸਿਰ ਨਯਾਇ ॥੩੦॥**

ਭਰਥਰੀ (ਹਰਿ ਜੀ ਦੇ) ਵੈਰਾਗ ਸ਼ੱਤਕ ਦਾ ਛੇਵਾਂ ਅਧਯਾਇ ਪੂਰਾ ਹੋਇਆ ਹੈ। (ਇਸ ਵਿਚ ਸੱਜਣ ਪੁਰਸ਼ਾਂ (ਸੰਤ-ਜਨਾਂ) ਦੇ ਸਮੂਹ ਗੁਣਾਂ ਦਾ ਵਰਨਣ ਕੀਤਾ ਹੈ, (ਭਾਸ਼ਾ ਕਰਨ ਵਾਲਾ ਕਵੀ ਪੰਡਤ ਹਰਦਿਆਲ (ਇਸ ਤਰ੍ਹਾਂ ਦੇ ਗੁਣਾਂ ਵਾਲੇ ਸੰਤ-ਜਨਾਂ ਦੇ ਚਰਨਾਂ ਉਤੇ) ਸਿਰ ਨਿਉਂਦਾ ਹੈ ॥੩੦॥

*ਇਤਿ ਖਸ਼ਟਮੰ ਅਧਯਾਇ ॥੬॥*

ੴ ਸਤਿਗੁਰ ਪ੍ਰਸਾਦਿ ॥

# ਅਥ ਸਤਵਾਂ ਅਧਯਾਯ ਆਰੰਭ

### ਦੋਹਰਾ

**ਸਤੇ ਤੀਨ ਭੂਪਾਨ ਸੋਂ ਭਯੋ ਪ੍ਰਿਥਕ ਸੰਬਾਦ ।**
**ਤਿਨੇ ਸ਼ਲੋਕ ਭਨੇ ਤਿਨੋਂ ਹਨੇ ਮੋਹ ਗਰਬਾਦਿ ॥੧॥**

(ਇਸ) ਸੱਤਵੇਂ ਅਧਯਾਯ ਵਿਚ ਤਿੰਨ ਰਾਜਿਆਂ ਨਾਲ (ਰਾਜੇ ਭਰਥਰੀ ਜੀ ਦਾ) ਜੋ ਸੰਬਾਦ ਵੱਖੋ-ਵੱਖਰਾ ਹੋਇਆ ਹੈ ।

ਉਨ੍ਹਾਂ (ਰਾਜਿਆਂ ਨੂੰ ਉਤਰ ਦੇਣ ਵਾਸਤੇ) (ਉਸ ਭਰਥਰੀ ਜੀ) ਨੇ (ਜੋ) ਸਲੋਕ ਉਚਾਰੇ ਸਨ । ਜੋ ਮੋਹ ਤੇ ਹੰਕਾਰ ਆਦਿਕਾ ਦਾ ਨਾਸ ਕਰਨ ਵਾਲੇ ਹਨ, (ਮੈਂ ਹਰਿ ਦਿਆਲ ਉਨ੍ਹਾਂ ਸਲੋਕਾਂ ਨੂੰ ਵਰਨਣ ਕਰਦਾ ਹਾਂ ॥੧॥

### ਸੋਰਠਾ

**ਬਿਨੁ ਰੁਚਿ ਕਹੂੰ ਨਰੇਂਦ੍ਰ ਦੀਨ ਭਰਤ ਪ੍ਰਤਿ ਭੋਗ ਕਛੁ ॥**
**ਤਤ ਅਲੀਨ ਜੋਗੇਂਦ੍ਰ ਤੀਨ ਹੇਤੁ ਕਰਿ ਚੀਨ ਅਪਿ ॥੨॥**

ਰੁਚਿ-ਰੁਚੀ, ਇੱਛਾ, ਮਰਜੀ । (੨) ਰਤੀ, ਪ੍ਰੀਤੀ । ਨਰੇਂਦ੍ਰ-ਰਾਜਾ । ਪ੍ਰਤਿ-ਨੂੰ । ਭੋਗੀ-ਖਾਨ ਯੋਗੀ ਪਦਾਰਥ । ਤਤ-ਸੋ । ਅਲੀਨ-(ਅਲੀਨ) ਨਲਿਆਂ । ਜੋਗੇਂਦ੍ਰ-ਜੋਗੀ ਰਾਜ ਭਰਥਰੀ ।

ਕਿਸੇ ਰਾਜੇ ਨੇ ਇੱਛਾ ਦੇ ਨਾ ਹੁੰਦੇ ਹੋਇਆਂ ਭੀ (ਆਪਣੀ ਉਦਾਰਤਾ ਪ੍ਰਗਟ ਕਰਨ ਲਈ) ਭਰਥਰੀ ਨੂੰ ਕੁਝ ਪਦਾਰਥ ਦਿੱਤਾ (ਪਰ)

ਭਰਥਰੀ ਜੀ ਨੇ ਉਹ ਪਦਾਰਥ ਨਾ ਲਿਆ, (ਕਿਉਂਕਿ ਉਸ ਵਿਚ) ਤਿੰਨ ਕਾਰਨ ਪਛਾਣ ਕਰਕੇ ।

ਪ੍ਰਸ਼ਨ-ਆਪ ਨੇ ਇਹ ਪਦਾਰਥ ਕਿਉਂ ਨਹੀਂ ਲਿਆ ?

### ਸੋਰਠਾ

**ਰਾਜ ਅੰਸ ਸਮ ਰਕਤ ਭੋਗ ਯੋਗ ਨ ਵਿਰਕਤ ਕੋ ।**
**ਦਾਨ ਕਰਤ ਬਿਨੁ ਭਕਤਿ, ਤਵ ਮਮ ਸਮ ਪਦ ਹੇਤੁ ਤ੍ਰੈ ॥੩॥**

ਭਰਥਰੀ ਜੀ ਨੇ ਉਤਰ ਦਿੱਤਾ-ਹੇ ਰਾਜਨ । ਰਾਜ ਅੰਸ ਲਹੂ ਦੇ ਸਮਾਨ ਹੁੰਦੀ ਹੈ, ਜੋ ਵਿਰਕਤ ਸਾਧੂ ਦੇ ਗ੍ਰਹਿਣ ਕਰਨ ਯੋਗ ਨਹੀਂ ਹੈ, ਇਸ ਕਰਕੇ ਨਹੀਂ ਲਿਆ ਹੈ ।

(ਦੂਜਾ ਤੂੰ) ਸਰਧਾ ਭਗਤੀ ਤੋਂ ਬਿਨਾਂ ਦਾਨ ਕਰਦਾ ਹੈਂ, (ਤੀਜਾ) ਤੂੰ ਤੇ ਮੈਂ ਇਕੋ ਜਿਹੇ ਅਧਿਕਾਰ

ਵਾਲੇ ਹਾਂ, (ਇਨ੍ਹਾਂ) ਤਿੰਨਾਂ ਕਾਰਨਾਂ ਕਰਕੇ ਨਹੀਂ ਲਿਆ ਹੈ ॥੩॥

ਪ੍ਰਸ਼ਨ ਰਾਜਾ-ਸੰਤ ਜੀ ! ਤੁਹਾਡੀ ਮੇਰੀ ਬਰਾਬਰੀ ਕਿਵੇਂ ਹੋ ਸਕਦੀ ਹੈ ਆਪ ਹੀ ਵੇਖੋ, ਆਪ ਕੇਵਲ ਇਕੋ ਇਕ ਤੇ ਮੇਰੇ ਨਾਲ ਚਾਰ ਤਰ੍ਹਾਂ ਦੀ ਫੌਜ ਹੈ ਫਿਰ ਤੁਸੀਂ ਸਾਧੂ ਤੇ ਮੈਂ ਰਾਜਾ, ਇਕੋ ਪਦ ਦੇ ਅਧਿਕਾਰੀ ਕਿਵੇਂ ਹੋਏ ?

### ਦੋਹਰਾ

**ਤੂੰ ਰਾਜਾ ਰਾਜਾ ਅਹੰ ਅਧਿਕ ਭੇਦ ਕਛੁ ਨਾਂਹਿ ।**
**ਤੁਮੂੰ ਚਤੁਰ ਬਿਧਿ ਚਮੂੰ ਕਰਿ ਕਰੋ ਗਰਬ ਮਨ ਮਾਹਿ ॥੪॥**

ਭਰਥਰੀ ਨੇ ਕਿਹਾ-(ਜਿਵੇਂ) - ਤੂੰ ਰਾਜਾ (ਤਿਵੇਂ) ਮੈਂ ਰਾਜਾ, (ਤੇਰੇ-ਮੇਰੇ ਵਿਚ) ਕੁਝ ਬਹੁਤਾ ਫਰਕ ਨਹੀਂ ਹੈ।

(ਜਿਵੇਂ) ਤੂੰ ਚਾਰ ਤਰ੍ਹਾਂ ਦੀ ਸੈਨਾ ਸਹਿਤ ਹੋ ਕਰਕੇ, ਮਨ ਵਿਚ ਹੰਕਾਰ ਕਰਦਾ ਹੈਂ (ਇਵੇਂ ਮੈਂ ਭੀ ਚਾਰ ਤਰ੍ਹਾਂ ਦੀ ਫੌਜ ਦੇ ਸਹਿਤ ਹਾਂ) ॥੪॥

### ਦੋਹਰਾ

**ਮਨ ਬੁਧਿ ਚਿਤ ਅਹੰ ਚਤੁਰ ਸੈਨਾ ਪ੍ਰਬਲ ਪ੍ਰਬੀਨ ।**
**ਲਬਧ ਗੁਰੋਂ ਕੀ ਸੇਵ ਕਰਿ ਹਮ ਉੱਨਤ ਇਤ ਪੀਨ ॥੫॥**

ਮਨ ਬੁਧਿ, ਚਿਤ ਤੇ ਹੰਕਾਰ, ਇਹ ਚਾਰ ਤਰ੍ਹਾਂ ਦੀ ਫੌਜ ਹੈ, (ਜੋ) ਬੜੀ ਬਲਵਾਨ ਤੇ ਬੜੀ ਚਤਰ ਹੈ। (ਇਹ ਫੌਜ) ਗੁਰਾਂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦੀ ਹੈ, (ਜੋ ਸਾਨੂੰ ਪ੍ਰਾਪਤ ਹੈ) ਇਸ ਕਰਕੇ ਅਸੀਂ ਉੱਚੇ ਹਾਂ ਅਤੇ ਤਕੜੇ (ਭਾਵ-ਦੁਸ਼ਮਨਾਂ ਤੋਂ ਜ਼ੋਰ ਵਾਲੇ) ਹਾਂ ॥੫॥

### ਦੋਹਰਾ

**ਬਹੁ ਪ੍ਰਕਾਰ ਕੇ ਧਨੋ ਕਰ, ਤੁਮ ਪ੍ਰਸਿਧ ਜਗ ਮਾਹਿੰ ।**
**ਹਮ ਨਿਜ ਨਿਰਮਲ ਗੁਨੋ ਕਰਿ ਪ੍ਰਗਟ ਦਸੋਂ ਦਿਸ ਆਹਿੰ ॥੬॥**

ਬਹੁਤ ਤਰ੍ਹਾਂ ਦੇ ਧਨ ਨੂੰ ਪ੍ਰਾਪਤ ਕਰਕੇ, ਤੁਸੀਂ ਜਗਤ ਵਿਚ ਮਸ਼ਹੂਰ ਹੋ। (ਪਰ) ਅਸੀਂ ਭੀ ਆਪਣੇ ਨਿਰਮਲ ਗੁਣਾਂ ਕਰਕੇ ਦਸਾਂ ਦਿਸਾ ਵਿਚ ਪ੍ਰਗਟ ਹੋ ਰਹੇ ਹਾਂ ॥੬॥

ਰਾਜੇ ਨੇ ਕਿਹਾ-ਸੰਤ ਜੀ ! ਤੁਸੀਂ, ਇਥੇ ਆਪਣੀ ਕੁਟੀਆ ਵਿਚ ਹੀ ਰਹਿੰਦੇ ਹੋ ਫਿਰ ਮੇਰੇ ਵਾਂਗੂੰ, ਦਸੋਂ ਦਿਸਾ ਵਿਚ ਕਿਵੇਂ ਪ੍ਰਸਿੱਧ ਹੋ ? ਭਰਥਰੀ ਜੀ ਨੇ ਉਤਰ ਦਿੱਤਾ-

### ਦੋਹਰਾ

**ਬੀਚ ਪੁਸਤਕੋਂ ਕਵਿ ਜਨੋ ਗਾਯੋ ਹਮਰੋ ਗੀਤ ।**
**ਭੋ ਭੂਪਤਿ ਸੰਸਾਰ ਮਹਿ ਭੇ ਪ੍ਰਸਿਧ ਇਤਿ ਰੀਤਿ ॥੭॥**

ਪੁਸਤਕਾਂ ਦੇ ਵਿਚ ਕਵੀ ਜਨਾਂ ਨੇ ਸਾਡੇ (ਭਾਵ-ਸੰਤਾਂ ਮਹਾਤਮਾ ਦੇ) ਜਸ ਦੇ ਗੀਤ ਗਾਏ ਹਨ। ਹੇ ਰਾਜਨ, ਮੈਂ ਇਸ ਰੀਤੀ ਨਾਲ ਸੰਸਾਰ ਵਿਚ ਪ੍ਰਸਿੱਧ ਹਾਂ ॥੭॥

### ਦੋਹਰਾ

## ਭੂ ਕੇ ਕੋਟਿ ਵਿਭਾਗ ਕਰਿ ਕਣਿ ਲਵਾਂਸ ਤਿਹ ਪਾਇ ।
## ਤਾਂ ਕਰਿ ਤੂੰ ਉਨੱਤ ਭਯੋ ਰੁਚਿ ਵਿਹੀਨ ਦਰਸਾਇ ॥੮॥

ਭੂ-ਧਰਤੀ । ਵਿਭਾਗ-ਹਿੱਸਾ । ਲਵਾਂਸ-ਥੁੱਕ ਸੁਟਨ ਮਗਰੋਂ ਜੋ ਲੇਸ ਜੇਹੀ ਦੀ ਬਿੰਦੂ ਡਿਗਦੀ ਹੈ, ਉਸਦਾ ਨਾਮ ਹੈ ।

ਹੇ ਰਾਜਨ ! ਧਰਤੀ ਦੇ ਕ੍ਰੋੜ ਹਿੱਸੇ ਕਰਕੇ, ਫਿਰ ਉਸ ਦੇ ਇਕ ਕਿਣਕੇ ਵਿਚੋਂ ਥੁਕ ਦੀ ਬਿੰਦੂ ਜਿਨਾਂ ਹਿੱਸਾ ਤੂੰ ਪਾਇਆ ਹੈ। ਉਸ ਕਰਕੇ ਤੂੰ ਉੱਚਾ (ਵੱਡਾ) ਹੋ ਗਿਆ ਹੈਂ (ਅਤੇ) ਪ੍ਰੀਤੀ ਤੋਂ ਬਿਨਾ ਦਿਸਦਾ ਹੈਂ ? (ਭਾਵ-ਪ੍ਰੀਤੀ ਤੇਰੇ ਵਿਚ ਬਿਲਕੁਲ ਹੀ ਨਹੀਂ ਹੈ) ॥੮॥

### ਦੋਹਰਾ

## ਬੋਧ ਨਿਜਾਤਮ ਰਾਜ ਕਰ, ਹਮ ਗਰਬਤ ਉਰ ਮਾਂਹਿ ।
## ਨਾਂਹਿ ਕਰੈ ਹਮ ਚਾਹਿ ਤਵ, ਹੇ ਮਾਨਵ ਨਰ ਨਾਹਿ ॥੯॥

ਆਪਨੇ ਆਤਮ ਸਰੂਪ ਦੇ ਗਿਆਨ ਰੂਪ ਰਾਜ ਨੂੰ ਪਾ ਕੇ ਅਸੀਂ ਮਨ ਵਿਚ ਗਰਬ ਕਰਦੇ ਹਾਂ । ਹੇ ਮਨੁੱਖਾਂ ਦੇ ਰਾਜੇ ! ਅਸੀਂ ਤੇਰੀ ਇੱਛਾ ਹੀ ਨਹੀਂ ਕਰਦੇ, ਭਾਵ-ਤੇਰੇ ਨਾਲ ਮਿਲਣ ਦੀ ਜਾਂ ਤੇਰੇ ਪਾਸੋਂ ਕੁਝ ਪ੍ਰਾਪਤ ਕਰਨ ਦੀ ਸਾਨੂੰ ਇੱਛਾ ਹੀ ਨਹੀਂ ਹੈ ॥੯॥

### ਦੋਹਰਾ

## ਈਸ਼੍ਵਰ ਅੰਸ ਅਥਿਤ ਲਖ ਮਾਨ ਹਾਨ ਅਘ ਹੇਰੀ।
## ਹਮ ਕਰਿ ਤੁਮ ਇਉਂ ਤ੍ਰਿਬਿਧ ਹੋ ਮਾਨ ਦਾਨ ਕੋ ਯੋਗ ॥੧੦॥

(ਇਕ ਤਾਂ ਤੂੰ) ਈਸ਼ਵਰ ਦੀ ਅੰਸ ਹੈ (ਕਿਉਂਕਿ ਭਗਵਾਨ ਨੇ ਗੀਤਾ ਵਿਚ ਕਿਹਾ ਹੈ:- "ਪੁਰਖਾ ਵਿਚ ਰਾਜਾ ਮੈਂ ਹਾਂ ।" (ਦੂਜਾ ਤੂੰ ਸਾਡੀ ਕੁਟੀਆ 'ਤੇ ਚੱਲਕੇ ਆਯਾ ਹੈਂ ਇਸ ਲਈ ਅਸਾਂ ਤੈਨੂੰ) ਅਥਿਤ੍ਰ ਜਾਣਿਆ ਹੈ। (ਤੀਜਾ ਤੂੰ ਮਾਨੀ ਪੁਰਸ਼ ਹੈਂ, ਸ਼ਾਸਤ੍ਰ ਦਾ ਕਥਨ ਹੈ ਕਿ) ਮਾਨ ਹਾਨ (ਕੀਤਿਆਂ) ਪਾਪ ਹੁੰਦਾ ਹੈ। ਇਨ੍ਹਾਂ ਤਿੰਨਾਂ ਬਿਧੀਆਂ ਕਰਕੇ ਤੁਸੀਂ ਸਾਡੇ ਪਾਸੋਂ ਦਾਨ ਤੇ ਮਾਨ (ਪ੍ਰਾਪਤ ਕਰਨ) ਦੇ ਯੋਗ ਹੋ ॥੧੦॥

### ਸੋਰਠਾ

## ਜਾਚਿਕਾਦਿ ਕਰਿ ਭੂਪ ਮਾਨ ਦਾਨ ਕੋ ਯੋਗ ਤੁਮ ।
## ਤਿਉ ਹਮ ਤੇ ਤਵ ਊਪ ਹੋਤ ਨ ਸਮਤਾ ਭਾਵ ਤੇ ॥੧੧॥

ਹੇ ਰਾਜਨ ! (ਜਿਵੇਂ ਨੌਕਰਾਂ ਤੇ) ਮੰਗਤੇ ਆਦਿਕਾਂ ਨੂੰ ਤੁਸੀਂ ਮੇਰੇ ਪਾਸੋਂ ਦਾਨ-ਮਾਨ ਪ੍ਰਾਪਤ ਕਰਨ ਵਾਲੇ ਉਚੇ ਹੋ ਸਕਦੇ ਹੋ ਪਰ ਸਮਤਾ ਭਾਵ ਕਰਕੇ ਤੁਸੀਂ ਮੈਥੋਂ ਉਚੇ ਨਹੀਂ ਹੋ ਸਕਦੇ (ਕਿਉਂਕਿ ਮੇਰਾ ਤੁਹਾਡਾ) ਸਮਾਨ ਭਾਵ ਹੈ (ਅਰਥਾਤ ਤੁਸੀਂ ਤੇ ਮੈਂ ਇਕ ਸਮਾਨ ਹਾਂ) ॥੧੧॥

### ਦੋਹਰਾ

## ਕਿੰਚਤ ਤਵ ਮਮ ਸਾਮਤਾ ਬਾਹਯ ਗੁਨੋਂ ਕਰ ਚੀਨ ।
## ਰਾਜਾਂਤਰ ਮੇ ਅੰਤਰੋ ਹਮ ਅਦੀਨ ਤੁਮ ਦੀਨ ॥੧੨॥

ਤੁਸਾਡੀ ਤੇ ਮੇਰੀ ਬਰਾਬਰੀ ਥੋੜੀ ਜਿੰਨੀ ਹੈ, (ਅਤੇ ਉਹ ਭੀ) ਬਾਹਰਲੇ ਗੁਣਾਂ ਕਰਕੇ ਜਾਣੀ ਜਾਂਦੀ ਹੈ । ਅੰਦਰਲੇ ਰਾਜ (ਵਿਚ ਤੇਰੇ-ਮੇਰੇ ਵਿਚ ਬਹੁਤ) ਫਰਕ ਹੈ (ਵੇਖੋ) ਮੈਂ ਅਦੀਨ (ਸੁਤੰਤ੍ਰ) ਹਾਂ ਅਤੇ ਤੂੰ ਦੀਨ (ਮੁਥਾਜ-ਪ੍ਰਤੰਤ੍ਰ) ਹੈਂ ॥੧੨॥

### ਦੋਹਰਾ

## ਯਥਾ ਲਾਭ ਸੰਤੁਸ਼ਟ ਹਮ ਨਿਜਾਨੰਦ ਮੈ ਲੀਨ ।
## ਇਤ ਉਤ ਕੇ ਸੁਖ ਸੋਂ ਅਹਿਤ ਯਾ ਬਿਧਿ ਅਹੰ ਅਦੀਨ ॥੧੩॥

ਪ੍ਰਾਰਬਧ ਨਾਲ ਜੋ ਕੁਝ ਭੀ ਖਾਣ-ਪੀਣ, ਪਹਿਰਨ ਵਾਸਤੇ ਸਾਨੂੰ ਪ੍ਰਾਪਤ ਹੁੰਦਾ ਹੈ, ਅਸੀਂ ਉਸ ਉਤੇ ਸੰਤੁਸ਼ਟ (ਪ੍ਰਸੰਨ) ਰਹਿਕੇ, ਆਪਨੇ ਆਤਮਾ ਸਰੂਪ ਦੇ ਅਨੰਦ ਵਿਚ ਮਗਨ ਰਹਿੰਦੇ ਹਾਂ । ਅਤੇ:

ਲੋਕ-ਪ੍ਰੋਲਕ ਦੇ ਸੁਖਾਂ ਦੀ ਚਾਹ ਤੋਂ ਰਹਿਤ ਹਾਂ, ਇਸ ਤ੍ਰੀਕੇ ਨਾਲ ਮੈਂ ਦੀਨਤਾ ਤੋਂ ਰਹਿਤ ਹਾਂ ॥੧੩॥

### ਸੋਰਠਾ

## ਮਦਨ ਮਦਾਦਿ ਕਲੇਸ਼ ਸ਼ੋਕ ਲੋਕ ਪ੍ਰਲੋਕ ਕੇ
## ਤਾਂ ਕਰਿ ਦੁਖੀ ਹਮੇਸ਼, ਤੂੰ ਨਰੇਸ਼ ਹੈਂ ਦੀਨ ਇਉਂ ॥੧੪॥

(ਇਕ ਤਾਂ) ਕਾਮ, ਕਰੋਧ, ਹੰਕਾਰ ਆਦਿਕ (ਤੈਨੂੰ) ਕਲੇਸ਼ ਹੈ ਅਤੇ ਲੋਕ ਪ੍ਰਲੋਕ ਦੇ (ਕਲੇਸ਼ ਦਾ) ਸ਼ੋਕ ਹੈ। ਉਸ ਕਰਕੇ ਤੂੰ ਹਮੇਸ਼ਾਂ ਹੀ ਦੁਖੀ ਰਹਿੰਦਾ ਹੈ, ਹੇ ਰਾਜਨ ! ਤੂੰ ਇਸ ਤਰ੍ਹਾਂ ਨਾਲ ਦੀਨ ਹੈਂ ॥੧੪॥

## ਜਗ ਜੀਵਨ ਦਿਨ ਚਾਰ, ਤਜਿ ਮਦ ਸ੍ਵੈਛਿਤ ਸੰਚਰੋ ।
## ਸਭ ਜਨ ਹਰਿ ਅਵਤਾਰ, ਕਰੋ ਮਿਤ੍ਰਤਾ ਸਰਬ ਸਹ ॥੧੫॥

ਜਗਤ ਦਾ ਜੀਵਣ ਚਾਰ ਦਿਨ ਹੈ, (ਇਸ ਲਈ ਰਾਜ ਦਾ) ਹੰਕਾਰ ਛੱਡਕੇ, ਸੁਤੰਤ੍ਰ ਇਛਾ ਅਨੁਸਾਰ ਹੋ ਕੇ ਵਿਚਰੋ ਸਾਰੇ ਪੁਰਸ਼ ਹਰੀ ਦਾ ਅਵਤਾਰ ਹਨ, (ਇਹ ਜਾਣਕੇ) ਸਾਰਿਆਂ ਨਾਲ ਮਿੱਤ੍ਰਤਾ ਕਰੋ ॥੧੫॥

### ਦੋਹਰਾ

**ਗਹੇ ਪਾਂਇ ਯੋਗੀਸ ਕੇ, ਨਮੋ ਦੰਡ ਇਵ ਕੀਨ।**
**ਆਇਸ ਪਾਇ ਸੁਦੇਸ਼ ਨ੍ਰਿਪ, ਗਯੋ ਮੁਦਿਤ ਮਦ ਹੀਨ ॥੧੬॥**

(ਉਪਰ ਵਰਨਣ ਕੀਤੇ ਉਪਦੇਸ਼ ਨੂੰ ਸੁਣਕੇ ਰਾਜੇ ਨੇ) ਯੋਗੀ ਰਾਜ ਭਰਥਰੀ ਜੀ ਦੇ ਚਰਨ ਫੜ ਲਏ ਡੰਡੇ ਵਾਂਗੂ (ਲੰਮਿਆਂ ਪੈ ਕੇ ਉਨ੍ਹਾਂ ਦੇ ਚਰਨਾਂ 'ਤੇ) ਨਮਸ਼ਕਾਰ ਕੀਤੀ। (ਇਸ ਤਰ੍ਹਾਂ) ਹੰਕਾਰ ਨੂੰ ਨਾਸ ਕਰਕੇ ਪ੍ਰਸੰਨ ਚਿਤ ਹੋ ਕੇ (ਯੋਗੀ ਰਾਜ ਜੀ ਦੀ) ਆਗਿਆ ਪਾ ਕੇ ਆਪਣੇ ਦੇਸ ਨੂੰ ਚਲਾ ਗਿਆ ॥੧੬॥

### ਦੋਹਰਾ

**ਬਚਨ ਨਾਥਕੇ ਦਾਰ ਉਰਡਾਰ ਗਰਬ ਸੰਤਾਪ।**
**ਭੂਪ ਅਭਯ ਵਿਚਰਤ ਭੋ ਬ੍ਰਿਥਾ ਨ ਸਾਧ ਮਿਲਾਪ ॥੧੭॥**

ਨਾਥ (ਭਰਥਰੀ) ਜੀ ਦੇ ਬਚਨਾਂ ਨੂੰ ਹਿਰਦੇ ਵਿਚ ਧਾਰਕੇ, ਅਤੇ ਹੰਕਾਰ ਦੇ ਸੰਤਾਪ (ਦੁਖ) ਨੂੰ ਸੁਟਕੇ, ਰਾਜਾ ਡਰ ਤੋਂ ਰਹਿਤ ਹੋ ਕੇ ਚਲਾ ਗਿਆ, (ਚੇਤੇ ਰਖੋ) ਸੰਤ ਦਾ ਮਿਲਾਪ ਬਿਅਰਥ ਨਹੀਂ ਜਾਂਦਾ ॥੧੭॥

### ਦੋਹਰਾ

**ਅੰਮ੍ਰਿਤ ਬਚਨ ਕੀ ਬ੍ਰਿਸ਼ਟ ਕਰਿ, ਕ੍ਰਿਪਾ ਦ੍ਰਿਸ਼ਟ ਕੇ ਸਾਥ।**
**ਗਰਬ ਤਾਪੁ ਨਰ ਨਾਥ ਕੋ, ਹਰਿਓ ਨਾਥ ਕੋ ਨਾਥ ॥੧੮॥**

ਬ੍ਰਿਸ਼ਟ-ਬਰਖਾ, ਬਾਰਸ਼। ਨਰ ਨਾਥ-ਮਨੁੱਖਾਂ ਦਾ ਸਵਾਮੀ, ਰਾਜਾ। ਨਾਥ ਕੋ ਨਾਥ-ਯੋਗੀ ਰਾਜ।

ਬਚਨਾਂ ਰੂਪ ਅੰਮ੍ਰਿਤ ਦੀ ਬਾਰਸ਼ ਕਰਕੇ ਅਤੇ ਕ੍ਰਿਪਾ ਦ੍ਰਿਸ਼ਟੀ ਦੇ ਨਾਲ ਯੋਗੀਰਾਜ ਭਰਥਰੀ ਜੀ ਨੇ ਰਾਜੇ ਦੇ ਹੰਕਾਰ ਰੂਪ ਤਾਪ ਨੂੰ ਨਾਸ ਕਰ ਦਿੱਤਾ ਹੈ ॥੧੮॥

### ਦੋਹਰਾ

**ਸ੍ਰੀ ਭਰਥ ਯੋਗਿੰਦ੍ਰ ਪ੍ਰਤਿ ਅਮਕ ਖਿਤੀਸੋ ਵਾਚ।**
**ਚਿੰਤਾ ਮਣ ਸਮ ਰਾਜ ਤਜਿ, ਕਤ ਦਰਿਦ੍ਰ ਮੋਂ ਰਾਚ ॥੧੯॥**

ਪ੍ਰਤਿ ਨੂੰ। ਅਮਕ-ਆਣਕੇ। ਖਿਤੀਸੋ ਵਾਚ-(ਖਾਤ ਈਸ ਉਵਾਚ-ਖਿਤੀਸ ਰਾਜਾ)।

ਯੋਗੀ ਰਾਜ ਸ੍ਰੀ ਭਰਥਰੀ ਜੀ ਨੂੰ (ਕਿਸੇ ਹੋਰ ਰਾਜੇ ਨੇ ਆਣ ਕੇ ਕਿਹਾ:

ਤੂੰ ਆਪਣੇ) ਚਿੰਤਾ ਮਣੀ ਵਰਗੇ ਰਾਜ ਨੂੰ ਛੱਡਕੇ ਦਰਿਦ੍ਰ (ਕੰਗਾਲੀ) ਵਿਚ ਕਿਉਂ ਫਸ ਰਿਹਾ ਹੈਂ ॥੧੯॥

### ਦੋਹਰਾ

**ਸਮ ਮੁਦਤਾ ਨਿਰ ਦੀਨਤਾ ਨਿਰ ਭੈ ਸਹਿਤ ਵੀਚਾਰ ।**
**ਕੀਰਤ ਕਰਤ ਦਰਿਦ੍ਰ ਕੀ ਤਾਂ ਪ੍ਰਤਿ ਭਰਤ ਉਚਾਰ ॥੨੦॥**

ਸਮਤਾ, ਪ੍ਰਸੰਨਤਾ ਤੇ ਦੀਨਤਾ ਤੋਂ ਰਹਿਤ ਅਤੇ ਡਰ ਤੋਂ ਰਹਿਤ ਹੋ ਕੇ ਵਿਚਾਰ ਦੇ ਸਹਿਤ: ਭਰਥਰੀ ਜੀ ਦਰਿਦ੍ਰ ਦੀ ਕੀਰਤੀ ਕਰਦੇ ਹੋਏ ਉਸ ਰਾਜ ਨੂੰ ਕਹਿੰਦੇ ਹਨ ॥੨੦॥

### ਚੌਪਈ

**ਵਲ ਕਲ ਕਰ ਹੁਲਾਸ ਹੈ ਹਮ ਕੋ।**
**ਬਹੁ ਲਖਮੀ ਕਰ ਮੋਦ ਸੁ ਤੁਮ ਕੋ।**
**ਮੈਂ ਪ੍ਰਸੰਨ ਸੱਤੂ ਸਾਗਾਦਿਹ।**
**ਤੂੰ ਪ੍ਰਸੀਦ ਬਹੁਤ ਬਿੰਨਜਨ ਸ੍ਵਾਦਹਿ ॥੨੧॥**
**ਵਿਅੰ ਹਰਖ ਖਿਤ ਸੈਲ ਸੈਨ ਕਰਿ।**
**ਯੁਯੰ ਤੁਸ਼ਟ ਦ੍ਵਰ ਦੁਰਦ ਖਾਟ ਪਰ।**
**ਸ਼ਾਂਤਿ ਤ੍ਰਿਯਾ ਯੁਤਿ ਮਮ ਸੰਤੋਖਾ।**
**ਸੁੰਦਰ ਨਾਰਿਨ ਕਰ ਤਵ ਪੋਖਾ ॥੨੨॥**

ਪ੍ਰਸੀਦ–ਅਨੰਦ, ਖੁਸ਼। ਵਿਅੰ–ਪੈਦਾ ਹੁੰਦਾ। ਯੁਯੰ ਤੁਸ਼ਟ–ਪ੍ਰਸੰਨ ਹੁੰਦਾ ਹੈ। ਦ੍ਵਰ ਦੁਰਦ–ਹਾਥੀ ਦੰਦ।

ਹੇ ਰਾਜਨ! ਮੈਨੂੰ ਭੋਜ ਪਤ੍ਰਾ (ਦੇ ਕੱਪੜੇ ਪਾਕੇ) ਅਨੰਦ ਹੈ, ਤੈਨੂੰ ਬਹੁਤ ਸਾਰੀ ਮਾਯਾ ਕਰਕੇ ਅਨੰਦ ਹੈ, ਤੈਨੂੰ ਮੈਂ ਸਤੂ ਤੇ ਸਾਗ ਖਾਕੇ ਪ੍ਰਸੰਨ ਹਾਂ ਅਤੇ ਤੂੰ ਬਹੁਤ ਤਰ੍ਹਾਂ ਦੇ ਸ੍ਵਾਦੀ ਭੋਜਨ ਖਾ ਕੇ ਪ੍ਰਸੰਨ ਹੁੰਦਾ ਹੈ ॥੨੧॥

ਮੈਨੂੰ ਧਰਤੀ ਯਾ ਪਹਾੜ ਉਤੇ ਸੌਣ ਕਰਕੇ ਖੁਸ਼ੀ ਪੈਦਾ ਹੁੰਦੀ ਹੈ, ਅਤੇ ਤੂੰ ਹਾਥੀ ਦੰਦ ਦੇ ਪਲੰਘ (ਉਤੇ ਸੌਂ ਕਰਕੇ) ਪ੍ਰਸੰਨ ਹੁੰਦਾ ਹੈ ॥੨੨॥

**ਨ੍ਰਿਪਤ ਤ੍ਰਿਪਤਿਤਾ ਜੋ ਜਨ ਗ੍ਰਾਮੈ।**
**ਕਿੰਚਿਤ ਤਾਰ ਤੰਮ ਨਹੀਂ ਤਾਮੈ।**
**ਪੁਨਾ ਦਰਿਦ੍ਰੀ ਭਵਤੁ ਵਹੀ ਨਰ।**
**ਹ੍ਰਿਦੈ ਸੁ ਜਾਸੁ ਪ੍ਰਕਾਸ ਆਸ ਤਰੁ ॥੨੩॥**

**ਭੂਪਤ ਚਿਤ ਪ੍ਰਾਂਤੁ ਸਟੈ ਜਬਹੀਂ।**
**ਕੋ ਧਨਵੰਤ ਰੰਕ ਕੋ ਤਬ ਹੀ।**
**ਮੋ ਮਨ ਅਬ ਸੰਤੁਸ਼ਟ ਭਯੋ ਅਤਿ।**
**ਨਾਹਿੰ ਦਰਿਦ੍ਰੀ ਧਨੀ ਨਿਹਾਰਤਿ ॥੨੪॥**

ਹੇ ਰਾਜਨ ! ਜੋ ਤ੍ਰਿਪਤੀ ਹੈ (ਉਹ) ਸਾਰਿਆਂ ਪੁਰਸ਼ਾਂ (ਵਿਚ ਇਕ ਸਾਰ ਹੈ, ਉਸਦੇ ਵਿਚ ਰਤੀ ਜਿੰਨਾਂ ਭੀ 'ਤਾਰ-ਤੰਮ' ਘਾਟ ਵਾਧ ਨਹੀਂ ਹੈ। ਫਿਰ ਓਹੀ ਪੁਰਸ਼ ਕੰਗਾਲ ਹੁੰਦਾ ਹੈ, ਜਿਸ ਦੇ ਹਿਰਦੇ ਵਿਚ ਆਸ) (ਇੱਛਾ ਰੂਪ ਦਰਖਤ ਪ੍ਰਕਾਸ਼ਿਆ, ਉਗਿਆ) ਹੈ ॥੨੩॥

ਹੇ ਰਾਜਨ ! ਜਦੋਂ ਚਿਤ ਤੁਸਟਤਾ (ਅਨੰਦ) ਪਾ ਲਵੇ, ਤਦ ਫਿਰ ਧਨਵਾਨ ਕੌਣ ਤੇ ਕੰਗਾਲ ਕੌਣ ਹੈ ? ਮੇਰਾ ਮਨ ਹੁਣ ਅਤਯੰਤ ਪ੍ਰਸੰਨ ਹੋ ਗਿਆ ਹੈ, (ਇਹ) ਧਨੀ ਤੇ ਦਰਿਦ੍ਰ) ਨੂੰ ਵੇਖਦਾ ਹੀ ਨਹੀਂ ਹੈ ॥੨੪॥

**ਭੇਦ ਭਾਵ ਸਗਰੋ ਅਬ ਨਾਸਿਓ ਏਕ**
**ਬ੍ਰਹਮ ਉਰ ਮਾਹਿ ਪ੍ਰਕਾਸ਼ਿਓ।**
**ਪਰਮਾਨੰਦ ਬ੍ਰਹਮ ਮੈ ਜੋਰਾ।**
**ਪਰਮਾਨੰਦ ਭਯੋ ਮਨ ਮੋਰਾ ॥੨੫॥**
**ਬ੍ਰਹਮਾਕਾਰ ਭਯੋ ਮਨ ਜਾਂ ਤੈ।**
**ਬ੍ਰਹਮਾਕਾਰ ਲਖੋਂ ਭਵ ਤਾਂ ਤੈ।**
**ਤੁਮ ਜੁ ਕਹਿਯੋ ਨ੍ਰਿਪ ਮੋਹਿ ਦਰਿਦ੍ਰੀ।**
**ਕਵਨ ਜੁਗਤਿ ਤੁਮ ਇਨ ਮੈ ਅਦਲੀ ॥੨੬॥**

ਹੁਣ ਸਾਰਾ ਭੇਦ-ਭਾਵ ਨਾਸ ਹੋ ਗਿਆ ਹੈ, ਹਿਰਦੇ ਵਿਚ ਇਕ ਬ੍ਰਹਮ ਦਾ ਪ੍ਰਕਾਸ਼ ਹੋ ਗਿਆ ਹੈ। ਪਰਮ ਅਨੰਦ ਸਰੂਪ ਬ੍ਰਹਮ ਵਿਚ ਮੈਂ (ਮਨ ਨੂੰ) ਜੋੜਿਆ ਹੈ, (ਇਸ ਲਈ ਹੁਣ) ਮੇਰਾ ਮਨ ਭੀ ਪਰਮ ਅਨੰਦ ਸਰੂਪ ਹੋ ਗਿਆ ਹੈ ॥੨੫॥

ਜਦ ਤੋਂ ਮਨ ਬ੍ਰਹਮ ਸਰੂਪ ਹੋਇਆ ਹੈ, ਤਦ ਤੋਂ ਮੈਂ ਵੀ ਜਗਤ ਨੂੰ ਬ੍ਰਹਮ ਸਰੂਪ ਜਾਣਿਆ ਹੈ। ਹੇ ਰਾਜਨ ! ਤੂੰ ਜੋ ਮੈਨੂੰ ਦਰਿਦ੍ਰੀ ਕਿਹਾ ਹੈ, ਇਸ ਵਿਚ ਏ ਤੂੰ ਕਿਹੜੀ ਯੁਕਤੀ (ਅਦ੍ਰੀ) ਵੇਖੀ ਹੈ ॥੨੬॥

**ਦੇਖਿ ਦਿਗੰਬਰ ਕਾਇ ਵਿਵਰਨਾ।**
**ਮੋਹਿ ਦਰਿਦ੍ਰੀ ਤੋਹਿ ਜੁ ਵਰਨਾ।**

ਦੈ ਕਰਿ ਤੁਮ ਤੇ ਅਧਿਕ ਸਮਾਜਾ।
ਲਯੋ ਦਰਿਦ੍ਰ ਮੋਲ ਰੈ ਰਾਜਾ ॥੨੭॥
ਜਾਂਸ ਪ੍ਰਤਾਪ ਨਿਜਾਤਮ ਸੋਧਾ।
ਭਏ ਨਿਰਸਤ ਸਮਸਤ ਵਿਰੋਧਾ।
ਜਾਸੁ ਮਯਾ ਕਰਿ ਹੇ ਨਰਰਾਈ।
ਮੈ ਅਬ ਸਿਧਿ ਅਵਸਥਾ ਪਾਈ ॥੨੮॥

ਗਲ ਤੋਂ ਨੰਗਾ ਦੇਹ ਦਾ ਬੁਰਾ ਰੰਗ ਵੇਖਕੇ ਤੂੰ ਮੈਨੂੰ ਦਰਿਦ੍ਰੀ ਆਖਿਆ ਹੈ। ਹੇ ਰਾਜਨ ! ਤੇਰੇ ਨਾਲੋਂ ਬਹੁਤਾ ਰਾਜ- ਸਮਾਜ ਦੇ ਕੇ, ਮੈਂ ਇਹ ਦਰਿਦ੍ਰ ਮੁਲ ਲਿਆ ਹੈ ॥੨੭॥

ਜਿਸਦੇ ਪ੍ਰਤਾਪ ਨਾਲ ਆਪਨੇ ਆਤਨ ਸਰੂਪ ਨੂੰ ਸੋਧਿਆ ਹੈ, ਜਿਸ ਕਰਕੇ ਸਾਰੇ ਹੀ ਵਿਰੋਧ ਨਸ਼ਟ ਹੋ ਗਏ ਹਨ।

ਹੇ ਰਾਜਨ ! ਜਿਸ (ਦਰਿਦ੍ਰ) ਦੀ ਕ੍ਰਿਪਾ ਕਰਕੇ, ਮੈਂ ਹੁਣ ਸਿੱਧ ਅਵਸਥਾ ਪਾ ਲਈ ਹੈ ॥੨੮॥

ਅਵਿਲੋਕੋਂ ਮੈਂ ਲੋਕ ਸਬਾਇਆ।
ਮੋਹਿ ਨ ਹੇਰਤ ਹੇ ਖਿਤਰਾਇਆ।
ਦੁਧਾ ਪ੍ਰਕਾਰ ਦਰਿਦ੍ਰ ਬਖਾਨਾ।
ਏਕ ਸਤੋਂ ਮਯ ਤਮ ਮਯ ਆਨਾ ॥੨੯॥
ਮਨ ਕਰ ਤਨ ਕਰ ਭੋਗ ਅਸੰਗ੍ਰਹ।
ਯਹਿ ਵਰਿਸ਼ਟ ਦਰਿਦ੍ਰ ਮੋਰ ਗ੍ਰਿਹ।
ਹਰਿ ਗੁਰ ਭਗਤ ਕ੍ਰਿਪਾਦਿ ਤਿਆਗ ਜਹਿੰ।
ਸੋ ਕਨਿਸ਼ਟ ਦਾਰਿਦਰ ਤੋਰ ਮਹਿੰ ॥੩੦॥

ਮੈਂ ਸਾਰੇ ਲੋਕਾਂ ਨੂੰ (ਅਗਿਆਨ ਕਰਕੇ ਦੁਖੀ ਤੇ ਜਨਮ-ਮਰਨ ਰੂਪ ਦੁਖ ਕਰਕੇ ਦੁਖੀ) ਵੇਖਦਾ ਹਾਂ, (ਪਰ) ਹੇ ਰਾਜਨ ! ਮੈਨੂੰ (ਕੋਈ ਭੀ) ਨਹੀਂ ਵੇਖ ਸਕਦਾ (ਇਹ ਆਤਮ ਸੁਖ ਨੂੰ ਪ੍ਰਾਪਤ ਕਰਕੇ ਮਹਾਨ ਸੁਖੀ ਹੈ)। ਦਰਿਦ੍ਰ ਦੇ ਤਰ੍ਹਾਂ ਕਿਹਾ ਜਾਂਦਾ ਹੈ, ਇਕ ਸਤੋਗਨ ਰੂਪ ਹੈ, ਅਤੇ ਦੂਜਾ ਤਮੋਗੁਨ ਰੂਪ ਹੈ ॥੨੯॥

ਮਨ ਕਰਕੇ ਤੇ ਤਨ ਕਰਕੇ ਜੋ ਭੋਗਾਂ ਦਾ ਤਿਆਗ ਹੈ, ਇਹ ਸਾਰਿਆਂ ਤੋਂ ਸਰੇਸ਼ਟ ਦਰਿਦ੍ਰ ਮੇਰੇ ਘਰ ਵਿਚ ਹੈ (ਪਰ ਜੋ) - ਹਰੀ ਭਗਤੀ ਤੇ ਗੁਰੂ ਭਗਤੀ (ਤੇ ਦੀਨਾਂ ਦੁਖੀਆਂ ਉਤੇ) ਕ੍ਰਿਪਾ ਕਰਨ

ਆਦਿਕ (ਸ਼ੁਭ ਗੁਣਾਂ ਦਾ) ਤਿਆਗ ਕਰਨਾ ਹੈ। ਉਹ ਦਰਿਦ੍ਰ ਤੇਰੇ ਵਿਚ (ਪੂਰਨ ਹੋ ਰਿਹਾ ਹੈ) ॥੩੦॥

**ਚਾਹਿ ਆਹਿ ਮਨ ਜਾਹਿ ਮਾਹਿ ਅਤਿ।**
**ਸੋ ਪਿ ਦਰਿਦ੍ਰੀ ਤੁਮ ਵਤਿ ਨਰ ਪਤਿ।**
**ਤੁਛ ਸਦੁਖ ਵਿਨਾਸੀ ਸੰਪਤਿ।**
**ਪਾਇ ਬ੍ਰਿਥਾ ਨ੍ਰਿਪ ਤੁਮ ਵਤਿ ਗਰਬਤਿ ॥੩੧॥**

ਜਿਸ ਦੇ ਮਨ ਵਿਚ ਬਹੁਤ ਭਾਰੀ ਤ੍ਰਿਸ਼ਨਾ ਹੈ, ਹੇ ਰਾਜਨ ! ਉਹ ਭੀ ਤੇਰੇ ਸਮਾਨ ਦਰਿਦ੍ਰੀ ਹੈ। ਜੋ ਤੁਛ ਜਿਨੀ ਸੰਪਦਾ, ਦੁਖਾਂ ਦੇ ਸਹਿਤ ਨਾਸ ਹੋ ਜਾਣ ਵਾਲੀ ਹੈ, ਹੇ ਰਾਜਨ ! ਉਸਨੂੰ ਪ੍ਰਾਪਤ ਕਰਕੇ ਬਿਅਰਥ ਹੰਕਾਰ ਕਿਉਂ ਕਰਦੇ ਹੋ ? ॥੩੧॥

### ਦੋਹਰਾ

**ਮੌਨ ਧਰੋ ਨਿਜ ਭੌਨ ਕੋ ਗੌਨ ਕਰੋ ਭੂਪਾਲ।**
**ਤ੍ਰਿਸ਼ਨਾ ਚਿਤ ਵਿਸਾਲ ਜਹਿ ਵਹੀ ਪਰਮ ਕੰਗਾਲ ॥੩੨॥**

ਹੇ ਰਾਜਨ ! ਮੌਨ ਧਾਰਨ ਕਰੋ ਤੇ ਆਪਣੇ ਘਰ ਨੂੰ ਗਮਨ ਕਰੋ (ਅਰਥਾਤ ਚੁੱਪ ਕਰਕੇ ਘਰ ਨੂੰ ਚਲੇ ਜਾਓ)। ਕਿਉਂਕਿ:

ਜਿਸ ਦੇ ਚਿਤ ਵਿਚ ਬਹੁਤ ਸਾਰੀ ਤ੍ਰਿਸ਼ਨਾ ਹੈ, ਓਹੋ ਹੀ ਵੱਡਾ ਭਾਰਾ ਕੰਗਾਲ ਹੈ ॥੩੨॥

### ਦੋਹਰਾ

**ਜਿਉਂ ਰਵਿ ਮਾਸ ਨਿਸਾਂਤ ਮੈ ਸਾਂਤਿ ਅਵਸ ਉਤਪੰਨ।**
**ਤਿਉ ਨ੍ਰਿਪ ਉਰ ਧਰਿ ਭਰਥ ਰਵ ਭਯੋ ਗਿਆਨ ਸਪੰਨ ॥੩੩॥**

ਰਵਿ-੧੨, ਬਾਰਾਂ। ਮਾਸ-ਮਹੀਨੇ। ਨਿਸਾਂਤ-ਰਾਤ ਦੇ ਅੰਤ ਵਿਚ, ਪਿਛਲੀ ਰਾਤੀ। ਅਵਸ-ਜ਼ਰੂਰ। ਰਵ-ਬਾਣੀ, ਬਚਨ, ਉਪਦੇਸ਼। ਸਪੰਨ-ਸਹਿਤ, ਸੰਜੁਗਤ।

ਜਿਵੇਂ ਬਾਰਾਂ ਮਹੀਨਿਆਂ ਵਿਚ ਹੀ ਪਿਛਲੀ ਰਾਤ ਦੇ ਸਮੇਂ ਵਿਚ ਜ਼ਰੂਰ ਹੀ ਸਾਂਤ ਪੈਦਾ ਹੋ ਜਾਂਦੀ ਹੈ। ਤਿਵੇਂ ਸ੍ਰੀ ਭਰਥਰੀ ਜੀ ਦੀ ਬਾਣੀ ਨੂੰ ਹਿਰਦੇ ਵਿਚ ਧਾਰਨ ਕਰਕੇ, ਰਾਜਾ ਗਿਆਨ ਸੰਪੰਨ ਹੋ ਗਿਆ ਹੈ ॥੩੩॥

### ਦੋਹਰਾ

**ਅਤਿ ਬਰਖਾ ਜਲ ਭਰਤਰਵ ਨ੍ਰਿਪ ਉਰ ਊਖਰ ਗਾਇ।**
**ਤਿਹ ਯੁਤ ਤਿਹਿ ਵਿਤ ਜਲਜ ਭਵ ਗਯੋ ਨਮੋਕਰਿ ਰਾਇ ॥੩੪॥**

ਟਟ ਜਿਵੇਂ ਬਹੁਤੀ ਬਰਖਾ ਹੋਣ ਕਰਕੇ ਕਲਰੀ ਜਗ੍ਹਾ 'ਤੇ ਪਾਣੀ ਠਹਿਰ ਜਾਵੇ ਤਾਂ ਕਲਰ ਨਾਸ

ਹੋ ਕੇ ਹਰਿਆਵਲੀ ਪੈਦਾ ਹੋ ਜਾਂਦੀ ਹੈ ਤਿਵੇਂ ਹੀ:

ਰਾਜੇ ਭਰਥਰੀ ਜੀ ਦੀ ਬਾਣੀ ਤਾਂ ਅਤਯੰਤ ਬਰਖਾ ਦੇ ਜਲ ਸਮਾਨ ਹੈ ਅਤੇ ਰਾਜੇ ਦਾ ਹਿਰਦਾ ਕਲਰੀ ਜਗ੍ਹਾ ਦੇ ਸਮਾਨ ਹੈ। ਉਸ ਜਲ ਦੇ ਸੰਜੁਗਤ ਹੋਣ ਕਰਕੇ ਉਸ ਜਗ੍ਹਾ 'ਤੇ ਕਮਲ ਰੂਪ ਧਨ ਪੈਦਾ ਹੋ ਗਿਆ ਹੈ (ਜਿਸ ਕਰਕੇ) ਰਾਜ ਨਮਸਕਾਰ ਕਰਕੇ (ਘਰ ਨੂੰ ਚਲਾ) ਗਿਆ ਹੈ ॥੩੪॥

ਨੋਟ-ਕਿਸੇ ਹੋਰ ਰਾਜੇ ਨੇ ਆ ਕੇ ਭਰਥਰੀ ਜੀ ਨੂੰ ਕਿਹਾ

### ਦੋਹਰਾ

## ਮਮ ਆਇਨ ਪਾਵਨ ਕਰੋ ਨਿਜ ਪਾਵਨ ਕੋ ਪਾਇ।
## ਵਕਤਾ ਨ੍ਰਿਪ ਵਤ ਰਾਜ ਨਿਜ ਨਿਰ ਭੈਤਾ ਪ੍ਰਤਿ ਗਾਇ ॥੩੫॥

ਸੰਤ ਜੀ! ਆਪਨੇ ਪਵਿੱਤ੍ਰ ਚਰਨਾਂ ਨੂੰ ਪਾ ਕੇ ਮੇਰੇ ਘਰ ਨੂੰ ਪਵਿੱਤ੍ਰ ਕਰੋ। (ਇਸ ਤਰ੍ਹਾਂ ਦੇ ਬਚਨ) ਕਹਿਣ ਵਾਲੇ ਨੂੰ (ਭਰਥਰੀ ਜੀ) ਰਾਜੇ ਵਾਂਗੂੰ ਅਪਣੇ ਨਿਰਭੈ ਰਾਜ ਦਾ ਕਥਨ ਕਰਕੇ ਸੁਣਾਉਂਦੇ ਹਨ ॥੩੦॥

### ਕਬਿੱਤ

## ਵਿਭਵਾ ਕੇ ਈਸ ਤੁਮ ਵਾਗਮ ਕੇ ਈਸ ਹਮ,
## ਭੂਪਤ ਭਵਾਨ ਸੂਰਬੀਰ ਹਮ ਅਤਿ ਹੈ।
## ਪਰ ਪ੍ਰਾਣੀ ਮਾਹਿ ਮਦ ਤਾਪ ਤਾਸ ਨਾਸਬੇ ਕੈ,
## ਮਮ ਗਿਰਾਚਲ ਚਤੁਰਾਈ ਕੋ ਧਰਤਿ ਹੈ।
## ਸੇਵਤਧਨਾਂਧੇ ਤੋ ਕੌ ਪੂਜਤ ਹੈਂ ਸ੍ਰੋਤੇ ਮੋ ਕੌ,
## ਮਤ ਮਲ ਹਤ ਹੇਤੁ ਲੇਤ ਮੋਤੇ ਮਤਿ ਹੈ।
## ਰਾਵਰੋ ਹਮਾਰੋ ਰਾਜ ਗੁਣ ਕੋ ਸਮਾਜ ਸਮ,
## ਅੰਤਰ ਕੇ ਹਾਜ ਮਾਂਹਿ ਅੰਤਰੋ ਮਹਤਿ ਹੈ ॥੩੬॥

ਵਿਭਵਾ-ਵਿਭੂਤੀ, ਸੰਪਦਾ। ਵਾਗਮ-ਬਾਣੀ। ਭਵਾਨ-ਹੈਂਗੇ ਹੋ। ਸੂਰ-ਇਕ ਨੂੰ ਮਾਰਨ ਵਾਲੇ ਦਾ ਨਾਮ ਸੂਰਮਾ ਹੈ। ਬੀਰ-ਦਸਾਂ ਸੂਰਮਿਆਂ ਨੂੰ ਮਾਰਨ ਵਾਲਾ ਬੀਰ ਹੁੰਦਾ ਹੈ ਜਾਂ ਇੰਦ੍ਰਿਆਂ ਨੂੰ ਵਸ ਕਰਨ ਵਾਲਾ ਸੂਰਮਾ ਤੇ ਮਨ ਸਹਿਤ ਇੰਦ੍ਰੀਆਂ ਨੂੰ ਕਾਬੂ ਕਰਨ ਵਾਲਾ ਬਹਾਦਰ। ਪਰ-ਵੈਰੀ। ਗਿਰਾ-ਬਾਣੀ। ਚਲ-ਚਕ੍ਰ। ਧਨਾਂਧੇ-ਧਨ ਦੇ ਮਦ ਨਾਲ ਅੰਨੇ ਹੋਏ ਪੁਰਸ਼। ਰਾਵਰੋ-ਆਪਦਾ, ਤੁਹਾਡਾ। ਅੰਤਰ-ਫਰਕ।

ਤੁਸੀਂ ਧਨ ਸੰਪਦਾ ਦੇ ਸ੍ਵਾਮੀ ਹੋ, ਅਸੀਂ ਬਾਣੀ ਦੇ ਸ੍ਵਾਮੀ ਹਾਂ, ਤੁਸੀਂ ਰਾਜੇ ਲੋਕ ਸੂਰਮੇ ਹੋ ਅਤੇ

ਅਸੀਂ ਭੀ ਮਹਾਨ ਯੋਧੇ ਹਾਂ ।

ਤੁਸੀਂ ਪਰਜਾ ਵਿਚੋਂ ਚੋਰ ਆਦਿਕ ਵੈਰੀਆਂ ਨੂੰ ਕੱਢਣ ਲਈ ਰੱਖਦੇ ਹੋ ਅਤੇ ਪ੍ਰਾਣੀਆਂ ਵਿਚ (ਜੋ) ਹੰਕਾਰ ਆਦਿਕ ਵੈਰੀ ਦੁਖ ਦੇਣ ਵਾਲੇ ਹਨ, ਉਨ੍ਹਾਂ ਦੇ ਨਾਸ ਵਾਸਤੇ ਮੇਰੀ ਬਾਣੀ ਰੂਪ ਚਕ੍ਰ ਚਤਰਾਈ ਨੂੰ ਧਾਰਨ ਕਰ ਰਿਹਾ ਹੈ ।

ਧਨ ਦੀ ਇੱਛਾ ਨਾਲ ਅੰਨ੍ਹੇ ਹੋਏ ਜੀਵ ਤੁਹਾਡੀ ਸੇਵਾ ਕਰਦੇ ਹਨ ਅਤੇ ਬੁੱਧੀ ਦੀ ਮੈਲ ਨੂੰ ਨਾਸ ਕਰਨ ਵਾਸਤੇ ਮੇਰੇ ਪਾਸੋਂ ਸਿਖਯਾ ਲੈਂਦੇ ਹਨ ।

ਤੇਰੇ ਤੇ ਮੇਰੇ (ਬਾਹਰਲੇ ਰਾਜ ਸਮਾਜ ਦੇ ਗੁਣ (ਸਾਰੇ) ਇਕ ਸਮਾਨ ਹਨ, ਪਰ (ਤੇਰੇ-ਮੇਰੇ) ਅੰਦਰਲੇ ਰਾਜ ਵਿਚ ਬਹੁਤ ਸਾਰਾ ਫਰਕ ਹੈ ॥੩੬॥

## ਚੌਪਈ

**ਰਾਜਨ ਤੁਮ ਪ੍ਰਿਥਵੀ ਪਤਿ ਰਾਜੇ ।**
**ਹਮ ਰਾਜੇ ਤ੍ਰਿਭਵਣ ਕੇ ਸਾਜੇ ।**
**ਲਾਜੇ ਤੁਮਰੇ ਧਾਮ ਬਿਰਾਜੇ ।**
**ਦੇਖ ਦੋਖ ਬਹੁ ਤਾਂਤੇ ਭਾਜੇ ॥੩੭॥**
**ਬੁਧਿ ਬੇਲ ਕੇ ਹਰਨੇ ਹਾਰੀ ।**
**ਅੰਸ ਤੁਮਾਰੀ ਕਠਨ ਕੁਠਾਰੀ ।**
**ਛਰਦਮੈਲ ਮੂਤ੍ਰਾਦਿ ਤਿਆਗ ਸਮ ।**
**ਤਜੇ ਪਦਾਰਥ ਨਾਂਹਿ ਗਹੇਂ ਹਮ ॥੩੮॥**

ਹੇ ਰਾਜਨ ! ਤੁਸੀਂ (ਥੋੜ੍ਹੀ ਜਿੰਨੀ) ਧਰਤੀ ਦੇ ਸੁਾਮੀ (ਹੋ ਕੇ) ਰਾਜੇ (ਬਣੇ ਹੋ ਪਰ) ਅਸੀਂ ਤਿੰਨਾਂ ਲੋਕਾਂ ਦੇ ਸਾਜ- ਸਮਾਨ ਵਾਲੇ ਹੋ ਕੇ ਬਿਰਾਜ ਰਹੇ ਹਾਂ ।

ਜੋ ਤੁਹਾਡੇ ਘਰ (ਵਿਚ ਤੁਹਾਡੇ ਆਸਰੇ ਹੋ ਕੇ) ਬਿਰਾਜੇ ਰਹਿੰਦੇ ਹਨ, ਉਹ (ਲਾਜੇ) ਸ਼ਰਮਿੰਦੇ ਹੁੰਦੇ ਹਨ, (ਇਸ ਤਰ੍ਹਾਂ ਦੇ) ਬਹੁਤੇ ਦੋਖ ਦੇਖਕੇ (ਅਸੀਂ) ਉਨ੍ਹਾਂ ਤੋਂ ਦੂਰ-ਦੂਰ ਰਹਿੰਦੇ ਹਾਂ ॥੩੭॥

ਤੁਹਾਡੀ ਰਾਜ ਅੰਸ, ਬੁੱਧੀ ਰੂਪ ਵੇਲ ਨੂੰ ਨਾਸ ਕਰਨ ਵਾਲੀ ਇਕ ਬੜੀ ਤੇਜ ਕੁਹਾੜੀ ਹੈ ।

ਕੈ, ਗੰਦਗੀ ਤੇ ਪਿਸ਼ਾਬ ਆਦਿਕਾਂ ਨੂੰ ਤਿਆਗ ਦੇਣ ਦੇ ਸਮਾਨ, ਅਸਾਂ ਪਦਾਰਥ ਤਿਆਗ ਦਿੱਤੇ ਹਨ (ਤੇ ਮੁੜਕੇ ਇਨ੍ਹਾਂ ਨੂੰ) ਗ੍ਰਹਿਣ ਨਹੀਂ ਕਰਦੇ ਹਾਂ ॥੩੮॥

**ਹਮ ਨਿਸਪਰੇਹੀ ਚਰਹਿ ਸੂਤੰਤਰ ।**
**ਦੁਸਹਿ ਦੁਖ ਮਮ ਸੁਖ ਪਰਤੰਤਰ ।**

**ਹਮ ਆਨੰਦੀ ਨਿਜਾ ਨੰਦ ਕਰ।**
**ਵਿਖੈ ਭੋਗ ਸੁਖ ਕੇ ਤੁਮ ਕਿੰਕਰ ॥੩੯॥**
**ਕਰੋ ਦੰਡ ਤੁਮ ਦੁਸ਼ਟ ਜਨਾ ਕੋ।**
**ਸਹ ਨ ਸਕੋ ਮੈਂ ਦੁਖ ਸੁ ਤਾਂਕੋ।**
**ਤੁਮ ਡਾਟੇ ਤਿਹ ਮੁਕਤਿ ਚਹੇਂ ਹਮ।**
**ਤੁਵ ਮਮ ਸੰਗਤ ਤੁਲ ਤੇਜ ਮਮ ॥੪੦॥**

ਨਿਸਪਰੇਹੀ-ਅਚਾਹ। ਚਰਹਿ-ਵਿਚਰਦੇ, ਫਿਰਦੇ। ਦੁਸਹਿ-ਨ ਸਹਾਰੇ ਜਾਣ ਵਾਲਾ। ਕਿੰਕਰ-ਦਾਸ। ਮੁਕਤਿ-ਛੁਡਾਨਾ ਅਜ਼ਾਦ ਕਰਨਾ। ਤੁਲੇ-ਬਰਾਬਰ ਤੇਜ-ਸੂਰਜ। ਤਮ-ਹਨੇਰਾ।

ਅਸੀਂ ਅਚਾਹ ਹੋ ਕੇ ਸੁਤੰਤ੍ਰ ਫਿਰਦੇ ਹਾਂ (ਕਿਉਂਕਿ) ਪਰਾਧੀਨਤਾ ਦਾ ਸੁਖ ਭੀ ਮੈਨੂੰ ਨਾ ਸਹਾਰੇ ਜਾਣ ਵਾਲਾ ਦੁਖ ਮਲੂਮ ਹੁੰਦਾ ਹੈ।

ਅਸੀਂ ਆਪਣੇ ਅਨੰਦ ਨੂੰ (ਪ੍ਰਾਪਤ) ਕਰਕੇ ਅਨੰਦੀ ਹਾਂ, ਅਤੇ ਤੁਸੀਂ ਵਿਸ਼ੈ ਭੋਗਾਂ ਰੂਪ ਸੁਖਦੇ ਦਾਸ ਬਣੇ ਹੋਏ ਹੋ ॥੩੯॥

ਤੁਸੀਂ ਦੁਸ਼ਟ-ਜਨਾਂ ਦੀ ਤਾੜਨਾ ਕਰਦੇ ਹੋ ਅਤੇ ਮੈਂ ਉਨ੍ਹਾਂ ਦੇ ਦੁਖ ਨੂੰ ਵੇਖਕੇ ਸਹਾਰ ਨਹੀਂ ਸਕਦਾ ਹਾਂ। ਤੁਸੀਂ ਉਨ੍ਹਾਂ ਨੂੰ ਡਾਂਟਨਾ ਚਾਹੁੰਦੇ ਹੋ ਅਤੇ ਅਸੀਂ ਉਨ੍ਹਾਂ ਨੂੰ ਅਜ਼ਾਦ ਕਰਨਾ ਚਾਹੁੰਦੇ ਹਾਂ, ਤੁਹਾਡੀ ਤੇ ਮੇਰੀ ਸੰਗਤ ਸੂਰਜ ਦੇ ਅੰਧੇਰੇ ਦੇ ਸਮਾਨ ਹੈ। ਅਰਥਾਤ ਤੁਹਾਡੀ ਤੇ ਮੇਰੀ ਸੰਗਤ ਬਿਲਕੁਲ ਇਕ ਦੂਜੇ ਦੀ ਵਿਰੋਧੀ ਹੈ ਜਿਵੇਂ ਹਨੇਰੇ ਦਾ ਵੈਰੀ ਸੂਰਜ ਤੇ ਸੂਰਜ ਦਾ ਵੈਰੀ ਹਨੇਰਾ ਹੈ ॥੪੦॥

### ਚੌਪਈ

**ਮਹਤ ਰਾਜ ਵਰੇ ਹਮ ਰਾਜਨ। ਸੂਲਪ ਰਾਜ ਤਵ ਸੋ ਹਮ ਕਾਜ ਨ।**
**ਤੁਮਰੇ ਸਦਨ ਸ ਦਰੌਪ ਪੌਰੇ। ਸਹ ਨ ਸਕੋਂ ਮੈਂ ਬਾਇਕ ਕੌਰੇ ॥੪੧॥**
**ਤਵ ਨਿਕੇਤ ਇਤਜਾਦਿਕ ਦੂਖਨ। ਸੋ ਮਮ ਜੋਗ ਨ ਭੋ ਭੂ ਭੂਖਨ।**
**ਨਮੋ ਮਾਂਤ੍ਰ ਜੋ ਭੂਪ ਤਿਹਾਰੀ। ਹਮ ਤਾਕੇ ਭੀ ਨਹੀਂ ਅਧਿਕਾਰੀ ॥੪੨॥**

ਅਸੀਂ ਬਹੁਤ ਵੱਡੇ ਰਾਜ ਵਾਲੇ ਰਾਜੇ ਹਾਂ, ਤੁਹਾਡਾ ਛੋਟਾ ਜਿਹਾ ਰਾਜ ਸਾਡੇ ਕਿਸੇ ਭੀ ਕੰਮ ਨਹੀਂ ਹੈ। ਤੁਹਾਡੇ ਘਰਾਂ ਦੇ ਦਰਵਾਜੇ ਚੋਬਦਾਰਾਂ ਦੇ ਸਹਿਤ ਹਨ (ਭਾਵ ਦਰਵਾਜੇ ਉਤੇ ਚੋਬਦਾਰ ਖੜ੍ਹੇ ਹਨ) ਮੈਂ ਉਨ੍ਹਾਂ ਦੇ ਕੌੜੇ ਵਾਕਾਂ ਨੂੰ ਸਹਾਰ ਨਹੀਂ ਸਕਦਾ ਹਾਂ ॥੪੧॥

ਤੇਰੇ ਘਰ ਵਿਚ ਇਸ ਤਰ੍ਹਾਂ ਦੇ ਅਨੇਕ ਹੀ ਦੂਸ਼ਣ ਹਨ, ਹੇ ਰਾਜਨ! ਉਹ ਮੇਰੇ ਯੋਗ ਨਹੀਂ ਹਨ। ਹੇ ਰਾਜਨ। ਜੋ ਕੇਵਲ ਤੁਹਾਡੀ ਨਮਸ਼ਕਾਰ ਹੈ, ਅਸੀਂ ਉਸਦੇ ਭੀ ਅਧਿਕਾਰੀ ਨਹੀਂ ਹਾਂ ॥੪੨॥

## ਚੌਪਈ

**ਤਵ ਆਲੇ ਤਨ ਪਾਲੇ ਲਾਜੇ । ਜਾਤੇ ਹਮ ਤੁਮ ਦੋਨੋਂ ਰਾਜੇ ।**
**ਤਾਂਤੇ ਹਮਰੇ ਤੁਮਰੇ ਮਾਂਹੀ । ਹੇ ਨ੍ਰਿਪ ਅਧਿਕ ਅੰਤਰੋ ਨਾਂਹੀ ॥੪੩॥**
**ਰਾਜਾਂਤਰ ਮੋ ਆਹਿ ਵਿਖਮਤਾ । ਵਾਹਯ ਰਾਜ ਗੁਣ ਕੀ ਕਛੁ ਸਮਤਾ ।**
**ਅਸੁਰ ਸੰਪਦਾ ਕੇ ਪਤਿ ਤੁਮਹੂੰ । ਸੁਰੀ ਸੰਪਦਾ ਕੇ ਪ੍ਰਭ ਹਮਹੂੰ ॥੪੪॥**

ਹੇ ਰਾਜੇ ! ਤੇਰੇ ਘਰ ਵਿਚ (ਰਹਿ ਕੇ ਸਾਨੂੰ) ਸਰੀਰ ਦੀ ਪਾਲਣਾ ਕਰਦਿਆਂ ਵੀ ਸ਼ਰਮ ਆਉਂਦੀ ਹੈ. (ਕਿਉਂਕਿ) ਇਸ ਕਰਕੇ ਕੀ ਤੁਸੀਂ ਤੇ ਅਸੀਂ ਦੋਵੇਂ (ਇਕ ਸਮਾਨ) ਰਾਜੇ ਹਾਂ ।

ਇਸ ਕਰਕੇ ਮੇਰੇ ਤੁਹਾਡੇ ਵਿਚ, ਹੇ ਰਾਜਨ ! ਕੋਈ ਬਹੁਤਾ ਫਰਕ ਨਹੀਂ ਹੈ ॥੪੩॥

(ਪਰ) ਅੰਦਰਲੇ ਰਾਜ ਵਿਚ ਬਹੁਤ ਫਰਕ ਹੈ, ਬਾਹਰਲੇ ਰਾਜ ਦੇ ਗੁਣਾਂ ਦੀ ਕਝ-ਕਝ ਬਰਾਬਰੀ ਹੈ ।

ਤੁਸੀਂ ਆਸੁਰੀ ਸੰਪਦਾ ਦੇ ਸੁਾਮੀ ਹੋ ਅਤੇ ਅਸੀਂ ਦੈਵੀ ਸੰਪਦਾ ਤੇ ਸੁਾਮੀ ਹਾਂ ॥੪੪॥

**ਤੁਮ ਸ੍ਵਦੇਸ ਕੇ ਅਰਥਹੁ ਕੇ ਪਤਿ ।**
**ਰੰਕ ਧਨੀ ਕੀ ਕਰਹੁ ਵਿਖਮ ਗਤਿ ।**
**ਹਮ ਬਾਣੀ ਪਤਿ ਨਿਜ ਬਾਣੀ ਕਰਿ ।**
**ਕਰਹਿ ਤਾਰ ਤਮ ਤੁਮ ਸਨ ਨਰ ਵਰ ॥੪੫॥**
**ਨਿਜ ਪਰਜਾ ਕੇ ਅਰਿ ਤੁਮ ਬੀਰਾਂ ।**
**ਬਲ ਵਿਖਯਾਤ ਰਾਵਰੋ ਬੀਰਾ ।**
**ਨਿਜ ਵਿਭਾਗ ਕੇ ਹਰਨੇ ਕਾਜਾ ।**
**ਰੱਖਕ ਤੁਮ ਲੋਕਨ ਕੇ ਰਾਜਾ ॥੪੬॥**

ਤੁਸੀਂ ਆਪਨੇ ਦੇਸ ਦੇ ਧਨਵਾਨਾਂ ਦੇ ਸਵਾਮੀ ਹੋ, (ਇਸ ਲਈ) ਕੰਗਾਲਾਂ ਤੇ ਧਨਵਾਨਾਂ ਦੀ ਵੱਖਰੀ-ਵੱਖਰੀ ਅਵਸਥਾ ਕਰਦੇ ਹੋ । (ਜਾਂ ਉਚ-ਨੀਚ ਗਤੀ ਕਰਦੇ ਹੋ) । ਅਤੇ

ਅਸੀਂ ਵੀ ਬਾਣੀ ਤੇ ਸਵਾਮੀ ਹੋ ਕੇ ਆਪਣੀ ਬਾਣੀ ਨਾਲ ਤੁਹਾਡੇ ਸਮਾਨ ਹੀ ਵੱਡੇ-ਛੋਟੇ ਪੁਰਸ਼ ਦੀ ਉੱਚੀ ਨੀਵੀਂ ਅਵਸਥਾ ਕਰਦੇ ਹਾਂ ॥੪੫॥

ਤੁਸੀਂ ਆਪਣੀ ਪਰਜਾ ਦੇ ਵੈਰੀਆਂ (ਨੂੰ ਨਾਸ ਕਰਨ ਵਾਲੇ) ਸੂਰਮੇ ਹੋ, ਤੁਹਾਡੀ ਸੂਰਮਗਤੀ ਦਾ ਜਸ ਸਭਨਾਂ ਵਿਚ ਪ੍ਰਗਟ ਹੈ ।

ਤੁਸੀਂ ਆਪਣੇ ਹਿੱਸੇ ਨੂੰ ਖੋਹ ਲੈਣ ਵਾਸਤੇ ਲੋਕਾਂ ਦੇ ਰਾਹੀ ਹੋ, ਹੇ ਰਾਜਨ ॥੪੬॥

## ਚੌਪਈ

ਬਾਹਰ ਧਨ ਕੇ ਹਰਤਾ ਤਸਕਰ
ਤਾਕੇ ਦੰਡਕ ਤੁਮ ਭੂਪਤ ਬਰ।
ਅਰਿ ਤਵ ਮਨ ਦੁਸਮਨ ਤਵ ਅੰਤਰ।
ਤੁਮਰੇ ਬਲ ਕੋ ਹਰਤ ਨਿਰੰਤਰ ॥੪੭॥
ਬ੍ਰਹਮ ਸਚਿਦਾ ਨੰਦ ਰੂਪ ਤਵ।
ਢਾਪ ਲਯੋ ਇਹ ਯਥਾ ਅਭ੍ਰ ਰਵਿ।
ਮ੍ਰਿਖਾ ਅਚੇਤਨ ਦੁਖ ਰੂਪ ਤਨੀਅਰ
ਪਰਣਾਮੀ ਪਤਾ ਬਾਸਨ ॥੪੮॥

ਬਾਹਰਲੇ ਧਨ ਨੂੰ ਚੁਰਾਉਣ ਵਾਲੇ ਜੋ ਚੋਰ ਹਨ, ਹੇ ਰਾਜਨ ! ਉਨ੍ਹਾਂ (ਚੋਰਾਂ) ਨੂੰ ਦੰਡ ਦੇਣ ਵਾਲੇ ਤੁਸੀਂ ਸ੍ਰੇਸ਼ਟ ਹੋ।

ਪਰ ਤੇਰਾ ਮਨ ਹੀ ਤੇਰਾ ਦੁਸ਼ਮਨ ਤੇਰੇ ਅੰਦਰ (ਵੱਸਦਾ ਹੈ, ਜੋ) ਤੇਰੇ ਬਲ ਨੂੰ ਇਕ ਰਸ ਸਦਾ ਹੀ ਨਾਸ ਕਰਦਾ ਰਹਿੰਦਾ ਹੈ (ਉਸ ਉਤੇ ਤੇਰਾ ਜ਼ੋਰ ਨਹੀਂ ਚੱਲ ਸਕਦਾ)। ਤੇਰਾ ਬ੍ਰਹਮ ਰੂਪ (ਜੋ) ਸਤ, ਚਿਤ ਤੇ ਅਨੰਦ ਹੈ, ਉਸਨੂੰ (ਮਨ ਨੇ ਇਸ ਤਰ੍ਹਾਂ) ਢੱਕ ਲਿਆ ਹੈ, ਜਿਸ ਤਰ੍ਹਾਂ ਬਦਲ ਸੂਰਜ ਨੂੰ ਢੱਕ ਲੈਂਦੇ ਹਨ।

ਮਿਥਯਾ ਜੜ ਤੇ ਦੁਖ ਰੂਪ ਸਰੀਰ (ਜੋ) ਸਦਾ ਹੀ ਬਲਦਾ ਰਹਿੰਦਾ ਹੈ ਅਤੇ ਬਿਪਤਾ ਦਾ ਭਾਂਡਾ ਹੈ ॥੪੮॥

**ਤਾਂ ਮੈਂ ਅਹੰ ਭਾਵ ਤੁਮ ਕੀਨੋ। ਨਖ ਸਿਖਾਗ੍ਰ ਲੌ ਨਿਜ ਬਪੁ ਚੀਨੋ।**
**ਅਜ ਅਸੰਗ ਲੌ ਧਰਮ ਤੁਮਾਰੇ। ਚਿੱਤ ਸੱਤ੍ਰ ਤੇ ਢਾਂਪੇ ਸਾਰੇ ॥੪੯॥**
**ਜਨਮ ਮਰਨ ਲੌ ਤਨ ਕੇ ਕਰਮਾ। ਚੀਨੇ ਤੁਮ ਅਪਨੇ ਬਪੁ ਧਰਮਾ।**
**ਨਿਜਾ ਨੰਦ ਤੇ ਤੁਮ ਕੋ ਤੋਰੇ। ਨੀਚ ਬਿਖੈ ਸੁਖ ਬੀਚ ਸੁ ਜੋਰੇ ॥੫੦॥**

(ਮਨ ਦੇ ਜ਼ੋਰ ਨਾਲ) ਉਸ ਸਰੀਰ ਵਿਚ ਤੁਸਾਂ ਅਹੰਭਾਵ ਕਰ ਲਿਆ ਹੈ, (ਅਰਥਾਤ) ਪੈਰ ਦੇ ਨੌਹਾਂ ਤੋਂ ਲੈ ਕੇ ਸਿਰ ਦੇ ਕੇਸਾਂ ਦੀ ਅਗਲੀ ਨੋਕ ਤਕ ਸਰੀਰ ਨੂੰ ਤੁਸਾਂ ਅਪਣਾ ਆਪ ਪਛਾਣ ਲਿਆ ਹੈ।

ਅਜਨਮ (ਤੋਂ ਲੈ ਕੇ) ਅਸੰਗ ਤਕ (ਜੋ) ਤੇਰੇ ਧਰਮ ਹਨ, ਉਹ ਸਾਰੇ ਚਿਤ ਰੂਪ ਵੈਰੀ ਨੇ ਦਬਾ ਲਏ ਹਨ ॥੪੯॥

ਜਨਮ ਮਰਨ (ਤੋਂ ਲੈ ਕੇ ਛੇ ਵਿਕਾਰਾਂ) ਤਕ ਜੋ ਸਰੀਰ ਦੇ ਕਰਮ ਹਨ, (ਉਨ੍ਹਾਂ) ਸਰੀਰ ਦੇ ਧਰਮਾਂ





ਨੂੰ ਤੁਸਾਂ ਆਪਣੇ ਕਰਕੇ ਜਾਣਿਆ ਹੈ ।

(ਇਸ ਤਰ੍ਹਾਂ ਮਨ ਨੇ) ਤੈਨੂੰ ਆਪਣੇ ਆਤਮ ਅਨੰਦ ਤੋਂ ਤੋੜ ਲਿਆ ਹੈ (ਅਤੇ) ਨੀਚ ਵਿਸ਼ਯ ਸੁਖਾਂ ਵਿਚ ਉਸਨੇ ਤੈਨੂੰ ਜੋੜ ਦਿੱਤਾ ਹੈ ॥੫੦॥

**ਕਾਮ ਕ੍ਰੋਧ ਲੋਭਾਦਿ ਰੂਪ ਧਰਿ ।**
**ਨਟ ਵਟ ਮੋਹੇ ਤੁਮ ਕੋ ਮਨ ਅਰਿ ।**
**ਤੁਮਰੇ ਸੁਖ ਕੋ ਅਹਿ ਨਿਸ ਕਾਟੇ ।**
**ਸਤ ਪਥ ਤੇ ਤੁਮ ਕੋ ਨਿਟ ਡਾਟੇ ॥੫੧॥**
**ਕੀਨ ਦੀਨ ਤੇ ਦੀਨ ਤਮੇ ਮਨ ।**
**ਜਨਮ ਜਨਮ ਕੋ ਮਨ ਤਵ ਦੁਸ਼ਮਨ ।**
**ਤਵ ਆਸਰੇ ਬਲ ਪਾਇ ਤਿਹਾਰੋ ।**
**ਹਰਯੋ ਸਰਬ ਮਨ ਹੈ ਜੋ ਤੁਮਾਰੇ ॥੫੨॥**

ਕਾਮ, ਕ੍ਰੋਧ ਤੇ ਲੋਭ ਆਦਿਕ ਰੂਪ ਧਾਰ ਕੇ ਤੇਰਾ ਮਨ ਹੀ ਤੇਰਾ ਵੈਰੀ ਹੈ, ਜੋ ਮਦਾਰੀ ਵਾਂਗੂੰ (ਅਨੇਕਾਂ ਸਵਾਂਗ ਧਾਰਕੇ) ਤੈਨੂੰ ਮੋਹ ਰਿਹਾ ਹੈ ।

ਤੇਰੇ ਸੁਖ ਨੂੰ ਉਹ ਦਿਨ-ਰਾਤ ਵਿਚ ਕਟੀ ਜਾਂਦਾ ਹੈ, ਅਤੇ ਸੁਭ ਮਾਰਗ ਵੱਲ ਜਾਣ ਵਲੋਂ ਤੈਨੂੰ ਹਰ ਰੋਜ਼ ਤਾੜਨਾ ਕਰਦਾ ਹੈ ॥੫੧॥

ਮਨ ਨੇ ਤੈਨੂੰ ਕੰਗਾਲ ਤੋਂ ਭੀ ਕੰਗਾਲ ਕਰ ਦਿੱਤਾ ਹੈ, (ਇਹ) ਮਨ ਤੇਰਾ ਜਨਮ-ਜਨਮ ਤੋਂ ਦੁਸ਼ਮਨ (ਬਣਿਆ ਹੋਇਆ ਹੈ) ।

ਤੇਰੇ ਆਸਰੇ (ਰਹਿੰਦਾ ਹੋਇਆ) ਤੇਰੇ ਹੀ ਜ਼ੋਰ ਨੂੰ ਪਾ ਕੇ, ਜੋ ਭੀ ਤੇਰਾ (ਤੇਜ-ਪ੍ਰਤਾਪ) ਸੀ, ਉਹ ਸਭ ਕੁਝ ਮਨ ਨੇ ਨਾਸ ਕਰ ਦਿੱਤਾ ਹੈ ॥੫੨॥

**ਤੁਮਰੇ ਬਲ ਕੋ ਜਬ ਮਨ ਧਾਰੇ ।**
**ਤਬੇ ਸੁਭਾ ਸੁਭ ਪੰਥ ਪਧਾਰੇ ।**
**ਤਵ ਬਲ ਰਿਤੇ ਕਿਤੇ ਨ ਸਿਧਾਰੇ ।**
**ਜੜ ਸੁਭਾਵ ਤੇ ਬਾਨ ਪ੍ਰਕਾਰੇ ॥੫੩॥**
**ਜਬ ਲਗ ਤੁਮਰੋ ਮਨ ਅਰਿ ਜੀਤਾ ।**
**ਤਬ ਲਗ ਲਵ ਸੁਖ ਲਹੋ ਨ ਮੀਤਾ ।**

**ਜਬ ਤੁਮ ਚਿੱਤੁ ਸਤ੍ਰ ਨਿਜ ਜੀਤਾ।**
**ਤਬ ਮੋ ਸਮ ਤੁਮ ਚਰਹੁ ਅਭੀਤਾ ॥੫੪॥**

ਜਦੋਂ ਮਨ ਤੇਰੇ ਬਲ ਨੂੰ ਪਾਂਦਾ ਹੈ, ਤਦੋਂ ਭਲੇ ਜਾਂ ਬੁਰੇ ਰਸਤੇ ਵੱਲ ਜਾਂਦਾ ਹੈ। ਤੇਰੇ ਬਲ ਤੋਂ (ਰਿਤੇ) ਖਾਲੀ (ਹੋਇਆ ਮਨ) ਕਿਤੇ ਭੀ ਨਹੀਂ ਜਾਂਦਾ, (ਕਿਉਂਕਿ ਮਨ) ਤੀਰ ਦੇ ਵਾਂਗੂੰ ਸੁਭਾਵ ਤੋਂ ਜੜ ਹੈ, (ਅਰਥਾਤ ਜਿਵੇਂ ਤੀਰ ਕਿਸੇ ਦਾ ਪ੍ਰੇਰਿਆ ਹੋਇਆ ਹੀ ਜਾਂਦਾ ਹੈ, ਇਵੇਂ ਹੀ ਮਨ ਤੇਰੇ ਬਲ ਕਰਕੇ ਦੌੜਦਾ-ਭੱਜਦਾ ਹੈ) ॥੫੩॥

ਜਿੰਨਾ ਚਿਰ ਤੇਰਾ ਮਨ ਵੈਰੀ ਜੀਊਂਦਾ ਹੈ, ਹੇ ਮਿਤ੍ਰ ! ਤਦ ਤਕ (ਤੂੰ) ਰਤੀ ਜਿੰਨਾਂ ਭੀ ਸੁਖ ਨਹੀਂ ਪਾਵੇਂਗਾ।

ਜਦੋਂ ਤੂੰ ਅਪਨਾ ਚਿਤ ਰੂਪ ਵੈਰੀ ਜਿੱਤ ਲਵੇਂਗਾ, ਤਦ ਤੂੰ ਮੇਰੇ ਸਮਾਨ ਨਿਰਭੈ ਹੋ ਕੇ ਵਿਚਰੇਗਾ ॥੫੪॥

**ਮਨ ਰਿਪੁ ਜੀਤਾ ਸਭੁ ਰਿਪੁ ਜੀਤੇ।**
**ਮਨ ਰਿਪੁ ਜੀਤਾ ਸਭ ਰਿਪੁ ਜੀਤੇ।**
**ਇਤਰ ਤਨੋ ਮੈਂ ਹੋਇ ਨ ਨਿਗ੍ਰਹਿ।**
**ਮਾਨਸ ਕੋ ਬਿਨ ਮਾਨਸ ਵਿਗ੍ਰਹਿ ॥੫੫॥**
**ਤਾਂਤੇ ਸ੍ਵਾਤਰ ਮਨ ਵਸਿ ਕੀਜੇ।**
**ਨਿਰਭੈ ਪਦ ਸੂਰਨ ਕੋ ਲੀਜੈ।**
**ਮਦਨ ਮਦਾਦਿ ਸਤ੍ਰ ਭਗਤਾਂ ਕੇ।**
**ਹਰਹਿ ਮੋਖ ਸੁਖਿ ਅਰਿ ਹਮ ਤਾਂਕੇ ॥੫੬॥**

(ਜੇ) ਮਨ ਵੈਰੀ ਜੀਊਂਦਾ ਹੈ ਤਾਂ ਸਾਰੇ ਵੈਰੀ ਜੀਊਂਦੇ ਹਨ, (ਜੇ) ਮਨ ਰੂਪ ਵੈਰੀ ਨੂੰ ਜਿੱਤ ਲਿਆ ਹੈ ਤਾਂ ਸਾਰੇ ਵੈਰੀ ਜਿੱਤ ਲਏ ਹਨ।

ਹੋਰਨਾਂ ਸਰੀਰਾਂ ਵਿਚ (ਮਨ ਦਾ) ਰੋਕਣਾ ਨਹੀਂ ਹੋ ਸਕਦਾ, ਮਨੁੱਖ ਦੇਹ ਤੋਂ ਬਿਨਾਂ (ਮਾਨਸ) ਮਨ ਦਾ ਰੋਕਨਾ ਔਖਾ ਹੈ ॥੫੫॥

ਇਸ ਵਾਸਤੇ (ਮਨੁੱਖ ਦੇਹ ਨੂੰ ਪਾ ਕੇ) ਆਪਨੇ ਅੰਦਰ ਹੀ ਮਨ ਨੂੰ ਵੱਸ ਵਿਚ ਕਰਨਾ ਚਾਹੀਦਾ ਹੈ। (ਇਸ ਤਰ੍ਹਾਂ ਕਰਕੇ) ਸੂਰਮਿਆ ਦਾ ਨਿਰਭੈ ਸਥਾਨ ਲੈਣਾ ਚਾਹੀਦਾ ਹੈ।

ਕਾਮ ਤੇ ਹੰਕਾਰ ਆਦਿਕ (ਆਸਰੀ ਸੰਪਦਾ ਦੇ ਗੁਣ) ਭਗਤ ਜਨਾਂ ਦੇ ਵੈਰੀ ਹਨ, (ਜੋ) ਮੁਕਤੀ ਰੂਪ ਸੁਖ ਨੂੰ ਨਾਸ ਕਰਦੇ ਹਨ, (ਇਸ ਲਈ) ਅਸਾਂ (ਉਨ੍ਹਾਂ ਨੂੰ) ਵੈਰੀ ਰੂਪ ਕਰਕੇ ਵੇਖਿਆ ਹੈ ॥੫੬॥

ਬਾਯਕ ਸਾਯਕ ਕਰਿ ਤਿਹ ਹਨ ਕੇ।
ਸਮ ਦਮਾਦਿ ਜਨ ਕੇ ਮਨ ਜਨ ਕੇ।
ਤ੍ਰਿਧਾ ਤਾਪ ਤੇ ਤਾਂਕੋ ਰਾਖਹਿ।
ਤੇ ਨਿਜ ਗਯਾਨ ਪਾਇ ਭੈ ਨਾਖਹਿ ॥੫੭॥
ਭੂਪ ਪੁਨਾ ਸਮ ਸੂਰ ਸੂਰ ਹਮ।
ਗਿਰਾ ਕਿਰਣ ਕਰ ਹਰਹਿ ਭਰਮ ਤਮ।
ਰਾਗ ਦ੍ਵੈਸ਼ ਕੋ ਮਦ ਜ੍ਵਰ ਭਾਰੀ।
ਤਾ ਕਰ ਜਰਤ ਸਰਬ ਤਨੁ ਧਾਰੀ ॥੫੮॥

(ਅਸੀਂ) ਬਚਨਾਂ ਰੂਪ ਤੀਰਾਂ ਨਾਲ ਉਨ੍ਹਾਂ (ਕਾਮਾਦਿਕਾਂ) ਨੂੰ ਨਾਸ ਕਰਦੇ ਹਾਂ ਜੋ ਕਾਮ ਆਦਿਕ ਰੂਪ ਨੂੰ ਪੁਰਸ਼ ਦੇ ਮਨ ਵਿਚ (ਜਣਕੇ) ਪੈਦਾ ਕਰਦੇ।

ਤਿੰਨ ਤਰ੍ਹਾਂ ਦੇ ਤਾਪ-ਆਧਿ, ਬਿਆਧਿ ਤੇ ਉਪਾਧਿ ਤੋਂ ਉਨ੍ਹਾਂ (ਜਗਿਆਸੂਆਂ) ਦੀ ਰੱਖਿਆ ਕਰਦੇ ਹਾਂ (ਜਿਸ ਕਰਕੇ) ਉਹ ਆਤਮ ਗਿਆਨ ਨੂੰ ਪਾ ਕਰਕੇ (ਜਨਮ ਮਰਨ ਦੇ) ਡਰ ਨੂੰ ਨਾਸ ਕਰ ਲੈਂਦੇ ਹਨ ॥੫੭॥

ਹੇ ਰਾਜਨ ! ਫਿਰ (ਜਿਵੇਂ) ਸੂਰਜ (ਆਪਣੀਆਂ) ਕਿਰਣਾਂ ਨਾਲ ਹਨੇਰੇ ਨੂੰ ਨਾਸ ਕਰਦਾ ਹੈ, (ਤਿਵੇਂ ਹੀ ਮੈਂ ਸੂਰਜ ਸਮਾਨ ਹਾਂ, (ਜੋ ਆਪਣੀ) ਬਾਣੀ ਰੂਪ ਕਿਰਣਾਂ ਨਾਲ ਅਗਿਆਨ ਰੂਪ ਅੰਧਕਾਰ ਨੂੰ ਨਾਸ ਕਰਦਾ ਹਾਂ।

ਰਾਗ ਦਵੇਸ ਰੂਪ ਹੰਕਾਰ ਦਾ ਜੋ ਭਾਰੀ ਤਾਪ ਹੈ, ਉਸ (ਤਾਪ) ਕਰਕੇ ਸਾਰੇ ਹੀ ਸਰੀਰਧਾਰੀ (ਜੀਵ ਸੜ ਰਹੇ ਹਨ ॥੫੮॥

ਮਮ ਬਚਨੌਖਧਿ ਕੋ ਜਨ ਜਬ ਹੀ।
ਸੰਜਮ ਸੰਜੁਤ ਸੇਵਹਿ ਕਬਹੀ।
ਹੇਤੁ ਸਮੇਤ ਪ੍ਰਹਾਰਤ ਤਾਪ ਸਭ।
ਲਹਤ ਨਿਰਤਸਹ ਨਿਜਾਨੰਦ ਤਬ ॥੫੯॥
ਅਤਿ ਤ੍ਰਿਸ਼ਨਾ ਕਰਿ ਬੌਰੇ ਜੇ ਨਰ।
ਗਹੇ ਮਾਨ ਬਿਨ ਧਨ ਕਿਨਕਾ ਖਰ।

**ਤਨ ਪੋਖਤ ਯੋਖਤ ਭੋਮਾਰਥ।**
**ਤੇ ਨ ਲਖਹਿ ਪਸੁ ਵਤ ਪਰਮਾਰਥ ॥੬੦॥**

ਮੇਰੇ ਬਚਨਾਂ ਰੂਪ ਔਖਧੀ (ਦਵਾਈ) ਨੂੰ ਜਦੋਂ ਪੁਰਸ਼ ਸੰਜਮ ਸੰਜੁਗਤ (ਭਾਵ ਪਥ-ਪ੍ਰਹੇਜ ਨਾਲ) ਸੇਵਨ ਕਰਦਾ ਹੈ। (ਤਾਂ ਉਹ ਦਵਾਈ)

ਮੋਹ ਰੂਪ ਕਾਰਣ ਦੇ ਸਮੇਤ ਹੀ ਸਾਰੇ ਤਾਪਾਂ ਨੂੰ ਨਾਸ ਕਰ ਦੇਂਦੀ ਹੈ, ਤਦ (ਪੁਰਸ਼) ਨਿਸ਼ਚੇ ਹੀ ਆਤਮ ਅਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ ॥੫੯॥

ਅਤਯੰਤ ਤ੍ਰਿਸ਼ਨਾ ਕਰਕੇ ਜੇਹੜੇ ਪੁਰਸ਼ ਬੌਰੇ ਹੋ ਰਹੇ ਹਨ, (ਉਹ) ਮਾਨ ਤੋਂ ਹੀਨੇ ਹੋ ਕੇ, ਇਕ ਕਿਣਕਾ ਮਾਤ੍ਰ ਧਨ ਨੂੰ ਗ੍ਰਿਹਣ ਕਰਕੇ

ਇਸਤ੍ਰੀਆਂ ਦੇ ਭੋਗਨ ਵਾਸਤੇ, ਪਸ਼ੂਆਂ ਵਾਂਗੂੰ ਸਰੀਰ ਦੀ ਪਾਲਨਾ ਕਰਦੇ ਹਨ ਅਤੇ ਪਰਮਾਰਥ (ਸੁਖ ਨੂੰ) ਰਤੀ ਭਰ ਵੀ ਜਾਣਦੇ ਨਹੀਂ ਹਨ ॥੬੦॥

**ਅਸ ਪਾਮਰ ਤਵ ਸੇਵਤ ਰਾਜਨ।**
**ਸੇਵਤ ਮੋਹਿ ਮੋਖ ਕੇ ਭਾਜਨ।**
**ਨਿਜ ਮਤਿ ਕੀ ਮਲ ਹਤਬੇ ਕਾਜਾ।**
**ਸੁਨਤੇ ਵਚਨ ਸਰੁਚਿ ਮਮ ਰਾਜਾ ॥੬੧॥**
**ਅਵ ਸਹਕਾਮੀ ਭੋਗ ਨਮਿੱਤਾ।**
**ਅਰਚਹਿ ਮੋਹਿ ਜਬੈ ਇਕ ਚਿੱਤਾ।**
**ਪ੍ਰਗਟੇ ਜੋ ਤਿਹ, ਪੁੰਨ ਵਸੇਸ਼ਾ।**
**ਤੇ ਪਿਤਜੋ ਨਿਜ ਨਿਖਲ ਕਲੇਸ਼ਾ ॥੬੨॥**

ਹੇ ਰਾਜਨ! ਇਸ ਤਰ੍ਹਾਂ ਦੇ ਪਾਮਰ ਪੁਰਸ਼ ਤੇਰੀ ਸੇਵਾ ਕਰਦੇ ਹਨ ਅਤੇ ਮੁਕਤੀ ਦੇ ਅਧਿਕਾਰੀ ਮਹਾਂ ਪੁਰਸ਼ ਮੇਰੀ ਸੇਵਾ ਕਰਦੇ ਹਨ। ਅਤੇ:

ਆਪਣੀ ਬੁੱਧੀ ਦੀ ਮੈਲ ਨੂੰ ਨਾਸ ਕਰਨ ਦੇ ਵਾਸਤੇ ਹੇ ਰਾਜਨ! ਮੇਰੇ ਬਚਨਾਂ ਨੂੰ ਪ੍ਰੀਤ ਨਾਲ ਸੁਣਦੇ ਹਨ ॥੬੧॥

ਔਰ ਜੋ ਪੁਰਸ਼ ਕਾਮਨਾ ਸਹਤ ਹੈ, ਉਹ ਭੋਗ ਦੇ ਵਾਸਤੇ, ਜਦ ਕਦੇ ਇਕ ਚਿਤ ਹੋ ਕੇ ਮੇਰੀ ਪੂਜਾ ਕਰਦੇ ਹਨ।

ਉਨ੍ਹਾਂ ਦਾ ਜਦ ਕੋਈ ਖਾਸ ਪੁੰਨ ਕਰਮ ਪ੍ਰਗਟ ਹੁੰਦਾ ਹੈ, ਤਦ ਉਹ ਭੀ ਆਪਨੇ ਸੰਪੂਰਨ ਕਲੇਸ਼ਾਂ ਨੂੰ ਤਿਆਗ ਕੇ ਦੁੱਖਾਂ ਤੋਂ ਰਹਿਤ ਹੋ ਜਾਂਦਾ ਹੈ ॥੬੨॥

ਸੁਖਦ ਸੁਖੇਨ ਸੀਘ੍ਰ ਬਹੁ ਭੋਗਾ।
ਕਰੇ ਗਿਰਾ ਮਮ ਤਾਂ ਜਨ ਜੋਗਾਂ।
ਚਪਲ ਚਿੰਤ ਮਹਿ ਬਚਨ ਬਸਹ ਮਮ।
ਕਰਹਿ ਤਿਸੈ ਤਬ ਅਚਲ ਅਚਲਸਮ।
ਪੂਰਬ ਚਪਲ ਰੂਪ ਨਿਜ ਖੋਯੋ।
ਚਿਤ ਸੋ ਮਿਲ ਚਿਤ ਚਿਤ ਸੋ ਹੋਯੋ ॥੬੩॥
ਚਿਤ ਚਿਤ ਨਾਮ ਸੁਜਾਤੀ ਜਾਂਤੇ।
ਭਵਤ ਅਭੇਦ ਉਭੈ ਚਿਤ ਤਾਂਤੇ ॥੬੪॥

ਸੁਖ ਦੇਣ ਵਾਲੇ ਸੌਖੇ ਤੇ ਛੇਤੀ ਨਾਲ ਪ੍ਰਾਪਤ ਹੋਣ ਵਾਲੇ ਜੋ ਭੋਗ ਹਨ, ਮੇਰੀ ਬਾਣੀ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਯੋਗ ਕਰ ਦਿੰਦੀ ਹੈ।

(ਜਿਸ) ਚੰਚਲ ਚਿਤ ਵਿਚ ਮੇਰੇ ਬਚਨ ਵਸ ਜਾਂਦੇ ਹਨ, ਤਦ ਉਸਨੂੰ (ਅਚੱਲ) ਪਹਾੜ ਦੇ ਸਮਾਨ ਅਹਿਲ ਕਰ ਦੇਂਦੇ ਹਨ ॥੬੩॥

(ਉਸਨੇ) ਆਪਣਾ ਪਹਿਲਾ ਚੰਚਲ ਰੂਪ ਨਾਸ ਕਰ ਲਿਆ ਹੈ, ਅਤੇ ਚੇਤਨ ਦੇ ਨਾਲ ਮਿਲ ਕੇ ਚੇਤਨ ਵਰਗਾ ਚਿਤ ਹੋ ਗਿਆ ਹੈ।

ਚਿਤ ਤੇ ਚੇਤਨ (ਇਹ ਦੋਵੇਂ) ਨਾਮ ਹੀ ਸਜਾਤੀ ਹਨ ਜਿਸ ਕਰਕੇ ਦੋਵੇਂ ਆਪੋ ਵਿਚ ਅਭੇਦ ਹੋ ਜਾਂਦੇ ਹਨ ਅਤੇ ਦੋਵੇਂ ਹੀ ਚੇਤਨ ਹਨ ॥੬੪॥

ਅਚਲ ਨਿਜਾਤਮ ਸੁਖ ਕੀ ਦਾਨੀ।
ਤਾਤੇ ਅਚਲ ਚਤਰ ਮਮ ਬਾਨੀ।
ਜਹਾਂ ਸੋ ਚਰੇ ਗਿਰਾ ਹਮਾਰੀ।
ਕਰੇ ਤਿਸੇ ਤਬ ਨਿਜ ਅਨੁਸਾਰੀ ॥੬੫॥
ਤਾਤੇ ਵਾਕ ਹਮਾਰੇ ਰਾਜਨ।
ਜਨ ਸਰਧਾਲੂ ਕੇ ਅਤਿ ਸਾਜਨ।
ਮਮ ਬਚਨੋਂ ਪਰ ਤਵ ਸਰਧਾ ਜਬ।
ਧਰੋ ਤਬੈ ਉਰਤਾਪ ਹਰੋ ਤਬ ॥੬੬॥

ਅਚੱਲ ਆਪਣੇ ਆਤਮ ਸੁਖ ਦੀ ਦੇਣ ਵਾਲੀ ਹੈ, ਇਸ ਵਾਸਤੇ ਮੇਰੀ ਚਤਰ ਬਾਣੀ ਅਚੱਲ ਹੈ।

ਜਿਥੇ-ਜਿਥੇ ਮੇਰੀ ਬਾਣੀ ਵਿਚਰੇਗੀ, ਉਨ੍ਹਾਂ ਸਭਨਾਂ ਨੂੰ ਆਪਣੇ ਅਨੁਸਾਰੀ ਕਰਦੀ ਜਾਏਗੀ ॥੬੫॥

ਹੇ ਰਾਜਨ ! ਇਸ ਕਰਕੇ ਮੇਰੇ ਬਚਨ, ਸ਼ਰਧਾਲੂ ਪੁਰਸ਼ਾਂ ਦੇ ਵੱਡੇ ਹੀ ਸੱਜਣ ਹਨ। ਜਦੋਂ ਮੇਰੇ ਬਚਨਾਂ ਉਤੇ ਤੁਸੀਂ ਸ਼ਰਧਾ ਧਰੋਗੇ, ਤਦੋਂ ਸਰੇ ਹੀ ਚਿਤ ਦੇ ਤਾਪ ਨੂੰ ਨਾਸ ਕਰ ਲਵੋਗੇ ॥੬੬॥

**ਸਰਬ ਜਨੋਂ ਕੇ ਹਿਤ ਕੀ ਕੀਜੈ।**
**ਨਿਰ ਭੈ ਦਾਨ ਸਗਲ ਕੋ ਦੀਜੈ।**
**ਜਸ ਕੋ ਤਿਲਕ ਧਾਰ ਜਗ ਜੀਜੈ।**
**ਮਾਨਸ ਦੇਹ ਸਫਲ ਕਰਿ ਲੀਜੈ ॥੬੭॥**

ਸਾਰੇ ਪੁਰਸ਼ਾਂ ਦੇ ਭਲੇ ਦੀ (ਗੱਲ) ਕਰਨੀ ਚਾਹੀਦੀ ਹੈ, ਨਿਰਭੈ (ਪਦ ਦਾ) ਦਾਨ ਸਭਨਾਂ ਨੂੰ ਦੇਣਾ ਚਾਹੀਦਾ ਹੈ।

ਜਸ ਦਾ ਟਿਕਾ (ਮੱਥੇ ਉਤੇ) ਲਗਾ ਕੇ ਜਗਤ ਵਿਚ ਜੀਊਣਾ ਚਾਹੀਦਾ ਹੈ, (ਇਸ ਤਰ੍ਹਾਂ ਨਾਲ) ਮਨੁੱਖ ਦੇਹ ਸਫਲ ਕਰ ਲੈਣੀ ਚਾਹੀਦੀ ਹੈ ॥੬੭॥

### ਦੋਹਰਾ

**ਹਰਹੁ ਦੁਖੀ ਕੇ ਦੁਖਕੋ ਸੁਖੀਏ ਕੋ ਸੁਖ ਦੇਹੁ।**
**ਧਰੋ ਸਿਰੋਮਣਿ ਬਚਨ ਮਨ ਰਮੋ ਨਰੋ ਮਣਿ ਗੇਹ ॥੬੮॥**

ਹਰਹੁ-ਨਾਸ ਕਰੋ। ਰਮੋ-ਜਾਵੋ। ਨਰੋਮਣਿ-ਪੁਰਖਾ ਦਾ ਮਣੀ ਰੂਪ-ਰਾਜਾ। ਗੇਹੇ-ਘਰ।

ਦੁਖੀ ਪੁਰਸ਼ ਦੇ ਦੁਖ ਨੂੰ ਨਾਸ ਕਰੋ ਤੇ ਸੁਖੀਏ (ਪੁਰਖ) ਨੂੰ ਸੁਖ ਦੇਵੋ।

ਹੇ ਰਾਜਨ ! ਮੇਰੇ ਸਰਮਣ ਬਚਨਾਂ ਨੂੰ ਹਿਰਦੇ ਵਿਚ ਧਾਰਨ ਕਰੋ ਤੇ (ਆਪਣੇ) ਘਰ ਨੂੰ ਜਾਓ ॥੬੮॥

### ਦੋਹਰਾ

**ਮਾਨ ਹਾਨ ਭੂਪਾਨ ਕੋ ਕੀਨ ਸਪਤਮੇ ਧਿਆਇ**
**ਅਨੁਜਬ੍ਰਿਧਭ੍ਰਾਤਾਨ ਕੇ ਧਸਯੋ ਮਧ ਮੋ ਆਇ ॥੬੯॥**

ਸੱਤਵੇਂ ਅਧਯਾਯ ਵਿਚ ਰਾਜਿਆਂ ਦੇ ਮਾਨ ਨੂੰ ਨਾਸ ਕਰ ਦਿੱਤਾ ਹੈ। ਛੋਟੇ-ਵੱਡੇ ਭਰਾਵਾਂ ਦੇ ਵਿਚਾਲੇ (ਸਥਾਨ) ਵਿਚ ਆ ਕੇ (ਇਹ ਧਯਾਇ) ਵੜ ਬੈਠਾ ਹੈ (ਅਰਥਾਤ ਛੇ ਅਧਯਾਯ ਪਹਿਲੇ ਜੋ ਬੀਤ ਚੁੱਕੇ ਹਨ ਇਹ ਵੱਡੇ ਭਰਾ ਹਨ ਅਤੇ ਛੇ ਅਧਯਾਯ ਜੋ ਅੱਗੇ ਵਰਣਨ ਕਰਨੇ ਹਨ ਇਹ ਛੋਟੇ ਭਰਾ ਹਨ, ਇਨ੍ਹਾਂ ਬਾਰ੍ਹਾਂ ਤੋਂ ਵੱਖਰਾ ਇਹ ਸੱਤਵਾਂ ਅਧਯਾਯ ਤੇਰ੍ਹਵਾਂ ਹੋਣ ਕਰਕੇ ਇਨ੍ਹਾਂ ਦੇ ਵਿਚਾਲੇ ਵੜ ਬੈਠਾ) ॥੬੯॥

*ਇਤਿ ਸੱਤਵਾਂ ਧਯਾਯ ॥*

ੴ ਸਤਿਗੁਰ ਪ੍ਰਸਾਦਿ ॥

# ਅਥ ਅਠਵਾਂ ਅਧ੍ਯਾਯ ਅਰੰਭ

## ਦੋਹਰਾ

**ਅਸ਼ਟੇ ਅਸ਼ਟ ਸਲੋਕ ਕਰਿ ਨ੍ਰਿਪਨ ਗਰਬ ਸੰਤਾਪ ।**
**ਅਮ੍ਰਿਤ ਬਚਨ ਚੂਰਣ ਸਹਿਤ ਚੂਰਣ ਕਰਹਿੰ ਕਲਾਪ ॥੧॥**

ਇਸ ਅਠਵੇਂ ਅਧਯਾਇ ਵਿਚ ਅੱਠ ਸਲੋਕ (ਕਲਾਪ) ਕਹਿਕੇ, ਰਾਜਿਆਂ ਦੇ ਹੰਕਾਰ ਰੂਪ ਦੁੱਖ ਨੂੰ (ਭਰਥਰੀ ਜੀ) ਅੰਮ੍ਰਿਤ ਬਚਨ ਰੂਪ ਚੂਰਣ ਨਾਲ ਚੂਰਨ (ਨਾਸ) ਕਰਦੇ ਹਨ ॥੧॥

## ਚੌਪਈ

**ਕਛਕੁ ਪੁਰਨ ਕੋ ਹੋਇ ਕਰਿ ਰਾਜਾ।**
**ਯਾ ਮਦ ਜ੍ਵਰ ਨਰ ਕਰਤ ਅਕਾਜਾ।**
**ਵਿਮਲੇ ਚਿਤ ਜਨ ਕੇਚਿਤ ਧੰਨੇ**
**ਪੂਰਬ ਜਗਤ ਜਿਨਹੁਨੇ ਜੰਨੇ ॥੨॥**
**ਕਮਲਾਸਨ ਤੇ ਆਦਿ ਮਹਾਂ ਬਰਯੋ।**
**ਗਰਬ ਕਰਹਿ ਬਨ ਹੈ ਨ ਕਰਯੋ।**
**ਪਰ ਜਗਤ ਅਨੰਤ ਅਨੰਤ ਫਨੋਂ ਪੈ।**
**ਧਰਯੋ ਅਨੰਤ ਨ ਗਰਬ ਕਰਯੋ ਪੈ ॥੩॥**

ਕੁਝ ਥੋੜ੍ਹੇ ਜਿੰਨੇ ਨਗਰਾਂ ਦਾ ਰਾਜਾ ਹੋ ਕੇ ਇਸ ਹੰਕਾਰ ਰੂਪ ਤਾਪ ਕਰਕੇ ਬੰਦਾ ਬੁਰੇ ਕੰਮ ਕਰਦਾ ਹੈ ।

ਨਿਰਮਲ ਚਿਤ ਵਾਲੇ ਕਈ ਕੁ ਪੁਰਸ਼ ਧੰਨ ਹੋਏ ਹਨ, ਜਿਨ੍ਹਾਂ ਨੇ ਜਗਤ ਵਿਚ ਪਹਿਲੇ ਸਮੇਂ ਵਿਚ ਜਨਮ ਪਾਯਾ ਸੀ ॥੨॥

ਬ੍ਰਹਮਾ ਤੋਂ ਆਦਿ ਲੈ ਕੇ ਮਹਾਂ ਸਰੇਸ਼ਟ (ਪੁਰਸ਼ ਹੋਏ ਹਨ, ਜਿਨ੍ਹਾਂ ਦਾ) ਹੰਕਾਰ ਕਰਨਾ ਬਣਦਾ

ਹੈ, ਪਰ (ਉਨ੍ਹਾਂ ਨੇ) ਕੀਤਾ ਨਹੀਂ ਹੈ।

(ਇਸ) ਬੇਅੰਤ ਜਗਤ ਨੂੰ (ਅਨੰਤ) ਸ਼ੇਸ਼ਨਾਗ ਨੇ ਆਪਣੇ ਫਣਾਂ ਉਤੇ ਬੇਅੰਤ ਸਮਾਂ ਚੁੱਕੀ ਰਖਿਆ ਹੈ, ਪਰ ਉਸਨੇ ਫੇਰ ਭੀ ਗਰਬ ਨਹੀਂ ਕੀਤਾ ਹੈ ॥੩॥

**ਪਰਸ ਰਾਮ ਤੇ ਆਦਿ ਪ੍ਰਬੀਨੇ।**
**ਜਿਤ ਭਵ ਕੋ ਤ੍ਰਿਣ ਵਤ ਤਜ ਦੀਨੋ।**
**ਇੰਦ੍ਰਾਦਿਕ ਪੁਨ ਅਪਰ ਜੋ ਧੀ ਧਰ।**
**ਯਾ ਜਨ ਲੋਕ ਬਿਖੈ ਅਤਿਸੈ ਵਰ ॥੪॥**
**ਚੌਦਸ ਭਵਨ ਰਾਜ ਕਿਲ ਭੁੰਜਤ।**
**ਸੁਪਨੇ ਹੁੰ ਮਦਿ ਜੂਰ ਨਹਿ ਰੰਜੁਤ।**
**ਮੰਦ ਭਾਗ ਜੇ ਆਦਿ ਰੰਕ ਨਰ।**
**ਤੇ ਜੜ ਨਵ ਧਨ ਸੁਰਾ ਪਾਨ ਕਰ ॥੫॥**

ਪਰਸ ਰਾਮ ਤੋਂ ਆਦਿ (ਲੈ ਕੇ ਕਈ) ਸਿਆਣੇ ਪੁਰਸ਼ ਹੋਏ ਹਨ, (ਜਿਨ੍ਹਾਂ ਨੇ) ਜਗਤ ਨੂੰ ਜਿੱਤ ਕਰਕੇ ਫਿਰ ਕੱਖ ਵਾਂਗੂੰ ਤਿਆਗ ਦਿੱਤਾ ਸੀ।

ਇੰਦ੍ਰ ਆਦਕ ਜੋ ਹੋਰ ਬੁੱਧੀ ਮਾਨ ਪੁਰਸ਼, ਇਸ ਜਗਤ ਵਿਚ ਅਤਸੇ ਕਰਕੇ ਸਰੇਸ਼ਟ ਪੁਰਸ਼ ਹੋਏ ਹਨ ॥੪॥

(ਜੋ) ਚੌਦਾਂ ਲੋਕਾਂ ਦੇ ਰਾਜ ਨੂੰ ਭਲੀ ਤਰ੍ਹਾਂ ਭੋਗਦੇ ਹਨ, (ਉਨ੍ਹਾਂ ਨੂੰ) ਸੁਪਨੇ ਮਾਤ੍ਰ ਭੀ ਰਾਜ ਮਦ ਦਾ ਤਾਪ ਨਹੀਂ ਚੜ੍ਹਿਆ ਸੀ।

ਮੰਦਿਆਂ ਭਾਗਾਂ ਵਾਲੇ, ਜਿਹੜੇ ਮੁੱਢ ਤੋਂ ਹੀ ਕੰਗਾਲ ਪੁਰਸ਼ ਸਨ, ਉਹ ਮੂਰਖ ਨਾਮ ਮਾਤ੍ਰ ਧਨ ਨੂੰ ਪਾ ਕੇ ਸ਼ਰਾਬ ਪੀਣਾ ਕਰਦੇ ਹਨ ॥੫॥

**ਬੰਧ ਮੁਕਤਿ ਬਿਧਿ ਲਖੇ ਨ ਅੰਧੇ। ਕਨਕ ਬਧੂ ਕੇ ਸੁਖ ਮੋਂ ਬੰਧੇ।**
**ਅਵਿਨੈਵਾਨ ਪਰਮ ਅਭਿਮਾਨੀ ਵਿਆਕੁਲ ਇੰਦ੍ਰੈ ਬੁਧਿ ਵਿਹਾਨੀ ॥੬॥**
**ਕਿੰਚਤ ਸੰਪਤ ਪਾਇ ਦੁਸ਼ਟ ਜਨ। ਕਰਹਿ ਗਰਬ ਅਤਿਤੁਛ ਕ੍ਰਿਪਾਨ ਮਨ।**
**ਖਾਨ ਪਾਨ ਗ੍ਰਹ ਬਸਨਨ ਕੇ ਹਿਤ। ਚਹੋਂ ਖਲੋਂ ਤੇ ਮੈ ਨ ਕਦਾ ਚਿਤ ॥੭॥**

ਐਸੇ ਅੰਨ੍ਹੇ ਹਨ (ਜੋ ਜਨਮ-ਮਰਨ ਰੂਪ) ਬੰਧਨਾਂ ਤੋਂ ਛੁਟਕਾਰਾ ਪਾਨ ਦੀ ਬਿਧੀ ਨੂੰ ਜਾਣਦੇ ਨਹੀਂ ਹਨ, ਤੇ ਇਸਤ੍ਰੀ ਦੇ ਸੁਖਾਂ ਵਿਚ ਬੱਧੇ ਹੋਏ ਹਨ।

(ਅਵਿਨੈ ਵਾਨ) ਨਿਮ੍ਰਤਾ ਤੋਂ ਰਹਿਤ ਤੇ ਬੜੇ ਹੀ ਅਭਿਮਾਨੀ ਹਨ, ਇੰਦ੍ਰੀਆਂ ਵਿਚ ਵਿਆਕੁਲ

ਹੋਣ ਕਰਕੇ ਉਨ੍ਹਾਂ ਦੀ ਬੁੱਧੀ ਨਾਸ ਹੋ ਗਈ ਹੈ ॥੬॥

ਉਹ ਦੁਸ਼ਟ ਪੁਰਸ਼ ਥੋੜੀ ਜਿੰਨੀ ਸੰਪਦਾ ਨੂੰ ਪਾ ਕੇ, ਹੰਕਾਰ ਕਰਦੇ ਹਨ, (ਜੋ) ਮਨ ਦੇ ਕ੍ਰਿਪਣ ਬਿਲਕੁਲ ਤੁਛ ਹਨ।

ਖਾਣ ਪੀਣ ਦੇ ਪਦਾਰਥਾਂ, ਘਰ 'ਤੇ ਕੱਪੜਿਆਂ ਦੇ ਵਾਸਤੇ ਮੈਂ ਉਨ੍ਹਾਂ ਮੂਰਖਾਂ ਤੋਂ ਕਦੇ ਭੀ ਕੁਝ ਨਹੀਂ ਚਾਹੁੰਦਾ ਹਾਂ ॥੭॥

**ਤਿਸ ਵਰ ਕੇ ਭੋਜਨ ਕਰ ਹਮ ਅਲ।**
**ਅਚਨ ਅਰਥ ਅਲ ਮਧੁਰ ਗੰਗ ਜਲ।**
**ਸੈਨ ਹੇਤ ਮਮ ਬਸ ਬਸੁਧਾ ਤਲ।**
**ਚੀਰ ਦਿਗੰਬਰ ਵਲਕਲ ਕਰ ਅਲ ॥੮॥**
**ਕਛੁ ਪੁਰ ਪਤਿ ਅਰ ਨਵ ਧਨੁ ਪਾਏ।**
**ਅਧ ਪਤਿ ਧਨ ਪਤਿ ਜੇ ਗਰਬਾਏ।**
**ਤਾਤੇ ਜਾਚਨ ਕੋ ਦੁਖ ਜੋਊ।**
**ਮੈਂ ਨ ਸਹਾਰ ਸਕੋਂ ਅਬ ਸੋਊ ॥੯॥**

ਚੰਗੇ-ਚੰਗੇ ਭੋਜਨ ਕਰਕੇ ਅਸੀਂ ਰੱਜੇ ਰਹਿੰਦੇ ਹਾਂ, ਪੀਣ ਵਾਸਤੇ ਗੰਗਾ ਦਾ ਪਾਣੀ ਮਿੱਠਾ ਤੇ ਤ੍ਰਿਪਤੀ ਦੇਣ ਵਾਲਾ ਹੈ।

ਮੇਰੇ ਸੌਣ ਵਾਸਤੇ ਬਸ ਧਰਤੀ ਦਾ ਸਥਰ ਹੈ ਕੱਪੜੇ (ਮੇਰੇ) ਦਿਸਾਂ ਰੂਪ ਕੱਪੜੇ ਤੋਂ ਬਣੇ ਹਨ, ਜਾਂ ਭੋਜ ਪੱਤ੍ਰਾਂ ਕਰਕੇ ਅਨੰਦ ਹਾਂ ॥੮॥

(ਜੋ) ਥੋੜ੍ਹੇ ਜਿੰਨੇ ਨਗਰਾਂ ਦਾ ਰਾਜਾ ਹੈ ਅਤੇ ਜਿਹੜੇ ਨਵਾਂ ਹੀ ਧਨ ਪਾ ਕੇ, ਰਾਜੇ ਜਾਂ ਸ਼ਾਹੂਕਾਰ ਹੋ ਕੇ ਹੰਕਾਰ ਕਰਦੇ ਹਨ।

ਉਨ੍ਹਾਂ ਪਾਸੋਂ ਜਾ ਕੇ ਮੰਗਣ ਦਾ ਜੋ ਦੁੱਖ ਹੈ ਉਹ ਦੁੱਖ ਹੁਣ ਮੈਂ ਨਹੀਂ ਸਹਾਰ ਸਕਦਾ ॥੯॥

**ਦੋਹਰਾ**

**ਮੁਕਤਿ ਭੁਗਤਿ ਸੰਜੁਗਤ ਹਰ, ਭਜੋ ਪਰਨ ਫਲ ਖਾਇ।**
**ਪਰ ਨ ਦੁਰ ਜਨੋਂ ਕੇ ਘਰਨ, ਦੇਹ ਸ਼ਬਦ ਕਹੋਂ ਜਾਇ ॥੧੦॥**

ਪੱਤੇ ਤੇ ਫਲ ਖਾ ਕੇ, ਮੁਕਤੀ ਤੇ ਭੁਗਤੀ ਦੇਣ ਵਾਲੇ ਸ਼ਿਵ ਜੀ ਦਾ ਸਿਮਰਨ ਕਰਾਂਗਾ। ਪਰ ਖੋਤੇ ਪੁਰਸ਼ਾਂ ਦੇ ਘਰਾਂ ਅੱਗੇ ਜਾ ਕੇ ਇਹ ਨਹੀਂ ਆਖਣਾ ਚਾਹੁੰਦਾ ਕਿ ਮੈਨੂੰ ਖਾਣ ਵਾਸਤੇ ਕੁਝ ਦੇਵੋ ॥੧੦॥

## ਚੌਪਈ

ਫਲ ਫੁਲਾਦਿ ਸਾਗ ਸਤਵਾ ਬਰ।
ਯਹ ਜੋ ਲਿਆਵੈਂ ਹਮ ਭਿਖਯਾ ਕਰ।
ਅਚਵੋ ਤਹ ਸੁਰਸਰਿ ਜਲ ਪੀਕੇ।
ਸਾਂਤਿ ਕਰੋ ਜਠਰਾ ਗਨਿ ਨੀਕੇ ॥੧੧॥
ਤਾਪੁ ਚਿਤ ਕੋ ਹਰੇ ਜਾਪ ਹਰਿ।
ਲਹੋਂ ਨਿਜਾਤਮ ਸਾਧ ਸੰਗਿ ਕਰਿ।
ਸੁਧਾ ਸ੍ਵਰੂਪ ਬ੍ਰਹਮ ਵਤ ਵੈਦੀ।
ਚਿਤ ਜੜ ਗ੍ਰੰਥ ਸਮੂਲ ਪ੍ਰਭੇਦੀ ॥੧੨॥

ਫਲ ਫੁੱਲ ਜਾਂ ਸਾਗ ਸੱਤੂ ਆਦਿ ਵਸਤੂ ਇਹ ਜੋ ਕੁਝ ਮੈਂ ਭਿਖਯਾ ਕਰਕੇ ਲਿਆਉਂਦਾ ਹਾਂ ਉਸ ਨੂੰ ਖਾਂਦਾ ਹਾਂ, ਗੰਗਾ ਦਾ ਜਲ ਪੀਂਦਾ ਹਾਂ, ਇਸ ਤਰ੍ਹਾਂ ਪੇਟ ਦੀ ਅੱਗ ਨੂੰ ਚੰਗੀ ਤਰ੍ਹਾਂ ਨਾ ਸ਼ਾਂਤ ਕਰ ਲੈਂਦਾ ਹਾਂ ॥੧੧॥

ਸ਼ਿਵ ਜੀ ਦਾ ਸਿਮਰਨ ਚਿਤ ਦੇ ਤਾਪ ਨੂੰ ਨਾਸ ਕਰਦਾ ਹੈ, (ਇਸ ਤਰ੍ਹਾਂ) ਸਾਧ ਸੰਗ ਕਰਕੇ ਆਪ ਆਤਮ ਸਰੂਪ ਨੂੰ ਪ੍ਰਾਪਤ ਕਰ ਰਿਹਾ ਹਾਂ।

ਬ੍ਰਹਮ ਨੂੰ ਜਾਨਣ ਵਾਲੇ (ਵੇਦੀ) ਗਿਆਨਵਾਨ (ਮਹਾਤਮਾਂ ਦਾ ਦਰਸ਼ਨ) ਅੰਮ੍ਰਿਤ ਸਰੂਪ ਹੈ, (ਜਿਨ੍ਹ ਨੇ) ਚੇਤਨ-ਜੜ੍ਹ ਰੂਪ ਗੰਢ ਅਵਿਦਯਾ ਰੂਪ ਮੁੱਢ ਸਮੇਤ ਨਾਸ ਕਰ ਦਿੱਤੀ ਹੈ ॥੧੨॥

ਬਾਣੀ ਜਾਹਿ ਭਵਾਨੀ ਕੇ ਸਮ।
ਸ੍ਰਵਤ ਸੁਧਾਂਕ ਅਹੰ ਬ੍ਰਹਮ ਸਮ।
ਸਰਬ ਗਿਰਾ ਤੇ ਉੱਤਮ ਬਾਨੀ।
ਜਾਂਕੇ ਗਹੇ ਸਰਬ ਦੁਖ ਹਾਨੀ ॥੧੩॥
ਮਧੁ ਤੇ ਖੀਰ ਖਾਂਡ ਘ੍ਰਿਤ ਰਸ ਜਿਉਂ।
ਸ੍ਵਾਦ ਵੰਤ ਅਤਿ ਸੰਤ ਸਬਦ ਤਿਉ।
ਗਿਰਾ ਤਿਨਹੁ ਕੀ ਸ੍ਰਵਣ ਮਨਨ ਕਰਿ।
ਤ੍ਰਿਪਤ ਭਵਤ ਮਮਚਿਤ ਨਿਰੰਤਰਿ ॥੧੪॥

ਸੁਧਾਂਕ-ਚੰਦ੍ਰਮਾਂ ।

ਜਿਸਦੀ ਬਾਣੀ ਸਰਸ੍ਵਤੀ ਦੇ ਸਮਾਨ ਹੈ (ਜਿਸ ਵਿਚੋਂ) "ਅਹੰ ਬ੍ਰਹਮਾਸਮਿ" (ਮਹਾਂ ਵਾਕ ਰੂਪ ਅੰਮ੍ਰਿਤ ਸ੍ਵਦਾ (ਚੋਂਦਾਂ) ਹੈ ।

ਸਾਰੀਆਂ ਬਾਣੀਆਂ ਨਾਲੋਂ (ਇਹ) ਬਾਣੀ ਉਤਮ ਹੈ, ਜਿਸਦੇ ਗ੍ਰਹਿਣ ਕਰਨ ਤੋਂ ਸਾਰੇ ਦੁੱਖ ਨਾਸ ਹੁੰਦੇ ਹਨ ॥੧੩॥

ਜਿਵੇਂ ਸ਼ਹਿਦ, ਖੀਰ, ਖੰਡ, ਘਿਉ ਤੇ ਗੰਨੇ ਦਾ ਰਸ ਸਵਾਦ ਵਾਲਾ ਹੁੰਦਾ ਹੈ, ਤਿਵੇਂ ਹੀ 'ਸੰਤਾਂ' ਦਾ ਸ਼ਬਦ ਅਤਯੰਤ ਸਵਾਦੀ ਹੈ ।

ਉਨ੍ਹਾਂ ਦੀ ਬਾਣੀ ਦਾ ਸ੍ਰਵਣ ਤੇ ਮੰਨਣ ਕਰਨ ਕਰਕੇ, ਮੇਰਾ ਚਿੱਤ ਇਕ ਰਸ ਹੀ ਤ੍ਰਿਪਤ ਹੋਇਆ ਰਹਿੰਦਾ ਹੈ ॥੧੪॥

**ਜਬ ਲਗ ਇਵ ਮਮ ਸਦ ਗੁਣ ਵਰਤਣ।**
**ਬਤ ਲਗ ਧਨ ਹਿਤ ਭਜੋਂ ਨ ਭੂਪਣ।**
**ਭ੍ਰਿਕੁਟੀ ਨੈਨ ਬੈਨ ਮੁਖ ਉਰ ਕਰ।**
**ਭ੍ਰਮਤ ਸਰਬਦਾ ਦਰਬ ਗਰਬ ਕਰ ॥੧੫॥**
**ਸ਼ਿਸ਼ਨੋਦਰ ਪਰ ਧਰਮ ਵਿਹੀਨੇ।**
**ਪਥ ਪਰ ਮਾਰਥ ਪ੍ਰਾਰਥ ਨ ਚੀਨੇ।**
**ਤਾਂ ਪਦਾਂਤ ਹੋਇ ਤਾਂਤੇ ਵਿੱਤਾ।**
**ਕਰੋਂ ਨ ਸੰਗ੍ਰਹ ਭੋਗ ਨਮਿਤਾ ॥੧੬॥**

ਜਿਨ੍ਹਾਂ ਚਿਰ ਇਸ ਤਰ੍ਹਾਂ ਦੇ ਸ੍ਰੇਸ਼ਟ ਗੁਣ ਮੇਰੇ ਵਿਚ ਵਰਤਦੇ ਹਨ, ਤਦ ਤਕ ਮੈਂ ਧਨ ਦੇ ਵਾਸਤੇ ਰਾਜਿਆਂ ਦੀ ਸੇਵਾ ਨਹੀਂ ਕਰਾਂਗਾ ।

(ਜਿਨ੍ਹਾਂ ਦੀਆਂ) ਭਵਾਂ, ਅੱਖਾਂ, ਬਚਨ, ਮੂੰਹ ਤੇ ਛਾਤੀ (ਆਦਿਕ ਸਾਰੇ ਅੰਗ) ਧਨ ਦੇ ਹੰਕਾਰ ਕਰਕੇ ਸਦਾ ਹੀ ਫਿਰਦੇ ਰਹਿੰਦੇ ਹਨ ਅਰਥਾਤ ਜਿਨ੍ਹਾਂ ਦੀਆਂ ਨਵਾਂ ਕਰੋਧ ਨਾਲ ਚੜੀਆਂ ਰਹਿੰਦੀਆਂ, ਅੱਖਾਂ ਲਾਲ ਤੇ ਬਦਨ ਕੌੜੇ ਹਨ, ਮੂੰਹ ਤੋਂ ਪਰਾਈ ਚੁਗਲੀ ਨਿੰਦਾ ਰੂਪ ਝੱਗ ਡਿਗਦੀ ਹੈ ਤੇ ਛਾਤੀ ਹੰਕਾਰ ਨਾਲ ਫੁੱਲੀ ਰਹਿੰਦੀ ਹੈ, ਇਹ ਸਭ ਕੁਝ ਧਨ ਦੇ ਹੰਕਾਰ ਕਰਕੇ ਹੀ ਹੁੰਦਾ ਹੈ ॥੧੫॥

(ਜੋ) ਲਿੰਗ ਤੇ ਪੇਟ ਦੇ ਆਸਰੇ ਹੋ ਕੇ ਧਰਮ ਤੋਂ ਰਹਿਤ ਹਨ, (ਜਿਨ੍ਹਾਂ ਨੇ) ਸਵਾਰਥ ਮਗਰ ਲੱਗ ਕੇ ਪ੍ਰਮਾਰਥ ਦੇ ਮਾਰਗ ਨੂੰ ਜਾਣਿਆ ਨਹੀਂ ਹੈ ਅਰਥਾਣ ਜੋ ਵਿਸ਼ੈ ਅਨੰਤ ਤੇ ਜੀਭ ਦੇ ਸਵਾਦ ਵਿਚ ਗਰਕ ਰਹਿੰਦੇ ਹਨ ਤੇ ਪ੍ਰਮਾਰਥ ਨੂੰ ਜਾਣਦੇ ਨਹੀਂ ਹਨ ।

ਉਨ੍ਹਾਂ ਦਾ (ਪਦਾਂਤ) ਸੇਵਕ ਹੋ ਕੇ, ਉਨ੍ਹਾਂ ਪਾਸੋਂ ਧਨ ਦੀ ਯਾਚਨਾ, ਭੋਗਾਂ ਦੇ ਵਾਸਤੇ ਨਹੀਂ ਕਰਾਂਗਾ ॥੧੬॥

**ਤਾਂਹਿ ਪਾਂਮਰੋਂ ਤੇ ਜਨ ਪਾਂਮਰ।**
**ਚਾਹਤ ਦ੍ਰਵਣ ਜੋ ਸਹਿਤ ਅਨਾਦਰ।**
**ਮਣੀ ਫਣੀ ਕੇ ਸਿਰ ਕੀ ਜੈਸੇ।**
**ਜੋ ਬਾਂਛੇ ਸੋ ਬਾਚੇ ਕੈਸੇ॥੧੭॥**
**ਵਿਸ਼ੈ ਭੋਗ ਕੇ ਹਿਤ ਬਾਛੇ ਵਿਤ।**
**ਧਨ ਕੇ ਹੇਤ ਧਨਾਢਹਿ ਬਾਂਛਿਤ।**
**ਤਾਂਤੇ ਵਿਖੈ-ਮੋਹ ਮੈ ਛੋਰਾ।**
**ਮਨ ਧਨਾਢ ਸੋਂ ਕਾਮ ਨ ਮੋਰਾ॥੧੮॥**

ਪਾਂਮਰੋ-ਨੀਚ ਪੁਰਸ਼ਾਂ। ਦ੍ਰਵਣ-ਧਨ। ਅਨਾਦਰ-ਤਿਰਸਕਾਰ। ਫਣੀ-ਸ਼ੇਸ਼ ਨਾਗ, ਸੱਪ। ਬਾਂਛੇ ਚਾਹੁੰਦਾ ਹੈ। ਵਿਤ-ਧਨ। ਧਨਾਢਹਿ-ਧਨਵਾਨਾਂ ਦੇ। ਬਾਂਛਤ-ਇੱਛਾ ਕਰਦਾ ਹੈ। ਧਨਾਢ-ਧਨੀ ਪੁਰਸ਼ ਉਨ੍ਹਾਂ ਨੀਚ ਪੁਰਸ਼ਾਂ ਨਾਲੋਂ (ਭੀ ਉਹ) ਨੀਚ ਹਨ, ਜੋ ਧਨ ਨੂੰ ਚਾਹੁੰਦੇ ਹਨ ਅਤੇ ਧਨ ਲੈਣ ਲਈ ਬੇਇੱਜ਼ ਹੁੰਦੇ ਹਨ।

ਜਿਵੇਂ ਸੱਪ ਦੇ ਸਿਰ ਦੀ ਮਣੀ ਨੂੰ ਜੋ ਕੋਈ ਲੈਣਾ ਚਾਹੇਗਾ, ਉਹ ਕਿਵੇਂ ਬਚ ਰਹੇਗਾ ? (ਅਰਥਾ ਸੱਪ ਦੀ ਮਣੀ ਲੈਣ ਵਾਲੇ ਨੂੰ ਸੱਪ ਜ਼ਰੂਰ ਨਾਸ ਕਰ ਦੇਂਦਾ ਹੈ ॥੧੨॥

ਵਿਸ਼ੈ ਭੋਗਾਂ ਵਾਸਤੇ (ਜੋ ਪੁਰਸ਼) ਦਨ ਦੀ ਇੱਛਾ ਕਰਦੇ ਹਨ, (ਉਹ) ਧਨ ਦੇ (ਪ੍ਰਾਪਤ ਕਰਨ ਵਾਸਤੇ ਧਨ ਵਾਲੇ ਪੁਰਸ਼ਾਂ ਦੀ ਸੇਵਾ ਕਰਨ ਦੀ ਇੱਛਾ ਕਰਦੇ ਹਨ।

ਇਸ ਵਾਸਤੇ ਮੈਂ ਵਿਸਯਾਂ ਦਾ ਮੋਹ ਛੱਡ ਦਿੱਤਾ ਹੈ, (ਜਿਸ ਕਰਕੇ) ਧਨ ਤੇ ਧਨਵਾਨਾਂ ਨਾਲ ਮੇਰ ਕੋਈ ਕੰਮ ਨਹੀਂ ਹੈ ॥੧੮॥

### ਦੋਹਰਾ

**ਤਨੁ ਰਖਯਾ ਕਰੇ ਗੁਰ ਸਿਖਯਾ ਉਰ ਪੋਖ।**
**ਭੋਗ ਭੂਪ ਮਨ ਮੋਖ ਰਿਪੁ ਮੋਖ ਕਰੇ ਹਿਤੁ ਮੋਖ॥੧੯॥**

ਭਿਖਯਾ (ਦੇ ਅੰਨ ਨਾਲ) ਸਰੀਰ ਦੀ ਰਖਿਆ ਕਰੋ, ਅਤੇ ਗੁਰ ਸਿਖਯਾ (ਦ੍ਵਾਰਾ ਸੰਤੋਖਾਦਿਕ ਗੁਣਾਂ ਨੂੰ ਧਾਰਨ ਕਰਕੇ) ਹਿਰਦੇ ਨੂੰ ਬਲਵਾਨ ਕਰੇ। (ਕਿਉਂਕਿ)

ਭੋਗ, ਰਾਜਾ ਤੇ ਧਨ (ਇਹ ਤਿੰਨੇ ਪਦਾਰਥ) ਮੁਕਤੀ ਦੇ ਵੈਰੀ ਹਨ, (ਇਸ ਵਾਸਤੇ ਮਮੋਖੀ ਪੁਰਸ਼ ਨੂੰ) ਮੁਕਤ (ਪ੍ਰਾਪਤ ਕਰਨ) ਵਾਸਤੇ (ਇਨ੍ਹਾਂ ਦਾ) (ਮੋਖ) ਤਿਆਗ ਕਰਨਾ ਚਾਹੀਦਾ ਹੈ ॥੧੯॥

### ਕਬਿੱਤ

**ਤਜੇ ਦੂਰਾ ਰਾਧ ਸ੍ਵਾਮੀ ਕ੍ਰਿਪਨ ਕੁਮਗ ਗਾਮੀ,**
**ਬਾਜ ਵਤ ਚਲ ਚਿਤ ਭੂਪਨ ਕੇ ਭਾਨੀਐ।**
**ਤਾਤੇ ਮੇ ਸਥੂਲ ਚਾਹਿ ਪੂਰੀ ਹੋਤ ਤਾਂਹਿ ਨਾਹਿ,**
**ਲਾਯੋ ਮਨ ਤਾਹਿ ਮਾਹਿ ਪਦ ਜੋ ਮਹਾਨੀਐ।**
**ਜਰਾ ਹਰੇ ਕਾਇ ਹਰੇ ਕਾਲ ਸਮੁਦਾਇ ਪ੍ਰਾਨ,**
**ਤਾਂਤੇ ਤਪੁ ਕਰੋ ਸੇਖ ਵਿਦੁਖੋ ਬਖਾਨੀਐ।**
**ਤਪੁ ਬਿਨਾ ਆਨ ਮਗੁ ਸ੍ਰੇਯ ਕੋ ਨ ਮਧ ਜਗੁ,**
**ਤਪੁ ਨਾਮ ਚਿਤ ਕੀ ਇਕਾਗ੍ਰਤਾ ਕੋ ਜਾਨੀਐ ॥੨੦॥**

ਦੁਰਾਰਾਧ-ਜਿਨ੍ਹਾਂ ਦੀ ਅਰਾਧਨਾ ਕਠਨ ਹੈ, ਰਾਜੇ ਵਗੈਰਾ। ਕੁਮੱਗ-ਬੁਰਾ ਰਸਤਾ। ਗਾਮੀ-ਜਾਨ ਵਾਲਾ, ਬਦਕਾਰ ਕਰਨ ਵਾਲਾ। ਚਲ-ਚੰਚਲ। ਮੈਂ-ਮੇਰੀ। ਸਥੂਲ-ਮੋਟੀ, ਵੱਡੀ। ਜਰਾ-ਬਿਰਧ। ਉਮਰਾ। ਹਰੇ-ਨਾਸ ਕਰ ਰਹੀ ਹੈ। ਕਾਇ-ਦੇਹ, ਸਰੀਰ। ਕਾਲ-ਮੌਤ, ਸਮਾਂ। ਸਖੇ-ਹੇ ਮਿਤ੍ਰ। ਵਿਦਖੋ-ਵਿਦਵਾਨ ਪੁਰਸ਼ਾਂ। ਆਨ ਮਗੁ-ਹੋਰ ਰਸਤਾ। ਸ੍ਰੇਯ-ਮੁਕਤੀ।

ਜਿਨ੍ਹਾਂ ਦੀ ਅਰਾਧਨਾ ਕਰਨੀ ਔਖੀ ਹੈ। (ਉਹ) ਸ੍ਵਾਮੀ (ਭਾਵ ਰਾਜੇ ਲੋਕ) ਮੈਂ ਛੱਡ ਦਿੱਤੇ ਹਨ, ਕਿਉਂਕਿ ਉਹ) ਸ਼ੂਮ ਹਨ, ਬੁਰੇ ਰਾਹਾਂ ਪੁਰ ਆਣ ਵਾਲੇ ਹਨ, ਅਤੇ (ਉਨ੍ਹਾਂ) ਰਾਜੇ ਲੋਕਾਂ ਦੇ ਚਿਤ ਬਾਜ ਵਾਂਗੂ ਚੰਚਲ ਜਾਣੇ ਗਏ ਹਨ।

ਉਨ੍ਹਾਂ ਪਾਸੋਂ ਮੇਰੀ ਜੋ ਵੱਡੀ ਇੱਛਾ (ਪੰਜ ਸੱਤ ਹਜ਼ਾਰ ਦੀ) ਹੈ, ਉਹ ਪੂਰੀ ਨਹੀਂ ਹੋਣੀ) ਇਸ ਲਈ ਮੈ) ਮਨ ਨੂੰ ਉਸ ਵਿਚ ਜੋੜਿਆ ਹੈ, ਜੋ ਮਹਾਨ ਪਦ (ਜਾਂ ਆਤਮ ਪਦ) ਹੈ।

ਬ੍ਰਿਧ ਉਮਰਾ ਸਰੀਰ ਨੂੰ ਨਾਸ ਕਰੀ ਜਾਂਦੀ ਹੈ ਅਤੇ ਸਮਾਂ (ਰੋਜ਼ ਦਾ ਰੋਜ਼) ਪ੍ਰਾਣ ਦੇ ਸਮੁਦਾਯ ਨੂੰ ਨਾਸ ਕਰਦਾ ਜਾਂਦਾ ਹੈ, ਇਸ ਲਈ ਹੇ ਮਿੱਤਰ ਤਪ ਨੂੰ ਕਰ, ਇਹ ਗਲ ਪੰਡਤ ਲੋਕਾਂ ਨੇ ਕਹੀ ਹੈ। (ਕਿਉਂਕਿ)

ਤਪ ਤੋਂ ਬਿਨਾਂ ਹੋਰ ਕੋਈ ਰਸਤਾ ਮੁਕਤੀ ਦਾ ਜਗਤ ਵਿਚ ਨਹੀਂ ਹੈ, ਅਤੇ ਚਿਤ ਦੀ ਇਕਾਗ੍ਰਤਾ ਦਾ ਨਾਮ ਹੀ ਤਪ ਜਾਨਣਾ ਚਾਹੀਦਾ ਹੈ ॥੨੦॥

### ਸ੍ਵੈਯਾ

**ਸਰੁਤਿ ਬੋਧ ਵਿਰੋਧ ਨਿਵਾਰਨ ਕਾਰਨ,**
**ਪ੍ਰਾਕ ਹੁਤੋ ਸੁ ਸਖਾ ਸੁ ਜਨਾਕੋ।**

**ਕਛੁ ਕਾਲ ਗਸੇ ਰਿਸੀਆਨ ਦਏ ਸੁਖ,**
**ਭੋਗ ਕੇ ਭਾਲ ਨਮਿਤ ਧਨਾਕੋ।**
**ਅਤਿ ਖੇਦ ਸੁਵਿਦਿਆ ਅਵਿਦਿਆ ਭਈ,**
**ਮੋਖ ਨਭੋਗ ਜਨੇ ਪੁਰਸਾ ਕੋ।**
**ਪ੍ਰਤਿ ਬਾਸਰ ਜਾਤ ਅਧੇ ਕੋ ਅਧੇ ਖਲ,**
**ਵੇਦ ਵਿਰੁਧ ਵਿਲੋਕ ਨ੍ਰਿਪਾਂ ਕੋ ॥੨੧॥**

ਸੁਰਤਿ ਬੋਧ-ਸ਼ਾਸਤ੍ਰ ਗਿਆਨ। ਵਿਰੋਧ-ਦਵੈਸ਼। ਪ੍ਰਾਕ-ਪਹਿਲੇ ਸਮੇਂ ਵਿਚ। ਸੁ ਸਖਾ-ਸਰੇਸ਼ਟ ਮਿੱਤ੍ਰ। ਸੁ ਜਨਾ ਕੋ-ਭਲੇ ਪੁਰਸ਼ਾਂ ਦਾ। ਰਿਸੀਆਨ-ਰਿਸ਼ੀ ਲੋਕਾਂ ਜਨੇ-ਪੈਦਾ ਕਰਦੀ ਹੈ। ਅਤਿ ਖੇਦ-ਵੱਡਾ ਦੁੱਖ। ਪ੍ਰਤਿ ਬਾਸਰ-ਦਿਨ ਬਦਿਨ, ਰੋਜ਼ ਦਾ ਰੋਜ਼। ਅਧੇ ਕੋ ਅਧੇ-ਹੇਠਾਂ ਤੋਂ ਹੇਠਾਂ ਨੂੰ। ਵਿਲੋਕ-ਵੇਖ ਕੇ।

ਪਹਿਲੇ ਸਮੇਂ ਵਿਚ ਸ਼ਾਸਤ੍ਰ ਗਿਆਨ ਦਵੈਸ਼ ਦੇ ਦੂਰ ਕਰਨ ਦੇ ਵਾਸਤੇ ਸੱਜਣ ਪੁਰਸ਼ਾਂ ਦਾ ਸ੍ਰੇਸ਼ਟ ਮਿੱਤ੍ਰ ਹੁੰਦਾ ਸੀ। ਕੁਝ ਸਮਾਂ ਗੁਜ਼ਰ ਜਾਣ ਪਿਛੋਂ (ਉਹ ਗਿਆਨ) ਰਿਖੀ ਲੋਕਾਂ ਨੂੰ ਦਿੱਤਾ ਗਿਆ, (ਜਿਸ ਕਰਕੇ ਉਨ੍ਹਾਂ ਨੇ) ਭੋਗ ਸੁਖ ਦੀ ਭਾਲ (ਢੂੰਡ) ਵਾਸਤੇ ਧਨਵਾਨਾਂ ਦਾ ਬੂਹਾ ਜਾ ਮੱਲਿਆ।

ਵੱਡੇ ਦੁੱਖ (ਦੀ ਗੱਲ ਹੈ, ਕਿ ਹੁਣ) ਉਹ ਵਿਦਯਾ ਅਵਿਦਯਾ ਹੋ ਗਈ ਹੈ, (ਕਿਉਂਕਿ) ਹੁਣ ਉਹ ਪੁਰਸ਼ਾਂ ਨੂੰ ਨਾ ਭੋਗ ਤੇ ਨਾ ਹੀ ਮੋਖ ਪੈਦਾ ਕਰਦੀ ਹੈ।

ਇਹ ਰੋਜ਼ ਦਾ ਰੋਜ਼ ਹੇਠਾਂ ਤੋਂ ਹੇਠਾਂ ਨੂੰ ਤੁਰੀ ਜਾਂਦੀ ਹੈ, ਮੂਰਖ ਰਾਜਿਆਂ ਨੂੰ ਵੇਦ ਤੋਂ ਉਲਟ (ਕਰਮ ਕਰਦਿਆਂ) ਵੇਖਕੇ (ਇਹ ਨਿਸ਼ਚਾ ਹੁੰਦਾ ਹੈ) ॥੨੧॥

### ਚੌਪਈ

**ਪੁਰਾ ਮਾਤ ਵਤ ਥੀ ਵਿਦ ਵਿੱਤਾ।**
**ਪੁਰਖੋਂ ਕੇ ਕਲਿਆਨ ਨਮਿੱਤਾ।**
**ਸੁਜਨੋ ਪਢੇ ਮੁਕਤਿ ਹਿਤ ਵੇਦਾ।**
**ਤਿਨਹੁ ਜਨਯੋ ਤਿਹ ਉਰ ਨਿਰ ਵੇਦਾ ॥੨੨॥**
**ਸ੍ਵਾਰਥ ਸਿਧਾਰਥ ਵੈਰਾਗਹਿ।**
**ਜਨਯੋ ਵਿਵੇਕ ਸਖਾ ਤਿਹ ਜਾਗਹਿ।**
**ਯੁਗਲ ਸਖੇ ਮਿਲ ਹਰਯੋ ਯੁਗਮ ਭ੍ਰਮ।**

# ਜਿਉਂ ਰਵਿ ਦ੍ਰਿਗ ਤਮ ਹਰਤ ਬਿਨਾ ਸ੍ਰਮ ॥੨੩॥

ਪੂਰਾ-ਪੂਰਬ ਕਾਲ, ਪਹਿਲੇ ਸਮੇਂ ਵਿਚ। ਨਿਰਵੇਦਾਂ-ਵੈਰਾਗ। ਜਨਯੋ ਪੈਦਾ ਕੀਤਾ। ਵਿਦਵੱਤਾ ਪੰਡਤਾਈ। ਸਵਾਰਥ ਆਪਣਾ ਮਤਲਬ। ਸਿਧਾਰਥ-ਪੂਰਾ ਕਰਨ ਵਾਸਤੇ। ਜਨਯੋ ਪੈਦਾ ਕੀਤਾ। ਜੁਗਲ-ਦੋਹਾਂ। ਜੁਗਮ-ਦੋਹਾਂ (ਜੀਵ-ਈਸ਼ਵਰ) ਵਿਚਲਾ। ਰਵਿ-ਸੂਰਜ। ਦ੍ਰਿਗ-ਨੇਤ੍ਰ, ਅੱਖਾਂ।

ਪਹਿਲੇ ਸਮੇਂ ਵਿਚ ਵੇਦ ਵਿਦਯਾ ਮਾਤਾ ਵਰਗੀ ਸੀ, (ਜੋ) ਪੁਰਸ਼ਾਂ ਦੇ ਕਲਿਆਨ ਵਾਸਤੇ (ਪੜ੍ਹੀ ਜਾਂਦੀ ਸੀ)। ਸੱਜਣ ਪੁਰਸ਼ਾਂ ਨੇ ਮੁਕਤੀ (ਪ੍ਰਾਪਤ ਕਰਨ) ਵਾਸਤੇ ਵੇਦ ਪੜ੍ਹੇ ਸਨ, ਉਸ ਵੇਦ ਵਿਦਯਾ ਨੇ ਉਨ੍ਹਾਂ ਦੇ ਹਿਰਦੇ ਵਿਚ ਵੈਰਾਗ ਨੂੰ ਪੈਦਾ ਕੀਤਾ ਸੀ ॥੨੨॥

ਵੈਰਾਗ ਨੇ ਆਪਣੇ ਮਤਲਬ ਨੂੰ ਪੂਰਾ ਕਰਨ ਵਾਸਤੇ ਉਸ ਜਗ੍ਹਾ ਉਤੇ ਵਿਵੇਕ ਮਿਤ੍ਰ ਨੂੰ ਪੈਦਾ ਕੀਤਾ ਸੀ। (ਫਿਰ) ਦੋਹਾਂ ਮਿਤ੍ਰਾਂ (ਵੈਰਾਗ-ਵਿਵੇਕ) ਨੇ ਮਿਲ ਕੇ ਦੋਹਾਂ (ਜੀਵ ਈਸ਼ਵਰ) ਵਿਚਲਾ ਭਰਮ ਨਾਸ਼ ਕਰ ਦਿੱਤਾ। ਜਿਵੇਂ ਸੂਰਜ ਤੇ ਅੱਖਾਂ (ਮਿਲਕੇ) ਕਸ਼ਟ ਤੋਂ ਬਿਨਾਂ ਹੀ ਹਨੇਰੇ ਨੂੰ ਨਾਸ ਕਰ ਦੇਂਦੇ ਹਨ ॥੨੩॥

**ਸਾਸਤ੍ਰ ਗਯਾਨ ਇਉਂ ਬੰਧਨ ਹਰਤਾ।**
**ਪੂਰਬ ਭਯੋ ਮੁਕਤਿ ਕੋ ਕਰਤਾ।**
**ਕਿੰਚਤ ਕਾਲ ਬਿਤੀਤ ਭਯੋ ਜਬ।**
**ਵਹੀ ਬੋਧ ਜਨ ਮੁਗਧਨ ਕੋ ਤਬ ॥੨੪॥**
**ਵਿਖਯ ਸੁਖੋਂ ਕੇ ਸਿਧਿ ਨਮਿਤਾ।**
**ਹੋਤ ਭਯੋ ਕ੍ਰਮ ਕਰਤਤ ਵਿਤਾ।**
**ਤਿਨੋ ਜਨੋ ਜਬ ਤੰਤ੍ਰ ਅਧੀਤੇ।**
**ਕਰਤ ਭਏ ਨ੍ਰਿਪ ਸਰਬ ਸਪ੍ਰੀਤੇ ॥੨੫॥**

ਸ਼ਾਸਤ੍ਰ ਗਿਆਨ ਇਸ ਤਰ੍ਹਾਂ ਬੰਧਨ ਨਾਸ ਕਰਦਾ ਸੀ, ਪਹਿਲੇ ਸਮੇਂ ਵਿਚ ਇਹ ਮੁਕਤੀ ਦੇ ਕਰਨ ਵਾਲਾ ਸੀ। ਜਦ ਥੋੜ੍ਹਾ ਜੇਹਾ ਸਮਾਂ ਹੋਰ ਬੀਤ ਗਿਆ, ਤਦ ਓਹੀ ਸ਼ਾਸਤ੍ਰ ਗਿਆਨ ਮੂਰਖਾਂ ਨੂੰ (ਪ੍ਰਾਪਤ ਹੋ ਗਿਆ ॥੨੪॥ ਜਿਸ ਕਰਕੇ :—

ਵਿਸ਼ਯ ਭੋਗਾਂ ਦੇ ਪ੍ਰਾਪਤ ਕਰਨ ਵਾਸਤੇ, ਉਹ ਸ਼ਾਸਤ੍ਰ ਗਿਆਨ (ਕ੍ਰਮ) ਹੌਲੀ-ਹੌਲੀ ਧਨ, ਵਰਗਾ ਹੁੰਦਾ ਗਿਆ (ਅਰਥਾਤ ਜਿਵੇਂ ਧਨੀ ਲੋਕ ਵਿਸ਼ੇ ਭੋਗੀ ਹੋ ਗਏ ਸਨ, ਤਿਵੇਂ ਸ਼ਾਸਤ੍ਰ ਗਿਆਨੀ ਲੋਕ ਭੀ ਵਿਸ਼ਿਆਂ ਪ੍ਰਾਇਣ ਹੁੰਦੇ ਗਏ)।

ਜਦ ਉਨ੍ਹਾਂ (ਮੂਰਖ ਤੇ ਲਾਲਚੀ ਪੰਡਤਾਂ) ਨੇ ਤੰਤ੍ਰ ਸ਼ਾਸਤ੍ਰ (ਅਧੀਤੇ) ਪੜ੍ਹ ਲਏ (ਤਦ) ਸਾਰੇ ਹੀ ਰਾਜੇ ਲੋਕ ਉਨ੍ਹਾਂ ਨਾਲ ਪ੍ਰੀਤੀ ਕਰਨ ਲੱਗ ਪਏ ॥੨੫॥

### ਚੌਪਈ

ਗੁਰ ਗੋ ਬਿਪ੍ਰਨ ਦਰਸ਼ਨ ਮਾਂਹੀ।
ਤ੍ਰਿਧਾ ਅਨਨਯ ਭਗਤਿ ਉਰ ਜਾਹੀਂ।
ਧਰਮੀ ਸਤਵਾਦੀ ਮਨ ਦਾਯਾ।
ਸੁਭ ਗੁਣ ਮੰਦਰ ਅਸਨਰਰਾਯਾ ॥੨੬॥
ਤਾਂਤੇ ਆਮਨਾਯ ਸੁਣ ਸਾਦਰ।
ਦੇਤ ਦਰਬ ਬਹੁ ਜਿਉਂ ਜਲ ਬਾਦਰ।
ਇਵ ਭੋਗਨ ਕੋ ਕਾਰਣ ਹੋਈ।
ਅਹੋ ਖੇਦ ਅਬ ਵਿਦਿਆ ਸੋਈ ॥੨੭॥

ਗੁਰੂ, ਗਊ, ਬ੍ਰਾਹਮਣਾਂ ਤੇ ਸ਼ਾਸਤ੍ਰ ਵਿਚ ਤਿੰਨ ਤਰ੍ਹਾਂ (ਮਨ, ਬਾਣੀ, ਸਰੀਰ). ਕਰਕੇ ਅਨਿੰਨ ਭਗਤੀ ਜਿਨ੍ਹਾਂ ਦੇ ਹਿਰਦੇ ਵਿਚ ਸੀ।

ਧਰਮ ਵਾਲੇ, ਸੱਚ ਬੋਲਣ ਵਾਲੇ (ਤੇ ਜਿਨ੍ਹਾਂ ਦੇ) ਮਨ ਵਿਚ ਦਯਾ ਸੀ, ਇਸ ਤਰ੍ਹਾਂ ਦੇ ਸ਼ੁਭ ਗੁਣਾਂ ਦੇ ਮੰਦਰ (ਰੂਪ ਜੋ) ਰਾਜੇ ਲੋਕ ਸਨ ॥੨੬॥

ਇਸ ਕਰਕੇ ਆਦਰ ਦੇ ਸਹਿਤ ਆਮਨਾਯ ਸ਼ਾਸਤ੍ਰ ਸੁਣਦੇ ਸਨ, ਅਤੇ (ਇਸ ਤਰ੍ਹਾਂ) ਬਹੁਤ ਸਾਰਾ ਧਨ ਦੇਂਦੇ ਸਨ, ਜਿਵੇਂ ਬੱਦਲ ਪਾਣੀ (ਬਰਸਾਂਦਾ ਹੈ)।

(ਜੋ) ਇਸ ਤਰ੍ਹਾਂ (ਦੀ ਪ੍ਰਭਾਵਸ਼ਾਲੀ ਵਿਦਯਾ ਸੀ) ਓਹੀ ਵਿਦਯਾ ਹੁਣ ਭੋਗਾਂ ਦਾ ਕਾਰਣ ਹੋ ਗਈ ਹੈ, (ਇਸ ਗਲ ਦਾ) ਬੜਾ ਭਾਰੀ ਦੁਖ ਹੈ ॥੨੭॥

### ਚੌਪਈ

ਦਿਨ ਦਿਨ ਅਧੇ ਅਧੇ ਕੋ ਧਾਵੇ।
ਮੁਕਤਿ ਭੁਗਤਿ ਨਹਿ ਉਭੈ ਉਪਾਵੈ।
ਯਾਂ ਮੈਂ ਅਵਰ ਨ ਕਰਨ ਕੋਊ।
ਖਿਤ ਤਲ ਭੁਗਤਾ ਨ੍ਰਿਪ ਗਣ ਜੋਊ ॥੨੮॥
ਕ੍ਰਿਪਣ ਅਭਗਤ ਮੁਗਧ ਅਤਿ ਪਾਪੀ।
ਦੁਰਗਮ ਗਾਮੀ ਮ੍ਰਿਖਾ ਅਲਾਪੀ।

**ਸ਼ਾਸਤ੍ਰੋਂ ਮਾਹਿ ਨਾਹਿ ਰਤਿ ਰਾਈ।**
**ਅਗੁਣ ਅਜਸ ਨਿਧਿ ਅਸ ਨਰ ਰਾਈ ॥੨੯॥**

ਓਹ ਵਿਦਯਾ) ਦਿਨੋਂ-ਦਿਨ ਹੇਠਾਂ ਹੀ ਹੇਠਾਂ ਨੂੰ (ਤੁਰੀ) ਜਾਂਦੀ ਹੈ, ਮੁਕਤਿ-ਭੁਗਤਿ ਦੋਹਾਂ ਨੂੰ ਪੈਦਾ ਹੀ ਨਹੀ ਕਰਦੀ।

ਇਸ ਵਿਚ ਹੋਰ ਕੋਈ ਕਾਰਨ ਨਹੀਂ ਹੈ, ਪ੍ਰਿਥਵੀ ਦਾ ਭੋਗ ਕਰਨ ਵਾਲੇ ਜੋ ਰਾਜੇ ਲੋਕ ਹਨ ॥੨੮॥

ਉਸ ਸਾਰੇ ਹੀ) ਸ਼ੂਮ ਹਨ, ਭਗਤੀ ਤੋਂ ਹੀਨੇ ਹਨ, ਮੂਰਖ ਤੇ ਮਹਾਂ ਪਾਪੀ ਹਨ, ਵੇਦ ਵਿਰੁੱਧ ਰਸਤਿਆਂ ਵਿਚ ਜਾਣ ਵਾਲੇ ਹਨ ਅਤੇ ਝੂਠੇ ਬਚਨ ਬੋਲਣ ਵਾਲੇ ਹਨ।

ਸ਼ਾਸਤ੍ਰਾਂ ਵਿਚ ਰਾਈ ਜਿੰਨੀ ਭੀ (ਉਨ੍ਹਾਂ ਦੀ) ਪ੍ਰੀਤੀ ਨਹੀਂ ਹੈ, ਔਗੁਣ ਤੇ ਅਪਜਸ ਦੀ ਨਿਧਿ ਹਨ, ਰਾਜੇ ਲੋਕ ਇਸ ਤਰ੍ਹਾਂ ਦੇ ਹਨ ॥੨੯॥

**ਸੋ ਅਬ ਵਿਦਯਾ ਦੇਖ ਤਿਨਾਂ ਕੋ।**
**ਨਾਹਿ ਭੁਗਤਿ ਕੀ ਦੇਤ ਜਨਾ ਕੋ।**
**ਸ੍ਰਵਨ ਕਰਤ ਨਹਿਂ ਪੜ੍ਹਤ ਨ ਆਪਹਿ।**
**ਕਬਹੂੰ ਕਹੂੰ ਪੁੰਨ ਪਰਤਾਪਹਿ ॥੩੦॥**
**ਕਿੰਚਤ ਕਥਾ ਸਮਾਗਮ ਬਨ ਹੈ।**
**ਸੁਨਤ ਅਰੁਚਿ ਨਹਿ ਤਾਮੈ ਮਨ ਹੈ।**
**ਚਿੱਤ ਭ੍ਰਮਤ ਭਵ ਅਰਥਨ ਮਾਂਹੀ।**
**ਕਥਾ ਅਰਥ ਕਿਛ ਬੂਝਤ ਨਾਹੀਂ ॥੩੧॥**

ਵੇਖਦੇ ਹਾਂ ਹੁਣ ਉਹ ਵਿਦਯਾ ਉਨ੍ਹਾਂ ਪੁਰਸ਼ਾਂ ਨੂੰ ਭੋਗ ਦੇ ਪਦਾਰਥ ਭੀ ਨਹੀਂ ਦੇਂਦੀ ਹੈ। ਨਾ ਹੀ ਸੁਣਨਾ ਕਰਦੇ ਹਨ ਨਾ ਹੀ ਆਪ ਪੜ੍ਹਦੇ ਹਨ, ਜੇ ਕਦੇ ਕਿਧਰੇ ਕਿਸੇ ਪੁੰਨ ਦੇ ਪ੍ਰਤਾਪ ਕਰਕੇ ॥੩੦॥

ਥੋੜ੍ਹਾ-ਬਹੁਤ ਕਥਾ ਦਾ ਸਮਾਗਮ ਬਣ ਜਾਵੇ ਤਾਂ ਪ੍ਰੀਤੀ ਤੋਂ ਬਿਨਾਂ (ਹੋ ਕੇ ਕਥਾ) ਸੁਣਦੇ ਹਨ, (ਪਰ) ਉਸ ਵਿਚ ਉਨ੍ਹਾਂ ਦਾ ਮਨ ਨਹੀਂ ਲੱਗਾ ਹੁੰਦਾ।

ਸੰਸਾਰ ਦੇ ਪਦਾਰਥਾਂ ਵਿਚ ਉਨ੍ਹਾਂ ਦਾ ਚਿਤ ਫਿਰਦਾ ਰਹਿੰਦਾ ਹੈ, (ਇਸ ਵਿਚ) ਕਥਾ ਦੇ ਅਰਥ ਦੀ ਕੁਝ ਸਮਝ ਨਹੀਂ ਹੁੰਦੀ ਹੈ ॥੩੧॥

**ਅਰੁ ਸਰਧਾਂ ਬਿਨ ਜਨ ਕਛੁ ਦਰਬਹਿ।**
**ਦੇਹ ਤਾਂਹਿ ਕੋ ਤਬ ਅਤਿ ਗਰਬਹਿ।**
**ਵਕਤਾ ਕੋ ਅਨੁਚਰ ਵਤ ਜਾਨੇ।**

**ਤਾਂਤੇ ਕਰਤ ਨ ਅਤਿ ਸਨਮਾਨੇ ॥੩੨॥**
**ਅਰੁ ਵਕਤਾ ਕੀ ਇਛਾ ਜੋ ਹੈ।**
**ਤਾਂਤੇ ਤ੍ਰਿਪਤਿ ਕਦਾਪਿ ਨ ਹੋ ਹੈ।**
**ਤਾਂਤੇ ਜੋ ਬੁਧਿਮਾਨ ਅਹੇ ਜਨ।**
**ਭੂਪਨ ਭਵਨੇ ਗਵਨ ਕਰੇ ਜਿਨ ॥੩੩॥**

ਅਤੇ ਸ਼ਰਧਾ ਤੋਂ ਬਿਨਾਂ ਜਦ ਕੁਝ ਧਨ ਉਨ੍ਹਾਂ (ਕਥਾਵਾਚਕਾਂ) ਨੂੰ ਦੇਂਦੇ ਹਨ, ਤਦ (ਮਨ ਵਿਚ) ਬੜਾ ਹੰਕਾਰ ਕਰਦੇ ਹਨ।

ਕਥਾਵਾਚਕ ਨੂੰ ਨੌਕਰ ਸਮਾਨ ਕਰਕੇ ਜਾਣਦੇ ਹਨ, ਇਸ ਕਰਕੇ ਉਸਦਾ ਕੋਈ ਬਹੁਤਾ ਸਤਿਕਾਰ ਨਹੀਂ ਕਰਦੇ ॥੩੨॥

ਅਤੇ ਕਥਾਵਾਚਕ ਦੀ ਜੋ ਇੱਛਾ ਹੁੰਦੀ ਹੈ, ਇਸੇ ਕਰਕੇ ਉਹ ਭੀ ਕਦੇ ਉਨ੍ਹਾਂ ਦੀ ਪੂਰੀ ਨਹੀਂ ਹੁੰਦੀ ਹੈ।

ਜਿਸ ਵਾਸਤੇ ਜਿਹੜੇ ਸਿਆਣੇ ਪੁਰਸ਼ ਵਿਦਵਾਨ ਹਨ (ਉਹ) ਰਾਜਿਆਂ ਦੇ ਘਰ ਕਦੇ ਭੀ ਜਾਣਾ ਨਹੀਂ ਕਰਦੇ ॥੩੩॥

### ਦੋਹਰਾ

**ਨਿਰਦੂਖਨ ਭੂਖਨ ਮਹਾ ਰੂਖਨ ਸੇਵਹਿ ਸੋਇ।**
**ਤਬੈ ਤਨੈ ਵਿਦਯਾ ਜਨੈ ਭੁਗਤਿ ਮੁਕਤਿ ਸ਼ੁਭ ਦੋਇ ॥੩੪॥**

(ਜੋ ਮਾਨ ਭੰਗ ਆਦਿਕ) ਦੂਸ਼ਨਾਂ ਤੋਂ ਰਹਿਤ, ਮਹਾਂ (ਪੁਰਸ਼ਾਂ ਦਾ) ਭੂਖਨ (ਰੂਪ ਦਰਖਤ ਹਨ) (ਮੁਕਤੀ ਇੱਛਾਵਾਨ ਵਿਦਵਾਨ ਪੁਰਖ) ਉਨ੍ਹਾਂ ਰੁਖਾਂ ਦਾ ਸੇਵਨ ਕਰਦੇ ਹਨ, (ਅਰਥਾਤ ਉਨ੍ਹਾਂ ਦੇ ਆਸਰੇ ਰਹਿਕੇ, ਉਨ੍ਹਾਂ ਦਾ ਫਲ ਖਾਂਦਿਆਂ ਹੋਇਆਂ ਸਿਮਰਨ ਤੇ ਤਪ ਕਰਦੇ ਹਨ)। ਤਦ ਵਿਦਯਾ ਭਗਤੀ ਤੇ ਮੁਕਤੀ (ਰੂਪ) ਦੋਵੇਂ ਸ਼ੁਭ ਪੁਤ੍ਰ ਪੈਦਾ ਕਰਦੀ ਹੈ (ਅਰਥਾਤ ਜਦ ਸ਼ਾਸਤ੍ਰ ਵਿਚਾਰ ਕਰਨ ਤੋਂ ਵਿਦਵਾਨ ਨੂੰ ਸੰਤੋਖ ਦੀ ਪ੍ਰਾਪਤੀ ਹੋ ਗਈ ਤਾਂ ਉਸਨੇ ਰਾਜਿਆਂ ਦਾ ਡਰ ਛਡਕੇ, ਬਨ ਦੇ ਫਲਾਂ ਮੂਲਾਂ ਨੂੰ ਖਾਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਹਰੀ ਸਿਮਰਨ ਰੂਪ ਭਗਤੀ ਪੈਦਾ ਹੋ ਗਈ ਤੇ ਭਗਤੀ ਕਰਦਿਆਂ ਹੋਇਆਂ ਭਗਵੰਤ ਦੀ ਪ੍ਰਾਪਤ ਰੂਪ ਮੁਕਤੀ ਦਾ ਮਿਲ ਜਾਣਾ ਨਿਸਚਿਤ ਹੈ) ॥੩੪॥

### ਸੋਰਠਾ

**ਵਿਦਯਾ ਬਦੂ ਪ੍ਰਸੂਤ ਸਾਂਤਿ ਧੁਨੀ ਭੂਮੇ ਭਵਤ।**
**ਜਨੇ ਪ੍ਰਬੋਧ ਸਪੂਤ ਹਨੇ ਕਲੇਸ਼ ਅਸ਼ੇਸ਼ ਤਬ ॥੩੫॥**

ਜਿਥੇ ਕਿਸੇ ਤਰ੍ਹਾਂ ਦਾ ਭੀ ਖੜਕਾ-ਦੜਕਾ ਨਹੀਂ ਹੁੰਦਾ ਇਸ ਤਰ੍ਹਾਂ ਦੀ (ਜੋ) ਸ਼ਾਂਤ ਧੁਨੀ ਰੂਪ ਧਰਤੀ ਹੈ, ।ਇਸ ਤਰ੍ਹਾਂ ਦੇ ਸ਼ਾਂਤਿ ਧੁਨੀ ਰੂਪ ਧਰਤੀ ਸਰੂਪ ਘਰ ਵਿਚ ਵਿਦਯਾ ਰੂਪ ਇਸਤ੍ਰੀ ਪ੍ਰਸੂਤ ਹੁੰਦੀ ਹੈ

(ਜਿਸ) ਪ੍ਰਬੋਧ ਪੁਤ੍ਰ ਨੂੰ (ਵਿਦਯਾ) ਪੈਦਾ ਕਰਦੀ ਹੈ, (ਉਹ) ਆਤਮ ਬੋਧ ਰੂਪ ਪੁਤ੍ਰ ਖਾਸ ਕਰਕੇ ਸਾਰੇ ਦੁੱਖਾਂ-ਕਲੇਸ਼ਾਂ ਨੂੰ ਨਾਸ ਕਰਦਾ ਹੈ ॥੩੫॥

### ਦੋਹਰਾ

## ਭਯੋ ਗਰਬ ਬਹੁ ਨ੍ਰਿਪਨ ਕੋ ਬਰਨੋ ਕਿੰ ਸਮ ਸੋਇ।
## ਕੇਵਲ ਬ੍ਰਿਥਾ ਨਮਿੱਤ ਬਿਨ ਜੜਤਾ ਸੂਚਕ ਹੋਇ ॥੩੬॥

ਰਾਜਿਆਂ ਨੂੰ ਜੋ ਬਹੁਤਾ ਹੰਕਾਰ ਹੋ ਗਿਆ ਹੈ, ਉਸ ਹੰਕਾਰ ਨੂੰ ਕਿਸੇ ਸਮਾਨ ਵਰਨਣ ਕਰੀਏ। (ਇਨ੍ਹਾਂ ਦਾ ਹੰਕਾਰ)

ਬਿਲਕੁਲ ਬਿਰਥਾ ਹੈ, (ਯੱਗ, ਪੁੰਨ ਆਦਿਕ ਕਰਮ ਜਾਂ ਤ੍ਰਿਲੋਕੀ ਦੇ ਰਾਜ ਆਦਿਕ) ਕਾਰਣਾਂ ਬਿਨਾਂ, (ਇਨ੍ਹਾਂ ਦੀ) ਮੂਰਖਤਾਈ ਦਾ ਹੀ ਸੂਚਕ ਹੁੰਦਾ ਹੈ, (ਅਰਥਾਤ ਇਨ੍ਹਾਂ ਨੇ ਨਾ ਤਾਂ ਕੋਈ ਪੁੰਨ-ਦਾਨ ਕੀਤਾ ਹੈ, ਜਿਸ ਦਾ ਇਹ ਹੰਕਾਰ ਕਰਨ ਅਤੇ ਨਾ ਹੀ ਕੋਈ ਇਨ੍ਹਾਂ ਕੋਲ ਤ੍ਰਿਲੋਕੀ ਦਾ ਰਾਜ ਹੈ, ਜੋ ਇਹ ਹੰਕਾਰ ਕਰਨ, ਅਜਿਹੀ ਹਾਲਤ ਵਿਚ ਇਨ੍ਹਾਂ ਦਾ ਹੰਕਾਰ ਕਰਨਾ, ਇਨ੍ਹਾਂ ਨੂੰ ਮੂਰਖ ਹੀ ਪ੍ਰਗਟ ਕਰਦਾ ਹੈ, ਇਸ ਲਈ ਇਨ੍ਹਾਂ ਦਾ ਹੰਕਾਰ ਇਨ੍ਹਾਂ ਦੀ ਮੂਰਖਤਾ ਪ੍ਰਗਟ ਕਰਨ ਦਾ ਸੂਚਕ ਹੈ ॥੩੬॥

### ਦੋਹਰਾ

## ਭਈ ਅਭੁਕਤਿ ਨ ਨਿਮਖ ਅਪਿ ਭੂਪ ਗਣ ਕਰ ਗਾਇ।
## ਚਗਲ ਸਗਲ ਭੂਪਾਨ ਕੀ ਤਾਂਹਿ ਪਾਇ ਗਰਬਾਇ ॥੩੭॥

ਜੋ ਇਕ ਨਿਮਖ (ਜਿੰਨਾਂ ਸਮਾਂ) ਕੀ ਭੋਗੇ ਜਾਨ ਤੋਂ ਬਿਨਾਂ ਨਹੀਂ ਹੋਈ ਹੈ, (ਅਰਥਾਤ ਜੋ) (ਗਾਇ) ਜਗ੍ਹਾ (ਧਰਤੀ) ਬਹੁਤ ਸਾਰੇ ਰਾਜਿਆਂ ਕਰਕੇ (ਭੋਗੀ ਗਈ ਹੈ)।

(ਜੋ) ਸਾਰੇ ਰਾਜਿਆਂ ਦੀ ਚਗਲੀ ਹੋਈ ਜੂਠ ਹੈ, ਉਸ (ਧਰਤੀ) ਨੂੰ ਪਾ ਕੇ ਹੰਕਾਰ ਕਰਦੇ ਹਨ ॥੩੭॥

### ਦੋਹਰਾ

## ਤਾਸੁ ਅੰਸ ਪੁਨ ਅੰਸ ਤਿਹ ਤਾ ਅਵੈਂਵ ਲਵ ਲੇਸ।
## ਤਿਹ ਉਚਿਸ਼ੁਟ ਕੇ ਪਤਿ ਭਏ ਗਰਬਹਿ ਹਮ ਦੁਨੇਸ਼ ॥੩੮॥

ਅਵੈਂਵ-ਹਿੱਸਾ, ਅੰਗ। ਲਵ-ਲਬ, ਬੁਕ। ਉਚਿਸ਼ੁਟ-ਜੂਠੀ। ਦੁਨੇਸ਼-ਧਰਤੀ ਦੇ ਸ੍ਵਾਮੀ, ਲਵਲੇਸ-ਲੇਸ ਦੀ ਕਣ, ਮੂੰਹ ਵਿਚੋਂ ਥੁਕ ਸੁਟਣ ਮਗਰੋਂ ਜੋ ਲੇਸ ਦੀ ਤਾਰ ਜੇਹੀ ਲਮਕਦੀ ਹੈ, ਤੇ ਅੰਤ ਵਿਚ ਉਹ ਇਕ ਕਣ ਦੀ ਸ਼ਕਲ ਬਣ ਕੇ ਡਿਗ ਪੈਂਦੀ ਹੈ, ਉਸ ਲੇਸ ਦੀ ਕਣ ਦਾ ਨਾਮ ਹੈ।

ਉਸ (ਧਰਤੀ ਦੀ) ਅੰਸ਼ ਵਿਚ ਉਸ ਅੰਸ਼ ਦਾ ਭੀ ਇਕ ਹਿੱਸਾ ਤੇ ਉਸ ਹਿੱਸੇ ਦਾ ਭੀ ਲਵ ਲੇਸ (ਪ੍ਰਾਪਤੀ ਕੀਤੀ ਹੋਈ)।

ਉਸ ਜੂਠ ਦੇ ਸਵਾਮੀ ਹੋ ਗਏ ਹਨ ਅਤੇ ਹੰਕਾਰ ਕਰਕੇ ਹਨ (ਕਿ) ਅਸੀਂ ਰਾਜੇ ਹਾਂ ॥੩੮॥

### ਦੋਹਰਾ

**ਗਨਿਕਾ ਸਮਖਿਤ ਬਹੁਤ ਪਤੀ, ਪਨੀ ਸਰਬ ਕੀ ਜੂਠ।**
**ਤਾਂਹਿ ਭੋਗ ਕਰਿ ਭੂਪ ਸਠ ਮੁਦਿਤਾ ਧਰੇ ਅਨੂਠ ॥੩੯॥**

ਕੰਜਰੀ ਸਮਾਨ ਧਰਤੀ ਬਹੁਤੇ ਖਸਮਾਂ (ਵਾਲੀ ਹੈ) ਅਤੇ (ਉਨ੍ਹਾਂ) ਸਭਨਾਂ ਦੀ (ਭੋਗੀ ਹੋਣ ਕਰਕੇ ਸਭਨਾਂ ਦੀ) ਜੂਠ ਹੈ।

ਉਸ (ਜੂਠ) ਨੂੰ ਭੋਗ ਕਰਕੇ, ਮੂਰਖ ਰਾਜੇ ਅਚਰਜ ਖ਼ੁਸ਼ੀ ਧਾਰਨ ਕਰਦੇ ਹਨ ॥੩੯॥

### ਦੋਹਰਾ

**ਪਰਮ ਨਿੰਦਯਹਿ ਕਰਮ ਕਰਿ ਪਸਚਾਤਾਪ ਕਰੇਨ।**
**ਉਲਟੇ ਮਦ ਮੁਦਿਤਾ ਧਰੇ ਧਿਕ ਪੁਰਖਾਧਮ ਤੇਨ ॥੪੦॥**

ਮੁਦਿਤਾ-ਖੁਸ਼ੀ। ਧਿਕ-ਧ੍ਰਿਕਾਰ ਹੈ। ਪੁਰਖਾਧਮ-(ਪੁਰਖ+ਅਧਮ) ਨੀਚ ਪੁਰਖ। ਤੇਨ-ਉਨ੍ਹਾਂ।

ਮਹਾਂ ਨਿੰਦਨੇ ਯੋਗ ਕਰਮ (ਜੋ ਹੰਕਾਰ ਆਦਿਕ ਹਨ, ਉਸ) ਨੂੰ ਕਰਕੇ, (ਜੋ) ਪਛਤਾਵਾ ਨਹੀਂ ਕਰਦੇ। ਸਗੋਂ:

ਉਲਟਾ ਹੰਕਾਰ ਤੇ ਖੁਸ਼ੀ ਧਾਰਨ ਕਰਦੇ ਹਨ, ਉਨ੍ਹਾਂ ਨੀਚ ਪੁਰਖਾਂ ਨੂੰ ਧ੍ਰਿਕਾਰ ਹੈ ॥੪੦॥

### ਦੋਹਰਾ

**ਪੁਨ ਧਿਕ ਧਿਕ ਤਿਹ ਨਰਨ ਕੋ ਤਿਨੇ ਘਰਨ ਜੇ ਭਾਗ।**
**ਨਮੋ ਕਰਨ ਤਨ ਭਰਨ ਹਿਤ ਸ਼ਰਨ ਵਿਸ਼ੰਭਰ ਤਿਆਗ ॥੪੧॥**

ਫਿਰ ਉਨ੍ਹਾਂ ਪੁਰਸ਼ਾਂ ਨੂੰ ਧ੍ਰਿਗ ਲਾਹਨਤ ਹੈ ਜੋ ਉਨ੍ਹਾਂ ਦੇ ਘਰਾਂ ਨੂੰ ਜਾਂਦੇ ਹਨ ਅਤੇ ਜਗਤ ਪਾਲਕ ਦੀ ਸ਼ਰਨ ਛੱਡਕੇ, ਪੇਟ ਭਰਨ ਦੇ ਵਾਸਤੇ, ਉਨ੍ਹਾਂ ਨੂੰ ਨਮਸਕਾਰਾਂ ਕਰਦੇ ਹਨ ॥੪੧॥

### ਸੈਯਾ

**ਸੁਚ ਗੰਗ ਤਰੰਗ ਕੀ ਬੂੰਦ ਕਣੀ ਕਰ,**
**ਸੀਤਲ ਚਾਰੁ ਹਿਮਾਚਲ ਕੀ ਸਿਲ।**
**ਇਹ ਫੂਲ ਫਲਾਦਿ ਉਪਾਨ ਧਰੇ,**
**ਸ਼ਿਵ ਕੋ ਨਿਤ ਪੂਜਤਿ ਦੇਵ ਬਧੂ ਮਿਲ।**

ਪਰ ਭੋਜਨ ਮੇਂ ਨਿਜ ਜੋ ਜਨ ਦੇ ਦਿਲ,
ਤਾ ਗਿਰ ਕੋ ਕਤ ਕਾਲ ਲਯੋ ਗਿਲ।
ਅਪਮਾਨ ਸਹੀ ਅਪਮਾਨ ਸਹੀ ਵਿਧ,
ਧੀਰ ਮਹੀ ਨ੍ਰਿਪ ਧਾਮ ਅਹੀ ਬਿਲ ॥੪੨॥

ਉਪਾਨ-ਉਪਾਇਨ, ਭੇਟਾ। ਦੇਵ ਬਧੂ-ਦੇਵ ਇਸਤ੍ਰੀਆਂ। ਗਿਰ-ਪਹਾੜ। ਗਿਲ-ਨਿਗਲਨਾ। ਅਪਮਾਨ-ਨਿਰਾਦਰ। ਸਹੀ-ਸਹਾਰਦੇ ਹਨ। ਅਪ-ਨੀਚ। ਮਾਨ-ਮੰਨਣਾ। ਸਹੀ-ਨਿਸਚੇ ਹੀ। ਨ੍ਰਿਪ ਧਾਮ-ਰਾਜਿਆਂ ਦਾ ਘਰ। ਅਹੀ-ਸਪਨੀ। ਬਿਲ-ਖੁੱਡ।

(ਜੋ) ਪਵਿੱਤ੍ਰ ਗੰਗਾ ਦੇ ਤਰੰਗਾਂ ਦੀਆਂ ਬੂੰਦਾਂ ਦੇ ਛਿਟਿਆਂ ਨਾਲ ਠੰਡੀ ਹੋਈ ਹੋਈ ਸੁੰਦਰ ਹਿਮਾਲੇ ਪਹਾੜ ਦੀ ਸਿਲਾ ਹੈ।

ਜਿਥੇ ਫਲਾਂ-ਫੁਲਾਂ ਦੀ ਭੇਟਾ ਅੱਗੇ ਰਖਕੇ, ਦੇਵ ਇਸਤਰੀਆਂ ਮਿਲ ਕੇ ਹਰ ਰੋਜ਼ ਨਿਵ ਨਿਵ ਕੇ ਪੂਜਾ ਕਰਦੀਆਂ ਹਨ।

ਕੀ ਉਸ ਪਹਾੜ ਨੂੰ ਕਾਲ ਨੇ ਨਿਗਲ (ਹੜੱਪ ਕਰ) ਲਿਆ ਹੈ (ਕਿਉਂਕਿ, ਭੋਜਨ ਦੇ ਵਾਸਤੇ ਪੁਰਸ਼ਾਂ ਨੇ ਪਰਾਏ ਪੁਰਖਾਂ ਨੂੰ ਆਪਣਾ ਦਿਲ ਦੇ ਦਿੱਤਾ ਹੈ।

ਨਿਰਾਦਰ ਸਹਾਰਦੇ ਹਨ, ਉਹ ਸੱਚੇ ਹੀ ਨੀਚ ਪੁਰਸ਼ ਮੰਨੇ ਗਏ ਹਨ, (ਕਿਉਂਕਿ) ਵਿਦਵਾਨ ਧੀਰਜਵਾਨ ਪੁਰਸ਼ਾਂ ਨੇ ਸਹੀ (ਕਰ ਲਿਆ ਹੈ ਕਿ) ਰਾਜਿਆਂ ਦਾ ਘਰ ਸਪਨੀ ਦੀ ਖੁੱਡ ਸਮਾਨ ਮੌਤ ਦਾ ਕਾਰਨ ਹੈ ॥੪੨॥

### ਸ੍ਵੈਯਾ

ਪ੍ਰਤਿ ਕਾਨਨ ਬ੍ਰਿਛਨ ਤੇ ਮਨ ਬਾਂਛਤ,
ਲਾਭ ਸੁਖੈਂ ਫਲਾਦਿ ਅਪਾਰਾ।
ਸਰਤਾ ਕੇ ਸਥਾਨ ਸਥਾਨ ਵਿਖੇ ਸੁਚ,
ਸੀਤਲ ਮਿਸਟ ਮਿਲੇ ਬਹੁ ਬਾਰਾ।
ਜਲ ਪਤ੍ਰ ਵਤੀ ਮ੍ਰਿਦ ਸਾਪਰ ਸੀਤਲ,
ਪਾਦਿਕੇ ਹੋਵਤ ਭੂਤਨ ਦਵਾਰਾ।
ਸਠ ਕੇ ਮਤਿ ਮਾਨ ਮਹਾਂ ਭਟਕੇ ਮਤਿ,
ਮਾਨ ਤਹਾਂ ਕਤ ਹੋਵਤ ਖਵਾਰਾ ॥੪੩॥

ਪ੍ਰਤਿ ਕਾਨਨ-ਹਰ ਇਕ ਜੰਗਲ-ਬਨ। ਲਾਭ-ਪ੍ਰਾਪਤ ਹੁੰਦੇ ਹਨ। ਸੁਖੇਨ-ਸੌਖੀ ਤਰ੍ਹਾਂ ਨਾਲ। ਪਾਟਿ-ਸੇਜਾ। ਸਰਤਾ-ਨਦੀ। ਬਾਰ-ਪਾਣੀ। ਪਤ੍ਰਵਤੀ-ਚੌਪਤੀ। ਸਾਪਰ-ਸਪਰਸ।

ਹਰ ਇਕ ਬਨ- ਜਲ ਦੇ ਬਿਰਛਾਂ ਉਤੋਂ ਮਨ ਭਾਉਂਦੇ, ਅਪਾਰਾਂ ਹੀ ਫਲ ਬੜੀ ਸੌਖੀ ਤਰ੍ਹਾਂ ਨਾਲ ਪ੍ਰਾਪਤ ਹੋ ਜਾਂਦੇ ਹਨ।

ਨਦੀਆਂ ਦੇ ਕੰਢੇ-ਕੰਢੇ ਵਿਚੋਂ ਪਵਿੱਤ੍ਰ ਠੰਢਾ ਤੇ ਮਿੱਠਾ ਪਾਣੀ ਬਹੁਤ ਮਿਲ ਜਾਂਦਾ ਹੈ। ਜਲ (ਦੇ ਕਿਨਾਰੇ) ਪੱਤ੍ਰਾਂ ਵਾਲੀ, ਕੋਮਲ ਤੇ ਠੰਢੇ ਸਪਰਸ ਵਾਲੀ ਧਰਤੀ ਰੂਪ ਸੇਜਾ ਦੇ ਹੁੰਦਿਆਂ ਮੂਰਖਾਂ ਦੇ ਬੂਹੇ ਉਤੇ ਕੌਣ ਜਾਂਦਾ ਹੈ?

ਮੂਰਖ (ਪੁਰਸ਼ ਹੀ ਬੁੱਧੀ 'ਤੇ ਮਾਣ (ਦੇ ਹੁੰਦੇ ਹੋਇਆਂ ਭੀ) ਬੜਾ ਭਟਕਦੇ ਹਨ, (ਪਰ ਜੋ ਸਿਆਣੇ) ਬੁਧੀਵਾਨ ਪੁਰਸ਼ ਹਨ ਉਹ) ਉਥੇ ਕਿਉਂ ਖੁਆਰ ਹੁੰਦੇ ਹਨ ॥੪੩॥

## ਕਬਿੱਤ

**ਕੰਦਰਾ ਤੇ ਕੰਦ ਮੂਲ ਕਹਾ ਨਿਰਮੂਲ ਭਏ,**
**ਵਾਰਿ ਵਾਰੇ ਨਗ ਕਿਧੋ ਦੇ ਹੈ ਨ ਬਨ ਕੋ।**
**ਮੀਠੇ ਫਲੋਂ ਵਾਰੀ ਡਾਰੀ ਤਰੋਂ ਕੀ ਨ ਫਲ ਦੇਤ,**
**ਕਿਧੋਂ ਦਰੁਮ ਦੇਤ ਹੈ ਨ ਵਲਕਲ ਜਨ ਕੋ।**
**ਦੁਖ ਸੋਂ ਮਨਾਕ ਧਨ ਸਾਧ ਕੈ ਮਦਾਂਧ ਭਏ,**
**ਮਦ ਬਿਆਰਿ ਸਾਂਥ ਜੋ ਭ੍ਰਮਾਵੇ ਭੂਲ ਤ ਨ ਕੋ।**
**ਖਲੋਂ ਕੇ ਕੁਮੁਖੋਂ ਕੋ ਸਬਲ ਸੋ ਪੁਰਸ਼ ਪੇਖੇ,**
**ਅਹੇ ਕੈਸੇ ਤਜੇ ਐਸੇ ਬਨ ਚਿੰਤਾਮਨ ਕੋ ॥੪੪॥**

ਕੀ ਕੰਦਰਾਂ ਤੋਂ (ਪਹਾੜ ਅਤੇ) ਕੰਦ ਮੂਲ ਤੋਂ (ਬਨ) ਨਿਰਮੂਲ ਹੋ ਗਏ ਹਨ ? (ਅਰਥਾਤ ਪਹਾੜਾਂ ਵਿਚ ਰਹਿਣ ਲਈ ਕੰਦਰਾਂ ਤੇ ਖਾਣ ਲਈ ਜੰਗਲਾਂ ਵਿਚ ਕੰਦ ਮੂਲ ਨਹੀਂ ਰਹੇ ਹਨ) ਪਾਣੀ ਵਾਲੇ ਪਹਾੜ ਕਿਧਰੇ ਪਾਣੀ ਨਹੀਂ ਦੇਂਦੇ ਹੈਨ, (ਅਰਥਾਤ ਜਿਨ੍ਹਾਂ ਪਹਾੜਾਂ ਵਿਚੋਂ ਪਾਣੀ ਦੇ ਝਰਨੇ ਝਰਦੇ ਸਨ, ਕੀ ਉਹ ਸਾਰੇ ਝਰਨੇ ਸੁੱਕ ਗਏ ਹਨ, ਜੋ ਪਹਾੜਾਂ ਤੋਂ ਪੀਣ ਲਈ ਪਾਣੀ ਨਹੀਂ ਮਿਲਦਾ ਹੈ)।

ਕੀ ਮਿੱਠੇ ਫਲਾਂ ਵਾਲੀਆਂ ਦਰਖਤਾਂ ਦੀਆਂ ਟਾਹਣੀਆਂ (ਹੁਣ) ਫਲ ਨਹੀਂ ਦੇਂਦੀਆਂ ਹਨ ? ਕੀ ਬਿਕੋ ਬ੍ਰਿਛ ਆਪਣੀ ਛਿਲ ਰੂਪ ਭੋਜ ਪੱਤ੍ਰ ਪੁਰਸ਼ਾਂ ਨੂੰ ਨਹੀਂ ਦੇਂਦਾ ਹੈ ?

(ਜੋ) ਦੁਖ ਨਾਲ (ਮਨਾਕ) ਥੋੜ੍ਹਾ ਜਿੰਨਾਂ ਧਨ (ਸਾਧ ਕੈ) ਇਕੱਠਾ ਕਰਕੇ, (ਉਸ ਧਨ ਦੇ) ਹੰਕਾਰ ਨਾਲ ਅੰਨ੍ਹੇ ਹੋ ਗਏ ਹਨ, (ਉਸ) ਹੰਕਾਰ ਰੂਪ (ਬਿਆਰਿ) ਹਵਾ ਦੇ ਨਾਲ (ਭੂਲ ਤਨ) ਭਰਵੱਟਿਆਂ ਨੂੰ ਭੁਆਉਂਦੇ ਹਨ (ਅਰਥਾਤ ਜਿਨ੍ਹਾਂ ਨੇ ਪਿਛਲੇ ਜਨਮਾਂ ਵਿਚ ਅਨੇਕ ਤਰ੍ਹਾਂ ਦਾ ਦੁਖ ਉਠਾ ਕੇ ਹੁਣ ਥੋੜ੍ਹਾ ਬਹੁਤ ਧਨ ਪਾ ਲਿਆ ਹੈ, ਅਤੇ ਉਸ ਧਨ ਦੇ ਹੰਕਾਰ ਨਾਲ ਅੰਨ੍ਹੇ ਹੋਏ-ਹੋਏ ਧਰਮ ਕਰਮ ਤੋਂ ਬੇਮੁਖ

ਹੋ ਰਹੇ ਹਨ ਤੇ ਅੱਖਾਂ ਅਜਿਹੀਆਂ ਚੜ੍ਹੀਆਂ ਹੋਈਆਂ ਹਨ, ਜੋ ਉਨ੍ਹਾਂ ਨੂੰ ਕੁਝ ਸੁਝਦਾ-ਬੁਝਦਾ ਨਹੀਂ ਹੈ, ਅਤੇ ਮੱਥੇ ਉਤੇ ਹਮੇਸ਼ਾ ਹੀ ਤਿਊੜੀ ਚੜ੍ਹੀ ਰਹਿੰਦੀ ਹੈ)।

ਅਚਰਜ ਹੈ, (ਕਿ ਜੋ) ਪੁਰਸ਼ ਬਲ ਸਹਿਤ ਹੈ, ਉਹ ਮੂਰਖਾਂ ਦੇ ਭੈੜੇ ਮੂੰਹ ਨੂੰ ਕਿਵੇਂ ਵੇਖਣ ਲੱਗ ਪਿਆ ਹੈ ਅਤੇ ਇਸ ਤਰ੍ਹਾਂ ਦਾ ਚਿੰਤਾਮਣੀ ਰੂਪ ਬਨ ਨੂੰ ਕਿਵੇਂ (ਉਸਨੇ) ਤਿਆਗ ਦਿੱਤਾ ਹੈ ਅਰਥਾਤ ਵਿਚਲਾ ਰੂਪ ਬਲ ਵਾਲਾ ਪੁਰਸ਼, ਹਰ ਤਰ੍ਹਾਂ ਦੀ ਇੱਛਾ ਪੂਰੀ ਕਰਨ ਵਾਲੇ ਬਨ ਦਾ ਤਿਆਗ ਕਰਕੇ, ਧਨਵਾਨ ਰਾਜਿਆਂ ਦੇ ਭੈੜੇ ਮੂੰਹ ਨੂੰ ਕਿਵੇਂ ਵੇਖਣ ਲੱਗ ਪਿਆ ਹੈ, ਇਹੋ ਹੀ ਵੱਡੀ ਭਾਰੀ ਹੈਰਾਨੀ ਦੀ ਗੱਲ ਹੈ) ॥੪੪॥

### ਦੋਹਰਾ

**ਵਲਿਓ ਜਲਧਿ ਜਲ ਰੇਖ ਕਰ ਯਹ ਖਿਤ ਮ੍ਰਿਤਕਾਪਿੰਡ ।**
**ਭੋਗਤ ਤਾਕੋ ਭੂਪ ਗਣ ਕਰ ਬਹੁ ਸਮਰ ਪ੍ਰਚੰਡ ॥੪੫॥**

ਜਲਧਿ-ਸਮੁੰਦਰ। ਰੇਖ-ਲਕੀਰ। ਖਿਤ-ਧਰਤੀ। ਮ੍ਰਿਤਕਾ ਪਿੰਡ-ਮਿੱਟੀ ਦਾ ਗਲੋਲਾ। ਸਮਰ-ਜੁਧ।

ਇਹ ਧਰਤੀ ਰੂਪ ਮਿੱਟੀ ਦਾ ਗਲੋਲਾ ਸਮੁੰਦਰ ਦੇ ਪਾਣੀ ਦੀ ਲਕੀਰ ਨਾਲ ਵਲਿਆ ਹੋਇਆ ਹੈ। ਉਸ (ਧਰਤੀ ਨੂੰ ਬਹੁਤ ਸਾਰੇ ਰਾਜੇ ਭੋਗਦੇ ਹਨ, ਅਤੇ (ਆਪੋ ਵਿਚ) ਬਹੁਤ ਤਰ੍ਹਾਂ ਕਰਕੇ ਘੋਰ ਯੁਧ ਕਰਦੇ ਹਨ ॥੪੫॥

### ਦੋਹਰਾ

**ਖੰਡ ਖੰਡ ਕਰਿ ਅਰਿਨ ਕੇ ਪਿੰਡ ਸਰਨ ਕੇ ਸੰਗ ।**
**ਵੰਡ ਵੰਡ ਕਰ ਧਰਨਿ ਸਭ ਭੋਗਤ ਭੂਪ ਉਮੰਗ ॥੪੬॥**

ਖੰਡ-ਟੁਕੜਾ। ਅਰਿਨ-ਵੈਰੀਆਂ। ਪਿੰਡ-ਸਰੀਰ। ਸਰਨ-ਤੀਰਾਂ। ਉਮੰਗ-ਉਤਸ਼ਾਹ।

ਤੀਰਾਂ ਨਾਲ ਵੈਰੀਆਂ ਦੇ ਸਰੀਰਾਂ ਦੇ ਟੁਕੜੇ-ਟੁਕੜੇ ਕਰਕੇ (ਫਿਰ) ਸਾਰੀ ਧਰਤੀ ਨੂੰ (ਆਪ ਵਿਚ) ਵੰਡ-ਵੰਡ ਕੇ ਰਾਜੇ (ਮਨ ਦੇ) ਉਤਸ਼ਾਹ ਨਾਲ (ਇਸ ਨੂੰ) ਭੋਗਦੇ ਹਨ ॥੪੬॥

### ਦੋਹਰਾ

**ਦਰਬ ਗਰਬ ਕਰ ਅੰਧ ਮਨ ਕ੍ਰਿਪਣ ਦਰਿਦ੍ਰੀ ਛੁਦ੍ਰ ।**
**ਕੁਟਲ ਕੁਮਗ ਗਾਮੀ ਅਧਮਕਾਮੀ ਦੁਖ ਸਮੁੰਦ੍ਰ ॥੪੭॥**

ਧਨ ਦੇ ਹੰਕਾਰ ਕਰਕੇ (ਜਿਨ੍ਹਾਂ ਦੇ) ਮਨ ਅੰਨ੍ਹੇ ਹਨ, (ਉਹ) ਸੂਮ, ਦਰਿਦ੍ਰੀ ਤੁੱਛ ਮਾਤ੍ਰ ਹਨ। (ਉਹ) ਟੇਢੇ ਮਨ ਵਾਲੇ, ਨੀਚ ਤੇ ਕਾਮੀ (ਪੁਰਸ਼) ਦੁਖ ਦਾ ਸਮੁੰਦਰ ਹਨ ॥੪੭॥

### ਦੋਹਰਾ

## ਤਜ ਕੇ ਨਿਜ ਮਤਿ ਮਾਨ ਕੋ ਜੇ ਮਤਿ ਮਾਨ ਪ੍ਰਮਾਨ।
## ਧਨ ਕਾ ਕਨਕਾਂ ਬਾਂਛਤੇ ਤਾਂਤੇ ਧਿਕ ਧਿਕ ਤਾਨ ॥੪੮॥

ਪ੍ਰਮਾਨ-ਪੁਰਸ਼। ਤਾਨ-ਉਨ੍ਹਾਂ ਨੂੰ। ਜਿਹੜੇ ਬੁੱਧੀਮਾਨ ਪੁਰਸ਼, ਆਪਣੀ ਬੁੱਧੀ 'ਤੇ ਮਾਣ ਨੂੰ ਤਿਆਗ ਕਰਕੇ

ਉਨ੍ਹਾਂ ਪਾਸੋਂ ਧਨ ਦਾ (ਇਕ) ਕਿਣਕਾ ਚਾਹੁੰਦੇ ਹਨ, ਧ੍ਰਿਕਾਰ ਹੈ ॥੪੮॥

### ਦੋਹਰਾ

## ਸੂਮ ਧਨੀ ਧਨ ਕੀ ਕਨੀਦੇਹ ਕਿਧੌਂ ਨਹਿ ਦੇਹ।
## ਬੁਧੀਮਾਨ ਕੀ ਬੁਧਿ ਕੋ ਮਾਨ ਸਹਿਤ ਹਰ ਲੇਹ ॥੪੯॥

(ਜੋ) ਧਨਵਾਨ ਪੁਰਸ਼ ਸੂਮ ਹੈ (ਇਹ ਮੰਗਣ ਗਿਆਂ ਪਤਾ ਨਹੀਂ ਲੱਗਦਾ ਕਿ) ਧਨ ਦਾ ਕਿਣਕਾ ਦੇਵੇਗਾ ਜਾਂ ਨਾਂ ਦੇਵੇਗਾ।

(ਪਰ) ਬੁੱਧੀਮਾਨ ਪੁਰਖ ਦੀ ਬੁੱਧੀ ਨੂੰ ਮਾਣ ਦੇ ਸਹਿਤ ਹੀ ਚੁਰਾ ਲੈਂਦਾ ਹੈ (ਅਥਵਾ ਨਾਸ ਕਰ ਦੇਂਦਾ ਹੈ) ॥੪੯॥

### ਦੋਹਰਾ

## ਦਾਮ ਮਾਤ੍ਰ ਨ ਦਦਾਮਿ ਧਨ ਕਰਹਿ ਨਿੰਦ ਅਪਮਾਨ।
## ਪੁਰਖ ਪਤਿਸ਼ਠਾ ਹਾਨ ਕੋ ਜੀਵਨ ਮ੍ਰਿਤਕ ਸਮਾਨ ॥੫੦॥

ਦਦਾਮਿ-ਦੇਂਦਾ ਹੈ। ਅਪਮਾਨ-ਨਿਰਾਦਰ। ਪਤਿਸ਼ਠਾ-ਇੱਜ਼ਤ।

(ਧਨੀ ਪੁਰਸ਼) ਦਮੜੀ ਜਿੰਨਾਂ ਭੀ ਧਨ ਨਹੀਂ ਦੇਂਦਾ, (ਉਲਟਾ) ਨਿੰਦਾ ਤੇ ਨਿਰਾਦਰ ਕਰਦਾ ਹੈ, (ਜਿਸ) ਪੁਰਖ ਦੀ ਇੱਜ਼ਤ ਨਾਸ ਹੋ ਜਾਵੇ, (ਉਸਦਾ) ਜੀਊਣਾ ਭੀ ਮਰਨ ਦੇ ਬਰਾਬਰ ਹੈ ॥੫੦॥

### ਦੋਹਰਾ

## ਹਰ ਕੇ ਘਰ ਕੇ ਭੋਗ ਕੋ ਤ੍ਰਿਪਤਹਿ ਨ੍ਰਿਪਨ ਨਿਕੇਤ।
## ਭੋਗ ਪ੍ਰੇਤ ਕਰਿ ਇਉਂ ਗ੍ਰਸੇ ਸਸੀ ਰਾਹੁ ਰਵਿ ਕੇਤ ॥੫੧॥

(ਜੋ ਪੁਰਸ਼ ਆਪਣੇ) ਘਰ ਦੇ ਭੋਗਾਂ ਨੂੰ ਤਿਆਗ ਕੇ (ਸਾਧੂ ਹੋ ਗਏ ਹਨ ਅਤੇ ਫਿਰ ਮਨ ਦੀ) ਤ੍ਰਿਪਤੀ ਵਾਸਤੇ ਰਾਜਿਆਂ ਦੇ ਘਰ (ਜਾ ਕੇ ਪਦਾਰਥਾਂ ਨੂੰ ਭੋਗਦੇ ਹਨ। ਉਹ)

ਭੋਗਾਂ ਰੂਪ ਪ੍ਰੇਤ ਕਰਕੇ ਇਸ ਤਰ੍ਹਾਂ ਗ੍ਰਸੇ ਹੋਏ ਹਨ, (ਜਿਸ ਤਰ੍ਹਾਂ) ਚੰਦ੍ਰਮਾਂ ਨੂੰ ਰਾਹੂ ਤੇ ਸੂਰਜ ਨੂੰ ਕੇਤੂ (ਗ੍ਰਸ ਲੈਂਦਾ ਹੈ) ॥੫੧॥

### ਦੋਹਰਾ

## ਸੰਚਤ ਅਰਥ ਅਨਰਥ ਕਰਿ ਭੋਗਤ ਸਾਧਜੁ ਤਾਸ ।
## ਲੇਤ ਪਾਪ ਸਭਿ ਆਪ ਤਹਿ ਦੇਤ ਪੁੰਨ ਨਿਜ ਰਾਸ ॥੫੨॥

ਇਨ੍ਹਾਂ ਪੰਦਰਾਂ ਕਰਮਾਂ ਦਾ ਨਾਮ ਅਨਰਥ ਹੋਣ ਕਰਕੇ ੧੫ ਅਨਰਥ ਕਹੇ ਜਾਂਦੇ ਹਨ :- ਚੋਰੀ ਕਰਕੇ, ਹਿੰਸਾ ਕਰਕੇ ਝੂਠ ਬੋਲ ਕੇ, ਦੰਭ ਕਰਕੇ, ਕਾਮ ਭਾਵਨਾ ਕਰਕੇ, ਲੜਾਈ ਕਰਕੇ, ਤ੍ਰਿਸ਼ਨਾ ਕਰਕੇ, ਵੈਰ ਭਾਵ ਕਰਕੇ, ਈਰਖਾ ਕਰਕੇ, ਭੇਦ ਕਰਕੇ, ਇਤਬਾਰ ਨਾਸ ਕਰਕੇ, ਚਿੰਤਾ ਕਰਕੇ, ਡਰ ਦੇ ਕੇ, ਦੁੱਖ ਦੇ ਕੇ ।

(ਜਿਸਨੇ ਅਨੇਕ ਤਰ੍ਹਾਂ) ਅਨਰਥ (ਜ਼ੁਲਮ ਤੇ ਉਪਦ੍ਰਵ ਕਰਕੇ ਧਨ ਨੂੰ ਇਕੱਠਾ ਕੀਤਾ ਹੈ) ਜੋ ਸਾਧੂ ਉਸਦੇ ਧਨ ਨੂੰ ਭੋਗਨਾ ਕਰਦਾ ਹੈ ।

(ਉਹ ਸਾਧੂ) ਉਸਦੇ (ਕੀਤੇ ਹੋਏ) ਸਾਰੇ ਪਾਪ (ਤੇ ਅਨਰਥ) ਆਪ ਲੈ ਲੈਂਦਾ ਹੈ ਅਤੇ ਆਪਣੇ ਪੁੰਨਾਂ ਦੀ ਪੂੰਜੀ ਉਸਨੂੰ ਦੇ ਦੇਂਦਾ ਹੈ ॥੫੨॥

### ਦੋਹਰਾ

## ਭੂਪਨ ਸਮ ਭੂਪਨ ਕੇ ਭੋਗਤ ਭੋਗ ਜੁ ਸਾਧ ।
## ਸੋ ਤਦ ਵਤ ਦੁਰਗਤਿ ਗਹੇ ਸਮ ਦਮਾਦਿ ਕਰ ਬਾਧ ॥੫੩॥

ਜੋ ਸਾਧੂ ਰਾਜਿਆਂ ਦੇ ਸਮਾਨ (ਰਜੋ ਗੁਣੀ ਹੋ ਕੇ) ਰਾਜਿਆਂ ਦੇ ਭੋਗਾਂ ਨੂੰ ਭੋਗਦਾ ਹੈ । ਉਹ (ਆਪਣੇ) ਸਮ ਦਮ ਆਦਿਕ (ਸ਼ੁਭ ਕਰਮਾਂ ਨੂੰ) ਨਾਸ ਕਰਕੇ, ਉਨ੍ਹਾਂ ਰਾਜਿਆਂ ਵਰਗੀ ਦੁਰਗਤੀ ਗ੍ਰਹਿਣ ਕਰਦਾ ਹੈ (ਅਰਥਾਤ ਜਿਵੇਂ ਤਪੋ ਰਾਜ ਤੇ ਰਾਜੋਂ ਨਰਕ ਪ੍ਰਾਪਤ ਹੁੰਦਾ ਹੈ, ਇਵੇਂ ਉਹ ਸਾਧੂ ਭੀ ਨਰਕਾਂ ਦੀ ਅੱਗ ਵਿਚ ਜਾ ਕੇ ਡਿਗਦਾ ਹੈ ਅਤੇ ਅਨੇਕ ਤਰ੍ਹਾਂ ਦੀ ਯਾਤਨਾ ਸਹਾਰਦਾ ਹੈ) ॥੫੩॥

### ਦੋਹਰਾ

## ਇਤ ਨਿੰਦਾ ਉਤ ਮੰਦ ਗਤਿ ਤਾਸ ਭ੍ਰਿਸ਼ਟ ਬਿਬ ਲੋਕ ।
## ਜੁਰ ਵਤ ਕੋ ਘ੍ਰਿਤ ਹਤੇ ਸ਼ੁਭ ਕੋ ਨ੍ਰਿਪ ਕੋ ਓਕ ॥੫੪॥

ਬਿਬ-ਦੋਵੇਂ । ਓਕ-ਘਰ ।

ਇਸ ਲੋਕ ਵਿਚ ਨਿੰਦਾ ਹੁੰਦੀ ਹੈ ਲੋਕ (ਪ੍ਰਲੋਕ) ਵਿਚ ਬੁਰੀ ਦਸ਼ਾ ਹੁੰਦੀ ਹੈ, ਉਸਦੇ ਦੋਵੇਂ ਲੋਕ ਨਸ਼ਟ ਹੋ ਗਏ ਹਨ ।

ਜਿਵੇਂ ਤਾਪ ਵਾਲੇ ਪੁਰਸ਼ ਨੂੰ ਘਿਉ ਵਾਲਾ ਪਦਾਰਥ ਨਾਸ ਕਰਦਾ ਹੈ, ਇਸ ਤਰਹਾਂ ਭਲੇ ਪੁਰਸ਼ ਮਹਾਤਮਾਂ ਵਾਸਤੇ ਰਾਜੇ ਦਾ ਘਰ ਹੈ । ਜੋ ਉਸਦੇ ਦੋਵੇਂ ਲੋਕ ਵਿਗਾੜ ਦੇਂਦਾ ਹੈ) ॥੫੪॥

### ਸੋਰਠਾ

## ਦੁਗਧ ਜਾਧ ਮਨ ਮਾਂਹਿ ਰਾਜ ਅੰਸ ਕਾਂਜੀ ਮਿਲੇ ।
## ਜੁਗਲ ਸ਼ੀਘ੍ਰ ਫਟ ਜਾਂਹਿ ਗਹੇ ਮਮੋਖੀ ਨਾਹਿ ਤਾਹਿੰ ॥੫੫॥

(ਜਿਵੇਂ) ਦੁੱਧ ਵਿਚ ਕਾਂਜੀ ਪੈ ਜਾਵੇ, (ਇਵੇਂ ਹੀ) ਸਾਧ ਦੇ ਮਨ ਵਿਚ ਰਾਜ ਐਸ਼ ਪੈ ਜਾਵੇ (ਤਾਂ ਇਹ) ਦੋਵੇਂ (ਪਦਾਰਥ) ਛੇਤੀ ਹੀ ਫਟ ਜਾਂਦੇ ਹਨ, (ਇਸ ਲਈ) ਮੁਕਤੀ ਦੀ ਇੱਛਾ ਵਾਲੇ ਪੁਰਖ ਨੂੰ ਰਾਜ ਅੰਸ ਗ੍ਰਹਿਣ ਨਹੀਂ ਕਰਨੀ ਚਾਹੀਦੀ ॥੫੫॥

### ਦੋਹਰਾ

## ਦੁਹੇ ਸਾਧੀਧ ਧੇਨ ਕੋ ਦੁਗਧ ਸੁਕ੍ਰਿਤ ਸਮੂਹ ।
## ਅਰਪਿ ਭੋਗ ਘਾਸਾਦਿ ਤਿਹ ਭੂਪ ਗੋਪ ਬਿਧ ਊਹ ॥੫੬॥

ਦੁਹੇ-ਚੋ ਲੈਂਦਾ ਹੈ । ਸਾਧੀਧ-ਗੁੱਜਰ ਲੋਕ । ਦੁਗਧ-ਦੁੱਧ । ਸਕ੍ਰਿਤ-ਪੁੰਨ ਕਰਮ । ਅਰਪਿ-ਭੇਟਾ ਦੇ ਕੇ । ਗੋਪ-ਗੁਜਰ, ਗੁਆਲਾ ।

(ਜਿਵੇਂ) ਗੁੱਜਰ ਗਊ ਨੂੰ ਵੰਡ, ਘਾਸ ਆਦਿਕ ਖੁਆ ਕੇ, ਉਸ ਦਾ ਦੁੱਧ ਚੋ ਲੈਂਦਾ ਹੈ, ਇਸੇ ਤਰ੍ਹਾਂ ਰਾਜਾ ਸਾਧੂ ਨੂੰ ਭੋਗ ਆਦਿਕ ਪਦਾਰਥ ਭੇਟਾ ਦੇ ਕੇ ਉਸਦੇ ਸਾਰੇ ਪੁੰਨ ਕਰਮ ਖੋਹ ਲੈਂਦਾ ਹੈ, ਇਸ ਤਰ੍ਹਾਂ ਰਾਜੇ ਦੀ ਉਹੀ ਮਰਯਾਦਾ ਹੈ, ਜੋ ਗੁਜਰਦੀ ਹੈ ॥੫੬॥

### ਦੋਹਰਾ

## ਬਹੁ ਭੋਗੋਂ ਕਰ ਪੁਸ਼ਟ ਤਨ ਤਨ ਪੁਸ਼ਟੇ ਮਨ ਪੁਸ਼ਟ ।
## ਮਨ ਪੁਸ਼ਟੇ ਮਦ ਮਦਨ ਲੌ ਪੁਸ਼ਟ ਹੇਤਰਿਪੁ ਦੁਰਤ ॥੫੭॥

ਬਹੁਤ ਤਰ੍ਹਾਂ ਦੇ ਪਦਾਰਥਾਂ ਦੇ ਭੋਗਨੇ ਕਰਕੇ ਸਰੀਰ ਬਲਵਾਨ ਹੁੰਦਾ ਹੈ ਅਤੇ ਸਰੀਰ ਦੇ ਬਲਵਾਨ ਹੋਣ ਕਰਕੇ ਮਨ ਬਲ ਵਾਲਾ ਹੋ ਜਾਂਦਾ ਹੈ ।

ਮਨ ਦੇ ਬਲਵਾਨ ਹੋ ਜਾਣ ਕਰਕੇ ਕਾਮ ਕ੍ਰੋਧ ਆਦਿਕ ਜੋ ਦੁਸ਼ਟ ਵੈਰੀ ਹਨ, ਉਹ ਬਲਵਾਨ ਹੋ ਜਾਂਦੇ ਹਨ ॥੫੭॥

### ਦੋਹਰਾ

## ਜਨ ਵਿਰਕਤ ਕੋ ਭੂਪ ਜਿਨ ਬਹੁਤ ਭੁਗਾਵੇ ਭੋਗ ।
## ਨਾਤਰ ਸਾਧੁ ਅਸਾਧੁ ਹੋਇ ਪਾਪ ਭੂਪ ਕੋਹੇਗ ॥੫੮॥

ਵਿਰਕਤ ਸਾਧੂ-ਜਨ ਨੂੰ ਰਾਜਾ (ਧਨਵਾਨ ਪੁਰਸ਼) ਬਹੁਤੇ ਭੋਗ (ਜਿਨ) ਨਾ ਭੁਗਾਵੇ । ਨਹੀਂ ਤਾਂ ਸਾਧੂ ਅਸਾਧੂ ਹੋ ਜਾਵੇਗਾ ਅਤੇ ਇਸ ਦਾ ਪਾਪ ਰਾਜੇ ਨੂੰ ਹੋਵੇਗਾ (ਅਰਥਾਤ ਕਿਸੇ ਮਹਾਤਮਾਂ ਪੁਰਸ਼

ਨੂੰ ਧਨਵਾਨ ਪੁਰਸ਼ ਨੇ ਅਨੇਕਾਂ ਭੋਗਾਂ ਵਿਚ ਲਾ ਦਿੱਤਾ ਜਿਸ ਕਰਕੇ ਮਹਾਤਮਾਂ-ਜਨ ਹਰਿ ਸਿਮਰਨ ਵਗੈਰਾ ਕਰਮ ਛੱਡ ਬੈਠੇ ਤਾਂ ਇਸ ਬੇਮੁਖਤਾਈ ਰੂਪ ਕਰਮ ਦਾ ਪਾਪ ਧਨਵਾਨ ਪੁਰਸ਼ ਨੂੰ ਭੋਗਣਾ ਪਏਗਾ ਜਿਸਨੇ ਉਸ ਮਹਾਤਮਾਂ ਨੂੰ ਸਿਮਰਨ ਤੋਂ ਹਟਾ ਕੇ ਭੋਗਾਂ ਵਿਚ ਜੋੜਿਆ ਸੀ) ॥੫੮॥ (ਕਿਉਂਕਿ

### ਦੋਹਰਾ

## ਮਲਨਅੰਨ ਕਰਿ ਮਲਮਮਨੁ ਸ਼ੁਧ ਅੰਨ ਕਰਿ ਸ਼ੁਧ ।
## ਜਲ ਵਤ ਚਿਤ ਜਾਸੋਂ ਮਿਲੇ ਭਵਤ ਤਥਾ ਇਸ ਬੁਧ ॥੫੯॥

ਮਲੀਨ ਅੰਨ (ਖਾਨ) ਕਰਕੇ ਮਨ ਮਲੀਨ ਹੁੰਦਾ ਹੈ, ਅਤੇ ਸ਼ੁੱਧ ਅੰਨ ਕਰਕੇ, ਮਨ ਸ਼ੁੱਧ ਹੁੰਦਾ ਹੈ ਪਾਣੀ ਸਮਾਨ (ਜਿਵੇਂ ਪਾਣੀ ਜਿਸ ਰੰਗ ਨਾਲ ਮਿਲੇ ਉਸ ਦਾ ਰੰਗ ਹੋ ਜਾਂਦਾ ਹੈ ਉਸੇ ਤਰ੍ਹਾਂ) ਮਨ (ਚਿੱਤ) ਜਿਸ ਨਾਲ ਮਿਲਦਾ ਹੈ, ਇਸ ਦੀ ਬੁੱਧੀ ਉਸੇ ਤਰ੍ਹਾਂ ਹੋ ਜਾਂਦੀ ਹੈ ॥੫੯॥

### ਦੋਹਰਾ

## ਬਰ ਧਨਾਢ ਸਤ ਭਾਵ ਕਰ ਜਜੈ ਸਤ ਕੋ ਜੋਇ ।
## ਗੰਗੋਦਕ ਕੇ ਪਾਨ ਸਮ ਤ੍ਰਿਖਾ ਕੁਗਤਿ ਹਤਿ ਦੇਇ ॥੬੦॥

ਸਤ ਭਾਵ-ਸੁੱਚੇ ਵਿਵਹਾਰ ਕਰਕੇ । ਜਜੈ-ਪੂਜਾ ਕਰਦਾ ਹੈ । ਗੰਗੋਦਕ-ਗੰਗਾ ਜਲ ।

ਜੋ ਸ੍ਰੇਸ਼ਟ ਧਨਵਾਨ ਪੁਰਸ਼ ਸੁੱਚੇ ਵਿਵਹਾਰ ਨਾਲ (ਧਨ ਕਮਾਂਦਾ ਹੈ ਅਤੇ ਫਿਰ) ਸੰਤ-ਜਨ ਦੀ ਪੂਜਾ ਕਰਦਾ ਹੈ । (ਉਹ)

ਗੰਗਾ ਜਲ ਪੀਣ ਦੇ ਸਮਾਨ ਹੈ ਜੋ ਤ੍ਰੇਹ ਤੇ ਬੁਰੀ ਗਤੀ ਦੋਹਾਂ ਨੂੰ ਨਾਸ ਕਰਦਾ ਹੈ (ਅਰਥਾਤ ਸ਼ੁੱਧ ਵਿਹਾਰ ਕਰਨ ਵਾਲੇ ਧਨਵਾਨ ਪੁਰਸ਼ ਸੰਤਾਂ ਦੀ ਸੇਵਾ ਪੂਜਾ ਕਰਦਾ ਹੈ ਉਸ ਦੀ ਮਨੋ ਕਾਮਨਾਂ ਭੀ ਪੂਰੀ ਹੁੰਦੀ ਹੈ, ਤੇ ਅੰਤ ਨੂੰ ਮੁਕਤੀ ਭੀ ਪ੍ਰਾਪਤ ਹੁੰਦੀ ਹੈ ॥੬੦॥

### ਸੋਰਠਾ

## ਤਾਂਤੇ ਯਥਾਧਿਕਾਰ, ਜਜੈ ਸਾਧ ਕੋ ਭੂਪ ਬਰ ।
## ਨਾ ਤਰ ਤਿਨੋਂ ਧਿਕਾਰ ਦੇਤ ਲੇਤ ਜੁਵਿਚਾਰ ਬਿਨ ॥੬੧॥

ਇਸ ਕਰਕੇ, ਜਿਸ ਤਰ੍ਹਾਂ ਦੇ ਅਧਿਕਾਰ ਵਾਲਾ ਸਾਧੂ (ਹੋਵੇ), ਸਰੇਸ਼ਟ ਰਾਜਾ (ਉਸ ਦੇ) ਅਧਿਕਾਰ ਅਨੁਸਾਰ ਹੀ ਸਾਧੂ ਦੀ ਪੂਜਾ-ਸੇਵਾ ਕਰਕੇ (ਅਰਥਾਤ ਧਨਵਾਨ ਪੁਰਸ਼ ਧਨ ਵੰਡਣ ਵੇਲੇ ਇਸ ਗੱਲ ਦਾ ਧਿਆਨ ਕਰੇ ਕਿ ਇਹ ਧਨ ਦਾ ਅਧਿਕਾਰੀ ਹੈ ਜਾਂ ਨਹੀਂ ? ਜੇਕਰ ਉਹ ਧਨ ਲੈ ਕੇ ਜੂਆ ਖੇਡਣ ਲੱਗ ਪਿਆ ਜਾਂ ਸ਼ਰਾਬ ਪੀਣ ਲੱਗ ਪਿਆ ਤਾਂ ਇਨ੍ਹਾ ਕਰਮਾਂ ਦੇ ਕਰਨ ਕਰਕੇ ਜੋ ਭੀ ਪਾਪ ਹੋਵੇਗਾ, ਉਹ ਦਾਤੇ ਨੂੰ ਹੀ ਹੋਣਾ ਹੈ ।

ਨਹੀਂ ਤਾਂ ਉਨ੍ਹਾਂ ਦੋਹਾਂ ਨੂੰ (ਦਰਗਾਹ ਤੋਂ) ਧ੍ਰਿਕਾਰ (ਮਿਲੇਗੀ) ਜੋ (ਅਧਿਕਾਰ ਦਾ) ਵਿਚਾਰ ਕੀਤੇ

ਤੋਂ ਬਿਨਾਂ (ਹੀ ਪਦਾਰਥ ਨੂੰ) ਦੇਂਦੇ ਤੇ ਲੈਂਦੇ ਹਨ ॥੬੧॥

### ਸੋਰਠਾ

## ਨ੍ਰਿਪ ਕੇ ਧਨ ਤੇ ਧੀਰ, ਸਰ ਕੇ ਸਮ ਸਰਕੇ ਝਟਤ ।
## ਪੋਖੇ ਚਿਤ ਸਰੀਰ: ਹਰਿ ਭਜ ਭਿਖਯਾ ਅੰਨ ਕਰਿ ॥੬੨॥

ਧੀਰ-ਧੀਰਜ ਵਾਨ ਪੁਰਸ਼ । ਸਰ-ਤੀਰ । ਸਰਕੇ-ਸਰਕ ਜਾਵੇ, ਨਿਕਲ ਜਾਵੇ । ਝਟਤ-ਝਟ ਪਟ, ਛੇਤੀ ਨਾਲ। ਪੋਖੇ-ਪਾਲਨਾ ਕਰੇ ।

ਰਾਜਾ ਦੇ ਧਨ ਤੋਂ (ਬਚਨ ਵਾਸਤੇ) ਧੀਰਜ ਵਾਨ ਪੁਰਸ਼ ਤੀਰ ਦੇ ਸਮਾਨ ਝਟ ਪਟ ਹੀ ਸਰਕ ਜਾਵੇ (ਅਰਥਾਤ ਬਹੁਤ ਦੂਰ ਚਲਾ ਜਾਵੇ) ।

(ਅਤੇ) ਭਿਖਯਾ ਦੇ ਅੰਨ ਨਾਲ, ਹਰੀ ਦਾ ਭਜਨ ਕਰਦਾ ਹੋਇਆ, ਅਪਣੇ ਸਰੀਰ ਤੇ ਚਿੱਤ ਦੀ ਪਾਲਣਾ ਕਰ ਲਵੇ ॥੬੨॥

### ਦੋਹਰਾ

## ਭਯੋ ਵਰਤ ਵੈਰਾਚ ਕੋ ਅਲੰ ਅਸ਼ਟਮੋ ਧ੍ਯਾਇ ।
## ਧਰ ਵਿਮੁਖ ਭੂਪਾਨ ਕੋ ਨਿੰਦਯੋ ਤਾਸੁਮਿਲਾਇ ॥੬੩॥

(ਸ੍ਰੀ) ਭਰਥਰੀ (ਜੀ ਦੇ) ਵੈਰਾਗ ਸ਼ਤਕ ਦਾ ਅਠਵਾਂ ਅਧ੍ਯਾਯ ਪੂਰਾ ਹੋ ਗਿਆ ਹੈ । ਇਸ ਦੇ ਵਿਚ ਧਰਮ ਤੋਂ ਬੇਮੁਖ ਰਾਜਿਆਂ ਤੇ ਸੰਨਿਆਸੀਆਂ ਦੋਹਾਂ ਨੂੰ ਮਿਲਕੇ (ਇਕੱਠਾ ਹੀ ਨਿੰਦਿਆ ਹੈ ॥੬੩॥

### *ਇਤਿ ਅਠਵਾਂ ਅਧਯਾਯ ॥੮॥*

੧ਓ ਸਤਿਗੁਰ ਪ੍ਰਸਾਦਿ ॥

# ਅਥ ਨੌਵਾਂ ਅਧਯਾਯ ਅਰੰਭ

### ਦੋਹਰਾ

**ਨੌਵੇ ਰਵਿ ਬ੍ਰਿਤ ਕਰਿ ਕਹਿ ਦਸਾ ਪ੍ਰਾਕ ਵਿਦਵਾਨ।**
**ਸਿਮਰਿ ਸਿਮਰਿ ਗਤਿ ਦਿਨਨ ਕੋ ਹਸਤ ਸਮਾਧਿ ਉਥਾਨ ॥੧॥**

ਰਵਿ -ਬਾਰਾਂ, ੧੨। ਬ੍ਰਿਤਿ-ਛੰਦ, ਸਲੋਕ। ਪ੍ਰਾਕ-ਪਹਲੀ। ਗਤਿ-ਬੀਤੇ ਹੋਏ। ਉਥਾਨ-ਸੁਚੇਤ ਹੋ ਕੇ।

ਇਸ ਨੌਵੇਂ ਅਧਯਾਯ ਵਿਚ ਬਾਰਾਂ ਛੰਦ ਬਣਾ ਕੇ, ਵਿਦਵਾਨ (ਗ੍ਰੰਥ ਕਰਤਾ ਆਪਣੀ) ਪਹਿਲੀ ਦਸਾ ਕਹਿੰਦਾ ਹੈ। (ਇਕ ਦਿਨ ਰਾਜਾ ਭਰਥਰੀ:-

ਸਮਾਧੀ ਤੋਂ ਉਥਾਨ ਹੋ ਕੇ, ਅਤੇ ਬੀਤ ਚੁੱਕੇ ਹੋਏ ਦਿਨਾਂ ਨੂੰ (ਸਿਮਰ ਸਿਮਰ) ਯਾਦ ਕਰ ਕਰਕੇ ਹੱਸਣ ਲੱਗ ਪਿਆ॥੧॥

### ਕਬਿੱਤ

**ਗੁਫ਼ਾ ਕੇ ਪਖਾਨ ਪੈ ਸਮਾਧਿ ਤੇ ਉਥਾਨ ਪਾਇ,**
**ਬ੍ਰਹਮ ਧਯਾਨ ਸੁਖ ਕੋ ਮੈਂ ਧਯਾਨ ਕੀਨੇ ਅਹਿਸੇ ॥**
**ਬੀਤੇ ਜੇ ਦਿਹਾਰੇ ਦੁਖਵਾਰੇ ਤਾਂ ਸਮਾਰ ਹਸੋਂ,**
**ਦੁਸ਼ਟ ਧਨੀ ਦੁਆਰੇ ਜੇ ਭ੍ਰਮਾਨ ਵਾਰੇ ਅਹਿਸੇ ॥**
**ਦੂਖ ਜੜਤਾ ਕੇ ਹੇਤੁ ਜਾਚਨਾ ਨਿਕੇਤ ਜੇਤੇ,**
**ਭੋਗ ਲਾਭ ਕੇ ਸਮੇਤ ਮਦ ਦੇਤ ਅਹਿਸੇ ॥**
**ਜੇਈ ਮੋਹ ਮਤਿ ਹਤੇ ਅਬ ਵਹਿ ਅਹਿ ਗਤੇ,**
**ਅਹਿ ਬੀਤੇ ਅਹਿ ਮੋਰ ਵਹਿ ਅਹਿ ਅਹਿਸੇ ॥੨॥**

ਪਖਾਨ-ਪੱਥਰ। ਉਥਾਨ-ਜਾਗ੍ਰਤਵਸਥਾ, ਸਾਵਧਾਨਤਾ। ਅਹਿਸ਼ੇ-(ਅਹਿਨਿਸੇ) ਦਿਨ ਰਾਤ। ਜਾਚਨਾ-ਕੰਗਾਲਤਾ। ਸਮਾਰ-ਯਾਦ ਕਰਕੇ। ਅਹਿਸੇ-ਹੈਗੇ ਸਨ। ਹੇਤੁ-ਕਾਰਣ। ਨਿਕੇਤ-ਘਰ। ਮਦ-ਮਸਤੀ। ਅਹਿਸੇ ਸੱਪ ਵਰਗੇ। ਅਹਿ-ਦਿਨ। ਗਤੇਂ-ਨਾਸ ਹੋ ਗਏ ਹਨ। ਅਹਿ-ਇਹ।

(ਇਕ ਦਿਨ ਯੋਗੀ ਰਾਜ ਭਰਥਰੀ ਜੀ ਗੁਫਾ ਦੇ ਪੱਥਰ ਉਤੇ (ਬੈਠੇ ਹੋਇਆਂ) ਸਮਾਧੀ ਤੋਂ ਸਾਵਧਾਨਤਾ ਪਾ ਕੇ (ਵਿਚਾਰ ਕਰਨ ਲੱਗੇ ਕਿ ਹੁਣ) ਮੈਂ ਬ੍ਰਹਮ ਧਿਆਨ ਰੂਪ ਸੁਖ ਦਾ ਧਿਆਨ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਹੈ)। ਜਿਹੜੇ ਦਿਹਾੜੇ ਬੀਤ ਗਏ ਹਨ, ਉਹ ਦੁੱਖ ਦੇਣ ਵਾਲੇ ਸਨ, ਉਨ੍ਹਾਂ ਨੂੰ ਯਾਦ ਕਰ ਕਰ ਕੇ ਹੱਸਦਾ ਹਾਂ ਜਿਹੜੇ ਦੁਸ਼ਟ ਧਨਵਾਨਾਂ ਦੇ ਬੂਹੇ ਉਤੇ ਦਿਨ-ਰਾਤ ਫਿਰਨਿ ਵਾਲੇ ਸਨ।

(ਜੋ ਪਰਾਧੀਨਤਾ ਰੂਪ) ਦੁੱਖ ਤੇ ਜੜਤਾ (ਮੂਰਖਤਾ) ਦੇ ਕਾਰਨ ਸਨ, ਕੰਗਾਲਤਾ ਦਾ ਘਰ ਸਨ, ਜਿੰਨੇ (ਭੀ ਸਨ) ਭੋਗਾਂ ਦੀ ਪ੍ਰਾਪਤੀ ਦੇ ਸਮੇਤ (ਸਨ, ਉਹ ਸਾਰੇ ਹੀ) ਸੱਪ ਸਮਾਨ ਹੰਕਾਰ (ਰੂਪ ਵਿਖ ਦੀ) ਮਸਤੀ ਦੇਂਦੇ ਸਨ।

ਜਿਹੜੇ ਮੇਰੀ ਬੁੱਧੀ ਦੇ ਨਾਸ ਕਰਨ ਵਾਲੇ ਸਨ, ਹੁਣ ਉਹ ਦਿਨ ਗੁਜਰ ਗਏ ਹਨ, ਹੁਣ ਜੋ ਦਿਨ ਬੀਤ ਰਹੇ ਹਨ, (ਇਹ) ਮੋਰ (ਸਮਾਨ ਹਨ ਅਤੇ) ਉਹ ਦਿਨ ਸੱਪ ਵਰਗੇ ਸਨ ॥੨॥

### *ਪੁਨਾ ਝੂਲਨਾ ਛੰਦ*

**ਭੋਗ ਸੰਜੋਗ ਕਰਿ ਦੁਸ਼ਟ ਅਗਿਆਨ ਅਰਿ,**
**ਮੋ ਉਰ ਮੈ ਭਯੋ ਪੁਸ਼ਟ ਭਾਨਾ॥**
**ਸਮਰਕੇ ਤਿਮਰਸੈ ਸੰਸਕਾਰੋ ਪਜੈ,**
**ਸਾਰਿ ਸੰਸਾਰ ਕੇ ਨਾਰਿ ਜਾਨਾ॥**
**ਬੁਧਿਕੇ ਨੈਨ ਮੋ ਗਿਆਨ ਅੰਜਨ ਦਯੋ,**
**ਪਾਦਤ੍ਰੈ ਨੈਨ ਕੇ ਸੇਵ ਮਾਨਾ॥**
**ਭਯੋ ਅਬ ਚਤੁਰ ਪੈ ਲੋਕ ਦਸ ਚਤੁਰ ਮੈ,**
**ਬ੍ਰਹਮ ਕੋ ਵੇਦ ਕਰਿ ਭੇਦ ਭਾਨਾ ॥੩॥**

ਪੁਸ਼ਟ-ਬਲਵਾਨ। ਭਾਨਾ-ਸੂਰਜ। ਸਮਰੁ-ਕਾਮ। ਤਿਮਰ-ਹਨੇਰਾ। ਨਾਰਿ-ਇਸਤ੍ਰੀ। ਅੰਜਨ-ਸੁਰਮਾ। ਤ੍ਰਨੈਨ- ਤਿੰਨ ਅੱਖਾਂ ਵਾਲਾ ਸ਼ਿਵਜੀ। ਦਸ ਚਤੁਰ-ਚੌਦਾਂ।

ਦੁਸ਼ਟ ਅਗਿਆਨ ਵੈਰੀ ਦੇ ਸੰਜੋਗ ਕਰਕੇ ਮੇਰੇ ਹਿਰਦੇ ਵਿਚ ਸੂਰਜ ਸਮਾਨ ਭੋਗਾਂ ਦੀ ਇੱਛਾ ਕਰਾਣ ਵਾਲਾ ਕਾਮ ਬਲਵਾਨ ਹੋ ਗਿਆ ਸੀ।

(ਉਸ) ਕਾਮ ਦੇ ਹਨੇਰੇ ਵਿਚ (ਇਸ ਤਰ੍ਹਾਂ ਦੇ) ਸੰਸਕਾਰ ਪੈਦਾ ਹੁੰਦੇ ਸਨ(ਜਿਸ ਕਰਕੇ) ਸੰਸਾਰ ਦਾ ਸਾਰ ਰੂਪ ਵਸਤੂ ਇਸਤ੍ਰੀ ਨੂੰ ਜਾਣਿਆ ਸੀ।

(ਫਿਰ ਸੰਤਾਂ ਨੇ ਕ੍ਰਿਪਾ ਕਰਕੇ) ਮੇਰੀ ਬੁੱਧੀ ਦੀਆਂ ਅੱਖਾਂ ਵਿਚ (ਵਿਚਾਰ ਰੂਪ) ਸੁਰਮਾ ਪਾ ਦਿੱਤਾ, (ਤਦ ਮੈਂ ਆਪਣੇ ਆਪ ਨੂੰ) ਸ਼ਿਵਜੀ ਦੇ ਚਰਨਾਂ ਦਾ ਸੇਵਕ ਮੰਨਣ ਲੱਗ ਪਿਆ।

ਹੁਣ ਮੈਂ ਚੌਦਾਂ ਲੋਕਾਂ ਵਿਚ ਹੀ ਸਿਆਣਾ ਹੋ ਗਿਆ ਹੈ, (ਕਿਉਂਕਿ) ਬ੍ਰਹਮ ਦੇ ਗਿਆਨ ਕਰਕੇ

(ਜੀਵ ਈਸ਼ੂਰ ਦੇ) ਭੇਦ ਨੂੰ ਨਾਸ ਕਰ ਲਿਆ ਹੈ ॥੩॥

### ਕਬਿੱਤ

**ਚੀਨੋ ਜਬ ਕਿੰਚਤ ਕਰਿੰਦ ਜਿਉਂ ਮਦਾਂਧ ਭਯੋ,**
**ਤਬੈ ਮੋਹਿ ਜਾਨ ਲਯੋ ਸਭੀ ਗਯਾਤ ਆਪ ਕੋ।**
**ਤਾਸ ਮਦ ਤਾਪ ਕੇ ਪ੍ਰਤਾਪ ਕਰਿ ਮੇਰੇ ਮਨ ਮਾਹਿ,**
**ਕਛੁ ਰਹਯੋ ਨਾਹਿ ਗਿਆਨ ਪੁੰਨ ਪਾਪ ਕੋ।**
**ਸੁਛ ਸਤਸੰਗ ਕੀਨੋ ਤਬ ਕਛੁ ਕਛੁ ਚੀਨ ਮੂਢ ਜਾਨੋ,**
**ਆਪ ਕੋ ਵਿਹਾਨੋ ਮਦ ਤਾਪ ਕੋ।**
**ਸਾਧਨ ਕੋ ਮੇਲਾ ਚਾਰੁ ਮੇਲਾ ਚਾਰ ਸਾਧਨ ਕੋ,**
**ਜਾਹਿ ਕੇ ਪ੍ਰਤਾਪ ਕਰਪਾਯੋ ਮੈ ਨਿਜਾਪ ਕੋ ॥੪॥**

ਜਦੋਂ ਮੈਂ ਥੋੜਾ ਜਿੰਨਾਂ ਸ਼ਾਸਤਰ ਗਿਆਨ ਜਾਣਿਆ ਸੀ, ਤਦ ਹਾਥੀ ਵਾਂਗੂੰ ਹੰਕਾਰ ਨਾਲ ਅੰਨ੍ਹਾਂ ਹੋ ਗਿਆ ਸਾਂ, ਉਸ ਵੇਲੇ ਮੈਂ ਅਪਣੇ ਆਪ ਨੂੰ ਸਭਨਾਂ ਗੱਲਾਂ ਦਾ ਗਿਆਤਾ ਜਾਣ ਲਿਆ ਸੀ। ਉਸ ਹੰਕਾਰ ਦੇ ਤਾਪ ਦੀ ਬੜੀ ਭਾਰੀ ਤਪਸ ਕਰਕੇ, ਮੇਰੇ ਮਨ ਵਿਚ ਪਾਪ-ਪੁੰਨ ਦਾ ਕੁਝ ਭੀ ਗਿਆਨ ਨਹੀਂ ਰਿਹਾ ਸੀ (ਅਰਥਾਤ ਪਾਪ-ਪੁੰਨ ਦੀਆਂ ਗੱਲਾਂ ਨੂੰ ਮੈਂ ਪੰਡਤਾਂ ਦੇ ਗਪੌੜੇ ਮੰਨਣ ਲੱਗ ਪਿਆ ਸਾਂ, ਇਸ ਤਰ੍ਹਾਂ ਦਾ ਬੱਧ ਗਿਆਨੀ ਹੋ ਗਿਆ ਸਾਂ)।

(ਉਸ ਦੇ ਮਗਰੋਂ ਜਦ) ਪਵਿੱਤ੍ਰ ਸਤਸੰਗ ਕੀਤਾ, ਤਦ ਮੈਂ ਕੁਝ ਕੁਝ ਜਾਣ ਗਿਆ, ਅਤੇ ਮੇਰਾ ਹੰਕਾਰ ਰੂਪ ਤਾਪ ਉਤਰ ਗਿਆ ਤਾਂ ਮੈਂ ਅਪਣੇ ਆਪ ਨੂੰ ਮੂਰਖ ਜਾਨਣ ਲੱਗਾ।

(ਫਿਰ ਮੇਰਾ) ਸੁੰਦਰ ਸਾਧਾਂ ਨਾਲ ਮੇਲ ਹੋ ਗਿਆ, (ਉਨ੍ਹਾਂ ਨੇ ਮੈਨੂੰ) ਚਾਰ ਸਾਧਨਾਂ ਵੈਰਾਗ ਵਿਵੇਕ, ਖਟ ਸੰਪਤੀ ਤੇ ਮੋਖ ਇਛਾ ਨਾਲ ਮੇਲ ਦਿੱਤਾ, ਜਿਨ੍ਹਾਂ ਸਾਧਨਾਂ ਦੇ ਪ੍ਰਤਾਪ ਕਰਕੇ, ਮੈਂ ਆਪਣੇ ਨਿਜ ਰੂਪ (ਆਤਮ ਅਨੰਦ) ਨੂੰ ਪਾਇਆ ਹੈ ॥੪॥

ਨੋਟ-ਭਰਥਰੀ ਜੀ ਜਦ ਭਿਖਯਾ ਲੈਣ ਲਈ ਜਾਇਆ ਕਰਦੇ ਸਨ, ਤਾਂ ਇਨ੍ਹਾਂ ਦੇ ਰਿਸ਼ਟ-ਪੁਸ਼ਟ ਤੇ ਸੁੰਦਰ ਸਰੀਰ ਨੂੰ ਵੇਖਕੇ ਇਕ ਇਸਤ੍ਰੀ ਇਨ੍ਹਾਂ ਵੱਲ ਕਟਾਖਠਯ ਭਰੀ ਨਿਗਾਹ ਨਾਲ ਨਾਲ ਵੇਖਿਆ ਕਰਦੀ ਸੀ, ਉਸਦੇ ਪ੍ਰਥਾਇ ਕਹਿੰਦੇ ਹਨ

### ਬ੍ਰਿਧ ਨਰਾਜ ਛੰਦ

**ਸਪ੍ਰੀਤਿ ਨੀਚ ਨਾਰਿ ਏ ਸਦੀਵ ਮੇ ਨਹਾਰ,**
**ਸ ਸਰੋਜ ਨੀਲ ਪੱਤ੍ਰ ਕਾਂਤਿ ਚੋਰ ਚਖੁ ਡਾਰ ਹੈ।**

**ਇਨੇ ਅਲੱਖ ਭਾਵ ਕੋ ਲਖੋ ਚੁਰਾਤ ਚਿਤ,**
**ਮੋਰ ਚੋਰ ਨੈਨ ਸੈਨ ਮੈਂ ਸਭਾਵ ਕੋ ਨਿਹਾਰ ਹੈ।**
**ਭਾਯੋ ਵਿਸੁਧ ਮੋਹਿ ਚਿਤ ਮੋਹਿ ਕੋ ਨਮਿੱਤ ਨਾਹਿੰ,**
**ਮੈਂ ਫੂਲਬਾਨ ਕੀ ਕ੍ਰਿਸਾਨ ਕੋ ਪ੍ਰਹਾਰ ਹੈ।**
**ਅਜੇਪਿ ਏ ਛਨਾਰਿ ਨਾਰਿ ਨਾਰ ਕੋ ਨ ਫੇਰ ਹੈ,**
**ਤਿਯਾਂਖ ਸਯਾਲਤੇ ਨ ਮੋਰ ਚਿਤ ਸ਼ੇਰ ਹਾਰ ਹੈ ॥੫॥**

ਸਦੀਵ-ਸਦਾ ਹੀ। ਨਿਹਾਰ-ਵੇਖਦੀ। ਸਰੰਜ-ਕਪਲ। ਕਾਂਤਿ-ਇਸਤ੍ਰੀ। ਚਖੁ-ਅੱਖ, ਨਜ਼ਰ। ਅਲੱਖ-ਗੁਪਤ। ਵਿਸੁਧ-ਉੱਜਲ। ਮੈਨ-ਕਾਮਦੇਵ। ਕ੍ਰਿਸਾਨ-ਅਗ। ਪ੍ਰਹਾਰ-ਨਾਸ। ਅਜੇਪਿ-ਅਜੇ ਭੀ। ਠਨਾਰਿ-ਚੰਚਲ, ਵਿਭਚਾਰਨੀ। ਨਾਰ-ਗਰਦਨ। ਤਿਯਾਂਖ-ਇਸਤ੍ਰੀ ਦੀ ਅੱਖ। ਸਯਾਲ-ਗਿੱਦੜ।

ਏਹ ਨੀਚ ਇਸਤ੍ਰੀ ਸਦਾ ਹੀ ਪ੍ਰੀਤੀ ਨਾਲ ਮੇਰੇ ਵੱਲ ਵੇਖਦੀ ਹੈ, ਨੀਲੇ ਪੱਤ੍ਰਾਂ ਵਾਲੇ ਕਮਲ (ਵਰਗੀਆਂ) ਸੁੰਦਰ ਅੱਖਾਂ ਵਾਲੀ ਇਸਤ੍ਰੀ (ਮੇਰੇ ਉਤੇ) ਚੋਰ ਅੱਖਾਂ ਸੁੱਟਦੀ ਹੈ। ਇਸਦੇ ਲੁਕਵੇਂ ਭਾਵ ਨੂੰ ਮੈਂ ਜਾਣਦਾ ਹਾਂ, ਇਹ ਆਪਣੀਆਂ ਚੋਰ ਅੱਖਾਂ ਨਾਲ ਮੇਰੇ ਚਿਤ ਨੂੰ ਚੁਰਾਨਾ (ਚਾਹੁੰਦੀ ਹੈ, ਅਤੇ) ਮੇਰੇ ਸੁਭਾਵ ਨੂੰ ਭੀ ਵੇਖਣਾ ਚਾਹੁੰਦੀ ਹੈ।

ਮੇਰਾ ਚਿਤ ਬਿਲਕੁਲ ਉਜਲ ਹੋ ਗਿਆ ਹੈ, ਅਤੇ ਮੋਹ ਦਾ ਕਾਰਨ ਰੂਪ ਕਾਮ (ਇਸ ਵਿਚ) ਨਹੀਂ ਹੈ, ਅਤੇ ਕਾਮ ਦੇ ਫੁੱਲਾਂ ਦੇ ਤੀਰਾਂ ਦੀ ਅੱਗ (ਭੀ ਮੇਰੇ ਚਿਤ ਵਿਚੋਂ) ਨਾਸ ਹੋ ਗਈ ਹੈ (ਭਾਵ ਜਿਥੇ ਕਾਮ ਦੇ ਸੰਸਕਾਰ ਹੀ ਨਹੀਂ ਰਹੇ, ਉਥੇ ਕਾਮ ਦਾ ਉਦੇ ਭਾਵ ਹੀ ਕਿਵੇਂ ਹੋ ਸਕਦਾ ਹੈ)।

(ਪਰ) ਅਜੇ ਭੀ ਏ ਛਨਾਰ ਇਸਤ੍ਰੀ (ਮੇਰੇ ਵਲੋਂ) ਗਰਦਨ ਨਹੀਂ ਮੋੜਦੀ ਹੈ, (ਪਰ ਕੋਈ ਡਰ ਨਹੀਂ, ਕਿਉਂਕਿ) ਇਸਤ੍ਰੀ ਦੀ ਅੱਖ ਰੂਪ ਗਿੱਦੜ ਪਾਸੋਂ ਮੇਰਾ ਚਿਤ ਰੂਪ ਸ਼ੇਰ ਹਾਰਦਾ ਨਹੀਂ ਹੈ ॥੫॥

### ਦੋਹਰਾ

**ਨਾਹ ਮੇਰ ਮਨ ਮੇਰ ਕੋ ਦ੍ਰਿਗ ਪਤੰਗ ਪਰ ਝੂਲ ॥**
**ਚਲਪ ਸਕਹਿ ਕਰ ਅਗਯ ਕੇ ਚਿਤ ਤੂਲ ਕੇ ਤੋਲ ॥੬॥**

ਮੇਰ-ਮੇਰੇ। (੨) ਸੁਮੇਰ, ਪਹਾੜ। ਝੂਲ-ਝੁਲਾਉਣਾ, ਹਿਲਾਉਣਾ। ਤੂਲ-ਰੂੰ। (੨) ਬਰਾਬਰ। ਅਗਯ-ਅਗਯਾਨੀ

ਮੇਰੇ ਮਨ ਰੂਪ ਸੁਮੇਰ ਨੂੰ (ਇਸਤ੍ਰੀ ਦੀਆਂ) ਅੱਖਾਂ ਰੂਪ ਪਤੰਗਾ ਪ੍ਰਝੂਲ (ਹਿਲਾ) ਨਹੀਂ ਸਕਦਾ। ਅਗਿਆਨੀ ਦੇ ਚਿੱਤ ਨੂੰ ਚੰਚਲ ਕਰ ਸਕਦਾ ਹੈ, (ਜੋ) ਚਿੱਤ ਰੂੰ ਦੇ ਬਰਾਬਰ ਹੈ ॥੬॥

ਨੋਟ-ਜਦ ਭਰਥਰੀ ਜੀ ਇਸ ਤਰ੍ਹਾਂ ਕਹਿ ਰਹੇ ਸਨ, ਤਾਂ ਕੋਲ ਵਾਲੇ ਦਰਖਤ ਉਤੇ ਕੋਇਲ ਬੋਲਣ ਲੱਗ ਪਈ, ਕੋਲੋਂ ਇਕ ਇਸਤ੍ਰੀ ਭੀ ਲੰਘੀ, ਜੋ ਮੋਹ ਭਰੇ ਨੈਨ ਨਾਲ ਆਪ ਨੂੰ ਵੇਖਣ ਲੱਗੀ, ਬਸੰਤ

ਰੁੱਤ ਦਾ ਸਮਾਂ ਸੀ, ਕਾਮ ਦੇ ਪ੍ਰਵੇਸ਼ ਕਰਕੇ ਜਿਵੇਂ ਤਨ ਤੇ ਰੋਮੰਚ ਹੋ ਜਾਂਦੇ ਹਨ, ਅਜੇਹੀ ਦਸ਼ਾ ਵੇਖਕੇ ਆਪ ਜੀ ਨੇ ਕਿਹਾ:

### ਯਥਾ ਕਬਿੱਤ

**ਰੇ ਰੇ ਮੀਨ ਕੇਤੁ ਕਸੀਸ ਦੇਤ ਪਾਨਕੋ,**
**ਕਮਾਨ ਕੇ ਟੰਕਾਰ ਧੂਨ ਸੋਨ ਮਨ ਤ੍ਰਸ ਹੈ॥**
**ਅਰੀ ਮੂਢ ਪਿਕ ਕਾਕੋ ਮ੍ਰਿਦ ਚਾਰ ਬਚਨਾ ਕੋ,**
**ਬਿਰਥਾ ਬਕੇ ਨ ਅਸਾਕੋ ਤਾਕੋ ਕਛੂ ਰਸ ਹੈ॥**
**ਮੁਗਧੇ ਸਨਿਗਧੇ ਵਿਦਗਧੌ ਮੁਗਧਲੋਲ,**
**ਮਧਰ ਕਟਾਖੋਂ ਤੇਰੇ ਕਰ ਮੋਕੋ ਬਸ ਹੈ॥**
**ਚੰਦ੍ਰ ਦੂੜਾ ਮਨਿ ਜਾਂਕੇ ਚੂੰਮੇ ਚਿਤ ਪਾਉਂ ਤਾਕੇ,**
**ਬੀਚ ਅਮੀ ਧਿਆਨ ਵਾਂਕੋ ਮੇਰੋ ਮਨ ਬਸ ਹੈ॥੭॥**

ਮੀਨ ਕੇਤੁ-ਮਛੀ ਜਿਸ ਦਾ ਝੰਡਾ ਹੈ, ਕਾਮ ਦੇਵ। ਕਸੀਸ-ਖਿੱਚ। ਪਾਨ-ਹੱਥ। ਟੰਕਾਰ-ਧਨੁੱਖ ਦੀ ਅਵਾਜ਼। ਅਰੀ ਮੂਢ-ਹੇ ਮੂਰਖ। ਪਿਕ-ਕਾਇਲ। ਮ੍ਰਿਦ-ਮਿੱਠੇ। ਮੁਗਧੇ-ਹੇ ਸੁੰਦਰ ਇਸਤ੍ਰੀ। ਸਨਗਿਧੇ-ਚੀਕਨੇ ਅੰਗਾਂ ਵਾਲੀ। ਵਿਦਗਧੇ-ਹੇ ਚਤਰ। ਮੁਗਧ-ਸੋਲਾਂ ਬਰਸਾਂ ਵਾਲੀ। ਲੋਲ-ਚੰਚਲ। ਚੰਦ੍ਰ ਚੂੜਾ ਮਣੀ-ਚੰਦ੍ਰਮਾਂ ਜਿਸ ਦੇ ਸਿਰ ਦਾ ਗਹਿਣਾ ਹੈ ਸ਼ਿਵਜੀ। ਅਮੀ-ਅੰਮ੍ਰਿਤ।

ਹੇ, ਹੇ ਕਾਮਦੇਵ ਕਿਸ ਵਾਸਤੇ ਆਪਣੀ ਕਮਾਨ ਨੂੰ ਹੱਥ ਦੀ ਖਿਚ ਦੇਂਦਾ ਹੈਂ ? ਤੇਰੇ ਧਨੁੱਖ ਦੀ ਤਰਾਉਣੀ ਅਵਾਜ਼ ਨਾਲ (ਮੇਰਾ ਮਨ ਨਹੀਂ ਡਰੇਗਾ।

ਨੀ ਮੂਰਖ ਕੋਇਲ! ਕਿਸ ਵਾਸਤੇ ਮਿੱਠੇ-ਮਿੱਠੇ ਸੁੰਦਰ ਬਚਨ ਬਿਰਥਾ ਹੀ ਬਕ ਰਹੀ ਹੈ ? (ਕਿਉਂਕਿ) ਸਾਨੂੰ (ਤੇਰਿਆਂ) ਉਨ੍ਹਾਂ (ਬੋਲਾਂ ਦਾ) ਕੁਝ ਭੀ ਸੁਆਦ ਨਹੀਂ ਆਉਂਦਾ ਹੈ। ਹੇ ਚੰਚਲ ਇਸਤ੍ਰੀ! ਹੇ ਚੀਕਨੇ ਅੰਗਾਂ ਵਾਲੀਏ। ਹੇ ਸੋਲਾਂ ਬਰਸੀਏ! ਤੇਰੇ ਚੰਚਲ (ਨੈਨਾਂ ਦੇ ਮਧੁਰ ਕਟਾਖਛਾਂ ਕਰਕੇ ਭੀ ਮੈਨੂੰ ਬਸ ਹੈ (ਭਾਵ ਮੈਨੂੰ ਇਨ੍ਹਾਂ ਕਟਾਖਾਂ ਦੀ ਭੀ ਇੱਛਾ ਨਹੀਂ ਹੈ, ਮੈਂ ਇਨ੍ਹਾਂ ਵਲੋਂ ਭੀ ਤ੍ਰਿਪਤ ਹੋ ਚੁੱਕਾ ਹੋਯਾ ਹਾਂ)। ਜਿਸਦੇ ਸਿਰ ਦਾ ਚੂੜਾ ਮਣੀ ਚੰਦ੍ਰਮਾਂ ਹੈ, ਉਸਦੇ ਚਰਨ ਮੇਰੇ ਚਿਤ ਨੇ ਚੁੰਮ ਲਏ ਹਨ ਅਤੇ ਉਸਦੇ ਧਿਆਨ ਵਿਚ ਅੰਮ੍ਰਿਤ ਹੈ, ਜਿਸ ਨੂੰ ਪੀ ਕੇ ਮੇਰਾ ਮਨ ਤ੍ਰਿਪਤ ਹੋ ਗਿਆ ਹੈ, ਹੁਣ ਕੋਈ ਇੱਛਾ ਨਹੀਂ ਰਹੀ ਹੈ)॥੭॥

ਨੋਟ-ਜੇਕਰ ਕਾਮਦੇਵ ਏਹ ਆਖੇ ਕਿ ਪਹਲੇ ਤਾਂ ਤੁਸੀਂ ਮੇਰੇ ਅਗੇ ਦੀਨ ਸੀ, ਹੁਣ ਕੀ ਹੋ ਗਿਆ ਹੈ, ਤਾਂ:

## ਦੋਹਰਾ

**ਤਵ ਪਦਾਂਤ ਥੋ ਭ੍ਰਾਂਤਿ ਮੋਂ ਭ੍ਰਮਯੋਂ ਗੇਂਦ ਕਪਿ ਸਾਨ ॥**
**ਚਿਤ ਸ਼ਾਂਤਿ ਗਤਿ ਭ੍ਰਾਂਤ ਅਬ ਮੈਂ ਪ੍ਰਭ ਅਨੁਗ ਭਵਾਨ ॥੮॥**

ਗੇਂਦ-ਖਿਦੂ ਕਪਿ-ਬਾਂਦਰ ਸਾਨ-ਬਰਾਬਰ ਅਨੁਗ-ਦਾਸ ਭਵਾਨ-ਤੁਸੀਂ

ਹੇ ਕਾਮਦੇਵ ਜਿੰਨਾਂ ਚਿਰ ਤੇਰੇ ਚਰਨਾਂ ਦਾ ਆਸਰਾ ਸੀ ਤਦ ਤਕ ਭ੍ਰਾਂਤੀ ਵਿਚ ਖਿੱਦੂ ਤੇ ਬਾਂਦਰ ਸਮਾਨ (ਅਨੇਕਾਂ ਜਨਮ) ਭੌਂਦਾ ਰਿਹਾ ਹਾਂ (ਅਰਥਾਤ ਜਿੰਨਾਂ ਚਿਰ ਦੇਹ ਭ੍ਰਾਂਤੀ ਸੀ ਕਿ ਵਿਸ਼ੈ ਭੋਗ ਹੀ ਅਨੰਦ ਹਨ. ਇਸ ਤੋਂ ਬਿਨਾਂ ਹੋਰ ਕਿਧਰੇ ਅਨੰਦ ਨਹੀਂ ਹੈ ਤਦ ਤਕ ਬਾਂਦਰ ਤੇ ਗੇਂਦ ਵਾਂਗੂੰ ਵਿਸ਼ੈ ਭੋਗਾਂ ਲਈ ਭੌਂਦਾ ਰਿਹਾ ਹਾਂ

ਹੁਣ ਭ੍ਰਾਂਤੀ ਨਾਸ ਹੋ ਜਾਣ ਕਰਕੇ ਚਿੱਤ ਸ਼ਾਂਤ ਹੋ ਗਿਆ ਹੈ ਇਸ ਕਰਕੇ ਮੈਂ ਤੁਣ ਤ੍ਯਾਗਦਾ ਹਾਂ ਅਤੇ ਤੁਸੀਂ (ਮੇਰੇ) ਦਾਸ ਹੋ ॥—॥

## ਚੌਪਈ

**ਸਥਾਵਰ ਜੰਗਮ ਸਭ ਜਗ ਤਾਂਕੇ ।**
**ਈਸ਼੍ਵਰ ਪਰਮ ਨਾਥ ਗਿਰਜਾਕੇ ।**
**ਅਰ ਸ੍ਰੀ ਵਿਸ਼ਨ ਦੇਵ ਕੇ ਮਾਹੀਂ ।**
**ਜਾਂ ਮੈਂ ਕਿਛੂ ਵਿਖਮਤਾ ਨਾਹੀ ॥੯॥**

ਸਥਾਂਵਰ-ਸਥਿਰ ਰਹਿਣ ਵਾਲੇ ਜੀਵ। ਫਿਰਨ ਵਾਲੇ ਜੀਵ। ੨ ਚੇਤਨ ਨਾਥ ੨ ਜੜ੍ਹ ਜੰਗਮ-ਲੱਤਾਂ ਨਾਲ ਤੁਰ ਗਿਰਜਾਕੇ-ਪਾਰਬਤੀ ਦੇ ਸ੍ਵਾਮੀ ਸ਼ਿਵਜੀ ਵਿਖਮਤਾ-ਭਿੰਨ ਭੇਦ. ਘਾਟ ਵਾਧ

ਸਥਾਵਰ ਤੇ ਜੰਗਮ ਜੜ ਤੇ ਚੇਤਨ ਰੂਪ ਸਾਰਾ ਜਗਤ ਜਿਸਦਾ ਕੀਤਾ ਹੋਇਆ ਹੈ ਅਤੇ ਜੋ ਪਾਰਬਤੀ ਦੇ ਸ੍ਵਾਮੀ ਪਰਮ ਈਸ਼੍ਵਰ ਹਨ। ਸ਼ਿਵਜੀ ਅਤੇ ਸ੍ਰੀ ਵਿਸ਼ਨ ਦੇਵ ਦੇ ਵਿਚ ਕੁਝ ਵਾਧ ਘਾਟ ਨਹੀਂ ਹੈ, ਅਰਥਾਤ ਸ਼ਿਵਜੀ ਤੇ ਵਿਸ਼ਨੂੰ ਵਿਚ ਰੱਤੀ ਭਰ ਭੀ ਫਰਕ ਨਹੀਂ ਹੈ, ਦੋਵੇਂ ਇਕ ਰੂਪ ਹਨ ॥੯॥

**ਸਰ ਬਾਤਮ ਸਭ ਜਗ ਕੇ ਅੰਤਰ ।**
**ਵਿਆਪਿ ਰਹਿਯੋ ਸਮ ਏਕ ਨਿਰੰਤਰ ।**
**ਪੁਨਾ ਉਪਾਧਵ ਮਾਧਵ ਦੋ ਮਾਹਿਂ ।**
**ਭੇਦ ਵਸੀ ਮਤਿ ਮੋ ਮਹਿ ਸੋਨਾਹਿਂ ॥੧੦॥**
**ਤਦਪਿ ਮਮ ਭਗਤੀ ਮਧਿ ਤਾਂਕੇ ।**

**ਤਰੁਣ ਸਸਾਂਕ ਸੇਖਰੇ ਜਾਂਕੇ।**
**ਭੇਦੇ ਭੇਦ ਜਾਸ ਕਰੁਣਾ ਤੇ।**
**ਮਮ ਅਤਿ ਭਗਤਿ ਤਾਸ ਮੇ ਤਾਂਤੇ ॥੧੧॥**

ਉਪਾਧਵ-ਪਾਰਬਤੀ ਦਾ ਆਸਰਾ, ਸ਼ਿਵਜੀ ਮਾਧਵ-ਮਾਯਾ ਦਾ ਆਸਰਾ, ਵਿਸ਼ਨੂੰ। ਵਸੀ-ਜਨਾਉਣ ਵਾਲੀ। ਤਰੁਣ-ਬਾਲ। ਸਸਾਂਕ-ਚੰਦਰਮਾਂ। ਸੇਖਰੇ-ਮੱਥੇ ਵਿਚ। ਭੇਦੇ ਭੇਦ-ਨਾਸ ਕੀਤੇ ਹਨ ਭੇਦ। ਕਰੁਣਾ-ਕ੍ਰਿਪਾ।

ਸਾਰੇ ਜਗਤ ਦੇ ਅੰਦਰ (ਜੋ) ਸਾਰੇ ਜੀਵ ਹਨ (ਉਨ੍ਹਾਂ ਸਭਨਾਂ ਵਿਚ ਜੋ) ਸਦਾ ਹੀ ਇਕ ਸਮਾਨ ਵਿਆਪ (ਪੂਰ ਹੋ) ਰਿਹਾ ਹੈ।

ਫਿਰ ਸ਼ਿਵ ਜੀ ਤੇ ਵਿਸ਼ਨੂੰ (ਇਨ੍ਹਾਂ) ਦੋਹਾਂ ਵਿਚ ਭੇਦ ਜਣਾਉਣ ਵਾਲੀ ਜੋ ਬੁੱਧੀ ਹੈ, ਉਹ (ਭਾਵੇਂ) ਮੇਰੇ ਵਿਚ ਨਹੀਂ ਹੈ ॥੧੦॥

ਤਦ ਭੀ ਮੇਰੀ ਭਗਤੀ ਉਸਦੇ ਵਿਚ ਹੈ, ਜਿਸਦੇ ਮੱਥੇ ਉਤੇ ਬਾਲ ਚੰਦਰਮਾਂ ਸੋਭਾ ਪਾ ਰਿਹਾ ਹੈ।

ਜਿਸਦੀ ਕ੍ਰਿਪਾ ਨਾਲ (ਪੰਜ ਤਰ੍ਹਾਂ ਦਾ) ਭੇਦ ਨਾਸ ਹੋ ਗਿਆ ਹੈ, ਇਸ ਕਰਕੇ ਹੀ ਮੇਰੀ ਪਰਮਗਤੀ ਉਸਦੇ ਵਿਚ ਹੈ ॥੧੧॥

### ਛਪੈ ਛੰਦ

**ਬਸੁਧਾ ਮਾਤ ਕਬੰਧ ਬੰਧੁ ਸੁਭ ਹੇ ਸਖ ਆਗੇ।**
**ਤਾਤ ਵਾਤ ਵਰ ਭ੍ਰਾਤ ਗਗਨ ਮੈ ਤੁਮ ਸਭ ਆਗੇ।**
**ਏਹ ਅੰਤ ਕੀ ਨਮੋ ਜੋਰ ਕਰ ਕਰੋਂ ਸਦੀਨੇ।**
**ਤੁਮਰੇ ਸੰਗ ਪ੍ਰਤਾਪ ਸੁਕ੍ਰਿਤ ਮੈ ਸਰਬ ਜੁਕੀਨੇ।**
**ਤਿਨ ਗਿਆਨ ਭਾਨਨਿਰਮਲ ਕੀਯੋ ਹਨਯੋ ਮਹਾਤਮ ਸਬ।**
**ਮੈ ਲੀਨ ਭਯੋ ਪਾਰ ਬ੍ਰਹਮ ਮੈਤੁਮ ਮੈ ਰਹਿਯੋਨ ਕਾਮ ਅਬ ॥੧੨॥**

ਬਸੁਧਾ-ਧਰਤੀ। ਕਬੰਧ-ਜਲ। ਸਖ-ਮਿਤ੍ਰ। ਆਗੇ-ਹੇ ਅਗਨਿ। ਵਾਤ-ਹਵਾ। ਗਗਨ-ਅਕਾਸ਼। ਸਦੀਨਾ-ਦੀਨਤਾ ਦੇ ਸਹਿਤ। ਸੁਕ੍ਰਿਤ-ਸੁਭ ਕਰਮ, ਪੁੰਨ। ਭਾਨ-ਸੂਰਜ। ਤਮ-ਹਨੇਰਾ।

ਹੇ ਧਰਤੀ ਮਾਤਾ! ਹੇ ਭਰਾ ਜਲ! ਹੇ ਸ਼ੁਭ ਮਿਤ੍ਰ ਅਗਨੀ!

ਹੇ ਪਿਆਰੀ ਹਵਾ! ਹੇ ਸ੍ਰੇਸ਼ਟ ਭਰਾ ਅਕਾਸ਼ ਮੈਂ ਤੁਸਾਂ ਸਭਨਾਂ ਅੱਗੇ

ਬੜੀ ਦੀਨਤਾ ਨਾਲ, ਹੱਥ ਜੋੜਕੇ, ਦੇਹ ਅਖੀਰਲੀ ਨਮਸਕਾਰ ਕਰਦਾ ਹਾਂ। ਤੁਹਾਡੀ ਸੰਗਤ ਦੇ ਪ੍ਰਤਾਪ ਕਰਕੇ, ਮੈਂ ਜੋ ਭੀ ਸਾਰੇ ਨਿਸ਼ਕਾਮ, ਸ਼ੁਭ ਕਰਮ ਕੀਤੇ ਸਨ। ਉਨ੍ਹਾਂ ਸਭਨਾਂ ਨੇ (ਮੇਰੇ ਹਿਰਦੇ ਵਿਚ) ਸੰਸੇ ਤੋਂ ਰਹਿਤ ਨਿਰਮਲ ਆਤਮ ਗਿਆਨ ਰੂਪ ਸੂਰਜ ਉਦੇ ਕੀਤਾ ਹੈ, (ਜਿਸਨੇ) ਮਹਾ ਮੋਹ

ਰੂਪ ਸਾਰਾ ਹਨੇਰਾ ਨਾਸ਼ ਕਰ ਦਿੱਤਾ ਹੈ।

(ਇਸ ਲਈ) ਹੁਣ ਮੈਂ ਪਾਰਬ੍ਰਹਮ (ਦੇ ਸਰੂਪ) ਵਿਚ ਅਭੇਦ ਹੋ ਗਿਆ ਹਾਂ ਅਤੇ ਮੇਰਾ ਤੁਹਾਡੇ ਨਾਲ ਹੁਣ ਕੋਈ ਕੰਮ (ਜਾਂ ਵਾਸਤਾ) ਨਹੀਂ ਰਿਹਾ ਹੈ ॥੧੦*॥

### ਨੀਲ ਛੰਦ

**ਮੋ ਤਜਿ ਮਾਤ ਰਮਾ ਅਬ ਤੂੰ ਭਜਿ ਆਨ ਕਿਸੇ।**
**ਜੋ ਤਵ ਭੋਗਨ ਹੇਤ ਭਜੇ ਤੁਮ ਸੇਵ ਤਿਸੇ।**
**ਮੈ ਨ ਚਹੋ ਭਵ ਭੋਗ ਕਹਾਂ ਤੁਮ ਮੋਹਿ ਭਜੇ।**
**ਲਾਗਤ ਕੀ ਨਿਸ ਪ੍ਰੇਹਨ ਕੀ ਚਹਿਤੀ ਨ ਲਜੇ ॥੧੩॥**

ਹੇ ਮਾਤਾ ਲਛਨੀ ! ਹੁਣ ਤੂੰ ਕਿਸੇ ਹੋਰ ਨਾਲ ਜਾ ਕੇ ਪਿਆਰ ਕਰ।
ਜੋ ਤੈਨੂੰ ਭੋਗਾਂ ਦੇ ਵਾਸਤੇ ਚਾਹੁੰਦੇ ਹਨ, ਤੂੰ ਜਾ ਕੇ ਉਨ੍ਹਾਂ ਦਾ ਸੇਵਨ ਕਰ।
ਮੈਂ ਸੰਸਾਰ ਦੇ ਭੋਗ ਨਹੀਂ ਚਾਹੁੰਦਾ, (ਤਾਂ ਫਿਰ) ਤੂੰ ਮੈਨੂੰ ਕਿਉਂ ਫੜਦੀ ਹੈ।
ਤੂੰ ਇੱਛਾ ਤੋਂ ਰਹਿਤ ਪੁਰਸ਼ਾਂ ਦੀ ਕੀ ਲੱਗਦੀ ਹੈਂ ? (ਉਨ੍ਹਾਂ ਨੂੰ) ਚਾਹੁੰਦੀ ਹੋਈ ਤੈਨੂੰ ਸ਼ਰਮ ਨਹੀਂ ਆਉਂਦੀ ਹੈ ? ॥੧੩॥

**ਪਾਤ੍ਰ ਪਵਿਤ੍ਰ ਪਲਾਸ ਕੇ ਨੌ ਬਨ ਤੇ ਹਰ ਕੇ।**
**ਸੁੰਦਰਤਾ ਪੁਟਕਾ ਕਰ ਮੈਂ ਕਰ ਮੈਂ ਧਰਕੇ।**
**ਭੀਖ ਪਵਿੱਤ੍ਰ ਪਵਿੱਤ੍ਰ ਘਰੇ ਸਤਵਾਦਿ ਗਹੋਂ।**
**ਗੁੰਗ ਕੇ ਪਾਥ ਕੇ ਸਾਥ ਭਖੋਂ ਕੁਖ ਦਾਹਿ ਦਹੋਂ ॥੧੪॥**

ਪਲਾਸ (ਢੱਕ) ਦੇ ਨਵੇਂ (ਤਾਜੇ) ਪਤ੍ਰ ਬਨ ਤੋਂ ਲਿਆ ਕਰਕੇ।
(ਉਸਦਾ) ਸੋਹਣਾ ਜੇਹਾ ਡੋਨਾ ਬਣਾਕੇ ਤੇ ਹੱਥ ਵਿਚ ਫੜ ਕਰਕੇ।
ਭਲੇ ਪੁਰਸ਼ਾਂ ਦੇ ਘਰ ਤੋਂ ਪਵਿਤ੍ਰ ਭਿਖਯਾ ਸਤੂ ਆਦਿਕ ਲੈ ਕਰਕੇ। ਗੰਗਾ ਦੇ ਪਾਣੀ ਨਾਲ (ਉਸਨੂੰ) ਖਾ ਕਰਕੇ, ਪੇਟ ਦੀ ਅੱਗ ਨੂੰ ਸਾੜਦਾ (ਭਾਵ ਭੁੱਖ ਨੂੰ ਦੂਰ ਕਰ ਲੈਂਦਾ ਹਾਂ ॥੧੪॥

### ਸੋਰਠਾ

**ਹਮ ਜੋਗੀ ਨਿਹਕਾਮ ਪ੍ਰਾਣ ਧਰੇਂ ਇਵ ਹਰਿ ਭਜੇਂ।**
**ਤੁਮ ਸੋਂ ਰਹਯੋ ਨ ਕਾਮ, ਰਮੋ ਰਮਾਂ ਭੋਗੀ ਜਹਾਂ ॥੧੫॥**

ਅਸੀਂ ਜੋਗੀ ਕਾਮਨਾਂ ਤੋਂ ਰਹਿਤ ਹਾਂ, (ਭਿਖਯਾ ਦੇ ਅੰਨ ਨਾਲ) ਪ੍ਰਾਣਾਂ ਨੂੰ ਧਾਰਨ ਕਰਦੇ ਹੋਏ ਹਰੀ ਦਾ ਭਜਨ ਕਰਦੇ ਹਾਂ।

ਹੇ ਮਾਯਾ ! ਤੇਰੇ ਨਾਲ ਸਾਡਾ ਕੋਈ ਕੰਮ ਨਹੀਂ ਰਿਹਾ, (ਇਸ ਲਈ ਹੁਣ ਤੂੰ) ਉਥੇ ਜਾਹੁ, ਜਿਥੇ ਰੋਗੀ ਪੁਰਸ਼ ਰਹਿੰਦੇ ਹਨ ॥੧੫॥

### ਕਬਿੱਤ

**ਪੂਰਬਲੇ ਦਿਨੋ ਵਿਖੇ ਤੇਰੀ ਮੇਰੀ ਪ੍ਰੀਤਿ ਸਖੇ,**
**ਐਸੇ ਹੋਤ ਭਈ ਤੁਮ ਹਮ ਹਮ ਤੁਮ ਹੈਂ।**
**ਏਕਠੋ ਵਿਹਾਰ ਸੈਨ ਬੈਸਨ ਅਹਾਰ ਹੋਤੋ,**
**ਅਦ ਕਹਾਂ ਭਯੋ ਤੁਮ ਤੁਮ ਹਮ ਹਮ ਹੈਂ।**
**ਤਾਤੇ ਤਵੇ ਪਰ ਜਲ ਲਵੇ ਜਲ ਜਾਤ ਸੋਊ,**
**ਜਲ ਜਾਤ ਪਰੇ ਟਰੇ ਤੂੰ ਮੈ ਤਾਕੇ ਸਮ ਹੈਂ।**
**ਆਦਿ ਨਿਰਭੇਦ ਵਤੀ ਮਤੀ ਨਿਰਵੇਦ ਹਤੀ ਤੋਰਾ,**
**ਮੋਹ ਤੇਰਾ ਮੋਹਾ ਤਾਂਤੇ ਉਪਰਮ ਹੈ ॥੧੬॥**

ਹੇ (ਪਦਾਰਥ ਰੂਪ) ਮਿੱਤ੍ਰ ! ਪਿਛਲੇ ਦਿਨਾਂ ਵਿਚ ਤੇਰੀ-ਮੇਰੀ ਪ੍ਰੀਤੀ ਇਸ ਤਰ੍ਹਾਂ ਦੀ ਹੋ ਗਈ ਸੀ, (ਕਿ) ਤੁਸੀਂ ਮੈਂ ਅਤੇ ਮੈਂ ਅਤੇ ਤੁਸੀਂ ਸੀ।

ਤੁਹਾਡਾ ਤੇ ਮੇਰਾ ਸਾਰਾ ਵਿਹਾਰ, ਸੌਣਾ ਬੈਠਣਾ ਤੇ ਖਾਣਾ (ਸਭ) ਇਕੱਠਾ ਹੁੰਦਾ ਸੀ, ਹੁਣ ਕੀ ਹੋ ਗਿਆ ਹੈ, (ਜੋ) ਤੁਸੀਂ-ਤੁਸੀਂ ਅਤੇ ਮੈਂ, ਮੈਂ ਹਾਂ (ਅਰਥਾਤ ਪਹਿਲ ਤੁਹਾਡੇ 'ਤੇ ਮੇਰੇ ਵਿਚ ਅਭੇਦ ਸੀ ਅਤੇ ਹੁਣ ਭੇਦ ਪੈ ਗਿਆ ਹੈ, ਕਿਉਂਕਿ ਮਲੂਮ ਹੋ ਗਿਆ ਹੈ, ਕਿ

ਤੱਤੇ ਤਵੇ ਉਤੇ ਪਾਣੀ ਦੀ (ਲਵ) ਬੂੰਦ ਪੈ ਜਾਵੇ (ਤਾਂ) ਉਹ ਸੜ ਜਾਂਦੀ ਹੈ (ਪਰ ਜੋ ਉਹੋ ਬੂੰਦ) (ਜਲਜਾਤ) ਕਮਲ ਪੁੱਤ੍ਰ ਉੱਤੇ ਪਵੇ (ਤਾਂ ਉਹ) ਤਿਲਕ ਜਾਂਦੀ ਹੈ ਤੂੰ ਤੇ ਮੈਂ ਉਸਦੇ ਸਮਾਨ ਹਾਂ ਅਰਥਾਤ ਤੱਤੇ ਤਵੇ ਉਤੇ ਬੂੰਦ ਦੇ ਸੜਨ ਵਾਂਗੂੰ ਤੇਰੀ ਸੰਗਤ ਕਰਕੇ ਮੇਰਾ ਆਤਮਾ ਨੰਦ ਨਾਸ ਹੋ ਜਾਂਦਾ ਹੈ, ਅਤੇ ਕਮਲ ਪੱਤ੍ਰ ਉਤੇ ਬੂੰਦ ਦੇ ਰੁੜ੍ਹ ਜਾਣ ਵਾਂਗੂੰ ਮੇਰੀ ਸੰਗਤ ਕਰਉ ਤੇਰਾ ਭਗਾ ਨੰਦ ਮਿਟ ਜਾਂਦਾ ਹੈ)

ਨੋਟ-ਅਭੇਦ ਅਵਸਥਾ ਦਾ ਨਾਸ ਹੋਣ ਤੇ ਭੇਦ ਪੈ ਜਾਣ ਦਾ ਕਾਰਣ ਪ੍ਰਗਟ ਕਰਦੇ ਹਨ

ਪਹਿਲੇ ਸਮੇਂ ਵਿਚ (ਜੋ) ਅਭੇਦ ਵਾਲੀ ਬੁੱਧੀ (ਹੈਗੀ ਸੀ, ਉਸਨੂੰ) ਵੈਰਾਗ ਨੇ ਨਾਸ ਕਰ ਦਿੱਤਾ ਹੈ (ਅਤੇ ਮੇਰੇ ਮਨ ਵਿਚ ਜੋ) ਤੇਰਾ ਮੋਹ (ਤਿਆਰ ਸੀ ਉਹ) ਮੋਹ (ਵੈਰਾਗ ਨੇ) ਤੋੜ ਦਿੱਤਾ ਹੈ ਇਸ ਕਰਕੇ ਮੈਂ (ਤੁਹਾਡੇ ਵਲੋਂ) ਉਪਰਾਮ ਹਾਂ ॥੧੬॥

### ਤੋਟਕਛੰਦ

ਹਮ ਭੋਜਨ ਭੀਖ ਕੋ ਅੰਨ ਕਰੇਂ।
ਦਿਗ ਚਾਰ ਕੇ ਅੰਬਰ ਚਾਰੁ ਧਰੇਂ।
ਕਲ ਭੂਤਲ ਪੈ ਸੁਖ ਸੰਗਸਮੇਂ।
ਕਛੁਕਾਜ ਨਰਾਜਨ ਸਾਥ ਹਮੇ ॥੧੭॥
ਨਟੁ ਭਾਟ ਭਿਰਾਵਟ ਗੀਤਕ ਨਾ।
ਪਰ ਦ੍ਰੋਹ ਵਿਖੇ ਹਮ ਪ੍ਰੀਤਚ ਨਾ।
ਕੁਚ ਭਾਰ ਨਿਮੀ ਲਲਨਾ ਨ ਹਮੇ।
ਨ੍ਰਿਪ ਧਾਮ ਸਖੈ ਕਿਤ ਕਾਮ ਰਮੇ ॥੧੮॥

ਦਿਗ-ਦਿਸ਼ਾਂ ਤਰਫਾਂ। ਅੰਬਰ-ਕੱਪੜੇ। ਚਾਰੁ-ਸੁੰਦਰ। ਕਲ-ਸੁੰਦਰ। ਭੂਤਲ-ਪਧਰੀ ਧਰਤੀ। ਨਟ-ਤਮਾਸ਼ਾ ਕਰਨ ਵਾਲੇ ਭਾਟ ਉਸਤਤ ਕਰਨ ਵਾਲ ਵਿਟਾ-ਬਾਸ਼ਾ ਬਹੁ ਰੂਪੀਆ। ਭਟ-ਸੂਰਮਾ, ਯੋਧਾ ਗੀਤਕ-ਗਵੱਯਾ। ਪਰਦ੍ਰੋਹ-ਝਗੜਾਲੂ (੨) ਛਲੀਆਂ। ਕੂਚ-ਮੰਮੇ ਭਾਰ-ਭਾਰੇ ਜਾਂ ਵਜਨਦਾਰ। ਨਿਮੀ-ਝੁਕੀ ਹੋਈ। ਲਲਨਾ-ਇਸਤ੍ਰੀ ਰਮੇ ਜਾਈਏ।

ਅਸੀਂ ਭਿਖਯਾ ਦੇ ਅੰਨ ਦਾ ਭੋਜਨ ਕਰਦੇ ਹਾਂ, ਚਾਰੇ ਦਿਸਾਂ ਰੂਪ ਸੁੰਦਰ ਕੱਪੜੇ ਪਹਿਨਦੇ ਹਾਂ (ਅਰਥਾਤ ਇਕ ਲੰਗੋਟੀ ਬੰਨ੍ਹਕੇ ਨੰਗੇ ਹੀ ਪਏ ਰਹਿੰਦੇ ਹਾਂ।

ਸੋਹਣੀ ਪੱਧਰੀ ਜਗਾ ਤੇ ਸੌਂਦੇ ਹਾਂ (ਇਸ ਕਰਕੇ) ਰਾਜਿਆਂ ਨਾਲ ਸਾਡਾ ਕੁਝ ਵੀ ਕੰਮ ਨਹੀਂ ਹੈ ॥੧੦॥

ਨਾ ਮੈਂ ਨਟ ਹਾਂ, ਨਾ ਭਟ ਹਾਂ, ਨਾ ਬਹੁਤ ਰੂਤੀਆਂ ਹਾਂ, ਨਾ ਯੋਹਾ ਹਾਂ ਤੇ ਨਾ ਹੀ ਗਵੱਯਾ ਹਾਂ ਨਾ ਛਲ ਕਰਨਾ ਜਾਣਦਾ ਹਾਂ ਅਤੇ ਨਾ ਹੀ ਝਗੜੇ ਕਰਨ ਵਿਚ ਪ੍ਰੀਤੀ ਕਰਨ ਵਾਲਾ ਹਾਂ।

ਨਾ ਮੈ ਮੋਟੇ ਭਾਰੇ ਤੇ ਗੋਲ ਮੰਮਿਆਂ ਦੇ ਭਾਰ ਨਾਲ ਝੁਕੀ ਹੋਈ ਔਰਤ ਹਾਂ, (ਇਸ ਲਈ) ਹੇ ਮਿੱਤ੍ਰ! (ਤੂੰ ਦੱਸ ਮੈਂ) ਰਾਜੇ ਦੇ ਘਰ ਵਿਚ ਕਿਸ ਕੰਮ ਲਈ ਜਾਵਾਂ ? ॥੧੮॥

### ਕਬਿੱਤ

ਸੂਛ ਬਿਵਹਾਰ ਬਨਾਂ ਦੀਨਤਾ ਅਹਾਰ ਬਨਾ,
ਸਦਾ ਚਾਰ ਵਾਰ ਜਨਾਂ ਬੀਚ ਬਾਸ ਲਯੋ ਹੈ।
ਬੇਦਾਧੇਨ ਬ੍ਰਹਮਦਿਕ ਸ਼ਾਂਤਿ ਫਲ ਲਾਭ ਇਕ,
ਮੰਦ ਮੰਦ ਮਨ ਕੋ ਸੁ ਪੰਧ ਦਰਸਯੋ ਹੈਂ।

**ਐਸੇ ਗੁਣੋਂ ਸੋ ਸਪੰਨ ਭਯੋ ਅਬ ਮੇਰੇ ਮਨਕੋ,**
**ਉਦਾਰ ਪੁਨ ਜਿਨ ਐਸੇ ਫਲ ਦਯੋ ਹੈ।**
**ਚਿਰ ਰਾਤੇ ਮਾਹਿ ਸੋਧਾ ਨਾਹਿ ਹਮ ਤਾਂਹਿ ਬੋਧਾ,**
**ਤਪੁ ਤੋ ਨ ਕੋਊ ਕੀਓ ਹਰਿ ਦਯਾਲ ਭਯੋ ਹੈ॥੧੯॥**

ਬੇਦਾਧੇਨ-ਵੇਦ ਪੜ੍ਹਨ ਵਾਲੇ। ਦਿਕ-ਦ੍ਰਿਸ਼ਟੀ। ਪੰਥ-ਰਸਤਾ। ਦਰਸਯੋ-ਦਿਸ ਪਿਆ ਹੈ। ਸਪੰਨ-ਪੂਰਨ। ਰਾਤੋਂ ਰਾਤਾਂ ਵਿਚ। ਸੋਧਾ-ਖੋਜ ਕੀਤੀ ਹੈ। ਬੋਧਾ-ਗਿਆਨ ਹੋਯਾ। (੨) ਜਾਣਿਆ।

(ਹੁਣ ਸਾਡਾ) ਵਿਉਹਾਰ ਪਵਿਤ੍ਰ ਬਣ ਗਿਆ ਹੈ, ਦੀਨ ਨਹੀਂ ਹੋਣਾ ਪੈਂਦਾ, (ਇਸ ਤਰ੍ਹਾਂ ਦਾ ਭਿਖਯਾ ਰੂਪ) ਭੋਜਨ ਬਣ ਗਿਆ ਹੈ, ਸ੍ਰੇਸ਼ਟ ਆਰਾਰ ਵਾਲੇ (ਸੰਤ) ਜਨਾ ਵਿਚ (ਅਸਾਂ) ਵਾਸਾ ਕਰ ਲਿਆ ਹੈ।

(ਜੋ) ਵੇਦ (ਆਦਿਕ ਧਾਰਮਿਕ ਗ੍ਰੰਥਾਂ) ਨੂੰ ਪੜ੍ਹਨ ਵਾਲੇ ਤੇ ਬ੍ਰਹਮ ਦ੍ਰਿਸ਼ਟੀ ਵਾਲੇ ਹਨ, (ਜਿਨ੍ਹਾਂ ਪਾਸੋਂ) ਇਕ ਸਾਂਤਿ (ਰੂਪ) ਫਲ ਪ੍ਰਾਪਤ ਹੁੰਦਾ ਹੈ, ਉਨ੍ਹਾਂ ਨੇ ਹੌਲੀ-ਹੌਲੀ (ਮੇਰੇ) ਮਨ ਨੂੰ ਆਤਮ ਗਿਆਨ ਦਾ ਰਸਤਾ ਵਿਖਾ ਦਿੱਤਾ ਹੈ। (ਦੈਵੀ ਸੰਪਦਾ ਰੂਪ ਗੁਣ, ਜੋ ਗ੍ਰੰਥਾਂ ਵਿਚ ਵਰਨਣ ਕੀਤੇ ਹੋਏ ਹਨ) ਇਸ ਤਰ੍ਹਾਂ ਦੇ ਗੁਣਾਂ ਨਾਲ ਹੁਣ ਮੇਰਾ ਮਨ ਸੰਪੂਰਨ ਹੋ ਗਿਆ ਹੈ, (ਪਤਾ ਨਹੀਂ, ਜੋ ਕਿਸ ਜਨਮ ਦਾ ਮੇਰਾ) ਕੋਈ ਅਜਿਹਾ (ਉਦਾਰ) ਸ੍ਰੇਸ਼ਟ ਪੁੰਨ ਕਰਨ ਹੈ, ਜਿਸਨੇ (ਮੈਨੂੰ) ਇਸ ਤਰ੍ਹਾਂ ਦਾ ਫਲ ਦਿੱਤਾ ਹੈ।

(ਇਸ ਗੱਲ) ਨੂੰ ਬਹੁਤ ਚਿਰ ਤੋਂ (ਦਿਨ ਤੇ) ਰਾਤਾਂ ਵਿਚ ਸੋਧਿਆ ਹੈ, (ਪਰ) ਅਸਾਂ ਉਸ ਕਰਮ ਨੂੰ ਜਾਣਿਆ ਨਹੀਂ ਹੈ, (ਮੈਂ) ਕੋਈ ਤਪੁ ਵੀ ਤਾਂ ਨਹੀਂ ਕੀਤਾ ਹੈ, (ਬਸ ! ਏਹੋ ਨਿਸ਼ਚਾ ਕੀਤਾ ਹੈ, ਕਿ) ਹਰੀ (ਆਪ ਹੀ) ਦਿਆਲ ਹੋਇਆ ਹੈ (ਜਿਸ ਕਰਕੇ ਮੈਨੂੰ ਇਹ ਕੁਝ ਮਿਲ ਗਿਆ ਹੈ) ॥੧੯॥

### ਦੋਹਰਾ

**ਭਰਤ ਸ਼ਤਕ ਵੈਰਾਗ ਕੋ ਅਲ ਨੌਮੋ ਅਧਯਾਇ।**
**ਤਾਮੇ ਅਨੁਭਵ ਭਰਤ ਕੋ ਗਾਯੋ ਕਵਿ ਸਤ ਭਾਇ ॥੨੦॥**

(ਭਰਥਰੀ ਜੀ ਦੇ ਵੈਰਾਗ ਸ਼ਤਕ ਦਾ ਨੌਵਾਂ ਅਧਯਾਇ ਪੂਰਾ ਹੋ ਗਿਆ ਹੈ।

ਇਸ ਦੇ ਵਿਕ ਭਰਥਰੀ ਜੀ ਦੇ ਅਨੁਭਵ ਨੂੰ ਕਵੀ ਜੀ ਨੇ ਸੱਚੇ ਪ੍ਰੇਮ ਭਾਵ ਨਾਲ ਵਰਣਨ ਕੀਤਾ ਹੈ ॥੨੦॥

## ਇਤਿ ਨੌਵਾਂ ਅਧਯਾਯ ॥੯॥

ੴ ਸਤਿਗੁਰ ਪ੍ਰਸਾਦਿ ॥

# ਅਥ ਦਸਵਾਂ ਅਧਯਾਯ ਅਰੰਭ

### ਦੋਹਰਾ

**ਕਰੁਣਾ ਕਰਿ ਦਸਮੇ ਭਨੇ ਸਾਧਾਰਣ ਉਪਦੇਸ,**
**ਰਵਿ ਸ਼ਲੋਕ ਕਰਿ ਜਨੋਂ ਕੇ ਹਨੇ ਕਲੇਸ਼ ਅਸੇਸ਼ ॥੧॥**

ਇਸ ਦਸਵੇਂ ਅਧਯਾਯ ਵਿਚ ਕ੍ਰਿਪਾ ਕਰਕੇ ਸਾਧਾਰਨ ਉਪਦੇਸ਼ ਕਥਨ ਕੀਤੇ ਹਨ। (ਜਿਹੜੇ) ਬਾਰ੍ਹਾਂ ਸਲੋਕ (ਕਥਨ) ਕਰਕੇ ਪੁਰਸ਼ਾਂ ਦੇ ਕਲੇਸ਼ ਸਾਰੇ ਦੇ ਸਾਰੇ ਨਾਸ ਕਰ ਦਿੱਤੇ ਹਨ ॥੧॥

### ਨਰਾਜ ਛੰਦ ॥

**ਵਚਿਤ੍ਰ ਏ ਚਰਿਤ੍ਰ ਜੋ ਭਯੋਤਪੰਨ ਲੋਕ ਮੈਂ।**
**ਮਨਾਕ ਮਾਤ੍ਰ ਖੇਮ ਰੂਪ ਤਾਸ ਨ ਵਿਲਕ ਮੈ।**
**ਵਿਪਾਕ ਪੁੰਨ ਪੁੰਜ ਕੋ ਵਿਚਾਰ ਹੌਂ ਅਹੰ ਜਬੈ।**
**ਵਹੀ ਅਨੰਤ ਭੀਤ ਕੋ ਜਨਤ ਹੈਂ ਸਹੀ ਤਬੈ ॥੨॥**

ਭਯੋਤਪੰਨ-(ਭਯ+ਉਤਪੰਨ) ਪੈਦਾ ਹੋਏ ਹਨ। ਮਨਾਕ-ਥੋੜਾ। ਖੇਮ-ਕਲਿਆਨ, ਸੁਖ। ਵਿਲਕ ਵੇਖਨਾ। ਵਿਪਾਕ-ਫਲ। ਅਹੰ-ਮੈਂ। ਅਨੰਤ-ਬੇਅੰਤ। ਭੀਤ-ਡਰ। ਜਨੰਤ ਪੈਦਾ ਕਰਦੇ।

ਏਹ ਵਚਿਤ੍ਰ ਤਨਾਸ਼ਾ (ਰੂਪ ਪਦਾਰਥ) ਜੋ ਸੰਸਾਰ ਵਿਚ ਪੈਦਾ ਹੋ ਰਹੇ ਹਨ। ਉਨ੍ਹਾਂ ਨੂੰ ਮੈਂ ਰੰਚਕ ਜਿੰਨੇ ਭੀ ਸੁਖ ਰੂਪ ਨਹੀਂ ਵੇਖਦਾ ਹਾਂ। ਜਦੋਂ ਮੈਂ (ਆਪਣੇ ਮਨ ਵਿਚ) ਸਮੂਹ ਪੁੰਨ (ਰੂਪ ਸਕਾਮ ਕਰਮਾਂ ਦੇ) ਫਲ ਦੀ ਵਿਚਾਰ ਕਰਦਾ ਹਾਂ। ਤਦ ਓਹੀ (ਸਕਾਮ ਕਰਮ) ਬੇਅੰਤ ਡਰ ਨੂੰ ਪੈਦਾ ਕਰਨ ਵਾਲੇ ਸਹੀ (ਮਲੂਮ) ਹੁੰਦੇ ਹਨ ॥੨॥

**ਮਹਾਨ ਪੁੰਨ ਬਿਰਧ ਕੋ ਕਲੇਸ਼ ਧਾਰ ਜੋ ਕਰੇ।**
**ਮਹਾਨ ਭੋਗ ਨਾਰਿ ਲੌ ਬਸੇਤਬੇ ਚਿਰੰ ਘਰੇ।**
**ਵਰਿਸ਼ਟ ਮਾਨ ਭੋਗ ਜੋ ਸਰਾਗ ਸੋਂ ਭੁਗੰਤ ਹੈਂ।**
**ਲਖੇ ਨ ਜੰਤ ਕਾਲ ਕੋ ਜੋ ਕੌਨ ਕਾਲ ਹੰਤ ਹੈਂ ॥੩॥**

ਜੇ ਕੋਈ ਅਨੇਕਾਂ ਕਲੇਸ਼ ਧਾਰਨ ਕਰਕੇ, ਮਹਾਨ ਪੁੰਨ ਕਰਮਾਂ ਦੀ ਬ੍ਰਿਧੀ ਕਰਦਾ ਹੈ। ਤਦ ਇਸਤ੍ਰੀ ਤਕ ਮਹਾਨ ਭੋਗ (ਦੇ ਪਦਾਰਥ) ਉਸਦੇ ਘਰ ਵਿਚ ਚਿਰ ਕਾਲ ਤਕ ਵਸਦੇ ਹਨ। (ਫਿਰ) ਜੇਹੜਾ (ਕੋਈ ਉਨ੍ਹਾਂ ਦ੍ਰਿਸ਼ਟਮਾਨ ਸ੍ਰੇਸ਼ਟ ਭੋਗਾਂ ਨੂੰ ਪ੍ਰੇਮ ਸਹਿਤ ਭੋਗਦਾ ਹੈ (ਉਹ) ਜੀਵ ਮੌਤ ਨੂੰ ਜਾਣਦਾ ਹੀ ਨਹੀਂ ਹੈ, ਜੋ ਕਿਸ ਵੇਲੇ ਨਾਸ ਕਰ ਲੈਂਦਾ ਹੈ ॥੩॥

**ਵਿਖੇ ਪ੍ਰਮਾਨ ਦੋ ਵਿਖੇ ਅਵਸ ਏਕ ਤੋ ਟਰੇ।**
**ਚਲੇ ਪਤੰਤ੍ਰ ਭੋਗ ਜੇ ਅਨੰਤ ਰੋਗ ਕੋ ਧਰੇ।**
**ਜਨਾਪ ਜੋ ਤਜੇ ਇਨੇ ਭਜੇ ਨਿਜਾਪ ਕੋ ਤਬੇ।**
**ਮਤੋ ਸਮਸਟ ਕੋ ਅਮੂਨ ਹੋਤ ਅਨੱਥਾ ਕਥੇ ॥੪॥**

ਵਿਖੇ-ਵਿਸ਼ਯ। ਪਮਾਨ-ਪੁਰਖ। ਵਿਖੇ-ਵਿਚੋਂ। ਅਵਸ-ਜਰੂਰ। ਅਨੰਤ-ਬੇਅੰਤ। ਅੰਨਥਾ-ਝੂਠਾ। ਪਤੰਤ੍ਰ-ਅਧੀਨ। ਜਨਾਪ-(ਜਨ+ਅਪ) ਪੁਰਸ਼ ਆਪ। ਨਿਜਾਪ-ਆਪਣੇ ਆਪ। ਸਮਸਟ-ਸਾਰਿਆਂ। ਅਮੁ-ਐਸਾ।

ਇਸਤ੍ਰੀ ਤੇ ਧਨ ਪਦਾਰਥ ਆਦਿਕ ਵਿਸ਼ਯ ਤੇ ਪੁਰਖ, ਇਨ੍ਹਾਂ ਦੋਹਾਂ ਵਿਚ ਇਕ ਤਾਂ ਜ਼ਰੂਰ ਨਾਸ ਹੋ ਜਾਵੇਗਾ। ਪੁਰਸ਼ ਜਿਨ੍ਹਾਂ ਦੇ ਖਧੀਨ ਸ਼ੋ ਰਿਹਾ ਹੈ, ਜੇ ਉਹ ਭੋਗ ਚਲੇ ਜਾਣ (ਭਾਵ ਜੇ ਇਸਤ੍ਰੀ) ਮਰ ਜਾਵੇ ਤੇ ਪਦਾਰਥ ਨਸ਼ਟ ਹੋ ਜਾਣ, ਤਦ ਪੁਰਸ਼ ਅਨੇਕਾਂ ਦੁੱਖਾਂ ਨੂੰ ਧਾਰਨ ਕਰਦਾ ਹੈ।

ਜੇ ਪੁਰਸ਼ ਆਪ ਇਨ੍ਹਾਂ ਨੂੰ ਤਿਆਗ ਦੇਂਦਾ ਅਤੇ ਆਪਣੇ ਸਰੂਪ ਦਾ ਚਿੰਤਨ ਕਰਦਾ ਹੈ, ਤਦ ਉਸਨੂੰ (ਕਿਸੇ ਤਰ੍ਹਾਂ ਦਾ ਕੋਈ ਭੀ ਦੁਖ ਨਹੀਂ ਭੋਗਣਾ ਪੈਂਦਾ, ਸਗੋਂ ਆਤਮ ਸੁਖ ਨੂੰ ਪਾ ਕੇ ਅਨੰਦ ਹੁੰਦਾ ਹੈ ਸਾਰੇ (ਸੰਤਾਂ-ਮਹਾਤਮਾਂ ਤੇ ਗ੍ਰੰਥਾਂ) ਦਾ ਇਹ ਮਤ ਹੈ, (ਭਾਵ ਸਭਨਾਂ ਦੀ ਇਹੋ ਸਿਖਿਆ ਹੈ ਕਿ ਆਤਮ ਵਿਚਾਰ ਤੋਂ ਬਿਨਾਂ) ਹੋਰ ਕਿਧਰੇ ਕਦੇ (ਭੀ ਸੁਖ) ਨਹੀਂ ਹੁੰਦਾ ਹੈ ॥੪॥

**ਨਿਕਾਮ ਮੋਖ ਕੋ ਕਰੋਂ ਸਕਾਮ ਤੇ ਜਮੇਂ ਮਰੈਂ।**
**ਅਹੋ ਸਕਾਮ ਕਾਮ ਜੋ ਤਥਾਪਿ ਮੂੜ੍ਹ ਸੰਚਰੇ।**
**ਲਖੇ ਸਕਾਮ ਕਾਮ ਕੋ ਤਤੱਗ ਅੱਗ ਕੇ ਸਮਾ॥**
**ਹਹਾ ਕਹਾ ਬ੍ਰਿਥਾਖਿਤੇ ਸੁ ਅੱਗ ਤਾਹਿ ਕੋ ਸਮਾ ॥੫॥**

ਜਮੇ-ਜੰਮਦਾ ਤੇ। ਅਹੋ-ਅਚਰਜ ਹੈ। ਸੰਚਰੇ-ਲੱਗ ਰਿਹਾ ਹੈ। ਤਤੱਗ-ਤਤਵੇਤਾ ਵਿਦਵਾਨ।

ਕਾਮਨਾਂ ਤੋਂ ਰਹਿਤ (ਹੋ ਕੇ ਕੀਤੇ ਹੋਏ ਕਰਮ ਅੰਤਹਕਰਣ ਦੀ ਸੁਧੀ ਕਰਨ ਮਗਰੋਂ ਪੁਰਖ) ਨੂੰ ਮੁਕਤ ਕਰਦੇ ਹਨ ਅਤੇ ਕਾਮਨਾ ਸਹਿਤ (ਹੋ ਕੇ ਕੀਤੇ ਹੋਏ ਕਰਮਾਂ() ਕਰਕੇ (ਜੀਵ) ਜੰਮਦਾ ਤੇ ਮਰਦਾ ਹੈ।

ਹਾਇ ਅਚਰਜ ਹੈ, (ਇਹ ਸਭ ਕੁਝ ਜਾਣਦੇ ਹਨ) ਤਦ ਭੀ ਮੂਰਖ ਪੁਰਸ਼ ਸਕਾਮ ਕਰਮਾਂ ਵਿਚ ਲੱਗੇ ਹੋਏ ਹਨ।

(ਪਰ) ਤਤਵੇਤਾ ਵਿਦਵਾਨ ਪੁਰਸ਼ ਸਕਾਮ ਕਰਮਾਂ ਨੂੰ ਅੱਗ ਦੇ ਸਮਾਨ ਜਾਣਦੇ ਹਨ।

ਹਾਇ ! ਅਫਸਸ ਕਿ ਉਨ੍ਹਾਂ ਅਗਿਆਨੀ ਪੁਰਸ਼ਾਂ ਦਾ ਸਮਾਂ ਬਿਅਰਥ ਹੀ (ਸਕਾਮ ਕਰਮਾਂ ਵਿਚ) ਬੀਤ ਰਿਹਾ ਹੈ ॥੫॥

## ਦੋਹਰਾ

**ਮੁਕਤਿ ਹੇਤੁ ਨਿਹਕਾਮ ਹੈ, ਭੁਕਤ ਦੇਤ ਸਹਕਾਮ ।**
**ਕੇਵਲ ਦੁਖ ਨਮਿਤ ਹੈ ਤਜੋ ਜਨੋ ਅਪ ਕਾਮ ॥੬॥**

ਕਾਮਨਾਂ ਤੋਂ ਰਹਿਤ (ਹੋ ਕੇ ਕੀਤੇ ਹੋਏ ਕ) ਮੁਕਤੀ ਦਾ ਕਾਰਨ ਹਨ ਅਤੇ ਕਾਮਨਾ ਸਹਿਤ (ਹੋ ਕੇ ਕੀਤੇ ਹੋਏ ਕਰਮ) ਭੋਗਣ ਲਈ (ਇਸਤ੍ਰੀ ਜਾਂ ਧਨ ਆਦਿਕ) ਪਦਾਰਥ ਦੇਂਦੇ ਹਨ । (ਜ)

ਕੇਵਲ ਦੁੱਖ ਦਾ ਕਾਰਨ ਹਨ (ਇਸ ਲਈ) ਹੇ ਭਲੇ ਪੁਰਸ਼ੋ । (ਇਨ੍ਹਾਂ) ਨੀਚ ਕਰਮਾਂ ਨੂੰ ਤਿਆਗ ਦਿਓ ॥੬॥

## ਕਬਿੱਤ

**ਸਲਲ ਕਲੋਲ ਤੁਲ ਆਉਖਾ ਚਪਲ ਕੁਲ,**
**ਜੋਬਨ ਕੀ ਦੁਤ ਪਲਕਿਛੁ ਇਸਥਿਤ ਹੈ।**
**ਚਲ ਚਿਤ ਕੇ ਸਮਾਨ ਭਾਵ ਸਭਿ ਹਾਨ ਵਾਨ,**
**ਘਟਾ ਵਿਖੇ ਛਟਾਵਤ ਭੋਗ ਮਾਲ ਇਤ ਹੈ।**
**ਕੰਠ ਸੋ ਅਲਿੰਗਨਾ ਮਹਾਨ ਪੀਨ ਅੰਗਨਾ ਕੋ,**
**ਤਾਤੇ ਜੋ ਅਨੰਦ ਨਾਹਿ ਚਿਰ ਸੋ ਰਹਤ ਹੈ।**
**ਨਰ ਕਾਇ ਪਾਇ ਨਰੋ ਸ੍ਵੈ ਸਰੂਪ ਚਿਤ ਕਰ,**
**ਭਵ ਭੈਸਿੰਧ ਤਰੋ ਪੁੰਨ ਸਮੋ ਬਿਤ ਹੈ ॥੭॥**

ਸਲਲ-ਪਾਣੀ । ਕਲੋਲ-ਲਹਿਰਾਂ । ਆਉਖਾ-ਉਮਰਾਂ । ਚੜ੍ਹਤ-ਚੰਚਲ । ਕੁਲ-ਸਾਰੀ । ਦੁਤ-ਚਮਕ, ਸੋਭਾ । ਭਾਵ-ਪਦਾਰਥ । ਹਾਨਵਾਨ-ਨਾਸਵੰਤ । ਛਟਾ-ਬਿਜਲੀ । ਪੀਨ-ਕਰੜੇ । ਅੰਗਨਾ-ਇਸਤ੍ਰੀ । ਨਰ ਕਾਇ-ਮਨੁੱਖ ਦੇਹ । ਭਵ ਭੇ ਸਿੰਧ-ਡਰੌਨਾ ਸੰਸਾਰ ਸਮੁੰਦਰ । ਬਿਤ-ਬੀਤਦਾ ਜਾਂਦਾ ।

ਪਾਣੀ ਦੀਆਂ ਲਹਿਰਾਂ ਸਮਾਨ, ਸਾਰੀ ਉਮਰਾ ਚੰਚਲ ਹੈ । ਜੋ ਛਿੰਨ-ਛਿੰਨ ਕਰਕੇ ਗੁਜਰਦੀ ਜਾ ਰਹੀ ਹੈ, ਪਰ ਮਲੂਮ ਨਹੀਂ ਹੋ ਰਹੀ ਅਤੇ ਜੁਆਨੀ ਦੀ ਸੋਭਾ ਕੀ ਕੁਝ ਪਲ ਹੀ ਟਿਕੀ ਰਹਿਣੀ ਹੈ ਇਸ ਦੇ ਨਾਸ ਹੁੰਦਿਆਂ ਦੇਰ ਨਹੀਂ ਲੱਗਣੀ ਹੈ ।

(ਜੋ) ਚਿਤ ਦੇ ਸਮਾਨ ਚੰਚਲ ਹਨ, (ਉਹ) ਸਾਰੇ ਪਦਾਰਥ ਨਾਸਵਾਨ ਹਨ, (ਕਾਲੀਆਂ) ਘਟਾਂ ਵਿਚ ਬਿਜਲੀ ਦੇ ਲਿਸ਼ਕਾਰ ਵਾਂਗੂੰ ਇਨ੍ਹਾਂ ਭੋਗਾਂ ਦੀ ਮਾਲਾ ਹੈ (ਅਰਥਾਤ ਜਿਵੇਂ ਘਟਾ ਵਿਚ ਬਿਜਲੀ ਕਦੇ

ਕਿਤੇ ਤੇ ਕਦੇ ਕਿਤੇ ਲਿਸ਼ਕਦੀ ਹੈ, ਇਸ ਤਰ੍ਹਾਂ ਪਦਾਰਥਾਂ ਦੀ ਲਛਮੀ ਹੈ, ਜੋ ਕਦੀ ਕਿਸੇ ਕੋਲ ਤੇ ਕਦੇ ਕਿਸੇ ਕੋਲ ਚਲੀ ਜਾਂਦੀ ਹੈ)।(ਜੋ) ਬੜੇ ਕਰੜੇ ਕੁਚਾਂ ਵਾਲੀ ਇਸਤ੍ਰੀ ਨੂੰ ਗਲ ਦੇ ਨਾਲ ਘੁੱਟ ਕੇ ਪਿਆਰ ਕਰਨਾ ਹੈ ਇਸ ਤੋਂ ਜੋ ਅਨੰਦ ਪ੍ਰਾਪਤ ਹੁੰਦਾ ਹੈ, ਉਹ ਭੀ ਚਿਰ ਤਕ ਨਹੀਂ ਰਹਿੰਦਾ।

ਹੇ ਪੁਰਸ਼ੋ ! ਮਨੁੱਖ ਦੇਹ ਨੂੰ ਪਾ ਕਰਕੇ ਸਵੈ ਸਰੂਪ ਦਾ ਚਿੰਤਨ ਕਰੋ, (ਤਦ) ਡਰਾਉਣਾ ਸੰਸਾਰ ਸਮੁੰਦਰ ਤਰ ਜਾਓਗੇ, (ਇਹ ਜੋ ਮਨੁੱਖ ਜਨਮ ਰੂਪ) ਪਵਿੱਤ੍ਰ ਸਮਾਂ (ਹੈ, ਸੋ) ਬੀਤਦਾ ਜਾਂਦਾ ਹੈ, (ਇਸ ਨੂੰ ਛੇਤੀ ਤੋਂ ਛੇਤੀ ਸਫਲਾ ਕਰਨ ਦਾ ਉਦਮ ਕਰੋ) ॥੭॥

ਪ੍ਰਸ਼ਨ- ਕਿਸ ਤਰ੍ਹਾਂ ਸਫਲ ਕੀਤਾ ਜਾ ਸਕਦਾ ਹੈ  ਉੱਤਰ:

### ਸ੍ਵੈਯਾ

**ਨਿਜ ਦੇਹ ਅਰੋਗ ਸੁ ਭੋਗ ਲਖੋ ਨ,**
**ਪਿਖੋ ਜਬ ਤੀਕ ਸਮੀਪੁ ਜਰਾ।**
**ਗੁਣ ਮੈ ਸ਼ਕਤੀ ਜਬ ਲੌ ਨ ਗਤੀ,**
**ਦਰਸੈ ਨ ਹਤੀ ਜੋ ਸਬੀ ਉਮਰਾ।**
**ਨਿਜ ਸ੍ਰੇਯ ਨਮਿੱਤ ਕਰੋ,**
**ਪੁਰਖਾਰਥ ਕੋ ਸੁਨਰੌਂ ਉਚਰਾ।**
**ਜਰਤੇ ਗ੍ਰਹ ਕਾਰਣ ਕੂਪਖਨੇ,**
**ਵਹੁ ਉਦਮ ਤੋਂ ਅੰਧ ਕੂਪ ਪਰਾ ॥੮॥**

ਅਰੋਗ-ਰੋਗਾਂ ਤੋਂ ਰਹਿਤ। ਜਰਾ-ਬ੍ਰਿਧਾਵਸਥਾ। ਗੁਣ-ਇੰਦ੍ਰੀਆਂ। ਸ਼ਕਤੀ-ਤਾਕਤ। ਨ ਗਤੀ-ਨਾਸ ਨਹੀਂ ਹੋਈ। ਹਤੀ-ਨਾਸ ਹੁੰਦੀ। ਸ੍ਰੇਯ-ਕਲਿਆਨ। ਜਰਤੇ-ਸੜਦੇ ਹੋਏ। ਖਨੇ-ਪੁੱਟਦਾ ਹੈ।

ਜਦੋਂ ਤਕ ਆਪਣੀ ਦੇਹ ਨੂੰ ਰੋਗਾਂ ਤੋਂ ਰਹਿਤ ਅਤੇ ਭੋਗ (ਰੂਪ ਪਦਾਰਥਾਂ ਦੇ) ਸਹਿਤ ਵੇਖਦੇ ਹੋ, ਅਤੇ ਜਦ ਤੀਕ ਬੁਢੇਪੇ ਨੂੰ ਨੇੜੇ (ਆਇਆਂ) ਨਹੀਂ ਵੇਖਦੇ ਹੋ, ਅਰਥਾਤ (ਜੁਆਨੀ ਦੇ ਵੇਲੇ ਜਿਸ ਵੇਲੇ, ਇਸਤ੍ਰੀ-ਪੁੱਤ, ਤੇ ਧਨ ਪਦਾਰਥ ਕੋਲ ਹੋਵੇ ਅਤੇ ਦੇਹ ਨੂੰ ਕੋਈ ਰੋਗ ਨਾ ਲੱਗਾ ਹੋਇਆ ਹੋਵੇ)।

ਜਿੰਨਾਂ ਚਿਰ ਇੰਦ੍ਰਿਆਂ ਦੀ ਤਾਕਤ ਇੰਦ੍ਰਿਆਂ ਵਿਚੋਂ ਨਸ਼ਟ ਨਹੀਂ ਹੋਈ ਹੈ ਅਤੇ ਸਾਰੀ ਉਮਰਾ ਭੀ ਨਾਸ ਹੋਈ ਨਹੀਂ ਦਿਸਦੀ ਹੈ। ਅਰਥਾਤ ਜਿਸ ਵੇਲੇ ਕਿ ਸਾਰੀਆਂ ਇੰਦ੍ਰੀਆਂ ਅੱਖਾਂ, ਕੰਨ, ਦੰਦ, ਜੀਭ, ਹੱਥ ਪੈਰ ਆਦਿਕ ਆਪੋ ਆਪਣੀ ਸਮਰੱਥਾ ਸਹਿਤ ਵੇਖਦੇ ਹੋ।

(ਉਸ ਵੇਲੇ) ਆਪਣੀ ਕਲਿਆਣ ਵਾਸਤੇ, ਬੇਅੰਤ ਪੁਰਖਾਰਥ ਨੂੰ ਕਰੇ (ਅਰਥਾਤ ਪੂਰੇ ਬਲ-ਬੁਧਿ ਨਾਲ ਜਪੁ, ਤਪ, ਦਾਨ, ਪੁੰਨ ਤੇ ਸਿਮਰਨ-ਭਜਨ ਆਦਿਕ ਕਰਮ ਕਰੋ) ਭਲੇ ਪੁਰਸ਼ਾਂ ਨੇ ਇਸ ਤਰ੍ਹਾਂ ਕਿਹਾ ਹੈ (ਅਰਥਾਤ ਮਹਾਂਪੁਰਸ਼ਾਂ ਦਾ ਹੁਕਮ ਹੈ, ਕਿ:-

ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥

ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥
ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥

ਪ੍ਰਸ਼ਨ-ਜੁਆਨੀ ਦੇ ਵੇਲੇ ਇਨ੍ਹਾਂ ਕਰਮਾਂ ਦੇ ਕਰਨ ਦੀ ਲੋੜ ਹੈ ? ਇਸ ਸਮੇਂ ਵਿਸ਼ਯਾਨੰਦ ਲੈ ਕੇ ਬ੍ਰਿਧਾਵਸਥਾ ਵੇਲੇ ਇਨ੍ਹਾਂ ਕਰਮਾਂ ਨੂੰ ਕਰ ਲਵਾਂਗਾ, ਇਸ ਦੇ ਉੱਤਰ ਕਹਿੰਦੇ ਹਨ)

ਸੜਦੇ ਹੋਏ ਘਰ (ਦੀ ਅੱਗ ਬੁਝਾਉਣ) ਵਾਸਤੇ (ਜੇਕਰ ਕੋਈ ਪੁਰਸ਼) ਖੂਹ ਪੁੱਟਣ ਲੱਗੇ (ਤਾਂ ਉਸਦਾ) ਉਹ ਉਦਮ ਅੰਨ੍ਹੇ ਖੂਹ ਵਿਚ ਪੈ ਗਿਆ (ਕਿਉਂਕਿ ਜਦੋਂ ਨੂੰ ਉਸਨੇ ਖੂਹ ਪੱਟਣਾ ਹੈ ਤਦੋਂ ਤਕ ਘਰ ਸੜ-ਬਲ ਕੇ ਸੁਆਹ ਦੀ ਢੇਰੀ ਹੋ ਜਾਵੇਗਾ ਇਸੇ ਤਰ੍ਹਾਂ ਬੁਢੇਪੇ ਵਿਚ ਭਜਨ-ਸਿਮਰਨ ਕਰਨ ਵਾਲੇ ਦੀ ਇੱਛਾ ਪੂਰੀ ਨਹੀਂ ਹੋਣੀ ਤੇ ਕਾਲ ਨੇ ਕਚੂਮਰ ਕੱਢ ਦੇਣਾ ਹੈ) ॥੮॥

### ਅਰਧ ਨਰਾਜ ਛੰਦ

**ਅਮੇਧ ਕੁਖ ਮੈਂ ਮਹਾਂ । ਰੁਕੰਤ ਕਾਯ ਸੋ ਤਹਾਂ ।**
**ਬਿਰਾਜ ਮਾਨ ਹੋਇ ਹੈ । ਮਹਾਨ ਕਸ਼ਟ ਜੋਇ ਹੈ ॥੯॥**
**ਜਬੈ ਪ੍ਰ ਸੂਤ ਵਾਉ ਤੇ । ਸਦੁਖ ਬਾਹਰਾਉ ਤੇ ।**
**ਕ੍ਰਿਮਾਦਿ ਰੰਦਕਾਦਿ ਤੇ । ਸਹੇ ਮਹਾਂ ਵਿਖਾਦਿ ਤੇ ॥੧੦॥**

ਅਮੇਧ-ਅਪਵਿਤ੍ਰ । ਕਾਯ-ਦੇਹ । ਰੁਕੰਤ-ਠਹਿਰਦੀ ਹੈ । (੨) ਜ਼ੋਰ ਵਿਚ ਲਪੇਟੀ ਹੋਈ । ਜੋਇ-ਵੇਖਦਾ । ਵਿਖਾਦਿ-ਦੁੱਖ ਕਲੇਸ਼ ਵਗੈਰਾ ।

(ਜੋ) ਮਹਾਂ ਅਪਵਿਤ ਰੂਪ ਕੁਖ ਹੈ ਜ਼ੋਰ ਨਾਲ ਲਪੇਟੀ ਹੋਈ ਦੇਹ ਉਸ ਜਗ੍ਹਾ ਤੇ ਠਹਿਰਦੀ (ਜਾਂ ਵਸਦੀ) ਹੈ । (ਜਦ ਉਥੇ ਇਹ) ਬਿਰਾਜਮਾਨ ਹੁੰਦਾ ਹੈ, (ਤਾਂ) ਬੜੇ ਭਾਰੀ-ਭਾਰੀ ਦੁੱਖ-ਕਸ਼ਟ ਵੇਖਦਾ ਹੈ ॥੯॥

ਜਦੋਂ ਪ੍ਰਸੂਤਾ ਵਾਉ ਦੇ ਨਾਲ (ਮਿਲ ਕੇ) ਦੁਖਾਂ ਦੇ ਸਹਿਤ (ਕੁਖ) ਤੋਂ ਬਾਹਰ ਆਉਂਦਾ ਹੈ । (ਤਦ) ਮੱਖੀਆਂ, ਮੱਛਰ ਆਦਿਕ ਕੀੜਿਆਂ ਕਰਕੇ ਤੇ ਗੂੰਹ ਮੂਤਰ ਆਦਿਕ ਗੰਦਗੀ ਕਰਕੇ, ਮਹਾਨ ਦੁੱਖ ਕਲੇਸ਼ ਸਹਾਰਦਾ ਹੈ ॥੧੦॥

### ਅਰਧ ਨਰਾਜ ਛੰਦ

**ਪ੍ਰਹਾਰ ਮਾਤ ਤਾਤ ਕੀ । ਸਹੇ ਸਖਾਦਿ ਭ੍ਰਾਤ ਕੀ ।**
**ਸਿਸ਼ਾਦਿ ਮੌ ਅਨੰਤ ਹੀ । ਕਹੇ ਕਲੇਸ਼ ਜੰਤ ਹੀ ॥੧੧॥**
**ਪੁਨਾ ਜੁਵਾ ਵਿਖੇ ਜਬੈ । ਤ੍ਰਿਯਾ ਵਿਯੋਗ ਹੈ ਕਬੈ ।**
**ਅਨੰਤ ਕਸ਼ਟ ਜੋਇ ਹੈ । ਸਹੇ ਨ ਜਾਤ ਸੋਇ ਹੈ ॥੧੨॥**

ਪਰਹਾਰ-ਮਾਰ । ਸਖਾਦਿ-ਮਿਤ੍ਰ ਆਦਿਕਾਂ । ਸਿਸਾਦਿ-ਸ਼ਿਸੁ, ਦੁੱਧ ਚੁੰਘਣੀ ਉਮਰਾ । ਅਨੰਤ-

ਬੇਅੰਤ ।

(ਫਿਰ) ਮਾਂ ਪਿਉ, ਭਰਾ ਤੇ ਮਿੱਤ੍ਰਾਂ ਆਦਿਕਾਂ ਦੀ ਮਾਰ ਸਹਾਰਦਾ ਹੈ ।

ਦੁੱਧ ਚੁੰਗਣੀ ਉਮਰਾ ਵਿਚ ਬੇਅੰਤ ਤਰ੍ਹਾਂ ਦੇ ਕਲੇਸ਼ ਜੀਵ (ਸਹਾਰਦਾ ਹੈ, ਜੋ) ਕਹੇ ਹੀ (ਨਹੀਂ ਜਾਂਦੇ ਹਨ) ॥੧੧॥

ਫਿਰ ਜਦ ਕਦੇ ਜੁਆਨੀ ਦੇ ਸਮੇਂ 'ਚ ਇਸਤ੍ਰੀ ਦਾ ਵਿਯੋਗ ਹੋ ਜਾਂਦਾ ਹੈ ।

(ਉਸ ਵੇਲੇ) ਅਨੇਕਾਂ ਤਰ੍ਹਾਂ ਦੇ ਦੁਖ ਵੇਖਦਾ ਹੈ, ਉਹ ਤਾਂ ਸਹਾਰੇ ਹੀ ਨਹੀਂ ਜਾ ਸਕਦੇ ॥੧੨॥

### ਅਰਧ ਨਰਾਜ ਛੰਦ

**ਪੁਨਾ ਬਾਲਾਦਿ ਮੈ ਦ੍ਰਿਸੈ। ਨਿਰਾਦਰਾਹਿ ਯੌ ਗ੍ਰਸੈ।**
**ਅਵਾਚ ਦੁਖ ਗਾਵ ਹੈ । ਅਸਾਧ ਬ੍ਰਿਧ ਭਾਵ ਹੈ ॥੧੩॥**

### ਚੌਪਈ

**ਤੀਨ ਅਵਸਥਾ ਤੀਨ ਕਾਲ ਮੈ ਨਾਹਿ ਵਲੋਕਤ ਸੁਖ ਕਤਹੂ ਮੈ ।**
**ਅਜ ਚੀਟੀ ਤੇਲੈ ਭਵ ਜੇਤੇ ਸਰਬ ਦੁਖ ਕਰ ਸੰਜੁਤ ਤੇਤੋ ॥੧੪॥**

ਗਾਵ-(ਗ੍ਰਾਮ) ਸਮੂਹ । ਅਵਾਚ-ਕਿਹਾ ਨਹੀਂ ਜਾਂਦਾ ।

ਫਿਰ ਬਾਲ ਉਮਰਾ ਵਿਚ ਵੇਖਦਾ ਹੈ ਨਿਰਾਦਰ ਆਦਿਕਾਂ ਵਿਚ ਐਸਾ ਫੜਿਆ ਜਾਂਦਾ ਹੈ ।

ਉਹ ਸਾਰਾ ਦੁੱਖ ਕਿਹਾ ਨਹੀਂ ਜਾਂਦਾ ਅਤੇ ਉਹ ਨਾ ਸਾਧੇ ਜਾਣ ਵਾਲਾ ਦੁੱਖ ਬ੍ਰਿਧ ਭਾਵ ਵਿਚ ਹੁੰਦਾ ਹੈ (ਅਰਥਾਤ ਉਹ ਦੁੱਖ ਰੋਜ਼ ਦਾ ਰੋਜ਼ ਵਧਦਾ ਜਾਂਦਾ ਹੈ) ॥੧੮॥

ਤਿੰਨ ਉਮਰਾਂ (ਬਾਲ, ਯੁਵਾ ਤੇ ਬ੍ਰਿਧ) ਤੇ ਤਿੰਨਾਂ ਸਮਿਆਂ (ਭੂਤ, ਵਰਤਮਾਨ ਤੇ ਭਵਿਖਤ) ਵਿਚ, (ਜੀਵ) ਕਿਧਰੇ ਭੀ ਸੁਖ ਨਹੀਂ ਵੇਖਦਾ ਹੈ ।

ਬ੍ਰਹਮਾ ਤੋਂ ਲੈ ਕੇ ਕੀੜੀ ਤੱਕ ਜਿਨ੍ਹਾਂ ਭੀ ਸੰਸਾਰ ਹੈ, ਉਹ ਸਾਰੇ ਦਾ ਸਾਰਾ ਹੀ ਦੁੱਖਾਂ ਦੇ ਨਾਲ ਦੁਖੀ ਹੋ ਰਿਹਾ ਹੈ ॥੧੪॥

**ਸੁਖ ਸਰੂਪ ਹੈ ਏਕ ਨਿਜਾਤਮ।**
**ਇਤਰ ਦੂਖ ਮੈ ਸਰਬ ਅਨਾਤਮ।**
**ਤਾ ਸੁਖ ਰਿਤੇ ਕਿਤੇ ਸੁਖ ਜੋ ਲਵ।**
**ਤੌ ਤੁਮ ਭਨੌ ਜਨੋ ਨਿਜ ਅਨਭਵ॥੧੫॥**
**ਜੋ ਤੁਮ ਸੁਖ ਕੇ ਪ੍ਰਾਪਤਿ ਕਾਰਣ।**
**ਸਹੋ ਦੁਖ ਤੇ ਦੁਖ ਤਰ ਦਾਰਨ।**

**ਮਪਨ ਪਰਯੰਤ ਕਸ਼ਟ ਅਤਿ ਪਾਵੋ।**
**ਸੁਖ ਸ੍ਵੈ ਮੁਖ ਤੇ ਕਬੀ ਨ ਗਾਵੋ ॥੧੬॥**

ਇਕ ਆਪਣਾ ਆਤਮਾ ਹੀ ਸੁਖ ਸਰੂਪ ਹੈ, ਆਤਮਾ ਤੋਂ ਬਿਨਾਂ ਹੋਰ ਸਾਰਾ (ਸੰਸਾਰ) ਦੁੱਖ ਰੂਪ ਹੈ।

ਉਸ (ਆਤਮ) ਸੁਖ ਤੋਂ ਬਿਨਾਂ (ਹੋਰ) ਕਿਧਰੇ (ਲਵ) ਜਰਾ ਮਾਤ੍ਰ ਭੀ ਜੋ ਸੁਖ ਹੈ, (ਤਦ) ਹੇ ਜਨੋ! ਤਾਂ ਤੁਸੀਂ ਅਪਣੇ ਅਨੁਭਵ (ਦੀ ਗੱਲ) ਆਖੋ ॥੧੫॥

ਤੁਸੀਂ ਜੋ ਸੁਖ ਦੀ ਪ੍ਰਾਪਤੀ ਦੇ ਵਾਸਤੇ, ਦੁਖ ਤੋਂ ਭੀ ਬੜੇ ਭਿਆਨਕ ਦੁੱਖ (ਭੋਗਦੇ ਹੋ)।

(ਜਨਮ ਤੋਂ ਲੈ ਕੇ) ਮਰਣ ਤਕ ਅਤਯੰਤ ਕਸ਼ਟ ਪਾਂਦੇ ਹੋ, ਅਤੇ ਆਪਣੇ ਮੂੰਹ ਤੋਂ ਕਦੇ ਸੁਖ ਦਾ ਨਾਮ ਭੀ ਨਹੀਂ ਲੈਂਦੇ ਹੋ (ਅਰਥਾਤ)

"ਸੁਖ ਕੀ ਹੋਤ ਬਹੁਤ ਦੁਖ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰੈ ਦੁਆਰ ਸੁਆਨ ਜਿਉ ਡੋਲਤ ਨਹਿ ਸੁਧ ਰਾਮ ਭਜਨ ਕੀ ॥"

ਇਸ ਦਸਾ ਵਿਚ ਪੁੱਜਕੇ, ਇਹ ਨਹੀਂ ਆਖਦੇ ਕਿ ਅੱਜ ਮੈਂ ਸੁਖੀ ਹਾਂ ਅਤੇ ਹੁਣ ਮੈਨੂੰ ਕੋਈ ਭੀ ਦੁੱਖ ਨਹੀਂ ਹੈ ॥੧੬॥

### ਦੋਹਰਾ

**ਜੇਤੇ ਸੁਖ ਸਤ ਲੋਕ ਲੌ ਤੇਤੇ ਦੇਤ ਕਲੇਸ਼।**
**ਆਤਮ ਸੁਖ ਤੇ ਰਿਤੇ ਸੁਖ ਕਿਤੇ ਨਹੀਂ ਲਵ ਲੇਸ਼ ॥੧੭॥**

(ਇਸ ਲੋਕ ਤੋਂ ਲੈ ਕੇ) ਸਤ (ਬ੍ਰਹਮ) ਲੋਕ ਤਕ ਜਿੰਨੇ ਭੀ ਸੁਖ ਹਨ, ਉਹ ਸਾਰੇ ਹੀ ਦੁਖ ਦੇਂਦੇ ਹਨ। ਆਤਮ ਸੁਖ ਤੋਂ ਬਿਨਾਂ (ਹੋਰ ਕਿਧਰੇ ਥੁੱਕ ਦੀ ਲੇਸ (ਜਿੰਨਾਂ ਵੀ) ਸੁਖ ਨਹੀਂ ਹੈ ॥੧੭॥

### ਨੀਲ ਛੰਦ

**ਮੇਘ ਵਿਤਾਨ ਸਮਾਨ ਵਿਖੇ ਚਪਲਾ ਚਲਜਯੋ।**
**ਹੈ ਸ਼ਬਦਾਦਿਕ ਭੋਗ ਸਭੇ ਅਤਿ ਚੰਚਲ ਤਯੋਂ।**
**ਸੰਪਟ ਬਾਰਿਦ ਬ੍ਰਿਦ ਵਿਖੇ ਜਲ ਵਾਯੂ ਹਰੇ।**
**ਕਾਲ ਤਥਾ ਸਭ ਜੀਵਨ ਕੀ ਹਤ ਆਯੂ ਕਰੇ ॥੧੮॥**

ਵਿਤਾਨ-ਚੰਦੋਆ। ਚਪਲਾ-ਬਿਜਲੀ। ਸੰਪਟ-ਇਕੱਠਾ। ਬਾਰਿਦ-ਬੱਦਲ। ਬ੍ਰਿੰਦ-ਸਮੂਹ, ਝੁੰਡ।

ਚੰਦੋਏ ਸਮਾਨ ਤਨੇ ਹੋਏ ਬੱਦਲਾਂ ਵਿਚ ਜਿਵੇਂ ਬਿਜਲੀ ਚੰਚਲ ਹੁੰਦੀ ਹੈ। ਤਿਵੇਂ ਹੀ ਸ਼ਬਦ ਸਪਰਸ਼, ਰੂਪ, ਰਸ ਤੇ ਗੰਧ ਆਦਿਕ ਸਾਰੇ ਭੋਗ ਅਤਿਯੰਤ ਚੰਚਲ ਹਨ। ਜਿਵੇਂ ਸਮੂਹ ਬੱਦਲਾਂ ਦੇ ਇਕੱਠ ਵਿਚ ਵਸਣ ਵਾਲੇ) ਜਲ (ਤੇ ਬੱਦਲਾਂ ਨੂੰ) ਹਵਾ ਨਾਸ ਕਰ ਦੇਂਦੀ ਹੈ। ਉਸੇ ਤਰ੍ਹਾਂ ਹੀ ਕਾਲ ਸਾਰੇ ਜੀਵਾਂ

ਤੇ ਉਨ੍ਹਾਂ ਦੀ ਉਮਰ ਨੂੰ ਨਾਸ ਕਰਦਾ ਹੈ ੧੮।

*ਨੀਲ ਛੰਦ*

**ਭੋਜਨ ਕਾਜ ਲਡਾਵਤ ਜੋ ਜੋ ਜਨ ਜੋਬਨ ਕੋ।**
**ਲੋਲ ਕਲੋਲ ਸਮਾਨ ਸੁਭਾਤ ਲਖੋ ਤਿਨ ਕੋ।**
**ਵਿਸ ਸਮਸਤ ਵਿਨਸਰ ਸੋਧ ਤੁਰੰਤ ਨਰੋ।**
**ਜੋਗ ਵਿਖੇ ਨਿਜ ਚਿੱਤ ਅਰੋਪਨ ਨਿੱਤ ਕਰੋ ॥੧੯॥**

ਜੋ ਪੁਰਸ਼ ਭੋਗਾਂ ਦੇ ਕਾਰਜ (ਹੀ ਆਪਣੀ) ਜੁਆਨ ਉਮਰਾਂ ਨੂੰ ਲਡਾਉਂਦੇ (ਪਾਲਦੇ) ਹਨ ਪਾਣੀ ਦੀ ਲਹਿਰਾਂ ਸਮਾਨ ਚੰਚਲ, ਉਨ੍ਹਾਂ ਦੇ ਸੁਭਾਵ ਨੂੰ ਜਾਣੋ

ਹੇ ਪੁਰਸ਼ੋ ਸਾਰੇ ਹੀ ਸੰਸਾਰ ਨੂੰ ਨਾਸ ਹੋ ਜਾਣ ਵਾਲਾ (ਸੋਧ ਜਾਣ ਕਰਕੇ) ਛੇਤੀ ਨਾਲ ਹੀ-ਸਦਾ ਹੀ ਆਪਣੇ ਚਿੱਤ ਨੂੰ ਯੋਗ ਵਿਚ ਲਾਉਣਾ ਕਰ ਲਵੋ ੧੯

*ਦੋਹਰਾ*

**ਧੀਰਜ ਕਰਕੇ ਸਿਧ ਜੋਸੁਭਗ ਸਮਾਧਿ ਤੁਰੰਤ ॥**
**ਤਾਂ ਮੋ ਅਰਪੋ ਮਨ ਜਨੋ ਪੁਨਾ ਜਨਮ ਹੈ ਅੰਤ ॥੨੦॥**

ਜੋ ਸੁੰਦਰ ਸਮਾਧੀ ਧੀਰਜ ਕਰਕੇ ਸਿਧ ਹੋਣ ਵਾਲੀ ਹੈ (ਅਰਥਾਤ ਜੋ ਸਮਾਧੀ ਸਹਜੇ-ਸਹਜੇ ਲੱਗ ਸਕਦੀ ਹੈ। ਝਟ-ਪਟ ਹੀ ਉਸ ਵਿਚ ਮਨ ਜੋੜ ਦਿਓ, ਹੇ ਭਲੇ ਪੁਰਸ਼ੋ ਫਿਰ ਜਨਮ ਦਾ ਅੰਤ ਹੋ ਜਾਏਗਾ। (ਅਰਥਾਤ ਇਸ ਮਰਣ ਦੇ ਮਗਰੋਂ ਮੁਕਤੀ ਮਿਲ ਜਾਏਗੀ ਤੇ ਜਨਮ ਨਹੀ ਮਿਲੇਗਾ) ॥੨੦॥

*ਚੌਪਈ*

**ਵਿਖੇ ਭੋਗ ਜੇ ਅਨਿਕ ਪ੍ਰਕਾਰੇ ਦੁਖਦ ਸਰੋਗ ਵਿਨਸ੍ਵਰ ਸਾਰੇ।**
**ਏਤਤ ਹੀ ਭਵ ਰੂਪ ਨਿਹਾਰੋ। ਬਿਨਾ ਭੋਗ ਸੰਸਾਰ ਆਸਰੋ ॥੨੧॥**
**ਤਹੀ ਕਤ ਹੇਤ ਜਗਤ ਕ੍ਰਿਤ ਅੰਤਰ। ਕੀਟ ਕਪਿਨ ਵਤ ਭ੍ਰਮਤ ਨਿਰੰਤਰ।**
**ਹੇ ਲੋਕੋ ਅਵਿਲੋਕੋ ਨਾਹੀਂ। ਸਿਰ ਪਰ ਕਾਲ ਬਾਣ ਕਰ ਮਾਹੀ ॥੨੨॥**

ਜਿਹੜੇ ਅਨੇਕ ਤਰ੍ਹਾਂ ਦੇ ਭੋਗ ਹਨ (ਉਹ) ਸਾਰੇ ਦੁੱਖ ਦੇਣ ਵਾਲੇ, ਰੋਗਾਂ ਦੇ ਸਹਿਤ ਤੇ ਨਾਸ ਹੋ ਜਾਣ ਵਾਲੇ ਹਨ।

ਇਨ੍ਹਾਂ ਭੋਗਾਂ ਨੂੰ ਹੀ ਸੰਸਾਰ ਰੂਪ ਕਰਕੇ ਵੇਖੋ, (ਕਿਉਂਕਿ) ਭੋਗਾਂ ਤੋਂ ਬਿਨਾਂ (ਹੋਰ ਕੋਈ) ਸੰਸਾਰ ਹੀ ਨਹੀਂ ਹੈ ॥੨੧॥

ਤਦ ਫਿਰ ਤੁਸੀਂ ਕਿਸ ਵਾਸਤੇ ਸੰਸਾਰ ਦੇ ਵਿਹਾਰਾਂ ਅੰਦਰ ਕੀੜੇ ਦੇ ਬਾਂਦਰ ਵਾਂਗ ਇਧਰ ਉਧਰ ਫਿਰਦੇ ਰਹਿੰਦੇ ਹੋ

ਹੇ ਲੋਕੋ ਤੁਸੀਂ ਵੇਖਦੇ ਨਹੀਂ ਹੋ (ਤੁਹਾਡੇ) ਸਿਰ ਉਤੇ ਕਾਲ (ਖੜਾ ਹੈ ਜਿਸਨੇ ਤੁਹਾਨੂੰ ਮਾਰਨ ਵਾਸਤੇ ਹੱਥ ਵਿਚ ਤੀਰ (ਫੜਿਆ ਹੋਇਆ ਹੈ) ॥੨੨॥

**ਖਿਨ ਮਹਿ ਪ੍ਰਾਣ ਹਾਣ ਕਰਿ ਡਾਰੈ।**
**ਬਲੀ ਅਖਿਮੀ ਦਯਾ ਨਹਿ ਧਾਰੈ।**
**ਤੁਸ ਨਿਸ ਦਿਨ ਅਘ ਓਘ ਕਮਾਤੇ।**
**ਬਲ ਅਬਲਾਦਿ ਸ੍ਵਾਦ ਮਦ ਮਾਤੇ ॥੨੩॥**
**ਜਾਨੋ ਮਨ ਮੇ ਮਰਨੋ ਸਾਚੋ।**
**ਤਉ ਕਤ ਹੇਤ ਬ੍ਰਿਥਾ ਭਵ ਰਾਚੋ।**
**ਭਾਂਤਿ ਭਾਂਤਿ ਭਵ ਚੇਸ਼ਟ ਕਰਕੇ।**
**ਲਹੋ ਕਦਾਚਿਤ ਸ਼ਾਂਤਿ ਨ ਮਰਕੇ ॥੨੪॥**

(ਉਹ ਕਾਲ) ਇਕ ਖਿਨ ਵਿਚ ਤੁਹਾਡੇ ਪ੍ਰਾਣਾਂ ਦਾ ਨਾਸ ਕਰ ਦੇਵੇਗਾ, ਜੋ ਬੜਾ ਬਲਵਾਨ ਹੈ ਖਿਮਾਂ ਤੋਂ ਬਿਨਾਂ ਹੈ (ਅਤੇ ਉਹ) ਦਯਾ ਕਰਨੀ ਜਾਣਦਾ ਹੀ) ਨਹੀਂ ਹੈ

ਤੁਸੀਂ ਦਿਨ-ਰਾਤੀ ਸਭ ਤਰਾਂ ਦੇ ਪਾਪ ਕਰਦੇ ਹੋ, ਜੋਰ ਨਾਲ ਇਸਤ੍ਰੀ (ਭੋਗ) ਆਦਿਕ ਸ੍ਵਾਦ ਦੇ ਮਦ ਵਿਚ ਮੱਤੇ ਹੋਏ ਹੋ ॥ ੨੩ ॥

ਤੁਸੀਂ ਮਰਨੇ ਨੂੰ ਦਿਲ ਵਿਚ ਸੱਚ ਜਾਣਦੇ ਹੋ, (ਤਾਂ ਫਿਰ) ਕਿਸ ਵਾਸਤੇ ਬਿਅਰਥ ਸੰਸਾਰ ਵਿਚ ਲੱਗ ਰਹੇ ਹੋ।

ਸੰਸਾਰ ਵਿਚ ਤਰ੍ਹਾਂ-ਤਰ੍ਹਾਂ ਦੀ ਚੇਸਤਾ ਕਰਕੇ (ਮਰੋਗੇ, ਤਾਂ) ਮਰ ਕੇ, ਕਦੇ ਭੀ ਸ਼ਾਂਤਿ ਨੂੰ ਪ੍ਰਾਪਤ ਨਹੀਂ ਕਰੋਗੇ ॥੨੪॥

**ਮਮ ਬਚਨਨ ਮਹਿ ਤਵ ਸਰਧਾ ਜਬ।**
**ਦੂਰ ਸੰਕਲਪ ਵਿਕਲਪ ਤਜੋ ਤਬ।**
**ਆਸਾ ਪਾਸ ਬਹੁਤ ਬਿਧ ਕੀਜੈ।**
**ਤਾਸ ਨਿਵਾਸ ਨ ਉਰ ਮੈ ਦੀਜੈ ॥੨੫॥**
**ਰਜੋ ਤਮੋ ਮੇ ਧੀ ਸੁ ਬ੍ਰਿਤੀ ਲਖ।**
**ਕਰੋ ਤਾਸ ਕੋ ਨਾਸ ਫਾਸ ਲਖ।**

**ਨਿਰਮਲ ਸਤੋ ਬਿਰਤ ਸੋ ਮਿਲਕਰ।**
**ਨਰੋ ਕਰੋ ਤੁਵ ਮਨ ਨਿਰਮਲ ਤਰ॥੨੬॥**

(ਜਬ-ਯਦਯ) ਜੇਕਰ (ਮੇਰੇ) ਬਚਨਾਂ ਵਿਚ ਤੈਨੂੰ ਸ਼ਰਧਾ (ਯਕੀਨ) ਹੈ, ਤਦ ਬੁਰੇ ਸੰਕਲਪਾਂ-ਵਿਕਲਪਾਂ ਦਾ ਤਿਆਗ ਕਰ ਦੇਹੁ।

ਆਸਾ-ਤ੍ਰਿਸ਼ਨਾ ਫਾਹੀ (ਰੂਪ ਹੈ) ਬਹੁਤ ਤਰ੍ਹਾਂ ਦੇ ਯਤਨ ਕਰਕੇ ਭੀ ਇਸਦਾ ਤਿਆਗ ਕਰ। ਉਸਨੂੰ ਆਪਣੇ ਹਿਰਦੇ ਵਿਚ ਨਿਵਾਸ਼ ਨਾਂ ਦੇਹੁ ॥ ੨ ॥

ਜਦੋਂ ਬੁੱਧੀ ਬ੍ਰਿਤੀ ਅਰਥਾਤ ਜਦੋਂ ਦਲੀਲ ਨੂੰ ਰਜੋ ਗੁਣ ਜਾਂ ਤਮੋ ਗੁਣ ਰੂਪ ਜਾਣ ਲਵੇ ਉਸੇ ਵੇਲੇ ਉਸਨੂੰ ਫਾਹੀ ਰੂਪ ਜਾਣਕੇ, ਉਸਦਾ ਨਾਸ ਕਰ ਦੇਹ।

ਹੇ ਪੁਰਸ਼ੋ ! ਸ਼ੁੱਧ ਸਤੋ ਗੁਣ ਨਾਲ (ਜਦੋਂ) ਬਿਰਤੀ ਮਿਲ ਜਾਵੇ, ਤਦ ਮਨ ਅਤਿਯੰਤ ਸੁਧ ਕਰਕੇ ਹਰੀ ਦਾ ਸਿਮਰਨ ਕਰੋ ॥ ੨੬ ॥

**ਐਸੇ ਵਿਸਦ ਚਿਤ ਕੋ ਲੋਕੋ।**
**ਸਮਯਕ ਨਿਜ ਸਰੂਪ ਮਹਿ ਰੋਕੋ।**
**ਚਿਤ ਚੇਤਨ ਬਿਬ ਨਿਰਮਲ ਤਾਂਤੇ।**
**ਭਵਤ ਅਭੇਦ ਸਜਾਤੀ ਜਾਂਤੇ ॥੨੭॥**

ਹੇ ਲੋਕੋ ! ਇਸ ਤਰ੍ਹਾਂ ਦੇ ਪਵਿੱਤ੍ਰ ਚਿਤ ਨੂੰ, ਭਲੀ ਪ੍ਰਕਾਰ ਆਪਣੇ ਸਰੂਪ ਵਿਚ ਜੋੜ ਦਿਓ।

ਚਿਤ ਤੇ ਚੇਤਨ (ਜੋ) ਦੋਵੇਂ ਨਿਰਮਲ ਹਨ, ਉਸ ਕਰਕੇ (ਦੋਵੇਂ ਪਰਸਪਰ) ਅਭੇਦ ਹੋ ਜਾਂਦੇ ਹਨ, ਸਜਾਤੀ ਹੋਣ ਕਰਕੇ. (ਅਰਥਾਤ ਚਿਤ ਭੀ ਚੇਤਨ ਹੈ ਅਤੇ ਚੇਤਨ ਵੀ ਚੇਤਨ ਹੈ, ਇਸ ਕਰਕੇ ਦੋਵੇਂ ਸਜਾਤੀ ਹਨ, ਅਤੇ ਸਜਾਤੀ ਹੋ ਕਰਕੇ ਅਭੇਦ ਹੋ ਜਾਂਦੇ ਹਨ) ॥ ੨੭ ॥

ਪ੍ਰਸ਼ਨ-ਆਤਮਾਂ ਕੈਸਾ ਹੈ ? ਉਤਰ:-

**ਭੇਦ ਸਜਾਤੀ ਪੁਨਾ ਵਿਜਾਤੀ।**
**ਸੁਗਤਿ ਤ੍ਰਿਭੇਦ ਅਤੀਤ ਅਜਾਤੀ।**
**ਤਾਂਤੇ ਤਾਮੋ ਬਿਰਤਿ ਸਜਾਤੀ।**
**ਅਰਪੋ ਜਨੋ ਤੁਮੂੰ ਦਿਨ ਰਾਤੀ॥੨੮॥**

ਉਸ ਦੇ ਵਿਚ ਸਜਾਤੀ ਭੇਦ ਨਹੀਂ ਹੈ, ਅਤੇ ਵਿਜਾਤੀ ਭੇਦ ਭੀ ਨਹੀਂ ਹੈ, ਸੁਗਤ ਭੇਦ ਭੀ ਨਹੀਂ ਹੈ (ਅਰਥਾਤ) ਆਤਮਾ ਤਿੰਨਾਂ ਭੇਦਾਂ ਤੋਂ ਅਤੀਤ ਅਤੇ ਅਜਾਤੀ ਹੈ।

ਇਸ ਦਾ ਭਾਵ ਏਹ ਹੈ:

ਜਿਸ ਤਰ੍ਹਾਂ ਘੜੇ ਜੇਹਾ ਹੀ ਦੂਜਾ ਘੜਾ ਹੁੰਦਾ ਹੈ, ਏਹ ਸਜਾਤੀ ਭੇਦ ਹੈ ਆਤਮਾਂ ਜਿਹੀ ਹੋਰ

ਕੋਈ ਆਤਮਾ ਨਾ ਹੋਣ ਕਰਕੇ, ਉਸ ਵਿਚ 'ਸਜਾਤੀ' ਭੇਦ ਨਹੀਂ ਹੈ ਅਤੇ ਆਤਮਾ ਤੋਂ ਭਿੰਨ ਕੋਈ ਪਦਾਰਥ ਵੀ ਨਹੀਂ ਹੈ, ਇਸ ਲਈ ਉਸ ਵਿਚ ਵਿਜਾਤੀ ਭੇਦ ਨਹੀਂ ਹੈ।

ਸੁਗਤ ਭੇਦ ਵੀ ਉਸ ਵਿਚ ਨਹੀਂ ਹੈ, ਜਿਸ ਤਰ੍ਹਾਂ ਸਰੀਰ ਦਾ ਰੰਗ ਗੋਰਾ-ਕਾਲਾ ਹੱਥ, ਪੈਰ, ਸਿਰ ਆਦਿਕ ਅੰਗ ਸਰੀਰ ਦੇ ਵਿਚ ਹੀ ਹਨ, ਇਸੇ ਤਰ੍ਹਾਂ ਆਤਮਾ ਦਾ ਕੋਈ ਰੂਪ-ਰੰਗ ਜਾਂ ਉੱਚਾ-ਲੰਮਾ, ਮਧਰਾ, ਗੋਰਾ-ਕਾਲਾ ਰੰਗ ਭੀ ਉਸ ਵਿਚ ਨਾ ਹੋਣ ਕਰਕੇ ਉਹ ਸੁਗਤਿ ਭੇਦ ਤੋਂ ਭੀ ਰਹਿਤ ਹੈ, ਪੁਨਾ ਉਹ ਖੱਤ੍ਰੀ ਬ੍ਰਾਹਮਣ ਆਦਿਕ ਜਾਤੀ ਤੋਂ ਰਹਿਤ ਹੋਣ ਕਰਕੇ 'ਅਜਾਤੀ' ਹੈ ਅਥਵਾ ਅਜਾਤ ਕਹੀਏ ਕਿ ਉਹ ਜਨਮਿਆਂ ਨਹੀਂ ਹੈ, ਇਸ ਕਰਕੇ ਅਜਾਤੀ ਹੈ, ਭਾਵ ਇਹ ਹੈ ਨਾਂ ਕੋਈ ਉਸਦੀ ਉਤਪਤੀ ਕਰਨ ਵਾਲਾ ਹੈ ਅਤੇ ਨਾ ਹੀ ਤਿੰਨਾਂ ਭੇਦਾਂ ਵਾਲਾ ਹੈ, ਇਸ ਲਈ ਤਿੰਨਾਂ ਭੇਦਾਂ ਤੋਂ ਅਤੀਤ ਤੇ ਅਜਾਤੀ ਹੈ

ਹੇ ਜਨੋ ਇਸ ਕਰਕੇ ਤੁਸੀਂ ਉਸ ਵਿਚ ਦਿਨੇ-ਰਾਤੀ 'ਸਜਾਤੀ ਬ੍ਰਿਤੀ' ਲਗਾਓ।

ਅਰਥਾਤ 'ਅਹੰ ਬ੍ਰਹਮਾਸਮਈ', ਇਹ 'ਸਜਾਤੀ ਬ੍ਰਿਤੀ' ਇਸ ਵਿਚ ਮਨ ਲਗਾਓ।

## ਚੌਪਈ

**ਜੀਵ ਈਸ ਕੋ ਨ ਭੇਦ ਭੋਰਾ।**
**ਜਾਹਿੰ ਮਿਲੇ ਪੁਨ ਨਾਹਿ ਵਿਛੋਰਾ।**
**ਸਕਲ ਕਾਮਨਾ ਤਿਆਗ ਅਧੀਨੋ।**
**ਸਰਬ ਇਛਾ ਤਜਿ ਤਾਂਕੋ ਚੀਨੋ ॥੨੯॥**

ਜੀਵ ਦਾ ਈਸ਼੍ਵਰ ਨਾਲੋਂ ਜ਼ਰਾ ਭਰ ਵੀ ਭੇਦ ਨਹੀਂ ਹੈ, ਜਿਹਨਾਂ ਦਾ ਮੇਲ ਹੋ ਗਿਆ ਹੈ, ਫਿਰ ਉਹਨਾਂ ਦਾ ਵਿਛੋੜਾ ਨਹੀਂ ਹੋਇਆ, ਜਿਸ ਤਰ੍ਹਾਂ ਪਾਣੀ ਨਾਲੋਂ ਬੁਲਬੁਲਾ ਵੱਖਰਾ ਨਹੀਂ ਹੁੰਦਾ। (ਪਰ)

ਸਾਰੀਆਂ ਕਾਮਨਾਂ ਦੇ ਤਿਆਗ ਦੇ ਅਧੀਨ (ਹੀ ਉਹਨਾਂ ਦਾ ਮਿਲਾਪ ਹੈ) ਇਸ ਲਈ ਸਾਰੀਆਂ ਇੱਛਾ ਦਾ ਤਿਆਗ ਕਰਕੇ, ਇਹਨਾਂ ਨੂੰ ਇਕ ਰੂਪ ਪਛਾਣ ਲਵੋ ॥੨੯॥

**ਯਾ ਤਨ ਮਾਹਿ ਨਿਜਾਤਮ ਸੁਖ ਕੋ।**
**ਅਨੁਭਵ ਕਰੋ ਹਰੋ ਭਵ ਦੁਖ ਕੋ।**
**ਮੋਰ ਗਿਰਾ ਮੋ ਤੋਰ ਸਨੇਹਾ।**
**ਧਰੋ ਤਬੇ ਤੁਮ ਮਮ ਮਤ ਏਹਾ ॥੩੦॥**

ਹੇ ਬੰਦੇ! ਇਸ ਮਨੁੱਖ ਸਰੀਰ ਦੇ ਵਿਚ ਹੀ ਆਪਣੇ ਆਤਮ ਸੁਖ ਨੂੰ ਅਨੁਭਵ ਕਰੋ ਅਤੇ ਸੰਸਾਰ (ਦੇ ਜਨਮ-ਮਰਨ ਰੂਪ) ਦੁਖ ਨੂੰ ਨਾਸ ਕਰ ਲਵੋ।

ਮੇਰੀ ਬਾਣੀ ਵਿਚ (ਜੋ) ਤੇਰਾ ਪ੍ਰੇਮ ਹੈ, ਤਦ ਤੁਸੀਂ (ਇਸਨੂੰ ਹਿਰਦੇ ਵਿਚ) ਧਾਰਨ ਕਰੋ, ਮੇਰੀ ਏਹੋ ਸਿਖਿਆ ਹੈ ॥੩੦॥

### ਦੋਹਰਾ

**ਵਿਖਮ ਦੁਖਦ ਖਿਣ ਭੰਗ ਮੈ ਭੋਗ ਰੂਪ ਸੰਸਾਰ ॥**
**ਤਾਕੋ ਵਿਦ ਸੰਸਾਰ ਸਮ ਕੋਵਿਦ ਦੇਤ ਨਿਵਾਰ ॥੩੧॥**

ਬੜੇ ਕਰੜੇ ਨਰਕਾਂ ਰੂਪ ਦੁਖ ਦੇਣ ਵਾਲਾ ਹੈ ਖਿਨ-ਖਿਨ ਵਿਚ ਨਾਸ ਰੂਪ ਹੈ (ਇਹ ਜੋ) ਸੰਸਾਰ ਭੋਗ ਰੂਪ ਹੈ ਉਸਨੂੰ 'ਸੰਸਾਰ' ਸਮਾਨ ਜਾਣ ਕਰਕੇ ਸਿਆਣੇ ਵਿਦਵਾਨ ਲੋਕ ਇਸਦਾ ਤਿਆਗ ਕਰ ਦੇਂਦੇ ਹਨ ॥੩੧॥ (ਨੋਟ-ਸੰਸਾਰ ਇਕ ਜਲ ਜੰਤੂ ਦਾ ਨਾਮ ਹੈ, ਜੋ ਮਨੁੱਖ, ਘੋੜੇ ਆਦਿਕ ਨੂੰ ਸਾਬਤ ਹੀ ਨਿਗਲ ਜਾਂਦਾ ਹੈ ।

### ਸ੍ਵੈਯਾ

**ਜਬ ਹੋ ਬੁਧਿਵਾਨ ਤਬੀ ਤਤ, ਬ੍ਰਹਮ ਕੋ ਧਯਾਨ ਧਰੋ ।**
**ਜੋ ਅਨੰਤ ਵਿਕਾਰ ਪਰੰ ਅਜਰੰ, ਤਤ ਲਾਭ ਤੇ ਆਨ ਨ ਲਾਭ ਪਰੋ ।**
**ਰੁਚਿ ਹੇਤੁ ਵਿਪਸਿਚਤ ਕੇ ਚਿਤ ਕੋ, ਭਵ ਭੋਗ ਕਦਾਚਿਤ ਹੈ ਸਗਰੋ ।**
**ਜਨ ਨੀਚ ਕਰੇ ਰਤਿ ਬੀਚ ਇਨੇ ਅੱਗ, ਤੱਗ ਬਿਖੇ ਇਤਨੋ ਅੰਤਰੋ ॥੩੨॥**

ਭਵਾਨ-ਆਪ । ਵਿਪਸਿਚਤ-ਸਿਆਣਾ ਵਿਦਵਾਨ ।

ਹੇ ਪੁਰਸ਼ੋ ! ਜੇਕਰ ਤੁਸੀਂ ਆਪਿ ਬੁਧਿਵਾਨ ਹੋ, ਤਦ ਉਸ ਬ੍ਰਹਮ ਦੇ ਧਿਆਨ ਨੂੰ ਧਾਰਨ ਕਰੋ । ਜੋ ਅੰਤ ਤੋਂ ਰਹਿਤ ਪ੍ਰਕਾਸ਼ ਰੂਪ ਤੇ ਸਭ ਦਾ ਪਰਾ ਹੈ ਜਰਾ ਤੋਂ ਰਹਿਤ ਹੈ, ਉਸ ਦੀ ਪ੍ਰਾਪਤੀ ਤੋਂ ਪਰੇ ਹੋਰ ਕੋਈ ਪ੍ਰਾਪਤੀ ਨਹੀਂ ਹੈ ।

ਸਿਆਣੇ ਵਿਦਵਾਨ ਦੇ ਚਿਤ ਪ੍ਰੀਤੀ ਦੇ ਹੇਤੂ ਕਦਾਚਿਤ ਸੰਸਾਰ ਦੇ ਸਾਰੇ ਭੋਗ ਹੋ ਸਕਦੇ ਹਨ (ਜਾਂ ਨਹੀਂ ? ਇਸ ਦਾ ਭਾਵ ਏਹ ਹੈ, ਕਿ ਸਿਆਣਾ ਪੁਰਖ ਸੰਸਾਰਕ ਭੋਗਾਂ ਨਾਲ ਪ੍ਰੀਤੀ ਨਹੀਂ ਕਰਦਾ)।

ਨੀਚ ਪੁਰਸ਼ ਇਨ੍ਹਾਂ (ਇਸਤ੍ਰੀ ਪਦਾਰਥ ਆਦਿਕਾਂ) ਵਿਚ ਪ੍ਰੀਤੀ ਕਰਦਾ ਹੈ, ਅਗਿਆਨੀ ਤੇ ਗਿਆਨੀ ਵਿਚ ਏਨਾ ਹੀ ਫਰਕ ਹੈ ॥੩੨॥

### ਤੋਟਕ ਛੰਦ

**ਜੜ ਰੂਪ ਸਭੀ ਤਨਆਨ ਜਿਤੇ ।**
**ਜਿਨ ਮੈ ਨ ਸੁਭਾ ਸੁਭ ਗਿਆਨ ਕਿਤੇ ।**
**ਚਿਦ ਏਕ ਲਖੋ ਨਰ ਕੇ ਤਨ ਕੋ ।**
**ਜਿਸ ਮਾਹਿ ਲਖੇ ਸਤ ਚੇਤਨ ਕੋ ॥੩੩॥**

**ਸੁਖ ਰੂਪ ਅਨੰਤ ਪਰੰ ਅਜਰੰ।**
**ਅਜ ਰੂਪ ਵਿਕਾਸ ਅਨੂਪ ਰਰੰ।**
**ਸਮ ਏ ਦਸ ਲਖਣ ਆਤਮ ਕੇ।**
**ਅਧੁਨਾਰਥ ਭਾਖਤ ਹੈਂ ਤਿਨ ਕੇ ॥੩੪॥**

(ਮਨੁੱਖ ਸਰੀਰ ਤੋਂ ਬਿਨਾਂ) ਹੋਰ ਜਿੰਨੇ ਭੀ ਸਰੀਰ ਹਨ, ਸਾਰੇ ਹੀ ਜੜ ਰੂਪ ਹਨ, ਜਿਨ੍ਹਾਂ ਵਿਚ ਭਲੇ-ਬੁਰੇ ਦਾ ਗਿਆਨ ਕਿਤੇ ਭੀ ਨਹੀਂ ਹੈ। ਇਕ ਮਨੁੱਖ ਦੇ ਸਰੀਰ ਨੂੰ ਚੇਤਨ ਜਾਣ ਕਰਕੇ, ਜਿਸਦੇ ਵਿਚ ਚੇਤਨ ਨੂੰ ਸਤ ਜਾਣਿਆ ਜਾਂਦਾ ਹੈ ॥੩੩॥

ਅੰਤ ਤੋਂ ਰਹਿਤ-ਸੁਖ ਰੂਪ (ਸਭ ਦਾ) ਪਰਾ (ਰੂਪ ਅਜਰ ਹੈ ਜਨਮ ਤੋਂ ਰਹਿਤ ਰੂਪ ਤੇ ਤ੍ਰਿਸ਼ਨਾ ਤੋਂ ਰਹਿਤ ਪ੍ਰਕਾਸ਼ ਦਾ ਪੁੰਜ ਕਿਹਾ ਜਾਂਦਾ ਹੈ।

(ਜਿਸ) ਆਤਮਾ ਦੇ (ਏਹ) ਦਸ (੧੦) ਲੱਛਣ ਹਨ, (ਉਹ ਸਭਨਾਂ ਵਿਚ) ਸਮਾਨ ਵਿਆਪਕ ਹੈ, ਅੱਗੇ ਉਸ ਦੇ ਅਰਥਾਂ ਨੂੰ ਕਥਨ ਕਰਦੇ ਹਾਂ ॥੩੪॥

**ਸੱਤ ਤ੍ਰਿਕਾਲ ਵਹ ਅਬਾਧ ਜੁ ਹੈ।**
**ਇਨ ਮੈਂ ਸ਼੍ਰਤਿ ਲੋਕ ਪਰਮਾਨ ਦੁ ਹੈ।**
**ਸ਼੍ਰਤਿ ਵਾਕ ਸਦੇਵ ਇਤਾਦਿ ਰਰੇ।**
**ਜਨ ਜੇ ਜਨਮਾਂਤਰ ਕਾਮ ਕਰੇ ॥੩੫॥**
**ਫਲ ਤਾਂ ਕ੍ਰਿਤ ਕੋ ਇਤ ਲੋਕ ਮਿਲੇ।**
**ਇਤ ਕੀ ਕਰਣੀ ਪਰਲੋਕ ਫਲੇ।**
**ਇਹ ਜੀਵ ਮਰੇ ਨਹਿ ਲੋਕ ਮਤੇ।**
**ਸਭ ਜੀਵ ਕੋ ਜੀਵ ਅਹਿ ਜਹਿ ਤੇ ॥੩੬॥**

ਉਹ (ਆਤਮ ਇਸ ਕਰਕੇ) 'ਸੱਤ' ਹੈ, (ਕਿਉਂਕਿ) ਜੋ ਤਿੰਨਾਂ ਕਾਲਾਂ ਵਿਚ (ਇਸ ਦਾ) ਨਾਸ ਨਹੀਂ ਹੁੰਦਾ। ਇਸ ਵਿਚ ਸ੍ਰਤਿ ਤੇ ਲੋਕ (ਏਹ) ਦੋ ਪ੍ਰਮਾਨ (ਜਾਂ ਦੋ ਉਗਾਹੀਆਂ) ਹਨ। ਸ੍ਰਤਿ ਦਾ ਵਾਕ ਹੈ। 'ਸਦੇਵ-ਇਸ ਨਿਸ਼ਚੇ ਕਰਕੇ ਆਤਮ ਸੱਤ ਹੈ, ਇਸ ਤੋਂ ਆਦ ਕਥਨ ਹੈ, ਪੁਨਾ ਗੁਰਵਾਕ ਹੈ 'ਮਰਨਹਾਰ ਏਹੁ ਜੀਅੜਾ ਨਾਹਿ ॥' ਤੇ ਗੀਤਾ ਵਚਨ ਹੈ-'ਨਾ ਜਾਇਤੇ ਮਰਯਤੇ' ਅਤੇ ਲੋਕ ਕਹਿੰਦੇ ਹਨ, ਪੁਰਸ਼ ਨੇ ਜਿਹੜੇ ਕਰਮ ਪਿਛਲੇ ਜਨਮ ਵਿਚ ਕੀਤੇ ਹਨ ॥੩੫॥

ਉਨ੍ਹਾਂ ਕਰਮਾਂ ਦਾ ਫਲ ਇਸ ਲੋਕ ਵਿਚ ਮਿਲਦਾ ਹੈ ਅਤੇ ਇਥੋਂ ਦਾ ਕੀਤਾ ਹੋਇਆ ਕਰਮ ਪ੍ਰਲੋਕ ਵਿਚ ਫਲ ਦੇਂਦਾ ਹੈ।

ਇਸ ਤਰ੍ਹਾਂ ਦੇ ਲੋਕਾਂ ਦੇ ਮੌਤ ਤੋਂ ਸਿਧ ਹੁੰਦਾ ਹੈ ਕਿ ਜੀਵ ਮਰਦਾ ਨਹੀਂ ਹੈ ਕਿਉਂਕਿ ਪਿਛਲੇ ਜਨਮ ਦੇ ਕਰਮ ਦਾ ਫਲ ਭੋਗਦਾ ਹੈ ਹੁਣ ਦੇ ਕਰਮ ਦਾ ਫਲ ਅੱਗੇ ਭੋਗੇਗਾ ਜੇ ਜੀਵ ਜੀਊਂਦਾ ਹੈ ਤਾਂ ਹੀ ਫਲ ਭੋਗਦਾ ਹੈ ਜੇ ਮਰ ਜਾਵੇ ਤਾਂ ਫਲ ਕੌਣ ਕਿਵੇਂ ਤੇ ਕਿਵੇਂ ਭੋਗੇਗਾ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਾਰੇ ਜੀਵਾਂ ਨੂੰ ਨਿੱਤ ਜੀਵਨ ਪ੍ਰਾਪਤ ਹੈ ੩੬

**ਮਨ ਧੀ ਤਨ ਲੌ ਜੜ ਰੂਪ ਸਈ।**
**ਨ ਸੁਤੇ ਜਿਨ ਮੋ ਕਛੁ ਗਿਆਨ ਕਬੀ।**
**ਇਕ ਚੇਤਨ ਤੇ ਸਭ ਚੇਤਨ ਹੈ।**
**ਇਤ ਹੇਤੁ ਚਿਦਾਤਮ ਧੀਰ ਲਹੇ ॥੩੭॥**
**ਸੁਖ ਸਾਗਰ ਬ੍ਰਹਮ ਕੀ ਅੰਸ ਕਨੀ।**
**ਅਨਸੂਤ ਤ੍ਰਿਲੋਕ ਬਿਖੈ ਸਘਨੀ।**
**ਥਿਤ ਕੰਚਨ ਕਦਲੇ ਮਾਂਹਿ ਯਥਾ।**
**ਸਭ ਭੋਗਨ ਮੋ ਸੁਖ ਤਾਹਿ ਤਥਾ ॥੩੮॥**

ਕਨੀ-ਬੂੰਦ। ਅਨਸੂਤ-ਤਾਨਾ-ਪੇਟਾ ਰੂਪ ਸੂਤ੍ਰ। ਸਘਨੀ-ਵਿਆਪਕ। ਕੰਦਲੇ-ਤਾਰ ਕੰਚਨ-ਸੋਨਾ।

ਮਨ ਬੁਧੀ ਤੇ ਸਰੀਰ ਤੱਕ ਸਾਰੇ (ਇੰਦਰੇ) ਜੜ ਰੂਪ ਹਨ, (ਕਿਉਂਕਿ) ਜਿਨ੍ਹਾਂ ਵਿਚ ਆਪਣੇ ਆਪ ਕਦੇ ਵੀ ਕੁਝ ਗਿਆਨ ਨਹੀਂ ਹੈ।

ਇਕ ਆਤਮਾਂ ਚੇਤਨ (ਦੇ ਸੰਬੰਧ) ਕਰਕੇ ਹੀ ਸਾਰੇ (ਇੰਦ੍ਰੇ) ਚੇਤਨ ਹੋ ਰਹੇ ਹਨ. ਇਸ ਕਰਕੇ ਧੀਰਜਵਾਨ ਸਿਆਣੇ ਪੁਰਸ਼ ਆਤਮਾਂ ਨੂੰ ਚੇਤਨ ਰੂਪ ਜਾਣਦੇ ਹਨ ॥੩੭॥

ਸੁਖਾਂ ਦਾ ਸਮੁੰਦਰ ਜੋ ਬ੍ਰਹਮ ਹੈ, (ਉਸ ਦੀ ਇਕ) ਬੂੰਦ ਮਾਤ੍ਰ ਅੰਸ ਚੇਤਨਤਾ ਹੈ, ਉਸਨੂੰ ਜੀਵ ਕਹੀਦਾ ਹੈ, (ਉਹ ਚੇਤਨਤਾ) ਤਾਨੇ-ਪੇਟੇ ਦੇ ਸੂਤ੍ਰ ਅਨੁਸਾਰ ਤਿੰਨਾਂ ਲੋਕਾਂ ਵਿਚ ਵਿਆਪਕ ਹੋ ਰਹੀ ਹੈ।

ਜਿਸ ਤਰ੍ਹਾਂ ਸੋਨੇ ਦੀ ਤਾਰ ਵਿਚ ਭੀ ਸੋਨਾ ਇਸਥਿਤ ਹੈ, ਉਸੇ ਤਰ੍ਹਾਂ ਹੀ ਸਾਰੇ ਭੋਗਾ ਵਿਚ ਭੀ ਜੋ ਸੁਖ ਹੈ, ਉਹ ਉਸੇ ਸੁਖ ਸਰੂਪ ਚੇਤਨ ਦਾ ਹੈ ॥੩੮॥

**ਤਿਹ ਤੇ ਨ ਰਿਤੇ ਸੁਖ ਨੈਕ ਕਿਤੇ।**
**ਸੁਖ ਮੂਰਤਿ ਸ੍ਵਾਤਮ ਹੇਤ ਇਤੇ।**
**ਨ ਪ੍ਰਮਾਣ ਵਿਖੇ ਨਹਿ ਨਾਸ ਜਿਸੇ।**
**ਪਰਿ ਪੂਰਣ ਔ ਨਹਿ ਜੱਨਯ ਕਿਸੇ ॥੩੯॥**

**ਇਤ ਹੇਤ ਅਨੰਤ ਨਿਜਾਤਮ ਹੈ।**
**ਪਰ ਤੇਪਰ ਜੋ ਪਰਮਾਤਮ ਹੈ।**
**ਤਨ ਬਾਮ ਤਨੇਧਨ ਧਾਮ ਪਰੇ।**
**ਜਿਹ ਵੇਦ ਮਨਾਦਿ ਨ ਵੇਦ ਰਰੇ ॥੪੦॥**

ਉਸ (ਆਤਮਾਂ) ਤੋਂ ਬਿਨਾਂ (ਹੋਰ) ਕਿਤੇ ਰੱਤੀ ਮਾਤ੍ਰ ਭੀ ਸੁਖ ਨਹੀਂ ਹੈ. ਇਸ ਕਾਰਣ ਤੋਂ (ਜਾਣੀਦਾ ਹੈ, ਕਿ) ਆਪਣਾ ਆਤਮਾਂ ਹੀ ਸੁਖ ਦੀ ਮੂਰਤਿ ਹੈ।

ਜਿਸ (ਆਤਮਾਂ) ਦਾ ਨਾਸ ਨਹੀਂ (ਹੋਣਾ, ਕਿਉਂਕਿ ਜਿਸ ਦੇ ਨਾਸ ਹੋਣ ਵਿਚ) ਕੋਈ ਪ੍ਰਮਾਣ ਨਹੀਂ ਹੈ. (ਉਹ) ਪੂਰੀ ਪੂਰਨ ਹੈ ਅਤੇ ਕਿਸੇ ਤੋਂ ਪੈਦਾ ਨਹੀਂ ਹੋਇਆ ਹੈ. (ਅਰਥਾਤ ਜੋ ਪੈਦਾ ਨਹੀਂ ਹੋਇਆ ਉਹ ਨਾਸ ਭੀ ਨਹੀਂ ਹੋਵੇਗਾ ਤੇ ਸਭ ਜਗ੍ਹਾ 'ਤੇ ਪੂਰਨ ਹੈ, ਤਾਂ ਤੇ ਸਭ ਜਗ੍ਹਾ 'ਤੇ ਪਰੀ ਪੂਰਨ ਹੋਣ ਕਰਕੇ ਸਭ ਜਗ੍ਹਾ ਤੋਂ ਹੀ ਸੁਖ ਪ੍ਰਾਪਤ ਹੋ ਸਕਦਾ ਹੈ) ॥੩੯॥

ਇਸ ਕਾਰਣ ਤੋਂ ਜਾਣੀਦਾ ਹੈ, ਕਿ ਆਪਣੇ ਆਤਮਾਂ ਦਾ ਅੰਤ ਨਹੀਂ ਹੋਣਾ ਹੈ ਪਰ ਜੋ ਪ੍ਰਮਾਤਮਾ ਹੈ, (ਓਹੋ ਹੀ ਮੇਰਾ ਨਿਜਾਤਮ ਹੈ)।

(ਜੋ) ਸਰੀਰ, ਇਸਤ੍ਰੀ ਪੁਤ੍ਰ ਧਨ ਤੇ ਘਰ ਤੋਂ ਪਰੇ ਹੈ, ਜਿਸ ਨੂੰ ਮਨ ਆਦਿਕ (ਇੰਦ੍ਰੇ) (ਵੇਦ) ਜਾਣ ਨਹੀਂ (ਸਕਦੇ, ਇਸ ਤਰ੍ਹਾਂ) ਵੇਦ ਕਹਿੰਦਾ ਹੈ ॥੪੦॥

**ਇਤ ਰੀਤਿ ਪਰਾਤਮ ਬੇਦ ਭਨਾ।**
**ਅਜਰਾਤਮ ਮਾਯਕ ਕਾਇ ਬਿਨਾ।**
**ਅਥਵਾ ਅਸਿ ਆਗ ਕਟੇ ਨ ਦਹੈ।**
**ਸਬਕਾਤਮ ਤੇ ਅਜਰਾ ਸੁ ਕਹੈ ॥੪੧॥**
**ਇਵ ਪਾਰਥ ਕੋ ਭਗਵਾਨ ਰਟੇ।**
**ਨਹਿ ਜੰਨ ਅਨਾਦਿ ਸੁਤੇ ਪਰਗਟੇ।**
**ਭਵ ਹੇਤੁ ਵਿਸੇਖਣ ਚਾਰ ਗਹੇ॥**
**ਤਸ ਮਾਤ ਅਜੰਰਾਤਮ ਬੇਦ ਕਹੇ ॥੪੨॥**

ਇਸ ਰੀਤੀ ਕਰਕੇ ਵੇਦ ਨੇ ਆਤਮਾਂ (ਨੂੰ ਸਭ ਦਾ) ਪਰਾ ਰੂਪ ਕਿਹਾ ਹੈ, (ਫਿਰ) ਆਤਮਾਂ ਅਜਰ (ਹੈ, ਕਿਉਂਕਿ ਉਹ) ਮਾਇਕ ਸਰੀਰ ਤੋਂ ਬਿਨਾਂ ਹੈ।

ਅਥਵਾ-(ਉਸਨੂੰ) ਤਲਵਾਰ ਕਟਦੀ ਨਹੀਂ ਤੇ ਅਗਨੀ ਸਾੜਦੀ ਨਹੀਂ ਹੈ, ਸਭ ਦਾ ਆਤਮਾਂ (ਹੋਣ ਕਰਕੇ) ਉਹ ਅਜਰ ਕਿਹਾ ਜਾਂਦਾ ਹੈ ॥੪੧॥

ਇਸ ਤਰ੍ਹਾਂ ਅਰਜਨ ਨੂੰ ਭਗਵਾਨ ਕ੍ਰਿਸ਼ਨ ਜੀ ਨੇ ਕਿਹਾ ਹੈ, 'ਨਹਨੰ ਛਿਦੰਤਿ ਸ਼ਾਸਤ੍ਰਾਨਿ ਨਹਨੰ





ਦਹੰਤਿ ਪਾਵਕ ।" (ਕਿ ਆਤਮਾਂ ਕਿਸੇ ਤੋਂ) (੧) ਪੈਦਾ ਨਹੀਂ ਹੈ, (੨) ਅਨਾਦਿ (ਕਾਲ ਤੋਹੈ (੩) ਅਪਣੇ ਆਪ ਪ੍ਰਗਟ ਹੋਇਆ ਹੈ । (੪) ਸੰਸਾਰ ਦਾ ਕਾਰਣ ਹੈ, (ਇਹ) ਚਾਰ ਵਿਸੇਖਣ (ਜਿਸ ਵਿਚ) ਗ੍ਰਿਹਣ ਹੁੰਦੇ ਹਨ, ਤਿਸ ਕਰਕੇ ਉਸ ਆਤਮਾਂ ਨੂੰ ਵੇਦ 'ਅਜਰ' ਕਹਿੰਦਾ ਹੈ ॥੪੨॥

**ਨਹਿ ਜਾਗ੍ਰਤ ਸੋਪਨ ਨੀਂਦ ਵਿਖੇ।**
**ਸੁਕ ਦਾਂਤ ਵਿਕਾਸ਼ ਸਰੂਪ ਪਿਖੇ।**
**ਥਕ ਵੇਦ ਹਟੇ ਉਪਮਾ ਭਨਕੇ।**
**ਤ੍ਰਿਪੁਟੀ ਬਿਨ ਏਕ ਵਿਸੇ ਕਿਨਕੇ ॥੪੩॥**
**ਇਤ ਹੇਤੁ ਅਨੂਪ ਪੁਨਾ ਸਮ ਹੀ।**
**ਦੁਗਧਾਬਿ ਸਮੰ ਪਰਣਾਮ ਨਹੀਂ।**
**ਜਿਤ ਏਕ ਰਸਾਤਮ ਬੇਦ ਕਥਾ।**
**ਅਥਵਾ ਸਬ ਮੋ ਸਮ ਰੂਪ ਤਥਾ ॥੪੪॥**

ਜਾਗਤਵਸਥਾ ਵਿਚ ਜਾਗਤ੍ਰ ਪਦਾਰਥਾਂ ਦਾ ਗਿਆਨ ਕਰਦਾ ਹੈ, ਸ੍ਵਪਨਾ ਵਸਥਾ ਵਿਚ ਭੀ ਉਸੇ ਤਰ੍ਹਾਂ ਪ੍ਰਕਾਸ਼ ਕਰ ਰਿਹਾ ਹੈ, ਇਸੇ ਕਰਕੇ ਉਸਦਾ ਸਰੂਪ ਪ੍ਰਕਾਸ਼ ਸਰੂਪ ਦਿਸਦਾ ਹੈ ।

ਜਿਸ ਦੀ ਉਪਮਾ ਨੂੰ ਕਥਨ ਕਰਦੇ ਹੋਏ ਵੇਦ ਥੱਕ ਗਏ ਹਨ, ਪਰ ਸੰਪੂਰਨ ਉਪਮਾਂ ਕਥਨ ਨਹੀਂ ਕਰ ਸਕੇ ।

ਤ੍ਰਿਪੁਟੀ ਗਿਆਤਾ, ਗਿਆਨ, ਗੇਯ। ਧਿਆਤਾ, ਧਿਆਨ, ਧੇਯ। ਪ੍ਰਮਾਤਾ ਪ੍ਰਮਾਣ ਪ੍ਰਮੇਯ। ਇਸ ਦਾ ਨਾਮ ਤ੍ਰਿਪੁਟੀ ਹੈ ਤ੍ਰਿਪੁਟੀ ਤੋਂ ਬਿਨਾਂ (ਹੋਰ ਕਿਸੇ ਦਾ ਵਿਸਯ ਨਹੀਂ ਹੈ, ਇਕ ਹੋਣ ਕਰਕੇ, ਇਸ ਨਰਕੇ ਉਹ ਅਨੂਪਮ ਹੈ ॥੪੩॥

ਇਸ (ਤ੍ਰਿਪੁਟੀ ਤੋਂ ਪਰੇ ਹੋਣ ਰੂਪ) ਕਾਰਨ ਕਰਕੇ ਅਨੂਪ ਹੈ, ਪੁਨਾ ਸਮਾਨ ਹੈ। ਦੁੱਧ ਵਗੈਰਾ ਵਾਂਗੂੰ ਕਦ ਬਦਲਦਾ ਨਹੀਂ ਹੈ (ਅਰਥਾਤ ਜਿਵੇਂ ਦੁੱਧ ਤੋਂ ਦਹੀਂ, ਦਹੀਂ ਤੋਂ ਮੱਠਾ, ਮੱਠੇ ਤੋਂ ਲੱਸੀ ਵਗੈਰਾ ਸ਼ਕਲਾਂ ਬਦਲ ਜਾਂਦੀਆਂ ਹਨ, ਪਰ ਆਤਮਾਂ ਵਿਚ ਕਦੇ ਤਬਦੀਲੀ ਨਹੀਂ ਹੈ ।

ਜਿਸ ਆਤਮਾਂ ਨੂੰ ਵੇਦ ਨੇ ਇਕ ਰਸ ਕਿਹਾ ਹੈ । ਅਥਵਾ ਸਾਰਿਆਂ ਵਿਚ ਸਮਾਨ ਰੂਪ ਹੋ ਕੇ ਸਮਾਇਆ ਹੋਇਆ ਹੈ, ਇਹ ਦਸ ਲੱਛਣ ਆਤਮਾਂ ਦੇ ਕਹੇ ਹਨ ॥੪੪॥

**ਤੁਮ ਤੇ ਚੇਤਨ ਕਾਇ ਕੋ ਪਾਇ ਨਰੋ।**
**ਇਸ ਚੇਤਨ ਮੋਂ ਅਤਿ ਪ੍ਰੀਤਿ ਕਰੋ।**
**ਭਵਨਾਧਿ ਪਤਾਦਿਕ ਭੋਗ ਜਿਤੇ।**
**ਤਤ ਬ੍ਰਹਮ ਅਵਾਤਰ ਏਭਿ ਤਿਤੇ ॥੪੫॥**

**ਦੁਤੀ ਦੀਪ ਜਥਾ ਰਵਿ ਮੈ ਵਰਤੇ
ਨਰ ਤੇ ਇਨ ਮੈ ਨਰ ਜੇ ਵਰਤੋ।
ਇਨ ਮੈ ਨਰ ਮੂਢ ਸਨੇਹ ਕਰੈ।
ਤਸਮਾਤ ਪੁਨਾ ਪੁਨ ਦੇਹ ਧਰੈ ॥੪੬॥**

ਹੇ ਪੁਰਸ਼ੋ ! ਤੁਸੀਂ (ਇਹ ਮਨੁੱਖ ਜਨਮ ਰੂਪ) ਚੇਤਨ ਸਰੀਰ ਨੂੰ ਪਾ ਕੇ, ਇਸ ਚੇਤਨ ਆਤਮਾਂ ਨਾਲ ਪਰੀਤੀ ਕਰੋ। (ਇਸ) ਲੋਕ ਦੇ ਰਾਜੇ ਤੋਂ (ਲੈ ਕੇ, ਚੌਦਾਂ ਲੋਕਾਂ ਦੇ ਰਾਜਿਆਂ ਦੇ) ਜਿੰਨੇ ਭੀ ਭੋਗ ਆਦਿਕ (ਪਦਾਰਥਾਂ ਦਾ ਅਨੰਦ ਹੈ) ਏਹ ਸਾਰੇ (ਭੋਗਾਂ ਦਾ ਅਨੰਦ) ਵੀ ਉਸ ਬ੍ਰਹਮ (ਸੁਖ ਦੇ) ਅੰਤਰ ਗਤ ਹੈ ॥੪੫॥

ਜਿਸ ਤਰ੍ਹਾਂ ਦੀਵੇ ਦੀ (ਦੁਤਿ) ਰੋਸ਼ਨੀ ਸੂਰਜ ਦੇ ਵਿਚ ਹੀ ਵਰਤ ਰਹੀ ਹੈ, ਇਸੇ ਤਰ੍ਹਾਂ ਹੀ ਸਾਰੇ ਰਸਾਂ ਦਾ ਅਨੰਦ ਆਤਮ ਅਨੰਦ ਦੇ ਵਿਚ ਹੀ ਸਮਾ ਰਿਹਾ ਹੈ, ਵੱਖਰਾ ਨਹੀਂ ਹੈ)। ਉਹ ਪੁਰਸ਼ (ਸ੍ਰੇਸ਼ਟ ਹਨ, ਜੋ) ਇਨ੍ਹਾਂ ਵਿਸ਼ੇ ਰਸਾਂ ਵਿਚ ਰਤੇ ਹੋਏ ਨਹੀਂ ਹਨ।

ਮੂਰਖ ਪੁਰਸ਼ ਹੀ ਇਨ੍ਹਾਂ ਵਿਸ਼ੇ ਰਸਾਂ ਵਿਚ ਪ੍ਰੇਮ ਕਰਦੇ ਹਨ, ਇਸ ਕਾਰਣ ਕਰਕੇ ਉਹ ਮੁੜ-ਮੁੜ ਕੇ (ਪਸ਼ੂ, ਪੰਛੀ ਆਦਿਕਾਂ ਅਨੇਕ) ਦੇਹਾਂ ਧਾਰਦੇ ਹਨ ॥੪੬॥

**ਤਨ ਚੇਤਨ ਚੇਤਨ ਹੇਤ ਭਯੋ।
ਭਵ੍ਹ ਭੋਗਨ ਹੇਤ ਨ ਦੈਵ ਦਯੋ।
ਇਤ ਹੇਤ ਜਨੋ ਤੁਮ ਭੋਗ ਤਜੋ।
ਤਨ ਮਾਨਸ ਮੋ ਨਿਜ ਬ੍ਰਹਮ ਭਜੋ ॥੪੭॥**

(ਇਹ ਮਨੁੱਖ ਜਨਮ ਰੂਪ) ਚੇਤਨ ਸਰੀਰ ਚੇਤਨ (ਆਤਮਾਂ ਨੂੰ ਪ੍ਰਾਪਤ ਕਰਨ) ਵਾਸਤੇ ਪ੍ਰਾਪਤ ਹੋਇਆ ਹੈ, ਸੰਸਾਰ ਦੇ ਭੋਗਾਂ ਨੂੰ ਭੋਗਨ ਦੇ ਵਾਸਤੇ (ਇਹ ਮਨੁੱਖ ਜਨਮ) ਪ੍ਰਮਾਤਾਂ ਨੇ ਨਹੀਂ ਦਿੱਤਾ।

ਹੇ ਪੁਰਸ਼ੋ ! ਇਸ ਵਾਸਤੇ ਤੁਸੀਂ (ਸੰਸਾਰਕ) ਭੋਗਾਂ ਨੂੰ ਤਿਆਗ ਦਿਓ, ਅਤੇ ਮਨੁੱਖ ਸਰੀਰ ਵਿਚ ਜੋ ਆਪਣਾ (ਆਤਮਾਂ ਸਰੂਪ) ਬ੍ਰਹਮ (ਹੈ, ਉਸਦਾ) ਸਿਮਰਨ ਕਰੋ ॥੪੭॥

### *ਕਬਿੱਤ*

**ਤਰਮ ਉਦਿਤ ਨਿਤ ਸ੍ਵੈ ਪ੍ਰਕਾਸ਼ ਸੱਤ ਚਿੱਤ,
ਐਸੇ ਏਕ ਬ੍ਰਹਮ ਮੈ ਕੋ ਏਕ ਜਨ ਬਸੇ ਹੈ।
ਕੰਜ ਪੂਤ ਪੁਰ ਹੂਤੀ ਕੀ ਵਿਭੂਤ ਭੂਤ,
ਸਿਖੀ ਘਾਸ ਰਾਸ ਕੇ ਸਮਾਨ ਮਾਨ ਕੇ ਨ ਫਸੇ ਹੈ।**

**ਤੀਨ ਲੋਕ ਰਾਜ ਆਦਿ ਸੰਪਦਾ ਅਸਵਾਦ ਭਾਸੇ,**
**ਜਾਂਕੀ ਛਾਯਾ ਮਾਤ੍ਰ ਕਰਿ ਮਾਯਾ ਮਾਤਰ ਲਸੇ ਹੈ।**
**ਤਾਂਤੇ ਭਿੰਨ ਭੋਗ ਖਿਨ ਭੰਗ ਕੋ ਰਾਜ ਤਜੋ,**
**ਰਾਜ ਦ੍ਵੈਖ ਨਾਗ ਰਿਦੈ ਬਿਲ ਮੋ ਨ ਧਸੇ ਹੈ ॥੪੮॥**

ਉਦਿਤ-ਪ੍ਰਗਟ ਹੈ। ਕੋ ਏਕ-ਕੋਈ ਇਕ, ਵਿਰਲਾ। ਕੰਜ ਪੂਤ-ਬ੍ਰਹਮਾ। ਪੁਰਹੂਤੀ-ਇੰਦਰ ਲੋਕ। ਭੂਤ ਸਿਖੀ-ਭੂਤਾਂ ਦੀ ਅੱਗ। ਘਾਸ ਰਾਸਿ-ਅਰੂੜੀ ਗੰਦਗੀ ਦਾ ਢੇਰ। ਅਸਵਾਦ-ਬੇਸ੍ਵਾਦ। ਫਿੱਕੀ ਨਾਗ -ਸੱਪ।ਬਿੱਲ-ਖੁੱਡ, ਸੱਪ ਦੀ ਖੁੱਡ। ਛਾਯਾ ਮਾਤ੍ਰ-ਸੱਤਾ। ਮਾਯਾ ਮਾਤਰ-ਅਨੰਦ ਰੂਪ। ਰਾਗ-ਪ੍ਰੇਮ।

(ਜੋ) ਪਰਮ ਹੈ, ਪ੍ਰਗਟ ਹੈ, ਨਿੱਤ ਹੈ, ਆਪਣੇ ਆਪ ਪ੍ਰਕਾਸ਼ਵਾਨ ਹੈ ਸੱਤ ਚਿੱਤ ਹੈ ਤੇ ਕਿ ਹੈ, ਇਸ ਤਰ੍ਹਾਂ ਦੇ ਬ੍ਰਹਮ ਵਿਚ ਕੋਈ ਇਕ (ਵਿਰਲੇ) ਪੁਰਸ਼ ਹੀ ਵੱਸੇ ਹਨ।

ਪ੍ਰਸ਼ਨ-ਜੋ ਬ੍ਰਹਮ ਵਿਚ ਵੱਸੇ ਹਨ, ਉਹ ਪਦਾਰਥਾਂ ਨੂੰ ਕਿਸ ਤਰ੍ਹਾਂ ਦਾ ਜਾਣਦੇ ਹਨ ਉੱਤਰ ਇੰਦਰ ਲੋਕ (ਤੋਂ ਲੈ ਕੇ) ਬ੍ਰਹਮ ਲੋਕ (ਤੱਕ ਜਿੰਨੇ ਭੀ ਵਰਨ, ਕੁਬੇਰ ਆਦਿਕ ਲੋਕ ਹਨ, ਉਨ੍ਹਾਂ ਸਭਨਾ (ਦੀ ਵਿਭੂਤੀ (ਧੰਨ ਸੰਪਦਾ) ਨੂੰ ਭੂਤਾਂ ਦੀ ਅੱਗ ਸਮਾਨ (ਖਿਨ ਭੰਗਰ ਤੇ) ਅਰੂੜੀ ਦੇ ਸਮਾਨ (ਗੰਦੀ ਤੇ ਬਦਬੂਦਾਰ) ਮੰਨ ਕੇ, (ਇਸਦੇ ਵਿਚ) ਫਸਦੇ ਨਹੀਂ ਹਨ।

ਮਾਤ ਲੋਕ ਸੁਰਗ ਲੋਕ ਤੇ ਪਤਾਲ ਲੋਕ ਆਦਿ ਤਿੰਨ ਲੋਕਾਂ ਦੀ ਰਾਜ ਸੰਪਦਾ (ਉਨ੍ਹਾਂ ਨੂੰ) ਫਿੱਕੀ ਭਾਸਦੀ ਹੈ, ਅਤੇ ਜਿਸਦੀ ਸੱਤਾ ਕਰਕੇ (ਇਹ ਨਾਸਵੰਤ ਪਦਾਰਥ ਭੀ) ਅਨੰਦ ਸਰੂਪ ਹੋ ਕੇ ਚਮਕਦੇ ਹਨ। ਉਸ (ਆਤਮਾਂ) ਤੋਂ ਭਿੰਨ (ਜਿੰਨੇ ਭੀ) ਭੋਗ ਹਨ, (ਸਾਰੇ ਹੀ) ਖਿਨ ਭੰਗਰ ਹਨ, (ਉਨ੍ਹਾਂ) ਦਾ ਪ੍ਰੇਮ ਤਿਆਗ ਦਿਓ, (ਤਾਂ ਫਿਰ) ਰਾਗ ਦ੍ਵੈਖ ਰੂਪ ਸਮ (ਹਿਰਦੇ ਰੂਪ) ਖੁੱਡ ਵਿਚ ਵੜਦੇ ਨਹੀਂ ਹਨ ॥੪੮॥

ਦੋਹਰਾ

**ਭੋਗ ਰਾਗ ਜਬ ਹੀ ਗਯੋਗਯੋ ਦ੍ਵੈਖ ਤਿਹ ਸੰਗ।**
**ਜਬੈ ਵਿਲੈ ਯਹ ਦ੍ਵੈਤ ਭ੍ਰਮ ਤਬੇ ਸਬੇ ਚਿਤ ਅੰਗ ॥੪੯॥**

ਵਿਲੈ-ਮੂਲ ਸਮੇਤ ਨਸ਼ਟ ਹੋ ਗਿਆ। ਅੰਗ-ਸਰੀਰ।

ਜਦੋ ਭੋਗਾਂ ਦਾ ਪਰੇਮ (ਨਾਸ ਹੋ) ਗਿਆ ਤਦ ਦ੍ਵੈਖ ਭੀ ਉਸਦੇ ਨਾਲ ਹੀ (ਨਾਸ ਹੋ) ਗਿਆ ਹੈ।

ਜਦ ਇਹ ਦ੍ਵੈਤ ਤੇ ਭਰਮ (ਅਗਿਆਨ) ਵਿਲੈ ਹੋ ਗਿਆ, ਤਦ ਸਾਰੇ ਸਰੀਰ ਚੇਤਨ ਰੂਪ ਹੀ ਦਿਸਦੇ ਹਨ, ਹੇ ਪਿਆਰੇ ॥੪੯॥

## ਕਬਿੱਤ

ਤੁੰਗ ਭੋਗ ਇੰਦ੍ਰ ਲੋਕ ਸਤ ਲੋਕ ਲਗ ਜੇਤੇ,
ਤੇਤੇ ਹੀ ਤਰੰਗ ਸਮ ਭੰਗ ਪਹਚਾਨੋ ਰੇ।
ਜੀਵਨੇ ਕੇ ਜੀਵਨੇ ਕੀ ਰਾਸ ਏਕ ਸ੍ਵਾਸ ਸੋਊ,
ਦਾਮਨੀ ਸਮਾਨ ਖਿਨ ਮਾਹਿ ਹਾਨ ਜਾਨੋ ਰੇ ।
ਜੋਬਨ ਕੋ ਸੁਖ ਥੋਰੇ ਦਿਨੋਂ ਮੋਂ ਬਿਮੁਖ ਹੋਰੇ,
ਮੀਤਨ ਕੀ ਪ੍ਰੀਤ ਪੁਨਾ ਨੀਤ ਨ ਪਛਾਨੋ ਰੇ ।
ਸਕਲ ਸੰਸਾਰ ਕੋ ਬਿਚਾਰ ਕੇ ਅਸਾਰ ਤਜੋ,
ਬੋਧ ਹੇਤੁ ਬੁਧਿ ਮਾਨੋ ਮੇਰੀ ਬੁਧਿ ਮਾਨੋ ਰੇ ॥੫੦॥

ਤੁੰਗ-ਬੜੇ ਸਰੇਸ਼ਟ। ਸਤ ਲੋਕ-ਬ੍ਰਹਮ ਲੋਕ। ਤਰੰਗ-ਲਹਿਰ, (੨) ਬੁਲਬੁਲਾ ਪਾਣੀ ਦਾ। ਦਾਮਨੀ ਬਿਜਲੀ। ਅਸਾਰ-ਝੂਠਾ । ਬੋਧ-ਗਿਆਨ । ਬੁਧਿ-ਸਿਖਯਾ ।

ਹੇ ਭਾਈ ! ਇੰਦਰ ਲੋਕ ਤੇ ਬ੍ਰਹਮ ਲੋਕ ਤੱਕ ਜਿੰਨੇ ਭੀ ਬੜੇ ਸ੍ਰੇਸ਼ਟ ਭੋਗ ਹਨ, ਉਹ ਸਾਰੇ ਹੀ ਪਾਣੀ ਦੇ ਬੁਲਬੁਲੇ ਸਮਾਨ ਨਾਸ ਰੂਪ ਪਛਾਣ ਲਵੋ ।

ਹੇ ਭਾਈ ! ਜੀਵਾਂ ਦੇ ਜੀਊਣ ਦੀ ਮੂੜੀ ਜੋ ਸ੍ਵਾਸ ਹਨ, ਉਨ੍ਹਾਂ ਨੂੰ ਬਿਜਲੀ ਦੇ ਸਮਾਨ ਇਕ ਛਿਨ ਵਿਚ ਨਾਸ ਹੋ ਜਾਣ ਵਾਲੇ ਜਾਣ ਲਵੋ ।

ਹੇ ਭਾਈ ! ਜੋ ਜੁਆਨੀ ਦੇ ਸੁਖ ਹਨ, ਉਹ ਥੋੜੇ ਦਿਨਾਂ ਵਿਚ (ਹੀ ਮੂੰਹ ਮੋੜਕੇ) ਬੇਮੁਖ ਹੋ ਜਾਂਦੇ ਹਨ ਅਤੇ ਮਿੱਤ੍ਰਾਂ ਦੀ ਪ੍ਰੀਤੀ ਭੀ ਨਿੱਤ ਨਹੀਂ (ਰਹਿੰਦੀ, ਕਿਉਂਕਿ ਦੁੱਖ ਦੇ ਵੇਲੇ ਮਿੱਤ੍ਰ ਭੀ ਮੂੰਹ ਨਹੀਂ ਲੱਗਦੇ, ਇਸ ਲਈ ਇਨ੍ਹਾਂ ਨੂੰ ਮਤਲਬੀ ਯਾਰ) ਪਛਾਣ ਲਵੋ ।

ਹੇ ਭਾਈ ! ਸਾਰੇ ਸੰਸਾਰ ਨੂੰ ਝੂਠਾ ਵਿਚਾਰ ਕੇ (ਇਸ ਦਾ ਪਿਆਰ) ਛੱਡ ਦੇਵੋ, ਹੇ ਬੁਧਿਮਾਨ ਪੁਰਸ਼ੋ ! ਗਿਆਨ (ਪ੍ਰਾਪਤ ਕਰਨ) ਵਾਸਤੇ ਮੇਰੀ ਸਿਖਯਾ ਮੰਨ ਲਵੋ ॥ ੫੦ ॥

## ਦੋਹਰਾ

ਮੁਖ ਆਤਮ ਕੇ ਦਰਸ ਹਿਤ ਚਿਤ ਅਦਰਸ ਕੋ ਸੋਧ ।
ਸਬ ਪਰ ਕਰੁਣਾ ਰੇਣ ਕਰਿ ਬਿਨਸੈ ਦ੍ਵੈਤ ਵਿਰੋਧ ॥੫੧॥

ਆਦਰਸ-ਸ਼ੀਸ਼ਾ, ਦਰਪਨ । ਰੇਣ-ਧੂੜੀ, ਖਾਕ, ਸ਼ੀਸ਼ੇ ਸੀ ਬੰਧਯਾਈ ਦੂਰ ਕਰਨ ਲਈ ।

ਆਤਮਾਂ ਰੂਪ ਮੂੰਹ ਦਾ ਦਰਸ਼ਨ (ਕਰਨ) ਵਾਸਤੇ, ਚਿਤ ਰੂਪ ਸ਼ੀਸ਼ੇ ਨੂੰ ਸ਼ੁੱਧ ਕਰ ਲਵੋ। ਜੋ ਸਭਨਾਂ ਉੱਤੇ ਕ੍ਰਿਪਾ ਕਰਨੀ ਹੈ (ਏਹ) ਧੂੜੀ ਹੈ, (ਜਿਸ ਨਾਲ ਰਾਗ) ਦ੍ਵੈਖ (ਰੂਪ ਮੇਲ ਤੋਂ ਵੈਰ) ਵਿਰੋਧ (ਰੂਪ

ਬੰਧਯਾਈ ਚਿਤ ਰੂਪ ਸ਼ੀਸ਼ੇ ਦੀ) ਨਾਸ ਹੋ ਜਾਂਦੀ ਹੈ, ਤਾਂ ਫਿਰ ਆਤਮ ਸਰੂਪ ਦਾ ਦਰਸ਼ਨ ਸਹਿਜ ਹੀ ਹੋ ਜਾਂਦਾ ਹੈ ॥੫੧॥

### ਦੋਹਰਾ

## ਦਸਮੋ ਸਰਬ ਸੁਹਿਰਦ ਅਤਿ ਭਯੋ ਸੁ ਅੰਤਰ ਧਯਾਨ ।
## ਹਰੇ ਸਕਲਕੇ ਦੂਖ ਕੋ ਕਰੇ ਬੇਗ ਕਲਿਆਨ ॥੫੨॥

ਸੁਹਿਰਦ ਅਤਿ-ਗੂੜਾ ਮਿਤ੍ਰ, ਸੱਚਾ ਦੋਸਤ । ਅੰਤਰ ਧਯਾਨ-ਲੁਕ ਗਿਆ । ਬੇਗ-ਛੇਤੀ ।

(ਵੈਰਾਗ ਸ਼ਤਕ ਦਾ ਇਹ) ਦਸਵਾਂ (ਅਧਯਾਯ) ਸਾਰੇ ਪੁਰਸ਼ਾਂ ਦਾ ਗੂੜਾ ਮਿੱਤ੍ਰ ਹੈ, (ਜੋ ਹੁਣ ਇਥੇ ਪਹੁੰਚ ਕੇ ਲੁਕ ਗਿਆ ਹੈ ।

(ਇਸ ਦਾ ਅਭਯਾਸ ਸੁੱਤੇ ਵਕਤੇ ਦੇ) ਸਾਰੇ ਦੁੱਖਾਂ ਨੂੰ ਨਾਸ ਕਰਕੇ, ਛੇਤੀ ਨਾਲ ਮੁਕਤੀ (ਦਾ ਅਧਿਕਾਰੀ) ਕਰ ਦੇਂਦਾ ਹੈ ॥੫੨॥

### *ਇਤਿ ਦਸਵਾਂ ਅਧਯਾਯ ॥੧੦॥*

ੴ ਸਤਿਗੁਰ ਪ੍ਰਸਾਦਿ ॥

# ਅਥ ਯਾਰ੍ਹਵਾਂ ਅਧ੍ਯਾਯ ਅਰੰਭ

### ਸੋਰਠਾ

**ਰੁਦ੍ਰਾ ਧ੍ਯਾਇ ਮਝਾਰ, ਅਧੁਨਾ ਨਿੰਦਹਿ ਨਾਰਿ ਕੋ ।**
**ਚਾਰ ਸ਼ਲੋਕ ਉਚਾਰ ਜਾਤੇ ਤਜੇ ਉਦਾਰ ਤਿਯ ॥੧॥**

ਹੁਣ ਯਾਰ੍ਹਵੇਂ ਅਧ੍ਯਾਇ ਵਿਚ ਇਸਤ੍ਰੀ ਦੀ ਨਿੰਦਾ ਕਰਦੇ ਹਾਂ । ਚਾਰ ਸਲੋਕ ਉਚਾਰਨ ਕਰਕੇ, ਜਿਸ ਕਰਕੇ ਭਲੇ ਪੁਰਸ਼ ਇਸਤ੍ਰੀ ਨੂੰ ਤਿਆਗ ਦੇਣ ॥੧॥

### ਕਬਿੱਤ

**ਮਾਸ ਗ੍ਰੰਤ ਕੁਚਨ ਕੋ ਕੰਚਨ ਕੇ ਕੁੰਭ ਕਹੇ,**
**ਸੋਮ ਸਮ ਮੁਖ ਕਫ ਧਾਮ ਕੋ ਉਚਾਰੇ ਹੈਂ।**
**ਚੰਪਾ ਕਲੀ ਕੇ ਸਮਾਨ ਦਾਂਰਮ ਕੇ ਦਾਨੇ ਭਨੇ,**
**ਹਾਢਨ ਕੀ ਦਾਂਤ ਪਾਂਤ ਕੋ ਦਿਵਾਨੇ ਸਾਰੇ ਹੈਂ।**
**ਮੂਤ੍ਰ ਭਿਗੀ ਜੰਘਨ ਕੀ ਸੰਘਨੀ ਬਡਾਈ ਭਨੇ,**
**ਨਿੰਦਤ ਗਜੇਂਦ੍ਰ ਕਰ ਕੇਲਾ ਕੋ ਨਿਵਾਰੇ ਹੈਂ।**
**ਅਹੇ ਨਿੰਦ ਯੋਗ ਰੂਪ ਅੰਗਨਾ ਕੋ ਤਾਕੀ ਊਤ,**
**ਧੁਮੇ ਮਤਵਾਰੇ ਸੀਸ ਧੁਨੇ ਮਤਵਾਰੇ ਹੈਂ ॥੨॥**

ਗ੍ਰੰਤ-ਗੰਢਾਂ, ਗਲੈਂਡ । ਕੁਚਨ-ਮੰਨਿਆਂ । ਕੰਚਨ-ਸੋਨਾ । ਕੁੰਭ-ਘੜਾ । ਸੋਮ-ਚੰਦਰਮਾਂ । ਕਫ ਧਾਮ-ਬਲਗਮ ਦਾ ਘਰ । ਦਾਰਮ-ਅਨਾਰ । ਗਜੇਂਦ੍ਰ ਕਰ-ਰਾਜ ਹਾਥੀ ਦਾ ਹੱਥ-ਸੁੰਡ । ਅੰਗਨਾ-ਇਸਤ੍ਰੀ। ਊਪ-ਉਪਮਾ । ਧੁਨੇ-ਕਹਿੰਦੇ ਹਨ ।

(ਕਾਮੀ ਪੁਰਸ਼) ਮਾਸ ਦੀਆਂ ਗੰਢਾਂ (ਰੂਪ) ਮੰਮਿਆਂ ਨੂੰ ਸੋਨੇ ਦੇ ਘੜੇ ਕਹਿੰਦੇ ਹਨ ਅਤੇ (ਜੋ) ਬਲਗਮ ਦਾ ਘਰ ਮੂੰਹ (ਹੈ, ਉਸਨੂੰ) ਚੰਦਰਮਾਂ ਸਮਾਨ ਕਹਿੰਦੇ ਹਨ ।

(ਜੋ ਕਾਮ ਕਰਕੇ) ਦਿਵਾਨੇ (ਪਾਗਲ) ਹੋ ਗਏ ਹਨ, (ਉਹ ਪੁਰਸ਼) ਹੱਡੀਆਂ ਦੀ ਲੜੀ ਰੂਪ ਦੰਦਾਂ ਨੂੰ ਚੰਬੇ ਦੀਆਂ ਕਲੀਆਂ ਸਮਾਨ ਜਾਂ ਅਨਾਰ ਦੇ ਦਾਣੇ ਕਹਿੰਦੇ ਹਨ। ਮੂਤ੍ਰ ਨਾਲ ਭਿੱਜੀਆਂ (ਰਹਿਣ

ਵਾਲੀਆਂ) ਲੱਤਾਂ ਦੀ ਬਹੁਤ ਹੀ ਵਡਿਆਈ ਕਥਨ ਕਰਦੇ ਹੋਏ ਹਾਥੀ ਦੀ ਸੁੰਡ ਦੀ ਨਿੰਦਾ ਕਰਦੇ ਹਨ, (ਅਤੇ ਪੱਟ ਅਜਿਹੇ ਕੂਲੇ ਤੇ ਸਾਫ ਹਨ, ਜੋ) ਕੇਲੇ (ਦੇ ਥੰਮ੍ਹ ਨੂੰ) ਮਾਤ ਪਾਂਦੇ ਹਨ।

ਹਾਇ ਅਫਸੋਸ ! (ਜੋ) ਇਸਤ੍ਰੀ ਦਾ ਰੂਪ ਨਿੰਦਾ ਦੇ ਯੋਗ ਹੈ, ਮਤਵਾਲੇ (ਪਾਗਲ) ਪੁਰਸ਼ ਉਸਦੀ ਉਪਮਾ ਕਰਦੇ ਹਨ ਅਤੇ ਬੁੱਧੀ ਵਾਲੇ (ਪੁਰਸ਼ ਉਨ੍ਹਾਂ ਦੀ) ਉਪਮਾ ਨੂੰ ਸੁਣ ਕੇ ਸਿਰ ਧੁਨਦੇ ਹਨ ॥੨॥

## ਕਬਿੱਤ

**ਜਠਰਾਗ ਜਾਰੇ ਪੇਟ ਨਿਜ ਤਾਂਕੇ ਸਾਂਤ ਹੇਤ,**
**ਕੌਮ ਮਾਨੀ ਪ੍ਰਾਨੀ ਦੇਹ ਬਾਨੀ ਜੋ ਉਚਾਰੇ ਹੈ।**
**ਗਦ ਗਦ ਗਲਤ ਤੁਟਤ ਲੀਨ ਅੰਕ ਜਾਮੇ,**
**ਜਾਚਾ ਭੰਗ ਭੈ ਸੋ ਐਸੀ ਗਿਰਾ ਭੀ ਨ ਰਾਰੇ ਹੈ।**
**ਭੁਖੇ ਬਾਰ ਰੋਕੈ ਗਾਰ ਦੈ ਕੈ ਟੂਕੀ ਮਾਰੈ ਮਾਤੇ,**
**ਦੀਨਾ ਦੀਨ ਮੁਖ ਜਾਂਕੇ ਖੀਨਾ ਪਟ ਹਾਰੇ ਹੈ।**
**ਜੌ ਲੌ ਐਸੀ ਨਿਜ ਨਾਰੀ ਬਿਆਕੁਲ ਨਿਹਾਰੀ ਨਾਹਿ,**
**ਪੇਖਨੇ ਤੇ ਪੇਖਨੇ ਯੌ ਨਾਚੈ ਘਰ ਘਾਰੇ ਹੈ ॥੩॥**

ਜਠਰਾਗ-ਪੇਟ ਦੀ ਅੱਗ। ਜਾਚਾ ਭੰਗ-ਜਾਚਨਾ ਦਾ ਨਾਸ, ਮੰਗਨਾ ਵਿਅਰਥ ਜਾਵੇ। ਗਿਰਾ-ਬੋਲੀ। ਰਾਰੇ-ਬੋਲਦਾ ਹੈ। ਬਾਰ-ਬਾਲ ਬੱਚੇ। ਮਾਂ ਤੇ-ਮਾਂ ਪਾਸੋਂ। ਖੀਨਾ ਪਟ-ਪਾਟੇ ਕੱਪੜੇ।

ਜਦੋਂ ਪੇਟ ਦੀ ਅੱਗ ਆਪਣੇ ਪੇਟ ਨੂੰ ਸਾੜਦੀ ਹੈ, ਉਸਨੂੰ ਬੁਝਾਉਣ ਵਾਸਤੇ, ਕਿਹੜਾ ਮਾਨਧਾਰੀ ਪੁਰਸ਼ ਹੈ, (ਜੋ ਕਿਸੇ ਅੱਗੇ ਜਾ ਕੇ) 'ਦੇਹ' ਸ਼ਬਦ ਆਖਦਾ ਹੈ (ਅਰਥਾਤ ਭੁੱਖ ਨਾਲ ਮਹਾਂ ਦੁਖੀ ਹੋ ਕੇ ਭੀ ਮਾਨਧਾਰੀ ਪੁਰਸ਼ ਕਿਸੇ ਪਾਸੋਂ ਜਾ ਕੇ ਕੁਝ ਮੰਗਦਾ ਨਹੀਂ ਹੈ, (ਕਿਉਂਕਿ) :- (ਮੰਗਣ ਦਾ ਖਿਆਲ ਕਰਦਿਆਂ ਹੀ) ਗਦ-ਗਦ ਗਲੇ ਤੋਂ ਟੁੱਟੇ ਫੁਟੇ ਅੱਖਰਾਂ ਵਾਲੀ ਮੱਧਮ ਜੇਹੀ (ਅਵਾਜ਼) ਜਿਸ ਵਿਚ ਮੰਗ ਦੇ ਨਾਸ ਹੋਣ ਦਾ ਡਰ ਹੈ, ਉਹ ਇਸ ਤਰ੍ਹਾਂ ਦੀ ਨਹੀਂ ਕਹਿੰਦਾ ਹੈ ਅਰਥਾਤ ਜਦੋਂ ਮਾਨੀ ਪੁਰਸ਼ ਮੰਗਣ ਦਾ ਖਿਆਲ ਕਰਦਾ ਹੈ। ਤਾਂ ਸਭ ਤੋਂ ਪਹਿਲੋਂ ਉਸਨੂੰ ਇਹ ਖਿਆਲ ਹੁੰਦਾ ਹੈ, ਕਿਧਰੇ ਇਨਕਾਰ ਹੀ ਨਾ ਕਰ ਦੇਵੇ, ਜੇ ਇਸਨੇ ਸਾਫ-ਸਾਫ ਜਵਾਬ ਦੇ ਦਿੱਤਾ ਤਾਂ ਫੇਰ ਮੈਂ ਕੀ ਕਰਾਂਗਾ ਤੇ ਕਿਤੇ ਜਾਵਾਂਗੇ, ਇਸ ਤਰ੍ਹਾਂ ਦੇ ਖਿਆਲ ਨਾਲ ਉਸਦਾ ਗਲਾ ਰੁਕ ਜਾਂਦਾ ਹੈ, ਉਹ ਮੰਗਣ ਤੋਂ ਸੰਗਦਾ ਹੈ, ਪਰ ਭੁੱਖ ਨੇ ਮਜਬੂਰ ਕੀਤਾ ਹੁੰਦਾ ਹੈ, ਲਾਚਾਰ ਹੋ ਕੇ ਟੁੱਟੇ ਫੁੱਟੇ ਬਚਨਾਂ ਵਿਚ ਮੰਗਣਾ ਚਾਹੁੰਦਾ ਹੈ, ਪਰ ਫੇਰ ਭੀ ਮੰਗ ਨਹੀਂ ਸਕਦਾ।

ਪ੍ਰਸ਼ਨ-ਕਿੰਨਾ ਕੁ ਚਿਰ ਨਹੀਂ ਮੰਗਦਾ ?

ਉਤਰ-ਪਰ ਜਦੋਂ ਭੁੱਖੇ ਬਾਲ ਰੋ-ਰੋ ਕੇ ਤੇ ਗਾਲਾਂ ਕਣ ਕੱਢ ਕੇ ਮਾਂ ਪਾਸੋਂ ਟੁੱਕਰ ਮੰਗਦੇ ਹਨ

ਅਤੇ ਉਹ ਦੀਨਾਂ ਦੇ ਦੀਨ ਮੁਖ (ਨੂੰ ਵੇਖਦਾ ਹੈ) ਜਿਸਦੇ ਪੁਰਾਣੇ ਕੱਪੜਿਆਂ (ਨੂੰ ਭੁੱਖ ਨਾਲ ਦੁਖੀ ਹੋਏ ਹੋਏ ਬੱਚੇ) ਖਿੱਚਦੇ ਹਨ।

ਜਿੰਨਾਂ ਚਿਰ ਆਪਣੀ ਇਸਤ੍ਰੀ ਨੂੰ ਇਸ ਤਰ੍ਹਾਂ ਦੀ ਵਿਆਕੁਲ ਹੋਈ ਹੋਈ ਨਹੀਂ ਵੇਖਦਾ ਹੈ (ਤਦ ਤੱਕ ਹੀ ਨਹੀਂ ਮੰਗਦਾ ਹੈ ਅਤੇ ਜਦ ਵੇਖ ਲੈਂਦਾ ਹੈ (ਤਾਂ ਫਿਰ) (ਪੇਖਨੋ ਯੋ) ਮਦਾਰੀ ਵਾਂਗੂ ਘਰ ਘਰ ਦੇ (ਅੱਗੇ ਜਾ ਕੇ) ਨੱਚਦਾ ਹੈ ਅਨੇਕ ਤਰ੍ਹਾਂ ਦੇ ਕਰਮਾਂ ਨੂੰ ਕਰਦਾ ਹੈ, ਇਥੋਂ ਸਿੱਧ ਹੁੰਦਾ ਹੈ ਜੋ ਇਤਿਆਦਿਕ ਕਸ਼ਟਾਂ ਦਾ ਕਾਰਣ ਕੇਵਲ ਇਕੋ ਇਸਤ੍ਰੀ ਹੈ ॥੩॥

### ਦੋਹਰਾ

**ਦੁਰਤ ਹਰਤ ਤ੍ਰੈ ਲੋਕ ਕੇ ਤੁਰਤ ਤ੍ਰਿਲੋਕੀ ਸਰਿਤ।**
**ਈਸ ਸੀਸ ਕੇ ਜਟਾ ਕੇ ਛੁਹਤ ਛਟਾ ਜਿਹ ਸਰਿਤ ॥੪॥**

(ਜੋ) ਤਿੰਨਾਂ ਲੋਕਾਂ ਵਿਚ (ਸਰਿਤ) ਵਗਣ ਵਾਲੀ ਗੰਗਾ ਨਦੀਂ ਹੈ, (ਉਹ) ਤੁਰਤ ਹੀ ਤਿੰਨਾਂ ਲੋਕਾਂ ਦਾ ਪਾਪ ਨਾਸ ਕਰਦੀ ਹੈ।

(ਜੋ) ਸ਼ਿਵਜੀ ਦੇ ਸਿਰ ਦੀਆਂ ਜਟਾਂ ਨੂੰ ਛੋਹ ਕੇ (ਵਗ ਰਹੀ ਹੈ ਅਤੇ) ਜਿਸ ਦੀਆਂ (ਛਟਾ) ਲਹਿਰਾਂ (ਸਰਿਤ) ਠੰਡੀਆਂ ਹਨ ॥੪॥

### ਦੋਹਰਾ

**ਤਾ ਤਟ ਸੰਘਟ ਬਿਟਪ ਵਲਕਲ ਫੁਲ ਵਲਾਇ।**
**ਸੁਖਦ ਸਰਬਦਾ ਰੁਚਤ ਸੁਚ ਸੁਭ ਬਟਾਦਿ ਕੀ ਛਾਇ ॥੫॥**

ਉਸਦੇ ਕੰਢੇ ਉਪਰ ਸੰਘਣੇ ਬ੍ਰਿਛ ਹਨ, (ਜੋ) ਭੋਜ ਪੱਤ੍ਰ ਤੇ ਫਲਾਂ ਫੁੱਲਾਂ ਵਾਲੇ ਹਨ। ਸਦਾ ਹੀ ਸੁਖ ਦੇਣ ਵਾਲੇ ਹਨ, ਮਨ ਨੂੰ ਲੁਭਾਉਣ ਵਾਲੇ ਹਨ, ਪਵਿਤ੍ਰ ਤੇ ਸੁੰਦਰ ਹਨ, (ਇਸ ਤਰ੍ਹਾਂ ਦੇ) ਬੋਹੜ ਆਦਿਕਾਂ ਦੀ ਛਾਂ ਹੈ ॥੫॥

### ਸੋਰਠਾ

**ਅਸ ਸੁਰਸਰਿ ਕੇ ਹੋਇ ਕ੍ਰਿਪਣ ਨ੍ਰਿਪਣ ਦੁਰ ਮੁਖਨ ਕੋ।**
**ਨਿਰਖਤ ਨਿਪੁਨ ਨ ਕੋਇ ਨਿਜ ਕੁਖ ਪੋਖਣ ਕਾਰਣੇ ॥੬॥**

ਇਸ ਤਰ੍ਹਾਂ ਦੀ ਗੰਗਾ ਨਦੀ ਦੇ ਹੁੰਦੇ ਹੋਇਆ ਸੂਮ (ਧਨਵਾਨਾਂ ਤੇ) ਭੈੜੇ ਰਾਜਿਆਂ ਦੇ ਮੂੰਹ ਨੂੰ ਕੋਈ ਸਿਆਣਾ ਪੁਰਸ਼ ਨਹੀਂ ਵੇਖਣਾ ਚਾਹੁੰਦਾ ਕੇਵਲ ਆਪਣੇ ਪੇਟ ਨੂੰ ਭਰਨ ਵਾਸਤੇ (ਭਾਵ-ਗੰਗਾ ਦੇ ਕੰਢੇ ਤੇ ਰਹਿਣ ਨੂੰ ਦਰਖਤਾਂ ਦੀ ਛਾਂ ਖਾਣ ਨੂੰ ਫਲ ਫੁੱਲ ਤੇ ਪਹਿਰਨ ਨੂੰ ਭੋਜ ਪੱਤ੍ਰ ਸਹਿਜੇ ਹੀ ਮਿਲ ਜਾਂਦਾ ਹੈ, ਫਿਰ ਕੇਵਲ ਆਪਣੇ ਤਨ ਨੂੰ ਪਾਲਣ ਵਾਸਤੇ ਕਿਸੇ ਰਾਜੇ ਦੇ ਦਰ 'ਤੇ ਜਾਣ ਦੀ ਲੋੜ ਨਹੀਂ ਹੈ ॥੬॥

### ਦੋਹਰਾ

## ਉਤਪਤ ਬਿਪਤਾ ਤਾਪ ਤੇ ਦੁਸਹ ਦੁਖ ਖੁਦਿਆਦਿ ।
## ਨਿਜ ਕੁਟੰਬ ਅਸ ਵਿਕਲ ਲਖ ਕਰੇ ਜੁ ਜਨ ਪ੍ਰਸਾਦਿ ॥੭॥

ਜੰਮਣਾ ਬਿਪਤਾ ਤੇ ਤਾਪ (ਆਦਿਕ ਦੁਖਾਂ) ਨਾਲੋਂ ਭੁੱਖ-ਤਰੇਹ ਰੂਪ ਦੁੱਖ ਅਸਹਿ ਦੁੱਖ ਹੈ ਆਪਣੇ ਪਰਵਾਰ ਨੂੰ ਇਸ ਦੁੱਖ ਨਾਲ ਵਿਆਕੁਲ ਵੇਖਕੇ (ਜੋ ਪੁਰਸ਼ ਆਪਣੀ ਭੁੱਖ ਦੂਰ ਕਰਨ ਲਈ ਕਿਸੇ ਪਾਸੋਂ ਜਾ ਕੇ ਮੰਗਣਾ ਨਹੀਂ ਚਾਹੁੰਦਾ ਸੀ) ਉਹ ਪੁਰਸ਼ (ਪਰਵਾਰ ਉਤੇ) ਕਿਰਪਾ ਕਰਦਾ ਹੈ ॥੭॥

### ਦੋਹਰਾ

## ਵਹੀ ਪੁਰਖ ਪਰਵਾਰ ਕੀ ਬਿਪਤਾ ਹਰਨ ਨਮਿਤ ।
## ਬਾਯਕ ਸਾਯਕ ਖਲੋਂ ਕੇ ਸਹੇ ਸਹੀ ਹਿਤੁ ਵਿਤੁ ॥੮॥

(ਜੋ ਕਿਸੇ ਅੱਗੇ ਸੁਆਲ ਨਹੀਂ ਕਰਦਾ ਸੀ) ਓਹੀ ਪੁਰਖ ਆਪਣੇ ਪਰਵਾਰ ਦੀ ਬਿਪਤਾ ਨੂੰ ਨਾਸ ਕਰਨ ਵਾਸਤੇ:-ਤੇ ਕਿਰਪਾ ਕਰਨ ਨਾਲੋਂ ਮਨੁੱਖਾਂ ਲਈ ਮਰਨਾ ਚੰਗਾ ਹੈ (ਜਿਸ ਵਿਚ ਕਿਸੇ ਦਾ) ਬੁਰਾ ਨਹੀਂ ਹੁੰਦਾ ॥੧੧॥

### ਸੋਰਠਾ

## ਤਤ ਤਤ ਕਰਤੇ ਕਾਮ ਭਵਤ ਦੁਖ ਪਰਣਾਮ ਜਿਤ ॥
## ਤਿਯ ਅਨੁਕੰਪਾ ਦਾਮ ਗਰੇ ਪਰੀ ਪਸ਼ਵਤ ਚਰੇ ॥੧੨॥

ਪਰਣਾਮ-ਫਲ । ਅਨੁਕੰਪਾ-ਕਿਰਪਾ । ਦਾਮ-ਰਸੀ ।

(ਪੁਰਸ਼) ਉਹ ਉਹ ਕੰਨ ਕਰਦੇ ਹਨ ਜਿਨ੍ਹਾਂ ਦਾ ਫਲ ਦੁਖ ਹੁੰਦਾ ਹੈ ।

ਇਸਤ੍ਰੀ ਉਤੇ ਕੀਤੀ ਹੋਈ ਕ੍ਰਿਪਾ ਰੱਸੀ ਹੋ ਕੇ ਉਨ੍ਹਾਂ ਦੇ ਗਲ ਪੈ ਜਾਂਦੀ ਹੈ, (ਉਸ ਵਿਚ ਬੱਧੇ ਹੋਏ) ਪਸ਼ੂਆਂ ਵਾਂਗੂੰ ਫਿਰਦੇ ਹਨ ॥੧੨॥

### ਦੋਹਰਾ

## ਦੁਖ ਵਿਸਰਜਨ ਕ੍ਰਿਪਣ ਧੀ ਸਹਤ ਕਸ਼ਟ ਤੇ ਕਸ਼ਟ ॥
## ਨਿਸ ਬਾਸਰ ਆਸਰ ਮਤੀ ਕਰਤ ਸ੍ਵਾਪ ਕੋ ਨਸ਼ਟ ॥੧੩॥

ਸੂਮ ਬੁੱਧੀ ਵਾਲਾ ਪੁਰਸ਼ ਦੁੱਖ (ਦੇਣ ਵਾਲੇ ਪਰਚਾਰ ਦਾ) ਤਿਆਗ ਨਹੀਂ ਕਰਦਾ ਤੇ ਦੁੱਖ ਦੋਂ ਦੁੱਖ ਸਹਾਰਦਾ ਹੈ। ਰਾਤ-ਦਿਨ ਰਾਖਸੀ ਬੁੱਧ (ਧਾਰਨ ਕਰਕੇ) ਆਪਣੇ ਆਪ ਨੂੰ ਨਾਸ਼ ਕਰਦਾ ਹੈ ॥੧੩॥

## ਵਹਯੋ ਜਾਤ ਭਾਵ ਸਿੰਧ ਪਾਯੋ ਕਸ਼ਟ ਅਵਾਚ ।
## ਦਯਾ ਨ ਸਠ ਨਿਜ ਪਰ ਕਰੇ ਜਾਂਤੇ ਦੁਖ ਤੇ ਬਾਚ ॥੧੪॥

ਸੰਸਾਰ ਸਮੁੰਦਰ ਵਿਚ ਰੁੜੇ ਜਾਂਦੇ ਨੇ (ਉਹ) ਦੁੱਖ ਪਾਯਾ ਹੈ, (ਜੋ) ਕਿਹਾ ਜਾਂਦਾ। ਮੂਰਖ ਪੁਰਸ਼ ਆਪਣੇ ਉਤੇ ਦਯਾ ਨਹੀਂ ਕਰਦਾ, ਜਿਸ ਕਰਕੇ ਦੁੱਖ ਤੋਂ ਬਚ ਜਾਵੇ ॥੧੪॥

ਦੋਹਰਾ

**ਸੁਜਨ ਮਯਾ ਨਿਜ ਪਰ ਕਰੇ ਅਪਨੋ ਕਰੈ ਉਧਾਰ ।**
**ਭਜੇ ਹਰੀ ਹਰਿ ਦਾਰ ਕੋ ਤਜੇ ਕੁਟਲ ਪਰਵਾਰ ॥੧੫॥**

ਭਲਾ ਪੁਰਸ਼ ਆਪਣੇ ਉਤੇ ਕ੍ਰਿਪਾ ਕਰਕੇ ਆਪਣਾ ਉਧਾਰ ਕਰ ਲੈਂਦਾ ਹੈ। (ਕੁਟਲ) ਦੁਖਦਾਈ ਪਰਵਾਰ ਨੂੰ ਤਿਆਗ ਕਰਕੇ ਤੇ ਗੰਗਾ ਦੇ ਕੰਢੇ ਉਤੇ ਬੈਠ ਕੇ ਹਰੀ ਦਾ ਸਿਮਰਨ ਕਰਦਾ ਹੈ ॥੧੫॥

ਸੋਰਠਾ

**ਤਾਤ ਮਾਤ ਗੁਰ ਨਾਰਿ, ਜੋ ਵਿਘਨੀ ਹਰਿ ਭਜਨ ਮੈ ।**
**ਤਾਂਕੋ ਡਾਰੋਦਾਰ, ਹਰਿ ਭਜ ਜਨਮ ਸਫਲਾ ਕਰੋ ॥੧੬॥**

ਮਾਂ, ਪਿਉ, ਗੁਰੂ ਜਾਂ ਇਸਤ੍ਰੀ, ਜੋ ਭੀ ਹਰੀ ਦੇ ਭਜਨ ਵਿਚ ਰੋਕ, ਪਾਉਣ ਵਾਲਾ ਹੋਵੇ (ਡਾਰੋ ਦਾਰ-ਡਾਰ+ਉਦਾਰ) ਉਸ ਦਾ ਤਿਆਗ ਦੇਣਾ ਹੀ ਸ੍ਰੇਸ਼ਟ ਹੈ, (ਕਿਉਂਕਿ) ਹਰੀ ਦਾ ਭਜਨ ਕਰਕੇ ਜਨਮ ਸਫਲ ਕਰਨਾ ਚਾਹੀਦਾ ਹੈ ॥੧੬॥

ਚੌਪਈ

**ਜੋਖਿਤ ਯੁਤ ਸੰਭਵ ਸੁਖ ਜੋਊ।**
**ਹਰੇ ਨਰੋ ਛਿਨ ਭੰਗਰ ਸੋਊ।**
**ਆਯੁ ਸਪਰਸ ਮਾਤ੍ਰ ਹੈ ਤਾਂਕੀ।**
**ਭੋਗਤ ਪਰਮ ਦੂਖ ਤਿਹ ਬਾਕੀ ॥੧੭॥**
**ਭੋਗਾਨੰਦ ਨ ਧਨ ਬਿਨ ਪਾਵਤ।**
**ਬਿਨਾ ਅਨਰਥ ਦ੍ਰੱਵ ਨਹਿ ਆਵਤ।**
**ਬਿਖੈ ਭੋਗ ਸੁਖ ਲਾਭ ਨਮਿੱਤਾ।**
**ਕਰ ਅਨਰਥ ਕਛੁ ਸੰਚਤ ਵਿੱਤਾ ॥੧੮॥**

ਇਸਤ੍ਰੀ ਨਾਲ ਜੋ ਸੁਖ ਪੈਦਾ ਹੁੰਦਾ ਹੈ, ਹੇ ਪੁਰਸ਼ੋ! ਉਸਦਾ ਨਾਸ ਕਰੋ (ਕਿਉਂਕਿ) ਉਹ ਖਿਨ ਭੰਗਰ ਹੈ। ਸਪਰਸ ਮਾਤ੍ਰ ਹੀ ਉਸਦੀ ਉਮਰਾ ਹੈ ਭੋਗ ਲੈਣ ਮਗਰੋਂ ਉਸਦੀ ਬਾਕੀ ਬੜਾ ਭਾਰੀ ਦੁਖ (ਰਹਿ ਜਾਂਦਾ ਹੈ) ॥੧੭॥

ਭੋਗ ਰੂਪ ਅਨੰਦ ਧਨ ਤੋਂ ਬਿਨਾਂ ਪਾਯਾ ਨਹੀਂ ਜਾਂਦਾ ਅਤੇ ਉਹ ਧਨ ਪਾਪ ਕਰਕੇ ਕੀਤੇ ਤੋਂ ਬਿਨਾਂ ਹੱਥ ਨਹੀਂ ਆਉਂਦਾ।

ਵਿਸ਼ੈ ਭੋਗ ਸੁਖ ਨੂੰ ਪ੍ਰਾਪਤ ਕਰਨ ਵਾਸਤੇ ਪਾਪ ਕਰਕੇ ਕੁਝ ਧਨ ਇਕੱਠਾ ਕਰਨਾ ਪੈਂਦਾ ਹੈ ॥੧੮॥

**ਤਾਂ ਕਰ ਦੁਖ ਮਿਸਰਤ ਸੁਖ ਭੋਗਤ।**
**ਤਾਂ ਫਲ ਮਰ ਕਰ ਲਹਤ ਅਧੋ ਗਤਿ।**
**ਤਾਂ ਤੇ ਨਖ ਸਿਖ ਗ੍ਰ ਲੌ ਨਾਰੀ।**
**ਮੋਖ ਵਿਖੇ ਪ੍ਰਤਿਬੰਧਕ ਭਾਰੀ ॥੧੯॥**
**ਨਿਕਰ ਦੁਖਾਂਕਰ ਤਿਯ ਕੇ ਗਾਤਾ।**
**ਤਜੇ ਤ੍ਰਿਧਾ ਬੁਧਿ ਤਾਹਿ ਪ੍ਰਮਾਤਾ।**
**ਘਨ ਕੁਚ ਮੰਡਲ ਮ੍ਰਿਦ ਰਮਣੀ ਕੋ।**
**ਸੰਯੁਤ ਮੁਕਤਾ ਹਾਰ ਮਣੀ ਕੋ ॥੨੦॥**

ਉਸ ਧਨ ਨਾਲ ਦੁਖਾਂ ਨਾਲ ਮਿਲੇ ਹੋਏ (ਵਿਸ਼ੈ) ਸੁਖ ਨੂੰ ਭੋਗਦਾ ਹੈ, ਉਸਦਾ ਫਲ ਭੋਗਨ ਲਈ ਮਰਨ ਮਗਰੋਂ ਨੀਚ ਗਤੀ (ਪ੍ਰਾਪਤ ਕਰ) ਲੈਂਦਾ ਹੈ।

ਇਸ ਵਾਸਤੇ ਨੌਂਹ ਤੋਂ ਲੈ ਕੇ ਕੇਸਾਂ ਦੇ ਸਿਰੇ ਤੱਕ ਇਸਤ੍ਰੀ, ਮੁਕਤਿ (ਪ੍ਰਾਪਤੀ ਦੇ ਕਰਮ) ਵਿਚ ਬੜੀ ਭਾਰੀ ਰੁਕਾਵਟ ਹੈ ॥੧੯॥

ਸਾਰੇ ਦੁਖਾਂ ਦੀ ਖਾਣ ਇਸਤ੍ਰੀ ਦੇ ਸਰੀਰ ਨੂੰ ਤਿੰਨ ਪ੍ਰਕਾਰ ਮਨ, ਬਾਨੀ ਸਰੀਰ ਕਰਕੇ ਤਿਆਗਨ ਦੀ ਥਾਂ 'ਤੇ ਉਲਟਾ ਉਸ ਉਤੇ ਮੋਹਤ ਹੋ ਰਿਹਾ ਹੈ।

ਕੋਮਲ ਇਸਤ੍ਰੀ ਦੇ ਕਰੜੇ ਤੇ ਗੋਲ ਮੰਮੇ ਜੋ ਮੋਤੀਆਂ ਦੇ ਹਾਰ ਨਾਲ ਮਿਲਕੇ ॥੨੦॥

**ਸਰਬ ਓਰ ਅਤਿ ਸੁੰਦਰ ਲਾਗੇ।**
**ਹੇਰਤ ਜਾਸ ਮਨੋਭਵ ਜਾਗੇ।**
**ਹੇਮ ਮਣੀ ਮੈਂ ਬਣੀ ਤੜਾਗੀ।**
**ਸਰੋਣੀ ਬਿੰਬੇ ਪਰ ਬਰ ਲਾਗੀ ॥੨੧॥**
**ਅਤਿ ਸਬਦਾਇ ਮਨ ਅਭਿਰਾਮੀ।**
**ਜਿਹ ਧੁਨਿ ਸੁਨ ਜਨ ਮੋਹਿਤ ਕਾਮੀ।**
**ਅੰਗ ਅੰਗਨਾ ਕੇ ਹੈ ਜੇਤੇ ਹੇਤ।**
**ਅਨੰਗਾਗਨ ਕੇ ਤੇਤੇ ॥੨੨॥**

ਮਨੋਭਵ-ਕਾਮ। ਹੇਮ-ਸੋਨਾ। ਮਣੀ ਮੇ-ਜੜਾਊ।

ਸਭ ਤਰ੍ਹਾਂ ਨਾਲ ਅਤਸੇ ਕਰਕੇ ਸੁੰਦਰ ਲੱਗਦੇ ਹਨ, ਜਿਸ ਨੂੰ ਵੇਖਦਿਆਂ ਹੀ ਕਾਮ ਜਾਗ ਪੈਂਦਾ ਹੈ। ਸੋਨੇ ਦਾ ਜੜਾਊ ਤੜਾਗੀ ਬਣੀ ਹੋਈ ਹੈ (ਜੋ) ਸੁੰਦਰ ਚੁਤੜਾਂ ਤੋਂ ਉਪਰ ਲੱਕ ਉਤੇ ਬੜੀ ਚੰਗੀ ਲੱਗਦੀ ਹੈ ॥੧॥

(ਜੋ ਛਣ ਰੁਪੀ) ਬੜਾ ਹੀ ਸ਼ਬਦ ਕਰਦੀ ਹੈ, (ਜਿਸ ਕਰਕੇ) ਮਾਨ (ਵਤੀ ਇਸਤ੍ਰੀ ਅਭਰਾਮੀ (ਮਹਾਂ ਸੁੰਦਰੀ) ਬਣ ਰਹੀ ਹੈ, ਜਿਸ ਦੀ ਅਵਾਜ਼ ਸੁਣ ਕੇ ਮਹਾਂ ਪਾਪੀ ਪੁਰਸ਼ ਮੋਹੇ ਗਏ ਹਨ।

ਇਸਤਰੀ ਦੇ ਜਿੰਨੇ ਭੀ ਅੰਗ ਹਨ, ਉਹ ਸਾਰੇ ਹੀ ਕਾਮ ਅਗਨੀ ਨਾਲ ਸਾੜਣ ਦਾ ਕਾਰਣ ਹਨ ॥੨੨॥

**ਤਾਂ ਮੈਂ ਜੰਤ ਨਿਰੰਤਰ ਜਰਤੇ।**
**ਉਰ ਬਿਚਾਰ ਮੈਂ ਬਾਰ ਨ ਧਰਤੇ।**
**ਕ੍ਰੋਧ ਲੋਭ ਮੋਹਾਦਿ ਵਕ੍ਰ ਛਲ।**
**ਸਕਾ ਮੈਨ ਕੇ ਮੈਨ ਤੁਲ ਬਲ ॥੨੩॥**
**ਏਕ ਪੰਚਸਰ ਕੋ ਜਹਿੰ ਵਾਸਾ।**
**ਤਹਾਂ ਕ੍ਰੋਧ ਲੌ ਕਰਹਿ ਨਿਵਾਸਾ।**
**ਜਹਾਂ ਏਕ ਕੀ ਗਣਤੀ ਆਵੈ।**
**ਤਹਾਂ ਅਨੇਕ ਅਵਸੋ ਰਹਾਵੈ ॥੨੪॥**

ਉਸ ਕਾਮ ਅਗਨੀ ਵਿਚ ਉਹ ਜੀਵ ਹਮੇਸ਼ਾਂ ਹੀ ਸੜਦੇ ਹਨ, (ਜੋ) ਹਿਰਦੇ ਵਿਚ ਵਸਤੂ ਵਿਚਾਰ ਰੂਪ ਪਾਣੀ ਨਹੀਂ ਰਖਦੇ ਹਨ।

ਕ੍ਰੋਧ, ਲੋਭ, ਮੋਹ ਤੇ ਹੰਕਾਰ ਟੇਡਤਾ ਤੇ ਛਲ (ਆਦਿਕ) ਕਾਮ ਦੇ ਮਿਤ੍ਰ ਕਾਮ ਦੇ ਸਮਾਨ ਹੀ ਬਲਵਾਨ ਹਨ ॥੨੩॥

ਇਕ (ਪੰਚਸਰ) ਕਾਮ ਦਾ ਜਿਥੇ ਵਾਸਾ ਹੁੰਦਾ ਹੈ, ਉਥੇ ਕ੍ਰੋਧ ਆਦਿਕ ਸਾਰੇ ਹੀ ਆਨ ਵਸੇਬਾ ਕਰਦੇ ਹਨ।

ਜਿਥੇ ਇਕ ਕਾਮ ਦੀ ਗਿਣਤੀ ਆ ਜਾਂਦੀ ਹੈ, ਉਥੇ ਅਨੇਕਾਂ ਵਿਕਾਰ ਜ਼ਰੂਰ ਹੀ ਆਣਕੇ ਵਸ ਜਾਂਦੇ ਹਨ ॥੨੪॥

**ਨਰ ਤਨ ਮੋ ਜਨਮੇ ਅਰੁ ਮਰੁ ਹੈ।**
**ਜਬ ਕੁਸੰਗ ਸਤਸੰਗਤ ਕਰ ਹੈ।**
**ਸਰਬ ਅਨਰਥ ਹੇਤ ਸੁਖ ਹੰਤਾਸ।**

**ਗਰਜਤ ਸਬ ਅਪਵਰਗ ਪਰ ਜੰਤਾ ॥੨੫॥**
**ਸਬ ਸੰਬਰ ਸਮ ਕੋ ਉਰ ਕੋ ਜਾਰਤ।**
**ਸਮ ਦਮਾਦਿ ਸੰਤੋਖਹਿ ਚਾਰਤ।**
**ਤਿਯ ਕੇ ਗਾਤ ਸੁਘੰਬਰ ਭੂਖਨ।**
**ਦਰਸੇ ਕਬੀ ਵਿਲੋਕੇ ਦੂਖਨ ॥੨੬॥**

ਮਨੁੱਖ ਸਰੀਰ ਵਿਚ ਹੀ (ਜੀਵ) ਜੰਮਦਾ ਤੇ ਮਰਦਾ (ਕਿਉਂਕਿ ਕਦੇ) ਕੁਸੰਗਤ ਕਰਦਾ ਹੈ, ਤੇ ਕਦੇ ਸਤਸੰਗਤ ਕਰਦਾ ਹੈ, (ਇਨ੍ਹਾਂ ਦੀ ਪੈਦਾ ਇਸ ਹੀ) ਸਾਰੇ ਅਨਰਥਾਂ ਦਾ ਕਾਰਣ ਤੇ ਸੁਖਾਂ ਦਾ ਨਾਸ ਕਰਨ ਵਾਲੀ ਹੈ, ਮੁਕਤ (ਪ੍ਰਾਪਤ ਕਰਨ) ਤੱਕ ਸਾਰੇ (ਕਾਮਾ-ਦਿਕ ਵਿਕਾਰ ਇਸ ਸਰੀਰ ਵਿਚ) ਗਰਜਦੇ ਰਹਿੰਦੇ ਹਨ ॥੨੫॥

ਸਾਰੇ ਹੀ ਕਾਮ ਅਗਨੀ ਸਮਾਨ ਹਿਰਦੇ ਨੂੰ ਸਾੜਦੇ ਹਨ, ਸਮ ਦਮ ਆਦਿਕ ਸੰਤੋਖ ਨੂੰ ਨਾਸ ਕਰਦੇ ਹਨ।

ਇਸਤ੍ਰੀ ਦੇ ਸਰੀਰ, ਉਸਦੇ ਕੱਪੜੇ ਤੇ ਉਸਦੇ ਗਹਿਣੇ (ਜੇ) ਕਦੇ ਵੇਖੇ (ਤਾਂ ਉਨ੍ਹਾਂ ਵਿਚੋਂ) ਦੂਸ਼ਨ ਵੇਖੇ (ਅਰਥਾਤ ਵਸਤੂ ਵਿਚਾਰ ਕਰਕੇ ਉਨ੍ਹਾਂ ਚੀਜ਼ਾਂ ਦੇ ਅੰਤ ਨੂੰ ਵੇਖਕੇ ਮਨ ਨੂੰ ਸਮਝਾਵੇ ਕਿ ਇਨ੍ਹਾਂ ਵਿਚ ਇਹ ਔਗੁਣ ਹਨ) ॥੨੬॥

**ਜਾਤੇ ਮਨਮਥ ਮੁਥੇ ਨ ਮਨ ਕੋ।**
**ਨਾਤਰ ਮਨ ਵਪੁ ਹੁਇ ਤਿਯ ਤਨ ਕੋ।**
**ਲਗੋ ਬਾਮ ਕੋ ਕਾਮ ਉਪਾਵੈ।**
**ਪ੍ਰਿਥਮ ਬਿਬੇਕ ਸਮਾਦਿ ਨਸਾਵੈ ॥੨੭॥**
**ਛਲ ਅਮਰਖ ਮਦ ਮੋਹ ਸਨੇਹਾ।**
**ਇੰਨਹਿ ਅਵੈਵਹਿ ਸਹਤ ਅਦੇਹਾ।**
**ਭਯੋ ਪੁਸਟ ਅਤਿ ਸਨਮ ਮਝਾਰੀ।**
**ਬ੍ਰਿਹਦ ਭਾਨ ਇਵ ਜਾਰਤ ਭਾਰੀ ॥੨੮॥**

ਮਨਮਥ-ਕਾਮ। ਬਾਮ-ਇਸਤ੍ਰੀ। ਅਮਰਖ-ਕ੍ਰੋਧ। ਅਵੈਵਹਿ-ਅੰਗਾਂ। ਅਦੇਹਾ-ਕਾਮ। ਬ੍ਰਿਹਦ ਭਾਨ-ਪ੍ਰਚੰਡ ਸੂਰਜ।

ਜਿਸ ਕਰਕੇ ਮਨ ਨੂੰ ਕਾਮਦੇਵ ਦੁਖੀ ਨਾ ਕਰੇ, (ਜੇ ਇਸ ਤਰ੍ਹਾਂ ਦੂਖਨ) ਨਾ (ਦੇਖੇਗਾ) ਤਾ ਪੁਰਖ ਦੇ ਮਨ ਦਾ ਸਰੀਰ ਇਸਤ੍ਰੀ ਦੇ ਸਰੀਰ ਦਾ ਹੋ ਜਾਵੇਗਾ। ਫਿਰ ਉਹ ਇਸਤ੍ਰੀ ਦੇ ਧਿਆਨ ਵਿਚ) ਲੱਗ

ਕੇ ਕਾਮ ਨੂੰ ਪੈਦਾ ਕਰੇਗਾ, (ਇਸ ਤੋਂ) ਪਹਿਲਾਂ ਹੀ ਵੈਰਾਗ, ਵਿਵੇਕ ਤੇ ਸਮ ਦਮ ਨੂੰ ਨਾਸ ਕਰ ਦੇਵੇਗਾ ॥੨੭॥

ਛਲ, ਕ੍ਰੋਧ ਮਦ, ਮੋਹ ਤੇ ਪਿਆਰ, (ਇਨ੍ਹਾਂ ਔਗੁਣਾਂ ਰੂਪ ਅੰਗਾਂ ਦੇ ਸਹਿਤ ਹੈ ਕਾਮਦੇਵ। (ਇਸ ਮਨੁੱਖ) ਜਨਮ ਵਿਚ ਬਹੁਤ ਬਲਵਾਨ ਹੋ ਗਿਆ ਹੈ, ਜੇਠ ਦੇ ਪ੍ਰਚੰਡ ਸੂਰਜ ਵਾਂਗੂੰ ਬਹੁਤ ਹੀ ਸਾੜਦਾ ਹੈ ॥੨੮॥

**ਯਾ ਬਿਧਿ ਨਿਕਰ ਅਵਧ ਹਤਿ ਕਰਕੇ।**
**ਪਰਤ ਨਰਕ ਮਹਿ ਜਬ ਨਰੁ ਮਰਕੇ।**
**ਤਾਹਿ ਤਾਹਿ ਨਰਕਾਗਨਿ ਜਾਰੇ।**
**ਦੂਖ ਅਵਾਚ ਅਨੁਭਵਹਿ ਸਾਰੇ ॥੨੯॥**
**ਤੇ ਕਤ ਨਰਕ ਦੂਖ ਤੇ ਰਾਖੇਂ।**
**ਮਹਿ ਰਾਖੇਂ ਪ੍ਰਤਿ ਤਾਂ ਮਹਿ ਰਾਖੇਂ।**
**ਤਿਤ ਉਤਮਾਹਿ ਤਪਾਵਨ ਵਾਰੇ।**
**ਨਾਰਿ ਅਵੈਵ ਰਿਦੈ ਜਬ ਧਾਰੇ ॥੩੦॥**

ਇਸ ਤਰ੍ਹਾਂ ਨਾਲ ਸਾਰੀ ਉਪਮਾ ਨਾਸ ਕਰਕੇ ਜਦ ਮਨੁੱਖ ਮਰ ਕੇ ਨਰਕ ਵਿਚ ਪੈਂਦਾ ਹੈ। ਉਥੇ-ਉਥੇ ਨਰਕਾਂ ਦੀ ਅੱਗ ਵਿਚ ਸੜਦਾ ਹੈ (ਉਹ) ਦੁਖ ਕਿਹਾ ਨਹੀਂ ਜਾ ਸਕਦਾ, ਅਨੁਭਵ ਨਾਲ ਹੀ ਜਾਣਿਆ ਜਾਂਦਾ ਹੈ ॥੨੯॥

ਪ੍ਰਸ਼ਨ-ਕੀ ਉਹ (ਸੰਬੰਧੀ ਜੀਵ ਨੂੰ) ਨਰਕ ਅਗਨੀ ਦੇ ਦੁਖਾਂ ਤੋਂ ਰਖਿਆ ਕਰਦੇ ਹਨ ?

(ਉਤਰ) ਰਖਿਆ ਨਹੀਂ (ਕਰਦੇ) ਉਲਟਾ ਉਨ੍ਹਾਂ (ਨਰਕਾਂ ਵਿਚ ਹੀ ਜੀਵ ਨੂੰ) ਰਖਦੇ ਹਨ।

ਸਾਰੇ (ਸੰਬੰਧੀ) ਇਸ (ਲੋਕ ਤੇ) (ਉਸ ਲੋਕ ਵਿਚ ਜੀਵ ਨੂੰ) ਤਪਾਉਣ ਵਾਲੇ ਹਨ, (ਪਰ ਜਦੋਂ ਪੁਰਸ਼) ਇਸਤ੍ਰੀ ਦੇ ਅੰਗਾਂ ਨੂੰ ਹਿਰਦੇ ਵਿਚ ਧਾਰਦਾ ਹੈ, (ਤਦ ਹੀ ਇਸ ਨੂੰ ਦੁਖ ਹੁੰਦਾ ਹੈ) ॥੩੦॥

**ਤਾਤੇ ਸੰਗ ਬਾਮ ਕੋ ਤਜੀਏ। ਨਾਤਰ ਅਵਰ ਬਧੂ ਜਨ ਭਜੀਏ।**
**ਕਰੁਣਾ ਮੈਤ੍ਰੀ ਪ੍ਰਗਯਾ ਭਾਰੀ। ਸੇਵਹੁ ਸੁਖਦ ਨਿਰੰਤਰਿ ਨਾਰੀ ॥੩੧॥**

ਇਸ ਕਰਕੇ ਇਸਤ੍ਰੀ ਦਾ ਸੰਗ ਛੱਡ ਦਿਓ, (ਜੇ ਇਸਤ੍ਰੀ ਬਿਨਾਂ ਰਿਹਾ) ਨਹੀਂ ਜਾਂਦਾ, ਤਾਂ ਹੋਰ ਇਸਤ੍ਰੀਆਂ ਹਨ। ਹੇ ਜਨੋ ! (ਉਨ੍ਹਾਂ ਨੂੰ) ਧਾਰਨ ਕਰ ਲਵੋ।

ਸਭਨਾਂ ਤੇ ਕ੍ਰਿਪਾ ਕਰਨੀ, ਸਭ ਨਾਲ ਮਿੱਤ੍ਰਤਾ ਕਰਨੀ ਤੇ ਆਤਮ ਵਿਸ਼ੈਨੀ ਬੁਧੀ (ਇਹ) ਚੰਗੀਆਂ ਇਸਤ੍ਰੀਆਂ ਹਨ, ਇਹ ਤਿੰਨਾਂ ਇਸਤ੍ਰੀਆਂ ਨੂੰ ਧਾਰਨ ਕਰੋ, (ਇਨ੍ਹਾਂ ਦਾ ਸੇਵਨ ਕਰੋ, ਇਹ ਇਕ ਰਸ ਦਿਨ-ਰਾਤ ਸੁਖ ਦੇਣ ਵਾਲੀਆਂ ਹਨ ॥੩੧॥

### ਸੋਰਠਾ

**ਮਤ ਦਰਸੋ ਤਿਯ ਅੰਕ, ਜੋ ਕਦਾਪਿ ਚੂਕੇ ਪਿਖੋ।**
**ਨਿਸਚੇ ਲਰੇ ਕਲੰਕ, ਭਾਦਰ ਚੌਥ ਕੇ ਚੰਦ੍ਰ ਵਤ ॥੩੨॥**

ਇਸ ਦੇ ਮੂੰਹ ਨੂੰ (ਪਿਆਰ ਨਾਲ) ਨ ਵੇਖੋ, ਜੇਕਰ ਕਦੇ ਭੁੱਲਕੇ ਵੇਖ ਲਵਾਂਗੇ। ਤਾਂ ਸੱਚ ਜਾਨੋ (ਤੁਹਾਡੇ ਮੱਥੇ) ਕਲੰਕ ਲੱਗੇਗਾ, (ਜਿਵੇਂ) ਭਾਦੋਂ ਦੇ ਚੌਥ ਚੰਦਰਮਾਂ ਦੇ ਦਰਸ਼ਨ ਕਰਨ ਵਾਲੇ ਨੂੰ ਕਲੰਕ ਲੱਗ ਜਾਂਦਾ ਹੈ ॥੩੨॥

### ਦੋਹਰਾ

**ਤਿਯਹਿੰ ਨਿੰਦ ਏਕਾ ਦਸ਼ੋ ਅਲੰ ਭਯੋ ਅਧਯਾਇ।**
**ਬਲ ਗੁਣ ਗਣ ਨਰ ਕੇ ਹਰੇ ਮਰ ਕੇ ਨਰਕੇ ਪਾਇ ॥੩੩॥**

(ਵੈਰਾਗ ਸ਼ਕਤ ਦਾ) ਯਾਰ੍ਹਵਾਂ ਅਧਯਾਇ ਇਸਤ੍ਰੀ ਦੀ ਨਿੰਦਾ (ਕਰਦਾ ਹੋਯਾ) ਪੂਰਾ ਹੋ ਗਿਆ ਹੈ। (ਇਸਤ੍ਰੀ ਦੀ ਸੰਗਤ ਕਰਕੇ) ਪੁਰਸ਼ ਦੇ ਬਲ ਦੇ ਸਾਰੇ ਗੁਣ ਨਾਸ ਹੋ ਜਾਂਦੇ ਹਨ ਅਤੇ ਮਰਕੇ (ਪੁਰਸ਼) ਨਰਕ ਵਿਚ ਪੈਂਦਾ ॥੩੩॥

*ਇਤਿ ਇਕਾਦਸੋ ਅਧਯਾਇ ॥੧੧॥*

ੴ ਸਤਿਗੁਰ ਪ੍ਰਸਾਦਿ ॥

# ਅਥ ਬਾਰ੍ਹਵਾਂ ਅਧਜਾਯ ਅਰੰਭ

## ਦੋਹਰਾ

**ਬ੍ਰਿੱਧ ਅਵਸਥਾ ਦ੍ਵਾਦਸੇ ਪਾਂਚ ਛੰਦ ਕਰ ਨਿੰਦ ।**
**ਦੁਖ ਨਿਰਾਦਰ ਚਿੰਤ ਨਿਧਿ ਬਿਨ ਪੌਰਖ ਮਤਿ ਮੰਦ ॥੧॥**

ਇਸ ਬਾਰ੍ਹਵੇਂ ਅਧਜਾਇ ਵਿਚ ਪੰਜ ਛੰਦ ਬਣਾਕੇ ਬ੍ਰਿਧ ਉਮਰਾ ਨੂੰ ਨਿੰਦਦੇ ਹਨ ।

(ਜੋ) ਦੁਖ, ਨਿਰਾਦਰ ਤੇ ਚਿੰਤਾ ਦੀ ਨਿਧੀ ਹੈ, (ਬ੍ਰਿਧ ਉਮਰਾ ਕਰਕੇ ਪੁਰਸ਼) ਬਲ ਤੋਂ ਹੀਨਾ (ਹੋ ਜਾਂਦਾ ਹੈ, ਤੇ) ਬੁਧੀ ਭੀ ਮੰਦ (ਕਮਜ਼ੋਰ-ਵਿਚਾਰ ਤੋਂ ਹੀਨੀ) (ਹੋ ਜਾਂਦੀ ਹੈ) ॥੧॥

## ਕਬਿੱਤ

**ਜਰਾ ਕਰ ਸੇਤ ਬਾਰ ਨਾਰ ਕੋ ਨਿਹਾਰ ਨਾਰਿ,**
**ਕਰੇ ਤਾਹਿ ਤਿਰਸਕਾਰ ਭਾਗੇ ਫੇਰ ਨਾਰ ਕੋ ।**
**ਹਾਡ ਘਟੀ ਰਜੁ ਨਾਰਿ ਮੰਦਰਸ ਹੇਰ ਡਾਰ,**
**ਬਿਪਰਨਾਰਿ ਬ੍ਰਿਧ ਰੂਪ ਕੂਪ ਚਮਿਆਰ ਕੋ ।**
**ਦਾਹੇ ਤੀਨ ਤਾਪ ਭਾਨ ਨੈਨ ਬੈਨ ਗਜਾਨ ਕਾਨ,**
**ਤਜੇ ਤਾਂਹਿ ਮਾਨ ਆਦਿ ਜਿਉ ਉਦਾਰ ਦਾਰ ਕੋ ।**
**ਅਹੋ ਕਸ਼ਟ ਜੀਵ ਦੁਸ਼ਟ ਤਜੇ ਨ ਅਨਿਸ਼ਟ ਅਜੇ,**
**ਨਾਰੀ ਤਜੇ ਤਨੁ ਮਨ ਭਜੇ ਅਜੇ ਨਾਰਿ ਕੋ ॥੨॥**

ਜਰਾ-ਬੁਢੇਪਾ । ਬਾਰ-ਵਾਲ । ਨਾਰ- ਗਰਦਨ । ਨਿਹਾਰ-ਵੇਖਕੇ । ਤਿਰਸਕਾਰ-ਅਨਾਦਾਰ । ਉਦਾਰ-ਸ੍ਰੇਸ਼ਟ ਪੁਰਸ਼ । ਦਾਰ-ਦਾਰਾ, ਇਸਤ੍ਰੀ । ਅਨਿਸ਼ਟ-ਬੁਢੇਪੇ ਕਰਕੇ ਵਾਲ ਚਿੱਟੇ (ਹੋ ਜਾਂਦੇ ਹਨ, ਤਦ) ਗਰਦਨ (ਭਾਵ ਸਿਰ) ਨੂੰ ਵੇਖਕੇ, ਇਸਤ੍ਰੀ ਉਸਦਾ ਨਿਰਾਦਰ ਕਰਦੀ ਹੈ, (ਜੇ ਕਦੀ ਬੁੱਢਾ ਪਤੀ ਬੁਲਾਉਂਦਾ ਹੈ, ਤਾਂ) ਗਰਦਨ ਮੋੜਕੇ ਭੱਜ ਜਾਂਦੀ ਹੈ ।

ਜਿਸ ਤਰ੍ਹਾਂ ਬ੍ਰਾਹਮਣ ਇਸਤ੍ਰੀ ਚੁਮਾਰਾ ਦੇ ਖੂਹ ਉਤੇ ਹੱਡੀ, (ਟੁੱਟੀਆਂ ਹੋਈਆਂ) ਘੜੀਆਂ ਰਸੀਆਂ, ਨਾੜੀਆਂ, ਭੈੜੇ ਰਸ (ਆਦਿਕ) ਵੇਖਕੇ ਡਰਕੇ (ਭੱਜ ਜਾਂਦੀ ਹੈ, ਇਸ ਤਰ੍ਹਾਂ) ਹੱਡ (ਨਿਕਲੇ ਹੋਏ), (ਸਰੀਰ

ਦੀ ਕਰੂਪਤਾਂ ਰੂਪ ਟੁੱਟੀਆਂ ਹੋਈਆਂ) ਘੜੀਆਂ, (ਨਾੜਾਂ ਫੁਲੀਆਂ ਰੂਪ) ਰਸੀਆ, (ਸ੍ਵਾਸ ਫੂਲਣ ਰੂਪ) ਨਾੜੇ, (ਅੱਖਾਂ ਦੀ ਜੋਤਨਾ ਹੀਨ ਹੋਨ ਰੂਪ) ਮੱਦ ਰਸ (ਆਦਕਾਂ ਵਾਲੇ) ਬੁਢੇਪੇ ਰੂਪ ਚੁਮਾਰਾਂ ਦੇ ਖੂਹ ਨੂੰ ਵੇਖਕੇ (ਬ੍ਰਿਧ) ਇਸਤ੍ਰੀ (ਰੂਪ) ਬ੍ਰਾਹਮਣੀ (ਦੂਰ ਚਲੀ ਜਾਂਦੀ ਹੈ)। (ਬੁਢੇਪੇ ਵਿਚ) ਤਿੰਨੇ ਤਾਪ ਰੂਪ ਸੂਰਜ (ਸਰੀਰ ਨੂੰ) ਸਾੜਦਾ ਹੈ, ਅੱਖਾਂ ਬਾਣੀ ਤੇ ਕੰਨ ਗਿਆਨ ਤੋਂ ਹੀਨੇ ਹੋ ਜਾਂਦੇ ਹਨ, ਉਸੇ ਵੇਲੇ ਮਾਨ ਆਦਿ (ਇਸ ਤਰ੍ਹਾਂ) ਛੱਡ ਜਾਂਦੇ ਹਨ, ਜਿਸ ਤਰ੍ਹਾਂ ਸ੍ਰੇਸ਼ਟ ਮਹਾਤਮਾ ਪੁਰਸ਼ ਇਸਤ੍ਰੀ ਨੂੰ ਤਿਆਗ ਜਾਂਦਾ ਹੈ।

ਹਾਇ ! ਵੱਡਾ ਦੁੱਖ ਹੈ, ਅਜ ਭੀ ਦੁਸ਼ਟ ਜੀਵ ਦੁਖਦਾਈ ਕਰਮਾਂ ਨੂੰ ਨਹੀਂ ਛੱਡਦਾ, (ਇਸ ਦੇ) ਸਰੀਰ ਨੂੰ ਇਸਤ੍ਰੀ ਛੱਡ ਗਈ ਹੈ, (ਪਰ ਇਸ ਦਾ) ਮਨ ਅਜੇ ਭੀ ਇਸਤ੍ਰੀ ਨੂੰ ਚਾਹੁੰਦਾ ਹੈ ॥੨॥

### *ਦੂੈਯਾ ਛੰਦ*

**ਬਿਆਘ੍ਰੀ ਕੇ ਸਮ ਇਸਥਿਤ ਹੋਕਰ,**
**ਜਰਾ ਅਤਸਥਾ ਕਰਤ ਪਰਹਾਰ।**
**ਤੀਖਣ ਕ੍ਰੂਰ ਨਖਾਗ੍ਰ ਰੋਗ ਕਰ,**
**ਪ੍ਰਤਿ ਤਾੜਤ ਤਨ ਕੋ ਬਲ ਧਾਰ।**
**ਉਚਿਤ ਅਵਧ ਪਰਿ ਸ੍ਰਵਤ ਸਤਤ,**
**ਇਵ ਫੂਟੇ ਘਟ ਤੇ ਛੂਟੇ ਬਾਰ।**
**ਲੋਕ ਸੁ ਅਹਿਤ ਤਦਪਿ ਆਚਰ ਹੈ,**
**ਅਹੋ ਕਰੇ ਹਿਤਠਾਂਗੀ ਕਾਰ ॥੩॥**

ਬ੍ਰਿਧ ਉਮਰਾ (ਸੂਈ ਹੋਈ) ਬਘਿਆੜੀ ਦੇ ਸਮਾਨ ਖੜ੍ਹੀ ਹੋ ਕੇ ਮਾਰ ਕਰਦੀ ਹੈ।

ਰੋਗਾਂ ਰੂਪ ਡਰੌਨੇ ਤੇ ਤਿੱਖੇ ਨੌਹਾਂ ਦੇ ਅਗਲੇ ਹਿੱਸੇ ਨਾਲ ਹਰ ਰੋਜ਼ ਜ਼ੋਰ ਨਾਲ ਸਰੀਰ ਨੂੰ ਤਾੜਨਾ ਕਰਦੀ ਹੈ। (ਉਚਿਤ) ਹਰ ਤਰ੍ਹਾਂ ਦੇ ਯੋਗ ਤੇ ਸ੍ਰੇਸ਼ਟ ਉਮਰਾ (ਸਤਤ) ਹਮੇਸ਼ਾਂ ਹੀ ਇਕ ਰਸ (ਸ੍ਰਵਤ) ਗੁਜਰਦੀ ਜਾਂਦੀ ਹੈ, ਜਿਸ ਤਰ੍ਹਾਂ ਟੁੱਟੇ ਘੜੇ ਵਿਚੋਂ ਪਾਣੀ ਨਿਕਲਦਾ ਹੈ।

ਸੰਬੰਧੀ ਲੋਕ ਭੀ ਨਿਰਾਦਰ ਕਰਦੇ ਹਨ, ਪਰ ਇਹ ਫਿਰ ਭੀ ਉਨ੍ਹਾਂ ਦੇ ਭਲੇ ਨੂੰ ਹੀ ਦੌੜਦਾ ਹੈ, ਹਾਇ ! ਬੜਾ ਅਚਰਜ ਹੈ, (ਜੋ ਇਹ ਆਪਣੇ) ਹਿਤ ਨੂੰ ਅੰਗੀਕਾਰ ਨਹੀਂ ਕਰਦਾ ॥੩॥

### *ਮਨੋਜ ਛੰਦ*

**ਸੁਕਚੇ ਸਬ ਅੰਗ ਬਿਭੰਗ ਸੁ ਚਾਲ।**
**ਪੁਨ ਭ੍ਰਿਸਟ ਸਮਸਟ ਭਈ ਰਦ ਮਾਲ।**

**ਦੁਤਿ ਲੋਚਨ ਕੀ ਸਬ ਮੋਚਤ ਅਸਤ।**
**ਨਹਿ ਕਾਨ ਸੁ ਕਲਿਆਨ ਸਮਸਤ ॥੪॥**
**ਮੁਖ ਮਧ ਭਈ ਕਫ ਬ੍ਰਿਧ ਮਹਾਨ।**
**ਇਹ ਹੇਤ ਸਦੁਖ ਗਤਾ ਗਤ ਪ੍ਰਾਨ।**
**ਕਛੁ ਜਾਚਨ ਹੇਤ ਮੁਖੋ ਜਬ ਵਾਚ।**
**ਜਨ ਬੰਧੁ ਬਕੇ ਤਬ ਵਾਕ ਅਵਾਚ ॥੫॥**

ਸਰੀਰ ਦੇ ਸਾਰੇ ਅੰਗ ਸੁੰਗੜ ਜਾਂਦੇ ਹਨ ਤੇ ਪੈਰਾਂ ਦੀ ਚਾਲ ਵਿਗੜ ਜਾਂਦੀ ਹੈ, ਫਿਰ ਦੰਦਾਂ ਦਾ ਸਾਰੇ ਦਾ ਸਾਰਾ ਬੀੜ ਹਿਲ-ਹਿਲ ਕੇ ਡਿੱਗ ਜਾਂਦਾ ਹੈ।

ਅੱਖਾਂ ਦੀ ਜੋਤਨਾ ਮਾਰੀ ਜਾਂਦੀ ਹੈ ਤੇ ਪਾਣੀ ਵਗਦਾ ਹੈ, ਕੰਨ ਭੀ ਕਲਿਆਨ ਚੰਗੀ ਤਰ੍ਹਾਂ ਨਾਲ ਨਹੀਂ ਸੁਣਦੇ ਹਨ ॥੪॥

ਮੂੰਹ ਵਿਚ ਬਲਗਮ ਬਹੁਤ ਵਧ ਜਾਂਦੀ ਹੈ, ਇਸ ਕਾਰਣ ਕਰਕੇ ਪ੍ਰਾਨ ਬੜੇ ਦੁਖ ਨਾਲ ਆਉਂਦੇ ਜਾਂਦੇ ਹਨ।

ਕੁਝ ਮੰਗਣ ਵਾਸਤੇ ਜਦ (ਬੁੱਢਾ) ਮੂੰਹ ਤੋਂ ਕੋਈ ਗੱਲ ਕਹਿੰਦਾ ਹੈ, ਤਦ ਸੰਬੰਧੀ ਲੋਕ ਕਹਿੰਦੇ ਹਨ, ਚੁੱਪ ਕਰਕੇ ਬੈਠਾ ਰਹੁ, ਬਕਦਾ ਨਾ ਰਿਹਾ ਕਰ ॥੫॥

**ਪਲਨਾ ਲਲਨਾ ਮਿਲਨਾ ਜੋ ਤਜੰਤ।**
**ਵਹਿ ਨਾਹਿ ਕੀ ਸੇਵ ਕੋ ਨਾਹਿ ਕਰੰਤ।**
**ਯੁਨ ਜੀਰਨ ਆਉਖ ਮਾਨੁਖ ਜੋਇ।**
**ਨਿਜ ਪੁਤ੍ਰ ਅਪੀ ਸਮ ਸਤਰੁ ਵਿਲੋਇ ॥੬॥**
**ਤਿਨ ਕੇ ਦੁਰ ਬਾਇਕ ਸਾਇਕ ਸੰਗ।**
**ਉਰ ਬੇਧਤ ਭੀ ਨ ਤਜੇ ਤਿਨ ਸੰਗ।**
**ਇਤ ਰੀਤਿ ਬਿਤੀਤ ਭਈ ਸਭ ਆਉ।**
**ਨ ਅਜੇਪਿ ਤਜੈ ਨਿਜ ਮੰਦ ਸੁਭਾਉ ॥੭॥**

ਜੋ ਇਸਤ੍ਰੀ (ਜੁਆਨੀ ਸਮੇਂ ਇਕ) ਪਲ ਜਿੰਨਾਂ ਸਮਾਂ ਭੀ ਮਿਲਾਪ ਨੂੰ ਨਹੀਂ ਛੱਡਦੀ ਸੀ (ਭਾਵ ਹਰ ਸਮੇਂ ਨਾਲ ਜੁੜਕੇ ਬੈਠਦੀ ਤੇ ਇਕ ਛਿਨ ਭੀ ਵੱਖਰੀ ਨਹੀਂ ਹੋਣਾ ਚਾਹੁੰਦੀ ਸੀ)। ਉਹ ਭੀ (ਬੁਢੇਪੇ ਵਿਚ) ਪਤੀ ਦੀ ਸੇਵਾ ਨੂੰ ਨਹੀਂ ਕਰਦੀ ਹੈ।

ਫਿਰ ਬ੍ਰਿਧ ਉਮਰਾ ਵਾਲਾ ਜੋ ਮਨੁੱਖ ਹੈ, (ਉਸਦੇ) ਆਪਣੇ ਪੁੱਤ੍ਰ ਭੀ (ਉਸਨੂੰ) ਦੁਸ਼ਮਣਾਂ ਸਮਾਨ

ਵੇਖਦੇ ਹਨ ॥੬॥

ਉਨ੍ਹਾਂ ਦੇ ਬੁਰੇ ਬਚਨਾਂ ਰੂਪ ਤੀਰਾਂ ਨਾਲ (ਬੁੱਢੇ ਦੀ) ਛਾਤੀ ਵਿੰਨ੍ਹੀ ਜਾਂਦੀ ਹੈ, (ਪਰ ਫੇਰ) ਭੀ ਉਨ੍ਹਾਂ ਦਾ ਸਾਥ ਛੱਡਣਾ ਨਹੀਂ (ਚਾਹੁੰਦਾ)।

ਇਸੇ ਰੀਤੀ ਨਾਲ (ਇਸ ਦੀ) ਸਾਰੀ ਉਮਰਾ ਬੀਤ ਗਈ ਹੈ, (ਪਰ ਇਹ ਜੀਵ) ਅਜੇ ਭੀ ਆਪਣੇ ਮੰਦੇ ਸੁਭਾਵ ਨੂੰ ਛੱਡਦਾ ਨਹੀਂ ਹੈ ॥੭॥

## ਦੋਹਰਾ

**ਜਰਾ ਉਪਾਉ ਨ ਹੋ ਸਕੈ ਜਰਾ ਅਵਸਥਾ ਮਾਂਹਿ ।**
**ਭਵ ਸਾਗਰ ਕੇ ਤਰਣ ਕੋ ਤਰਣ ਅਵਸਥਾ ਆਹਿ ॥੮॥**

ਜਰਾ ਜਿੰਨਾਂ ਯਤਨ ਭੀ ਨਹੀਂ ਹੋ ਸਕਦਾ, ਬ੍ਰਿਧ ਉਮਰਾ ਵਿਚ ।
ਸੰਸਾਰ ਸਮੁੰਦਰ ਤੋਂ ਤਰਣ ਵਾਸਤੇ, ਜੁਆਨੀ ਦੀ ਉਮਰਾ (ਹੀ ਚੰਗਾ ਸਮਾ) ਹੈ ॥੮॥

## ਕਬਿੱਤ

**ਆਨਨ ਕੀ ਛਬ ਵਲੀ ਗਣੋਂ ਕਰ ਚਲੀ ਗਲੀ,**
**ਕਾਨਨ ਕੀ ਗਲੀ ਬਲ ਅੰਗੋ ਮੈ ਨ ਭਾਸ ਹੈ ।**
**ਲੋਇਨਾ ਕੇ ਮਾਂਹਿ ਕਛੂ ਲੋਇ ਨ ਪਰੈ ਸੂਛ,**
**ਰਸਨਾਂ ਮੋ ਰਸ ਨਾਸੋ ਨਾਸ ਕਲਾ ਨਾਸ ਹੈ ।**
**ਕਸ ਭਯੋ ਉਜਰ ਨ ਰਹਯੋ ਕਛੂ ਉਜਰ,**
**ਜਵਾਨੀ ਗਈ ਉਜਰ ਨ ਸਾਸ ਕੋ ਬਿਸਾਸ ਹੈ ।**
**ਤ੍ਰਿਸਨਾ ਤੇ ਅਨੰਤ ਅੰਤ ਭਯੋ ਹੈ ਸੰਘਾਤ ਸਭ,**
**ਸ਼ਾਂਤ ਭਈ ਸ਼ਾਂਤ ਨਹਿ ਸ਼ਾਂਤ ਭੋਗ ਆਸ ॥੯॥**

ਆਨਨ-ਮੂੰਹ । ਵਲੀ-ਝੁਰੜੀਆਂ । ਨਾਸ-ਨਾਸਾਂ । ਕਲਾਂ-ਸ਼ਕਤੀ । ਲੋਇਨਾ-ਅੱਖਾਂ ਲੋਇ ਚਾਨਣ, ਉਜਾਲਾ । ਭਾਸ-ਮਲੂਮ ਹੁੰਦਾ । ਉਜਲ-ਚਿੱਟੇ । ਉਜਰ-ਉਜੜ । ਅਨੰਤ-ਬੇਅੰਤ । ਸੰਘਾਤ ਇਕੱਠ ।

ਮੂੰਹ ਦੀ ਸੁੰਦਰਤਾ, ਝੁਰੜੀਆਂ ਕਰਕੇ ਟਲ (ਦੂਰ ਹੋ) ਗਈ ਹੈ, ਕੰਨਾਂ ਦੀ ਗਲੀ ਗਲ਼ ਗਈ ਹੈ (ਇਸ ਲਈ ਕੰਨਾਂ ਤੋਂ ਸੁਣੀਦਾ ਨਹੀਂ ਹੈ), ਅਤੇ (ਸਰੀਰ ਦੇ) ਅੰਗਾਂ ਵਿਚ ਭੀ ਜ਼ੋਰ ਪ੍ਰਤੀਤ ਨਹੀਂ ਹੁੰਦਾ ਹੈ ।

ਅੱਖਾਂ ਦੇ ਵਿਚ ਕੁਝ ਚਾਨਣ ਨਹੀਂ ਪੈਂਦਾ, ਜੀਭ ਵਿਚੋਂ ਰਸ ਨਾਸ ਹੋ ਗਿਆ ਹੈ ਨਾਸਾਂ ਵਿਚੋਂ

ਭੀ (ਗੰਧ) ਸ਼ਕਤੀ ਨਾਸ ਹੋ ਗਈ ਹੈ।

ਕੇਸ ਚਿੱਟੇ ਹੋ ਗਏ ਹਨ, ਕੁਝ ਚਾਰਾ ਨਹੀਂ ਰਿਹਾ ਹੈ, ਜੁਆਨੀ ਉਜੜ ਗਈ ਹੈ (ਹੁਣ) ਸੁਾਸਾਂ ਦਾ ਕੁਝ ਭਰੋਸਾ ਨਹੀਂ ਹੈ।

ਸਰੀਰ ਦੇ ਸਾਰੇ (ਇੰਦ੍ਰਿਆਂ ਦੇ) ਇਕੱਠ ਦਾ ਅੰਤ (ਖਾਤਮਾਂ) ਹੋ ਗਿਆ, (ਅਤੇ ਮਨ ਵਿਚ) ਤ੍ਰਿਸ਼ਨਾ ਬੇਅੰਤ ਹੋ ਗਈ ਹੈ, ਸ਼ਾਂਤੀ ਨਾਸ ਹੋ ਗਈ ਹੈ, (ਅਰਥਾਤ ਬੁਢੇਪੇ ਵਿਚ ਕਲਪਨਾ ਬਹੁਤ ਵਧ ਗਈ ਹੈ, ਪਰ) ਆਸਾ ਸ਼ਾਂਤ ਨਹੀਂ ਹੋਈ ਹੈ, ਅਰਥਾਤ ਬੁਢੇਪੇ ਵਿਚ:

"ਆਸਾ ਤ੍ਰਿਸਨਾ ਚਿੰਤ ਬਹੁ ਏਹ ਡਾਇਨ ਘਰ ਮਾਹਿ ॥
ਜੀਵਨ ਹਿ ਬਿਧ ਹੋਇ ਮਮ, ਰਿਦੈ ਸਿੰਮ੍ਰਿਤਿ ਕੋ ਖਾਹਿ ॥"

## ਕਬਿੱਤ

**ਤਨੁ ਬ੍ਰਿਧ ਭਏ ਤੇ ਨਾ ਬ੍ਰਿਧ ਧਈ ਭੋਗ ਇਛਾ,**
**ਮਨੁ ਮੈ ਜੋ ਭੋਗਨ ਕੀ ਕੋਟ ਮਨ ਰਤਿ ਹੈ।**
**ਸਨੇ ਸਨੇ ਉਤਥਾਨ ਲੋਕਨ ਕੀ ਦੁਤਿ ਹਾਨਿ,**
**ਮਾਨਵ ਕੋ ਬਹੁ ਮਾਨ ਹਾਨ ਭਯੋ ਅਤਿ ਹੈ।**
**ਸਖੇ ਸਮ ਵੈਸ ਵਾਰੇ ਪ੍ਰਾਣੋ ਵਤ ਜੇਈ ਤਜਾਰੇ,**
**ਕਬ ਕੇ ਪਧਾਰੇ ਨਾਕ ਦੇਖਿ ਐਸੀ ਗਤਿ ਹੈ।**
**ਅਹੋ ਅਜੇ ਨੀਚ ਨਿਜ ਮੀਚ ਬੀਚ ਹਾਂਸੀ ਭਜੇ,**
**ਜੀਵਨ ਚਹਨ ਮ੍ਰਿਤ ਜੀਵ ਨਾ ਚਹਤ ਹੈ ॥੧੦॥**

ਰਤਿ-ਪ੍ਰੀਤੀ ਹੈ। ਉਤਥਾਨ-ਉਠਣਾ। ਲੋਚਨ-ਅੱਖਾਂ। ਮਾਨਵ-ਮਨੁੱਖਾਂ। ਸਖੇ-ਮਿਤ੍ਰ। ਵੈਸ-ਉਮਰਾ। ਨਾਕ-ਸੁਰਗ। ਗਤਿ-ਹਾਲਤ, ਅਵਸਥਾ। ਮੀਚ-ਮੌਤ। ਜੀਵਨ-ਜੀਊਣਾ ਚਾਹੁੰਦਾ ਹੈ।

ਸਰੀਰ ਦੇ ਬੁੱਢਾ ਹੋ ਜਾਣ ਕਰਕੇ, ਭੋਗਾਂ ਦੀ ਇੱਛਾ ਬੁੱਢੀ ਨਹੀਂ ਹੋਈ, ਸਗੋਂ ਮਨ ਵਿਚ ਤਾਂ ਭੋਗਾਂ ਦੀ ਪ੍ਰੀਤੀ (ਅੱਗੇ ਨਾਲੋਂ) ਕ੍ਰੋੜ ਗੁਣਾਂ ਵਧ ਗਈ ਹੈ।

ਹੌਲੀ-ਹੌਲੀ (ਗੋਡਿਆਂ 'ਤੇ ਜ਼ੋਰ ਦੇ ਕੇ) ਉਠਣਾ ਹੁੰਦਾ ਹੈ, ਅੱਖਾਂ ਦਾ ਜੋਤਨਾ ਨਾਸ ਹੋ ਗਈ ਹੈ, (ਜਿਨ੍ਹਾਂ ਸੰਬੰਧੀ) ਮਨੁੱਖਾਂ ਦਾ ਬਹੁਤ ਮਾਨ (ਕਰਦਾ ਸੀ, ਉਹ) ਮਾਨ ਅਤਸੇ ਕਰਕੇ ਨਾਸ ਹੋ ਗਿਆ ਹੈ।

ਸਮਾਨ ਉਮਰਾ ਵਾਲੇ ਜੋ ਮਿਤ੍ਰ ਪ੍ਰਾਣਾਂ ਵਾਂਗੂੰ ਪਿਆਰੇ ਸਨ, ਉਹ ਕਦੇ ਦੇ ਸੁਰਗ ਨੂੰ ਚਲੇ ਗਏ ਹਨ (ਅਰਥਾਤ ਸਮਾਨ ਉਮਰਾ ਵਾਲੇ ਮਿਤ੍ਰ ਚਰੋਕਨੇ ਮਰ ਗਏ ਹਨ) ਅਜੇਹੀ ਹਾਲਤ ਦਿਸਦੀ ਹੈ।

ਹਾਇ! ਅਫਸੋਸ! ਅਜੇ (ਇਹ) ਨੀਚ (ਬੰਦਾ) ਆਪਣੀ ਮੌਤ ਵਿਚ ਹਾਸੀ ਕਰਦਾ ਹੈ ਅਥਵਾ-

### ਸੋਰਠਾ

**ਦੁਖ ਅਨੇਕ ਕੋ ਗੇਹ, ਬਿਨਾ ਬਿਬੇਕ ਬਿਬੇਕ ਕਰ ।**
**ਨਿੰਦ ਜਰਜਰੋ ਦੈਹ, ਭਯੋ ਇਤੀ ਸ੍ਰੀ ਦ੍ਵਾਦਸੋ ॥੧੧॥**

ਵਿਚਾਰ ਤੋਂ ਹੀਣੀ (ਦੇਹ) ਅਨੇਕ ਤਰ੍ਹਾਂ ਦੇ ਦੂਖਾਂ ਦਾ ਘਰ, (ਇਸ ਤਰ੍ਹਾਂ ਦੀ ਨਿੰਦਾ ਕਰਕੇ (ਵੈਰਾਗ ਕ ਦਾ) ਬਾਰ੍ਹਵਾਂ ਅਧਯਾਯ ਪੂਰਾ ਹੋ ਗਿਆ ਹੈ ॥੧੨॥

*ਇਤਿ ਬਾਹਰਵਾਂ ਅਧਯਾਯ ॥੧੨॥*

੧ੴ ਸਤਿਗੁਰ ਪ੍ਰਸਾਦਿ ॥

# ਅਥ ਤੇਰ੍ਹਵਾਂ ਅਧਯਾਯ ਅਰੰਭ

## ਦੋਹਰਾ

**ਕਹੇ ਤ੍ਰਯੋਦਸੋ ਕ੍ਰਿਪਾ ਕਰਿ ਸੰਕਰੀਨ ਉਪਦੇਸ।**
**ਸ਼ੰਕਰ ਬੀਸ ਸ਼ਲੋਕ ਕਰਿ ਜਨ ਮਨ ਨਲਨ ਦਿਨੇਸ਼ ॥੧॥**

ਸੰਕੀਰਨ–ਸਾਂਝਾ, ਮਿਲਵਾਂ, ਰਲਿਆ–ਮਿਲਿਆ। ਸ਼ੰਕਰ ਬੀਸ–(ਸ਼ੰਕਰ–ਸ਼ਿਵਜੀ ਗਿਣਤੀ ਵਿਚ ਯਾਰਾਂ ਹਨ, ਇਸ ਲਈ ਸ਼ੰਕਰ ਦਾ ਅਰਥ ਯਾਸਾਂ ਤੇ ਬੀਹ) ਇਕੱਤੀ, ੩੧। ਨਲਨ–ਕਮਲ। ਦਿਨੇਸ਼–ਸੂਰਜ।

ਇਸ ਤੇਰ੍ਹਵੇਂ ਅਧਯਾਇ ਵਿਚ (ਸਭਨਾ ਲਈ) ਸਾਂਝਾ ਉਪਦੇਸ ਕਥਨ ਕਰਦੇ ਹਾਂ।

(ਜਿਸਦੇ) ਇਕੱਤੀ ਸਲੋਕ, ਪੁਰਖਾਂ ਦੇ ਮਨ ਰੂਪ ਕਮਲ (ਨੂੰ ਖਿੜਾਉਣ ਵਾਲੇ) ਸੂਰਜ ਹਨ ॥੧॥

## *ਗੀਆ ਮਾਲਤੀ ਛੰਦ ॥*

**ਹੈ ਧਨ ਕੂਰਮ ਏਕ ਸੋ ਪਰ ਅਰਥ ਜਿੰਹ ਭਵ ਲੀਨ ਹੈ।**
**ਪ੍ਰਿਥ ਭਵਨ ਭਾਰ ਤਲੇ ਜਿਨੈ ਨਿਜ ਪ੍ਰਿਸਟ ਅੱਪਨ ਕੀਨ ਹੈ।**
**ਅਤਿ ਜਨਨ ਧ੍ਰ ਕੋ ਯੋਗ ਕੀਰਤਿ ਜਾਸ ਕੀਰਤ ਹਰਿ ਬਿਖੇ।**
**ਚਉਫੇਰ ਜਾਂ ਕੈ ਨੇਜ ਚੱਕ੍ਰ ਭਰਮੰਤ ਰੋਕਯੋ ਸਬ ਪਿਖੇ ॥੨॥**

ਕੂਰਮ–ਕਛੂ। ਪਰ ਅਰਥ–ਦੂਜਿਆ ਦੇ ਭਲੇ ਵਾਸਤੇ, ਪਰ ਉਪਕਾਰ ਲਈ। ਭਵ–ਜਨਮ। ਪ੍ਰਿਥ ਪ੍ਰਿਥਵੀ, ਧਰਤੀ। ਭਵਨ–ਲੋਕ ੧੪। ਪ੍ਰਿਸ਼ਟ–ਪਿੱਠ। ਯੋਗ–ਲਾਇਕ। ਭਰਮੰਤ–ਫਿਰਦਾ।

ਉਹ ਇਕ ਕੱਛੂ ਧੰਨ ਹੈ, ਜਿਸਨੇ ਦੂਜਿਆਂ (ਦਾ ਭਲਾ ਕਰਨ) ਵਾਸਤੇ ਜਨਮ ਲਿਆ ਹੈ। ਇਸ ਨੇ (ਸਾਰੇ) ਲੋਕਾਂ ਦੀ ਧਰਤੀ ਦੇ ਭਾਰ ਹੇਠਾਂ ਆਪਣੀ ਪਿੱਠ ਭੇਟਾ ਕਰ ਦਿੱਤੀ ਹੈ। ਫਿਰ ਧ੍ਰੂਹ ਦਾ ਜਨਮ ਭੀ ਅਤਯੰਤ ਉਪਮਾ ਦੇ ਯੋਗ ਹੈ, ਜਿਸਦਾ (ਮਨ) ਹਰੀ ਕੀਰਤੀ (ਭਗਤੀ) ਕਰਨ ਵਿਚ ਲੱਗਾ ਹੋਇਆ ਹੈ।

(ਤਾਰਿਆਂ ਦਾ) ਚੱਕ੍ਰ, ਜਿਸਦੇ ਚੁਫੇਰੇ ਟਿਕਿਆ ਹੋਯਾ (ਤੇ ਬੜੀ) ਤੇਜੀ ਨਾਲ ਭੌਂਦਾ ਹੋਇਆ ਸਭ ਕਿਸੇ ਨੇ ਵੇਖਿਆ ਹੈ ॥੨॥

**ਜਿਮ ਮਸਕ ਗੂਲਰ ਫਲ ਬਿਖੇ ਸੰਕਟ ਮਹਾਂ ਸੰਕਟ ਸਹੇ।**
**ਪੰਖ ਬਿਰਥਾ ਸੰਭਵ ਤਹਾਂ ਕੇ ਨਹਿ ਅਰਧ ਊਰਧ ਬਿਚਰਹੇ।**
**ਸੰਜਾਤ ਜਹ ਮਰਜਾਤ ਤਰ ਬ੍ਰਹਮਾਂਡ ਮਹਿ ਤਿਉਂ ਜੰਤ ਹੈਂ।**
**ਨਹਿ ਗਿਆਤ ਧਰਮਾ ਧਰਮ ਕੀ ਸੰਭੋਗ ਮੈ ਰਤਿਵੰਤ ਹੈਂ ॥੩॥**

ਮਾਸਕ-ਮੱਛਰ। ਸੰਕਟ-ਦੁਖ। ਬਿਰਥਾ-ਵਿਅਰਥ। ਸੰਭਵ-ਪੈਦਾ ਹੁੰਦੇ। ਅਰਧ-ਹੇਠਾਂ। ਊਰਧ-ਉਤਾਂਹ। ਬਿਚਰਹੇ-ਫਿਰ ਸਕਦਾ ਜਾਂ ਉਡ ਸਕਦਾ। ਸੰਜਾਤ-ਜਨਮਦਾ ਹੈ।

ਜਿਵੇਂ ਮੱਛਰ ਗੁਲਰ ਫਲ ਵਿਚ (ਪੈਦਾ ਹੋ ਕੇ) ਦੁੱਖਾਂ (ਵਿਚੋਂ ਭੀ) ਮਹਾਂ ਦੁੱਖ ਸਹਾਰਦਾ ਹੈ। ਉਸਦੇ ਖੰਭ ਬਿਅਰਥ ਪੈਦਾ ਹੁੰਦੇ ਹਨ (ਕਿਉਂਕਿ ਉਹ ਉਨ੍ਹਾਂ ਖੰਭਾਂ ਨਾਲ) ਹੇਠਾਂ ਉਤਾਂਹ ਉਡਕੇ ਫਿਰ ਨਹੀਂ ਸਕਦਾ ਹੈ, (ਕਿਉਂਕਿ ਗੁਲਰ ਫਲ ਵਿਚ ਉਸਦੇ ਉਡਣ ਜੋਗੀ ਜਗ੍ਹਾ ਹੀ ਨਹੀਂ ਹੁੰਦੀ) ਜਿਥੇ ਜੰਮਦਾ ਹੈ, ਉਥੇ ਹੀ ਮਰ ਜਾਂਦਾ ਹੈ ਤਿਵੇਂ ਹੀ ਬ੍ਰਹਿਮੰਡ ਵਿਚ ਜੀਵ ਹੈ।

(ਜਿਸ ਨੂੰ) ਧਰਮ-ਅਧਰਮ ਦੀ ਕੋਈ ਸੂਝ ਨਹੀਂ ਹੈ, ਕੇਵਲ ਭੋਗਾਂ ਦੇ ਭੋਗਣ ਦੀ ਪ੍ਰੀਤੀ ਵਾਲਾ ਹੋ ਰਿਹਾ ਹੈ, ਭਾਵੇਂ ਹੈ, ਜੀਵ ਗੁਲਰ ਦੇ ਮੱਛਰ ਵਾਂਗੂੰ ਹੈ, ਜਿਵੇਂ ਗੁਲਰ ਦਾ ਮੱਛਰ ਗੁਲਰ ਤੋਂ ਬਿਨਾਂ ਹੋਰ ਕੁਝ ਜਾਣਦਾ ਬੁੱਝਦਾ ਨਹੀਂ ਹੈ, ਇਵੇਂ ਇਨ੍ਹਾਂ ਵਿਸ਼ਟੀ ਜੀਵ ਵਿਸ਼ੈ ਭੋਗਾਂ ਤੋਂ ਬਿਨਾਂ ਹੋਰ ਕੁਝ ਧਰਮ-ਅਧਰਮ ਨਹੀਂ ਜਾਣਦਾ ਤੇ ਵਿਸ਼ਿਆਂ ਵਿਚ ਹੀ ਗਲਤਾਨ ਰਹਿੰਦਾ ਹੈ ॥੩॥

**ਪਰਮਾਰਥ ਅਰੁਸ੍ਵਾਰਥ ਦੋਵੈ ਬ੍ਰਿਤ ਪੰਖ ਸੰਜੁਤ ਜਨ ਸਬੇ।**
**ਪ੍ਰਾਰਬਧ ਕੇ ਵਸ ਸ੍ਵਾਰਥ ਕੇ ਪੁਰਖਾਰਦ ਕਰਤੇ ਸੰਦਬੇ।**
**ਜਨ ਜਹ ਲਾਗੇ ਪ੍ਰਾਨ ਤਿਆਗੇ ਇਨ ਤਿਸੇ ਨਹਿੰ ਤਜਤ ਹੈ।**
**ਸੇਵਦਿ ਮੁਕਤਿ ਨ ਬੰਧ ਨਿਜ ਅਸ੍ਰੇਯ ਕੋ ਜੜ ਭਜਤ ਹੈ ॥੪॥**

ਪਰਮਾਰਥ-(ਪਰੰ+ਅਰਥ) ਅਪਣੇ ਵਾਸਤੇ। ਸ੍ਵਾਰਥ-(ਸ੍ਵ+ਅਰਥ) ਅਪਣੇ ਵਾਸਤੇ। ਸੰਜੁਤ-ਨਾਲ ਸਮੇਤ। ਪਰੁਖਾਰਥ-ਉਦਮ। ਸੰਵੇਦ-ਭਲੀ ਪ੍ਰਕਾਰ ਜਾਣਦਾ ਹੈ।

੧. ਸਾਰੇ ਪੁਰਸ਼ ਪਰਮਾਰਥ ਅਤੇ ਸ੍ਵਾਰਥ, ਇਨ੍ਹਾਂ ਦੋਹਾਂ ਬ੍ਰਿਤੀਆਂ ਰੂਪ ਖੰਭਾਂ ਦੇ ਸੰਜੁਗਤ ਹਨ।

੨. (ਪਰ ਪੁਰਸ਼ ਆਪਣੇ ਪਰਾਰਬੱਧ ਕਰਮਾਂ ਦੇ ਵਸ ਹੋ ਕਰਕੇ, ਸ੍ਵਰਥ ਦੇ ਉਦਮ ਕਰਨ ਵਿਚ ਬੜੀ ਚੰਗੀ ਤਰ੍ਹਾਂ ਦਬੇ ਹੋਏ ਹਨ।

੩. ਜਿਥੇ ਪੁਰਸ਼ ਲਏ ਹੋਏ ਹਨ, ਪ੍ਰਾਣ ਤਿਆਗੇ ਤੋਂ ਬਿਨਾਂ ਉਸ (ਕਰਮ ਨੂੰ) ਤਿਆਗ ਦੇ ਨਹੀਂ ਹਨ (ਅਰਥਾਤ ਜਿਸ ਕਰਮ ਵਿਚ ਜਿਹੜਾ ਕੋਈ ਲੱਗਾ ਹੋਇਆ ਹੈ, ਉਹ ਮਰਨ ਤਕ ਉਸ ਕਰਮ ਨੂੰ ਛੱਡਦਾ ਨਹੀਂ ਹੈ, ਮਰਕੇ ਹੀ ਉਸ ਕਰਮ ਤੋਂ ਛੁਟਕਾਰਾ ਪਾਂਦਾ ਹੈ।

੪. ਅਪਣੇ ਮੁਕਤ ਹੋਣ ਤੇ ਬੱਝੇ ਰਹਿਣ ਦੇ ਕਰਮ ਨੂੰ ਚੰਗੀ ਤਰ੍ਹਾਂ ਜਾਣਦਾ ਹੈ, (ਪਰ ਫਿਰ ਭੀ) ਮੁਕਤ ਨਾ ਹੋਣ ਵਾਲੇ ਕਰਮਾਂ ਨੂੰ ਮੂਰਖ ਕਰਦਾ ਹੈ, (ਅਰਥਾਤ ਜਿਸ ਕਰਮ ਕਰਕੇ ਜਨਮ-ਮਰਨ ਮਿਲਦਾ

ਹੈ. ਉਨ੍ਹਾਂ ਦੋਹਾਂ ਤਰ੍ਹਾਂ ਦੇ ਕਰਮਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਪਰ ਮੂਰਖ ਫੇਰ ਭੀ ਉਨ੍ਹਾਂ ਕਰਮਾਂ ਦੇ ਕਰਨ ਵਿਚ ਲੱਗਾ ਰਹਿੰਦਾ ਹੈ ਜਿਸ ਕਰਕੇ ਮੁਕਤੀ ਨਹੀਂ ਮਿਲ ਸਕਦੀ।

### ਦੋਹਰਾ

**ਗੂਲਰ ਫਲ ਬ੍ਰਹਮੰਡ ਮੋਂ ਮੱਛਰ ਮਾਨਵ ਆਂਨ।**
**ਗਹੇ ਮੁਕਤਿ ਬਿਨ ਜਨਮ ਗਣ ਸ੍ਵਪਰ ਅਕਿੰਚਤ ਗਯਾਨ ॥੫॥**

ਗੂਲਰ ਫਲ ਰੂਪ ਬ੍ਰਹਮੰਡ ਵਿਚ ਮੱਛਰ (ਰੂਪ) ਮਨੁੱਖ ਹਨ। ਮੁਕਤਿ ਪ੍ਰਾਪਤ ਕੀਤੇ ਤੋਂ ਬਿਨਾਂ ਮਨੁੱਖ ਬਹੁਤੇ ਜਨਮ ਪਾ ਕੇ ਅਪਣੇ ਤੇ ਪਰਾਏ ਦਾ ਗਿਆਨ ਨੂੰ ਰਤੀ ਜਿਨ੍ਹਾਂ ਭੀ ਨਹੀਂ ਪਾਂਦਾ (ਅਤੇ ਪੱਥਰ ਵਾਂਗੂੰ ਸਮਾਂ ਗੁਜਾਰ ਦੇਂਦਾ ਹੈ) ॥੫॥

### ਕਬਿੱਤ

**ਵਹੀ ਜਨ ਜਨਮੇ ਕਪਾਲ ਜਾਕੇ ਉਜਲ ਕੋ,**
**ਧਾਰਯੋ ਸਮਰਾਰਿਸਿਰੇ ਊਚੌ ਅਲੰਕਾਰ ਮਾਨ।**
**ਨਾਨਦ ਅਮਾਨ ਮਾਨ ਜਾਂਕੋ ਤਨੁ ਧਨੁ ਹਾਨ,**
**ਪਰ ਕਾਨ ਹੇਤ ਹੋਤ ਵਹੀ ਜਨ ਧੰਨ ਜਾਨ।**
**ਕੇਚਿਤ ਇਦਾਨੀ ਪ੍ਰਾਨੀ ਬ੍ਰਿਥਾ ਮਨ ਮਾਨੀ ਭਏ,**
**ਅਬਲਾਦਿ ਜਾਚਕਾਨ ਕੀਨੋ ਮਾਨ ਜੋ ਮਹਾਨ।**
**ਤਾਸ ਮਾਨ ਤਾਪ ਤੇ ਪੁਮਾਨ ਕੈਸੇ ਤਪੇ ਆਪੁ,**
**ਮਾਨ ਕੇ ਸਮਨ ਸਾਪਨਾਨ ਕੋ ਨ ਕਰੇ ਮਾਨ ॥੬॥**

ਕਪਾਲ-ਸਿਰ। ਸਮਰਾਰਿ-ਸ਼ਿਵਜੀ। ਅਲੰਕਾਰ-ਗਹਿਣਾ, ਭੂਖਨ। ਇਦਾਨੀ-ਇਸ ਵੇਲੇ। ਅਬਲਾਦਿ-ਇਸਤ੍ਰੀ ਆਦਿਕ ਜਾਚਕਾਨ-ਮੰਗਤਿਆਂ। ਪੁਮਾਨ-ਪੁਰਖ।

(ਸੰਸਾਰ ਵਿਚ) ਉਹ ਪੁਰਸ਼ (ਧੰਨ) ਜਨਮੇ ਹਨ, ਜਿਨ੍ਹਾਂ ਦੇ ਪਵਿੱਤ੍ਰ ਸਿਰ ਨੂੰ ਸ਼ਿਵਜੀ ਨੇ ਗਹਿਣਾ ਰੂਪ ਮੰਨ ਕੇ ਸਿਰ ਦੇ ਉਤੇ ਧਾਰਿਆ ਹੈ, (ਅਰਥਾਤ ਜਿਨ੍ਹਾਂ ਦੇ ਸਿਰਾਂ ਦੀ ਮਾਲਾ ਬਣਾ ਕੇ ਸ਼ਿਵਜੀ ਨੇ ਪਾਈ ਹੈ)। ਪੁਨਾ ਸੰਸਾਰ ਵਿਚ) ਓਹੀ ਪੁਰਸ਼ ਧੰਨ ਜਾਣੋ, (ਜੋ) ਮਾਨ ਤੋਂ ਹੀਨਿਆਂ ਨੂੰ ਮਾਨ ਦੇਂਦੇ ਹਨ, ਅਤੇ ਜਿਨ੍ਹਾਂ ਦਾ (ਆਪਣਾ) ਮਾਨ ਸਰੀਰ ਤੇ ਧਨ ਦੂਜਿਆਂ ਦੇ ਕੰਮ (ਸੁਆਰਨ) ਵਾਸਤੇ ਨਾਸ ਹੋ ਜਾਂਦਾ ਹੈ, (ਅਰਥਾਤ ਜੋ ਪਰਾਏ ਕੰਮ ਸੁਆਰਨ ਲਈ ਆਪਣਾ ਸਰਬੰਸ ਨਾਸ ਕਰਾ ਲੈਂਦੇ ਹਨ) ਕਈ ਕੁ ਮਨੁੱਖ ਇਸ ਸਮੇਂ ਵਿਚ ਵਿਅਰਥ ਹੀ ਬਹੁਤੇ ਮਾਨ ਵਾਲੇ ਹੋ ਰਹੇ ਹਨ (ਕਿਉਂਕਿ) ਇਸਤ੍ਰੀ ਪੁਤ੍ਰ ਆਦਿਕ (ਸੰਬੰਧੀਆਂ ਤੇ) ਮੰਗਣ ਵਾਲੇ ਪੁਰਸ਼ਾਂ ਨੇ ਜੋ (ਉਨ੍ਹਾਂ ਦਾ) ਮਹਾਨ ਮਾਨ ਕੀਤਾ ਹੈ, (ਇਸ ਕਰਕੇ

ਮਹਾਂ ਮਾਨੀ ਹੋ ਰਹੇ ਹਨ)।

ਉਸ ਮਾਨ ਰੂਪ ਤਾਪ ਨਾਲ ਪੁਰਖ ਆਪ ਕਿਸ ਤਰ੍ਹਾਂ ਦੇ ਤਪੇ ਹੋਏ ਹਨ. (ਜੋ) ਮਾਨ ਦੇ ਸਮਾ ਹੀ ਅਪਮਾਨ ਦਾ ਮਾਨ ਕਰਦੇ ਹਨ (ਅਰਥਾਤ ਉਨ੍ਹਾਂ ਨੂੰ ਮਾਨ ਦਾ ਅਜਿਹਾ ਤਾਪ ਚੜ੍ਹ ਰਿਹਾ ਹੈ ਕਿ ਜੇ ਕੋਈ ਉਨ੍ਹਾਂ ਦਾ ਅਪਮਾਨ ਭੀ ਕਰਦਾ ਹੈ, ਤਾਂ ਉਹ ਅਪਮਾਨ ਨੂੰ ਭੀ ਮਾਨ ਸਮਝ ਕੇ (ਉਸ ਮਾ ਨਾਲ ਭਰੇ ਫਿਰਦੇ ਹਨ ॥੬॥

## ਦੋਹਰਾ

**ਅਹੰਕਾਰ ਤੇ ਹੋਤ ਸਭ ਕ੍ਰਿਤ ਬਰਤਾਦਿ ਫਲ ਹਾਨ ।**
**ਅਰੁ ਬਿਨੁ ਗੁਣ ਜੋ ਦਰਪ ਹੈ ਸੋ ਅਰਿ ਸਰਪ ਸਮਾਨ ॥੭॥**

ਹੰਕਾਰ ਕਰਨ ਨਾਲ (ਜਪ, ਤਪ) ਬਰਤ (ਨੇਮ, ਦਾਨ, ਪੁੰਨ ਆਦਿਕ) ਸਾਰੇ ਕਰਮਾਂ ਦਾ ਫਲ ਨਾ ਹੋ ਜਾਂਦਾ ਹੈ। (ਅਤੇ) ਗੁਣ ਤੋਂ ਬਿਨਾਂ ਜੋ (ਦਰਪ) ਹੰਕਾਰ ਕਰਨਾ ਹੈ ਉਹ ਹੰਕਾਰ ਸੱਪ ਦੇ ਸਮਾ ਵੈਰੀ ਹੈ, (ਅਰਥਾਤ ਸੁਭ ਗੁਣਾਂ ਦਾ ਹੰਕਾਰ ਕਰਨ ਨਾਲ ਗੁਣਾਂ ਦਾ ਫਲ ਨਾਸ ਹੋ ਜਾਂਦਾ ਹੈ ਪ ਜੋ ਗੁਣਾਂ ਤੋਂ ਹੀਣਾ ਹੀ ਹੰਕਾਰ ਕਰਦਾ ਹੈ, ਉਸਦਾ ਹੰਕਾਰ ਸੱਪ ਸਮਾਨ ਉਸਦੇ ਨਾਸ ਦਾ ਕਾਰਨ ਹੁੰਦ ਹੈ) ॥੭॥

## ਸੋਰਠਾ

**ਤਾਂਤੇ ਮਤੁ ਮਤਿਮਾਨ ਮਾਨ ਕਰੇ ਅਭਿਮਾਨ ਕੋ ।**
**ਗਰਭ ਸਰਬਦੁਖ ਆਨ ਸੁਖ ਅਵਾਸ ਮਦ ਨਾਸ ਹੈ ॥੮॥**

ਇਸ ਵਾਸਤੇ, ਬੁਧੀਮਾਨ ਪੁਰਸ਼ (ਆਪਣੇ ਗੁਣਾਂ ਦੇ) ਅਭਿਮਾਨ ਦਾ ਭੀ ਮਾਣ ਨ ਕਰੇ। (ਕਿਉਂਕਿ) ਹੰਕਾਰ ਸਾਰੇ ਸੁਖਾਂ ਦੀ ਖਾਨ ਹੈ, (ਜੋ) ਸੁਖਾਂ ਦੇ ਘਰ ਨੂੰ ਹੰਕਾਰ ਨਾਸ ਕਰਦਾ ਹੈ ॥੮॥

## ਕਬਿੱਤ

**ਬਲ ਕੋ ਪਤਾਲ ਤੇ ਨਿਕਾਲ ਕੇ ਨਾ ਨਾਕ ਪਠੋ,**
**ਕਾਲ ਕੇ ਨ ਨਾਸ ਕੀਨੇ ਭਵ ਰਿਪੁ ਪੀਨੋ ਹੈ ।**
**ਬਿਧੁ ਕੀ ਨ ਮੈਲ ਧੋਈ ਬਪਾਭਕੀਨ ਜੜ ਖੋਈ,**
**ਸੇਖ ਸੀਸ ਭਾਰ ਸੋ ਨ ਕਹੂੰ ਖਿਣ ਲੀਨੋ ਹੈ ।**
**ਪੌਰਖ ਨ ਕਛੂ ਕੀਨੋ ਕ੍ਰੋਧ ਅਭਿਮਾਨ ਪੀਨੋ,**
**ਬਿਰਥਾ ਮਾਨ ਲੀਨੋ ਨਰ ਨਾਗ ਸਿੰਘ ਚੀਨੋ ਹੈ ।**

**ਕੀਕਰ ਕੋ ਤਰੁ ਲਾਏ ਕੀਕਰ ਸੁ ਫਲ ਪਾਏ,**
**ਸਾਧਨ ਕੋ ਪਦ ਚਾਹੇ ਸਾਂਧਨ ਤੇ ਹੀਨੋ ਹੈ ॥੯॥**

ਨਾਕ-ਸੁਰਗ। ਭਵ-ਸੰਸਾਰ। ਰਿਪੁ-ਵੈਰੀ, ਦੁਸ਼ਮਣ, ਪੀਨੇ-ਤਕੜਾ, ਬਲਵਾਨ। ਬਿਧੁ ਚੰਦ੍ਰਮਾ। ਬਿਆਧਿ-ਰੋਗਾਂ। ਪੌਰਖ-ਬਲ। ਨਾਗੇ-ਹਾਥੀ। ਸਿੰਘ-ਸ਼ੇਰ। ਸਾਧਨ-ਸਾਧਾਂ ਸੰਤਾਂ

ਬਲ ਰਾਜੇ ਨੂੰ ਪਤਾਲ ਵਿਚੋਂ ਕੱਢਕੇ (ਕਿਸੇ ਨੇ) ਸੁਰਗ ਵਿਚ ਨਹੀਂ ਭੇਜਿਆ ਹੈ, ਅਤੇ (ਉਸ) ਕਾਲ ਦਾ (ਕਿਸੇ ਨੇ ਭੀ) ਨਾਸ ਨਹੀਂ ਕੀਤਾ (ਜੋ ਸਾਰੇ) ਸੰਸਾਰ ਦਾ ਬਲਵਾਨ ਸ਼ਤਰੂ ਹੈ।

ਚੰਦ੍ਰਮਾਂ ਦੇ (ਮੂੰਹ ਦੀ) ਕਾਲਕ (ਕਿਸੇ ਨੇ ਭੀ) ਧੋਤੀ ਨਹੀਂ ਹੈ, (ਸੰਸਾਰ ਉਤੋਂ) ਰੋਗਾਂ ਦੀ ਜੜ ਭੀ ਕਿਸੇ ਨੇ ਨਾਸ ਨਹੀਂ ਕੀਤੀ ਹੈ, ਅਤੇ ਸ਼ੇਸ਼ਨਾਗ ਦੇ ਸਿਰ (ਉਪਰਲੇ) ਭਾਰ ਨੂੰ ਕਿਸੇ ਨੇ ਇਕ ਛਿਨ ਜਿੰਨਾਂ ਸਮਾਂ ਭੀ ਆਪਣੇ ਸਿਰ ਉਤੇ ਨਹੀਂ ਲਿਆ ਹੈ।

ਜ਼ੋਰ ਕਾ ਕੰਮ ਕਿਸੇ ਨੇ ਕੁਝ ਭੀ ਨਹੀਂ ਕੀਤਾ ਹੈ, ਅਤੇ ਕ੍ਰੋਧ ਤੇ ਅਭਿਮਾਨ ਬੜਾ ਭਾਰੀ ਧਾਰਿਆ ਹੋਇਆ ਹੈ, ਪੁਰਸ਼ਾਂ ਨੇ ਬਿਰਥਾ ਹੀ ਮਾਨ (ਹਿਰਦੇ ਵਿਚ ਧਾਰ) ਲਿਆ ਹੋਯਾ ਹੈ, (ਜਿਸ ਕਰਕੇ) ਪੁਰਖ (ਨੇ ਆਪ ਨੂੰ) ਹਾਥੀ ਤੇ ਸ਼ੇਰ (ਰੂਪ) ਜਾਨ ਲਿਆ ਹੈ।

(ਜੋ ਪੁਰਸ਼) ਕਿੱਕਰ ਦਾ ਦਰੱਖਤ ਲਾਏਗਾ ਉਹ ਕਿੱਕਰ ਦਾ ਹੀ ਫਲ ਖਾਏਗਾ, (ਉਸਨੂੰ ਕੇਲਾ ਖਾਣ ਨੂੰ ਨਹੀਂ ਮਿਲਣ ਲੱਗਾ, ਪਰ ਸਮ ਦਮ ਆਦਿਕ) ਸਾਧਨਾਂ ਤੋਂ ਹੀਨਾ ਪੁਰਸ਼ ਸਾਧਾਂ ਦੀ ਪਦਵੀ ਚਾਹੁੰਦਾ ਹੈ, (ਜੋ ਉਸਨੂੰ ਕਦੇ ਭੀ ਨਹੀਂ ਮਿਲੇਗੀ) ॥੯॥

### ਸ੍ਵੈਯਾ

**ਰਮਣੀਕ ਮਯੰਕ ਕੀਆ ਕਿਰਣਾਂ,**
**ਕਲਿ ਭੂਮ ਬਨਾਂਤ ਹਰੇ ਤ੍ਰਿਣ ਵਾਰੀ।**
**ਸਤ ਸੰਗਤਿ ਸੁੰਦਰ ਚਾਰ ਸਤੋ,**
**ਸੁਖ ਮੰਜ ਨਿਬੰਧ ਤਥਾਂਮ੍ਰਿਤ ਭਾਰੀ।**
**ਰੁਠ ਸੋ ਉਠ ਕੇ ਲਵ ਲੋਕਨ ਤੇ ਸੁਠ,**
**ਤਾਂ ਮਿਲ ਨਾਂਰਿ ਮੁਖਾਂਬੁਜ ਕਾਰੀ।**
**ਰਮਨੀਯ ਸਬੀ ਚਿਤ ਸ਼ਾਂਤਿ ਜਬੀ ਨ,**
**ਰਮਣੀਯ ਤਬੀ ਨ ਕਿਛੂ ਨਿਰ ਧਾਰੀ ॥੧੦॥**

ਮਯੰਕ-ਚੰਦ੍ਰਮਾਂ। ਕਲਿ-ਸੁੰਦਰ। ਬਨਾਂਤ-(ਬਨ+ਅੰਤ) ਜੰਗਲ ਦੇ ਅੰਤ। ਮੰਜ-ਪਵਿੱਤ੍ਰ। ਨਿਬੰਧ ਧਾਰਮਿਕ ਗ੍ਰੰਥ। ਤਥਾਂਮ੍ਰਿਤ-(ਤਥਾ+ਅੰਮ੍ਰਿਤ) ਤਸੇ ਅੰਮ੍ਰਿਤ ਵਾ ਮਿੱਠਾ। ਰੁਠ-ਰੁਸਨਾ। ਲਵ-ਆਂਸੂ ਦੀ ਬੂੰਦ। ਲੋਚਨ-ਨੈਨ। ਸੁਠ-ਸੁੰਦਰ। ਮੁਖਾਂਬੁਜ-ਮੁਖ ਕਮਲ। ਰਮਨੀਯ-ਸੁੰਦਰ। ਰਮਣੀਯ-ਸੁੰਦਰ

ਚੰਦ੍ਰਮਾਂ ਦੀਆਂ ਕਿਰਣਾਂ (ਬੜੀਆਂ ਠੰਡੀਆਂ ਤੇ) ਸੁੰਦਰ ਹਨ, ਬਨ ਦੇ ਅੰਤ ਤੇ ਹਰੇ-ਹਰੇ ਘਾਹ ਵਾਲੀ ਧਰਤੀ ਬੜੀ ਸੁੰਦਰ ਹੈ (ਉਹ ਧਰਤੀ ਜਿਥੋਂ ਜੰਗਲ ਪੁੱਟ ਕੇ, ਜਗ੍ਹਾ ਪੱਧਰੀ ਕਰਕੇ ਤੇ ਖਬਲ ਘਾਹ ਲਾ ਕੇ ਸੁੰਦਰ-ਸੁੰਦਰ ਕਿਤੇ ਬਣਾਏ ਹੋਏ ਹਨ)। ਸੰਤਾਂ ਦੀ ਸੰਗਤ ਬੜੀ ਸੁੰਦਰ ਹੈ, ਜਿਥੇ ਸੁੰਦਰ ਸਤੋ ਗੁਣ ਪਵਿੱਤ੍ਰ ਸੁਖ ਦੇਣ ਵਾਲਾ ਹੈ, ਅਤੇ ਜਿਥੇ ਧਾਰਮਿਕ ਗ੍ਰੰਥਾਂ ਦੀ ਕਥਾ ਰੂਪ ਅੰਮ੍ਰਿਤਧਾਰੀ ਰਸ ਦਾਈ ਹੈ।

ਰਸੁ ਜਾਨ ਨਾਲ (ਇਸਤ੍ਰੀ ਦੇ) ਨੈਨਾਂ ਵਿਚ (ਜੋ) ਆਂਸੂ ਦੀ ਬੂੰਦ (ਉਠ ਕੇ) ਛਲ ਛਲਾ ਰਹੀ ਹੈ, (ਉਹ (ਕਾਲੇ ਸੁਰਮੇ ਨਾਲ ਮਿਲੀ ਹੋਣ ਕਰਕੇ ਬੂੰਦ ਬੜੀ) ਸੁੰਦਰ (ਭਾਸਦੀ ਹੈ, ਅਤੇ ਉਸ ਨਾਲ ਮਿਲ ਕੇ ਇਸਤ੍ਰੀ ਦੇ ਮੁਖ ਕਮਲ ਤੇ ਕਾਲੀ (ਜੇਹੀ ਲੀਕ ਪੈ ਗਈ ਹੈ, ਜੋ ਬਹੁਤ ਸੁੰਦਰ ਪ੍ਰਤੀਤ ਹੋ ਰਹੀ ਹੈ)।

(ਇਹ) ਸਾਰੀਆਂ (ਵਸਤਾਂ) ਤਦੋਂ ਤਕ ਹੀ ਸੁੰਦਰ ਹਨ, ਜਦੋਂ ਤਕ ਚਿਤ-ਸ਼ਾਂਤ ਨਹੀਂ ਹੈ, ਪਰ ਜਦੋਂ ਚਿਤ ਸ਼ਾਂਤ ਹੋ ਗਿਆ ਤਾਂ ਫਿਰ ਸੁੰਦਰ ਤੇ ਕੋਝੇ ਦਾ ਨਿਰਣਾ ਨਹੀਂ ਕਰਦਾ ਹੈ, (ਅਰਥਾਤ ਆਤਮ ਵਿਚਾਰ ਬਿਨ ਸ਼ਾਂਤੀ ਨਹੀਂ ਹੁੰਦੀ, ਤਦ ਹੀ ਬਾਹਰਲੇ ਪਦਾਰਥਾਂ ਦੀ ਸੋਭਾ-ਕੁਸੋਭਾ ਦਿਸਦੀ ਹੈ, ਜਦ ਆਤਮ ਵਿਚਾਰ ਆ ਗਈ ਤਾਂ ਫਿਰ ਕੋਈ ਭੀ ਕੁਸ਼ੋਭਾ ਰੂਪ ਨਹੀਂ ਦਿਸਦੀ, ਸਭ ਕੁਝ ਆਪਣਾ ਹੀ ਦਿਸਦਾ ਹੈ, ਭੇਦ ਬੁਧੀ ਦੂਰ ਹੋ ਜਾਂਦੀ ਹੈ, ਜਿਵੇਂ ਸੁਨਿਆਰੇ ਨੂੰ ਸਭ ਵਸਤਾਂ ਸੋਨਾ ਹੀ ਸੋਨਾ ਦਿਸਦੀਆਂ ਹਨ, ਕੜੇ ਕੈਂਠੇ ਦਾ ਗਿਆਨ ਉਸ ਨੂੰ ਨਹੀਂ ਹੁੰਦਾ, ਇਸੇ ਤਰ੍ਹਾਂ ਆਤਮ ਗਿਆਨੀ ਨੂੰ ਚਿਤ-ਸ਼ਾਂਤ ਪਦ ਦੀ ਪ੍ਰਾਪਤ ਹੋ ਜਾਣ ਕਰਕੇ ਸਭ ਰੂਪਾਂ ਵਿਚ ਅਪਣਾ ਆਪ ਹੀ ਭਾਸਦਾ ਹੈ) ॥੧੦॥

### ਦੋਹਰਾ

## ਦੁਖ ਆਨੰਦ ਅਰੁ ਮਿਤ੍ਰਅਰਿ ਪੁਨਾ ਸਰੂਪ ਕਰੂਪ।
## ਦ੍ਵੰਧ ਵਾਦ ਪਰਮਾਦਮੋ ਅਪ੍ਰਮਾਦ ਸ਼ਿਵਰੂਪ ॥੧੧॥

ਦੁਖ ਤੇ ਅਨੰਦ, ਮਿਤ੍ਰ ਤੇ ਦੁਸ਼ਮਣ, ਫਿਰ ਸੁੰਦਰ ਰੂਪ ਤੇ ਕੋਝਾ ਰੂਪ।

ਇਹ ਦ੍ਵੰਧ ਭਾਵ ਅਗਿਆਨ ਵਿਚ ਹੈ (ਜਦ) ਅਗਿਆਨ ਨਾ (ਰਹੇ, ਤਦ ਫਿਰ ਸਭ ਕੁਝ) ਸ਼ਿਵ ਰੂਪ (ਦਿਸਦਾ ਹੈ) ॥੧੧॥

### ਸੋਰਠਾ

## ਨਿਜ ਕੁਖ ਪੋਖਨ ਕਾਮ, ਤੁਲ ਕੁਲ ਦੀਨ ਕਬੀ ਨ ਹੁਇ।
## ਜਾਚੇ ਬਨ ਵਾ ਗ੍ਰਾਨ ਮਾਨੀ ਪ੍ਰਾਨੀ ਧੰਨ ਵਹੁ ॥੧੨॥

(ਜੋ) ਆਪਣਾ ਪੇਟ ਭਰਨ ਦੇ ਵਾਸਤੇ, ਸਮਾਨ ਕੁਲ ਵਾਲੇ ਪੁਰਸ਼ ਅੱਗੇ ਕਦੇ ਭੀ ਨਹੀਂ ਹੁੰਦਾ ਹੈ। ਬਨ ਵਿਚੋਂ ਜਾਂ ਪਿੰਡ ਵਿਚੋਂ ਮੰਗ ਕੇ ਖਾ ਲੈਂਦਾ ਹੈ, ਉਹ ਮਾਨਧਾਰੀ ਪੁਰਸ਼ ਧੰਨ ਹੈ ॥੧੨॥

### ਸ੍ਵੈਯਾ

**ਬਨ ਗ੍ਰਾਮਨੀ ਮੌ ਢਕਪਾਲੀ ਕਪਾਲੀ,**
**ਸਿਤਾਂਦਰ ਸੋ ਗਹੇ ਭੀਖ ਸੁਤੰਤਰ।**
**ਜਿਹ ਧਾਮਨ ਮੋ ਬਰ ਬ੍ਰਾਮਨ ਹੋਮੰਤ,**
**ਆਜਤਿਲਾਦਿ ਪਰਜਾਰ ਬਸੰਤਰ**
**ਤਿਹ ਹੋਮ ਕੇ ਧੂੰਮ ਸੋ ਮੰਦਰ ਕੋ ਲਖ,**
**ਧੂਸਰ ਅੰਤਰ ਭਾਗ ਨਿਰੰਤਰ।**
**ਵਿਚਰੋ ਸੁ ਪ੍ਰਸਾਦਿ ਪ੍ਰਸਾਦ ਵਿਖੇ,**
**ਭਖਾਦਿ ਪਰਸਾਦਿ ਭਖੇ ਪਰਤੰਤਰ॥੧੩॥**

ਗ੍ਰਮਾਨ-ਸਮੂਹ, ਝੁੰਡ। ਕਪਾਲੀ-ਡੋਨਾ। ਸਿਤਾਂਬਰ-ਭਿਖੂ। ਪਰਜਾਰ-ਬਲਦੀ ਹੋਈ, ਬਸੰਤਰ-ਅੱਗ। ਧੂਸਰ-ਧੂੰਏ ਰੰਗਾ। ਪ੍ਰਸਾਦ-ਘਰ। ਪਰਸਾਦਿ-ਭੋਜਨ ਭਖੇ-ਖਾਏ।

ਬਨ ਵਿਚ (ਜੋ) ਢਕ ਪਲਾਹ (ਦੇ ਦਰੱਖਤਾਂ ਦਾ) ਝੁੰਡ ਹੈ, ਉਸਦੇ ਪੱਤਰਾਂ ਦਾ) ਡੋਨਾ ਬਣਾਵੇ ਅਤੇ ਭਿਖੂ ਸਾਧੂ ਉਸਨੂੰ ਫੜਕੇ ਸੁਤੰਤ੍ਰ ਭਿਖਿਆ ਮੰਗ ਲਿਆਵੇ।

ਜਿਨ੍ਹਾਂ ਘਰਾਂ ਵਿਚ ਸ੍ਰੇਸ਼ਟ ਬ੍ਰਾਹਮਣ ਜੌਂ, ਤਿਲ ਆਦਿਕ ਅੰਨ ਨੂੰ ਪ੍ਰਚੰਡ ਅਗਨੀ ਵਿਚ ਹੋਮ ਕਰਦਾ ਹੋਵੇ।

ਉਸ ਹੋਮ ਦੇ ਧੂੰਏਂ ਨਾਲ, ਜਿਸ ਮਕਾਨ ਨੂੰ ਅੰਦਰਲੇ ਹਿੱਸੇ ਵਿਚ ਇਕ ਸਾਰ ਧੂੰਏਂ ਰੰਗਾ ਹੋਯਾ ਜਾਣ ਲਵੇ।

ਉਸ ਤਰ੍ਹਾਂ ਦੇ ਘਰ-ਘਰ ਵਿਚ (ਭਿਖਯਾ ਮੰਗਣ ਲਈ) ਫਿਰੇ, ਅਤੇ ਪਰਾਏ ਦੇ ਪਾਸੋਂ ਖਾਣ ਯੋਗ ਭੋਜਨ ਨੂੰ ਲੈ ਕੇ ਖਾਵੇ॥੧੩॥

### ਸੋਰਠਾ

**ਜੋ ਜਨ ਮਾਨੀ ਆਹਿ, ਭੋਜਨ ਭਿਖਯਾ ਕੋ ਕਰੇ।**
**ਬਾਇਕ ਸਾਇਕ ਨਾਹਿ, ਸਹੇ ਸਜਾਤੀ ਜਨੋ ਕੇ॥੧੪॥**

ਜੇ ਪੁਰਸ਼ ਮਾਨਧਾਰੀ ਹੈ, ਉਹ ਭਿਖਯਾ ਦੇ ਅੰਨ ਦਾ ਭੋਜਨ ਕਰ ਲਵੇ। (ਪਰ) ਆਪਣੀ ਜਾਤ ਵਾਲੇ ਪੁਰਸ਼ਾਂ ਦੇ ਤੀਰਾਂ ਵਰਗੇ ਬਚਨਾਂ ਨੂੰ ਨਾ ਸਹਾਰੇ (ਅਰਥਾਤ ਸਰੀਕਾਂ ਦੀਆਂ ਗੱਲਾਂ ਕਰਾਉਣ ਨਾਲੋਂ ਮੰਗ ਕੇ ਖਾਣਾ ਉਤਮ ਹੈ)॥੧੪॥

### ਦੋਹਰਾ

## ਜਿਸ ਅਬਰੀਕੇ ਖੰਡ ਕਰਿ ਨਿਸ ਮੈ ਸੋਮ ਬਤੀਤ।
## ਤਿਸੇ ਖੰਡ ਕਰ ਪੁਨ ਦਿਨੇ ਮਾਰਤੰਡ ਸੰਵੀਤ ॥੧੫॥

ਜਿਸ ਅਕਾਸ਼ ਨੂੰ ਖੰਡ ਕਰਕੇ ਰਾਤ ਨੂੰ ਚੰਦਰਮਾਂ ਬੀਤ (ਛੁਪ) ਜਾਂਦਾ ਹੈ। ਉਸੇ ਨੂੰ ਖੰਡ ਕਰਕੇ ਸੂਰਜ ਅਸਤ ਹੁੰਦਾ ਹੈ ॥੧੫॥

### ਦੋਹਰਾ

## ਅਦਭੁਤ ਦੁਰਜਤ ਦੁਹਨ ਕੀ ਭ੍ਰਮਤ ਸਰਬਦਾ ਜੋਇ।
## ਚਤੁਰ ਹੇਤੁ ਯਾਂਮੈ ਕਹੇ ਲਹੇ ਚਤੁਰ ਨਰ ਕੋਇ ॥੧੬॥

ਇਹਨਾਂ ਦੋਹਾਂ ਚੰਦਰਮਾਂ-ਸੂਰਜ) ਦੀ ਬੜੀ ਅਚਰਜ ਤੇ ਬੁਰੀ ਗਤੀ ਹੈ, ਜੋ ਹਮੇਸ਼ਾ ਹੀ ਭੌਂਦੇ ਰਹਿੰਦੇ ਹਨ।

ਇਸ ਵਿਚ ਚਾਰ ਕਾਰਣ ਕਹੇ ਜਾਂਦੇ ਹਨ ਜਿਹਨਾਂ ਨੂੰ ਸਿਆਣਾ ਪੁਰਸ਼ ਹੀ ਜਾਣਦਾ ਹੈ ॥੧੬॥

### ਦੋਹਰਾ

## ਕੈਧੌ ਕਰਮ ਵਿਪਾਕ ਕੋ ਵਿਧੁ ਦਿਨ ਮਣਿ ਭੋਗੰਤ।
## ਬਿਨੁ ਭੋਗੇ ਭਾਗੇ ਨਹੀਂ ਕਰਮ ਗਤੀ ਬਲਵੰਤ ॥੧੭॥

ਜਾਂ ਤਾਂ (ਕਿਸੇ) ਕਰਮਾਂ ਦੇ ਫਲ ਨੂੰ ਚੰਦਰਮਾਂ ਤੇ ਸੂਰਜ ਭੋਗਦੇ ਹਨ। (ਕਿਉਂਕਿ) ਭੋਗ ਤੋਂ ਬਿਨਾਂ ਨਾਸ ਨਹੀਂ ਹੁੰਦੇ, ਕਰਮਾਂ ਦੀ ਗਤੀ ਬੜੀ ਬਲਵਾਨ ਹੈ (ਇਸੇ ਤਰ੍ਹਾਂ ਸ੍ਰੁਤੀ ਵਚਨ ਹੈ। ਯਥਾ— 'ਅਵਸ਼ਯ ਮੇਵ ਭੁਕਤਬਯੰ ਕ੍ਰਿਤਾ ਕਰਮ ਸੁਭਾ ਸੁਭੰ" ॥੧੭॥

### ਦੋਹਰਾ

## ਕੈ ਹਰਿ ਮਯ ਲਖ ਜਗਤ ਕੋ ਸੇਵ ਕਰਹਿ ਦੁਇ ਦੇਵ।
## ਕਿਧੌ ਹਰੀ ਆਗਿਆ ਕਰੀ ਭਾਵ ਮਰਯਾਦ ਹਿਤ ਏਵ ॥੧੮॥

ਜਾਂ ਜਗਤ ਨੂੰ ਹਰੀ ਰੂਪ ਜਾਣਕੇ, ਦੋਵੇਂ ਦੇਵਤੇ (ਚੰਦ੍ਰਮਾਂ ਤੇ ਸੂਰਜ) (ਜਗਤ ਦੀ) ਸੇਵਾ ਕਰਦੇ ਹਨ, ਚੰਦਰਮਾਂ ਖੇਤੀਆਂ ਵਿਚ ਰਸ ਪਾਂਦਾ ਤੇ ਰੋਸ਼ਨੀ ਕਰਦਾ ਹੈ ਤੇ ਸੂਰਜ ਖੇਤੀਆਂ ਨੂੰ ਪਕਾਂਦਾ ਤੇ ਰੋਸ਼ਨੀ ਕਰਦਾ ਹੈ ਇਸੇ ਤਰ੍ਹਾਂ ਜਗਤ ਨੂੰ ਤੁਸੀਂ ਭੀ ਹਰੀ ਰੂਪ ਜਾਣ ਕਰਕੇ ਇਸ ਦੀ ਸੇਵਾ ਕਰੋ।

ਅਥਵਾ ਹਰੀ ਨੇ ਇਹਨਾਂ ਨੂੰ (ਉਦੈ-ਅਸਤ ਹੋਣ ਦੀ) ਆਗਿਆ ਕੀਤੀ ਹੋਈ ਹੈ। (ਯਾਂਤੇ ਇਨ੍ਹਾਂ ਨੇ) ਸੰਸਾਰ ਦੀ ਮਰਯਾਦਾ ਵਾਸਤੇ ਉਸਨੂੰ ਅੰਗੀਕਾਰ ਕਰ ਲਿਆ ਹੋਇਆ ਹੈ) ਇਵੇਂ (ਤੁਸੀਂ ਭੀ ਆਗਿਆ ਦਾ ਪਾਲਣ ਕਰੋ) ॥੧੮॥

### ਦੋਹਰਾ

**ਅਥਵਾ ਸੰਤ ਜਨਾਨ ਕੇ ਲਖਣ ਕੇ ਦਰਸੰਤ ।**
**ਹੇਰ ਸ਼ੁਭਾ ਸ਼ੁਭ ਲੋਕ ਗਤਿ ਹੈ ਅਸੰਗਾ ਵਿਚਰੰਤ ॥੧੯॥**

ਅਥਵਾ, (ਚੰਦਰਮਾਂ ਤੇ ਸੂਰਜ) ਸੰਤ ਜਨਾਂ ਦੇ ਲੱਛਨਾਂ ਨੂੰ ਦਰਸਾਉਂਦੇ ਹਨ (ਕਿ) ਲੋਕਾਂ ਦੀ ਭਲੀ-ਬੁਰੀ ਹਾਲਤ ਨੂੰ ਵੇਖਕੇ (ਭੀ ਉਸ ਤੋਂ) ਅਸੰਗ ਹੋ ਕੇ ਵਿਚਰਦੇ ਹਨ (ਅਰਥਾਤ ਸੂਰਜ ਦਿਨ ਸਭ ਦੇ ਚੰਗੇ-ਮੰਦੇ ਕਰਮ ਵੇਖਦਾ ਹੈ ਪਰ ਕਿਸੇ ਨਾਲ ਵਾਸਤਾ ਨਹੀਂ ਰੱਖਦਾ, ਚੰਗੀ-ਮੰਦੀ ਜਗਾ ਤੋਂ ਗੁਜਰਦਾ ਹੋਇਆ ਭੀ ਚੰਗਿਆਈ ਮੰਦਿਆਈ ਨੂੰ ਅੰਗੀਕਾਰ ਨਹੀਂ ਕਰਦਾ, ਇਸੇ ਤਰ੍ਹਾਂ ਚੰਦਰਮਾਂ ਰਾਤ ਨੂੰ ਸਭ ਦੇ ਭਲੇ-ਬੁਰੇ ਕਰਮ ਦੇਖਦਾ ਹੋਇਆ ਭੀ ਸਭ ਤੋਂ ਨਿਰਲੇਪ ਤੇ ਅਸੰਗ ਰਹਿੰਦਾ ਹੈ, ਇਸੇ ਤਰ੍ਹਾਂ ਹੀ ਸੰਤਾਂ ਨੂੰ ਰਹਿਣਾ ਚਾਹੀਦਾ ਹੈ) ॥੧੯॥

### ਦੋਹਰਾ

**ਤਜਹਿ ਆਪਦਾ ਮਾਹਿ ਭੀ ਨਹਿ ਨਿਜਾਪਦਾ ਗਿਆਨ ।**
**ਸੂਚਕ ਗੁਣ ਮੁਕਤ ਨ ਕੇ ਚੰਦ੍ਰ ਭਾਨ ਗਤਿ ਮਾਨ ॥੨੦॥**

ਆਪ ਦਾ-ਬਿਪਤਾ ਦੇ ਸਮੇਂ । ਸੂਚਕ-ਜ਼ਾਹਰ ਕਰਨਾ । ਮੁਕਤਾਨ-ਮੁਕਤ ਪੁਰਸ਼ਾਂ ।

ਬਿਪਤਾ ਸਮੇਂ ਵਿਚ ਆਪਣੇ ਆਪ ਦਾ ਗਿਆਨ ਨਹੀਂ ਤਿਆਗਦੇ ਹਨ ਜਿਸ ਤਰ੍ਹਾਂ ਗ੍ਰਹਿਨਾਵਸਥਾ ਵਿਚ ਭੀ ਚੰਦ੍ਰਮਾਂ ਸੂਰਜ ਉਦਯ-ਅਸਤ ਰੂਪ ਕਰਮ ਨਹੀਂ ਛਡਦੇ ਹਨ) ਮੁਕਤ ਪੁਰਸ਼ਾਂ ਦੇ ਗੁਣ ਜਣਾਉਣ ਵਾਸਤੇ ਹੀ ਚੰਦਰਮਾਂ ਤੇ ਸੂਰਜ ਦੀ ਗਤੀ ਮੰਨਣੀ ਚਾਹੀਦੀ ਹੈ ॥੨੦॥

### ਦੋਹਰਾ

**ਤਾਂਹਿ ਗਤਾ ਗਤ ਕੋ ਕਹਤ ਦੁਰਮਤਿ ਦੁਰਮਤਿ ਵੰਤ ।**
**ਪ੍ਰਾਕ ਉਕਤ ਚਹੂ ਹੇਤੁ ਕੋ ਜੇ ਨ ਜਾਣਤੇ ਜੰਤ ॥੨੧॥**

ਉਹ ਖੋਟੀ ਬੁੱਧੀ ਵਾਲੇ ਪੁਰਸ਼ ਉਸ ਚੰਦ ਸੂਰਜ ਦੀ ਚੜ੍ਹਨ-ਉਤਰਨ ਵਾਲੀ ਔਣ-ਜਾਣ ਦੀ ਅਵਸਥਾ ਨੂੰ ਬੁਰੀ ਦਸ਼ਾ ਆਖਦੇ ਹਨ ।

ਪਹਲੇ ਉਪਰ ਦੱਸੇ ਹੋਏ ਚੌਹਾਂ ਕਾਰਣਾਂ ਨੂੰ ਜਿਹੜੇ ਜੀਵ ਨਹੀਂ ਜਾਣਦੇ ॥੨੧॥

### ਦੋਹਰਾ

**ਹਰੇ ਤ੍ਰਿਖਾ ਵੈਰਾਗ ਤਬ, ਧਰੇ ਵਿਵੇਕ ਵਿਕਾਸ ।**
**ਤੁੰਗ ਭੋਗ ਸੰਜੋਗ ਕਰ ਹੋਤ ਨ ਤ੍ਰਿਸ਼ਨਾ ਨਾਸ ॥੨੨॥**

ਵੈਰਾਗ ਉਸ ਵੇਲੇ ਤ੍ਰਿਸ਼ਨਾ ਦਾ ਨਾਸ ਕਰਦਾ ਹੈ, ਜਦੋਂ ਵਿਵੇਕ ਦਾ ਵਿਕਾਸ (ਸਾਥ) ਧਾਰਦਾ

ਹੈ । ਬਹੁਤੇ ਭੋਗਾਂ ਦੇ ਸੰਜੋਗ ਕਰਕੇ ਭੀ ਤ੍ਰਿਸ਼ਨਾ ਦਾ ਨਾਸ ਨਹੀਂ ਹੁੰਦਾ ਹੈ ॥੨੨॥

### ਦੋਹਰਾ

**ਪ੍ਰਤਿ ਦਿਨ ਬ੍ਰਿਧ ਤ੍ਰਿਸ਼ਨਾ ਭਵਤ ਜਿਵੇਂ ਕ੍ਰਿਸਾਨ ਘ੍ਰਿਤ ਸੰਗ ॥**
**ਯਥਾ ਵਿਵੇਕੀ ਕੇ ਉਰੇ ਵਿਦਯਾ ਬ੍ਰਿਧ ਅਭੰਗ ॥੨੩॥**

(ਪਦਾਰਥਾਂ ਦੇ ਭੋਗਨ ਕਰਕੇ) ਹਰ ਰੋਜ਼ ਤ੍ਰਿਸ਼ਨਾ (ਇਉਂ) ਵਧੀਕ ਹੁੰਦੀ ਹੈ, ਜਿਵੇਂ ਘਿਉ ਦੇ ਸੰਗ ਕਰਕੇ ਅੱਗ ਵਧਦੀ ਹੈ ।

ਅਤੇ ਜਿਸ ਤਰ੍ਹਾਂ ਵਿਵੇਕੀ (ਪੁਰਸ਼) ਦੇ ਹਿਰਦੇ ਵਿਚ ਨਾਸ ਨਾ ਹੋਣ ਵਾਲੀ ਵਿਦਯਾ (ਬ੍ਰਹਮ ਵਿਦਯਾ) ਵਧਦੀ ਹੈ ॥੨੩॥

### ਦੋਹਰਾ

**ਜਰਾ ਸਹਤ ਜੀਰਨ ਲਖੀ ਅਪਨੀ ਸਕ੍ਰਵਿਭੂਤ ।**
**ਦੁਖੀ ਭਯੋ ਮਨ ਮਾਹਿ ਤਬ ਤਾਹਿ ਬਿਨਾ ਪੁਰ ਪੂਤ ॥੨੪॥**

ਜਰਾ-ਰਾਖਸ਼ ਦਾ ਨਾਮ ਹੈ । ਸਕ੍ਰ-ਇੰਦ੍ਰ । ਪੁਰਪੂਤ-ਇੰਦ੍ਰ ।

(ਜਦ) ਇੰਦਰ ਨੂੰ ਜਰਾ (ਰਾਖਸ਼) ਨਾਲ (ਜੀਰਨ) ਨਾਸ ਹੁੰਦੀ ਹੋਈ, ਆਪਣੀ ਸੰਪਦਾ ਜਾਨ ਲਈ। ਤਦ ਉਸ ਸੰਪਦਾਂ ਤੋਂ ਬਿਨਾਂ ਹੋ ਕੇ ਇੰਦਰ ਮਨ ਵਿਚ ਬੜਾ ਹੀ ਦੁਖੀ ਹੋ ਗਿਆ ॥੨੪॥

### ਦੋਹਰਾ

**ਨਸ਼ਟ ਵਿਭਵ ਭਵ ਦੁਸਹ ਦੁਖ ਤਜ ਨਹਿ ਸਕੇ ਸੁਰੇਸ ॥**
**ਬਿਸਨ ਆਦਿ ਕੀ ਕ੍ਰਿਪਾ ਕੋ ਪਾਤਰ ਭਯੋ ਅਮਰੇਸ ॥੨੫॥**

ਵਿਭਵ-ਸੰਪਦਾ । ਸੁਰੇਸ, ਅਮਰੇਸ-ਇੰਦਰ ।

ਸੰਪਦਾ ਦਾ ਨਾਸ ਹੋ ਜਾਣਾ, ਸੰਸਾਰ ਵਿਚ ਨਾ ਸਹਾਰੇ ਜਾਣ ਵਾਲਾ ਦੁੱਖ ਹੈ । (ਇਸਨੂੰ ਇੰਦਰ ਭੀ ਨਾ ਭੇਜ ਸਕਿਆ।

(ਫਿਰ) ਇੰਦਰ ਜਾ ਕੇ ਵਿਸ਼ਨੂੰ ਆਦਿਕ ਦੇਵਤਿਆਂ ਦੀ ਕ੍ਰਿਪਾ ਦਾ ਪਾਤ੍ਰ ਹੋ ਗਿਆ (ਅਰਥਾਤ ਇੰਦਰ ਨੇ ਜਾ ਕੇ ਵਿਸ਼ਨੂੰ ਆਦਿਕਾਂ ਪਾਸੋਂ ਖ਼ਿਮਾ ਦੀ ਯਾਚਨਾ ਕੀਤੀ ਸੀ) ॥੨੫॥

### ਦੋਹਰਾ

**ਜਰਾ ਜਾਤਧਾਨਾਦਿ ਕਰਭਵਤ ਵਿਭਵ ਮਮ ਹਾਨ ।**
**ਕਰੁਣਾ ਕਰਿ ਕਰੁਣਾ ਕਰੋ ਤਾਸ ਤ੍ਰਾਣ ਭਗਵਾਨ ॥੨੬॥**

ਜਾਤਧਾਨ-ਰਾਖਸ । ਭਵਤ-ਹੁੰਦੀ ਹੈ । ਵਿਭਵ-ਵਿਭੂਤੀ । ਕਰੁਣਾ ਕਰਿ ਕ੍ਰਿਪਾ ਦੀ ਖਾਨ । ਜਰਾ

(ਨਾਸ ਵਾਲੇ) ਰਾਖਸ਼ਾਂ ਕਰਕੇ, ਮੇਰੀ ਸੰਪਦਾ ਨਾਸ ਹੁੰਦੀ ਜਾਂਦੀ ਹੈ।

ਹੇ ਕ੍ਰਿਪਾ ਦੀ ਖਾਨ ਭਗਵਾਨ! (ਮੇਰੇ 'ਤੇ) ਕ੍ਰਿਪਾ ਕਰੋ (ਅਤੇ ਮੇਰੀ ਉਨ੍ਹਾਂ ਤੋਂ ਰਖਯਾ ਕਰੋ ॥੨੦॥

### ਦੋਹਰਾ

**ਤੁੰਗ ਭੋਗ ਸੰਜੋਗ ਕਰਿ ਨਾਸ ਜੁ ਹੋਤੀ ਪਿਆਸ ।**
**ਮਘਵਾ ਹੋਤੇ ਦੀਨ ਕਤਿ ਹਰਿ ਅਜਾਦਿ ਕੇ ਪਾਸ ॥੨੭॥**

ਹਰਿ-ਵਿਸ਼ਨੂੰ। ਅਜਾਦਿ-ਅਜ-ਬ੍ਰਹਮਾ+ਆਦਿ-ਵਗੈਰਾ। ਪਿਆਸ-ਇੱਛਾ।

ਬਹੁਤੇ ਭੋਗਾਂ ਦੇ ਸੰਜੋਗ ਕਰਕੇ, ਜੇ ਇੱਛਾ ਨਾਸ ਹੋ ਸਕਦੀ ਹੁੰਦੀ ਤਾਂ ਵਿਸ਼ਨੂੰ ਤੇ ਬ੍ਰਹਮਾ ਆਦਿਕਾਂ ਦੇ ਕੋਲ ਜਾ ਕੇ ਇੰਦ੍ਰ ਦੀਨ ਕਿਉਂ ਹੁੰਦਾ ॥੨੭॥

### ਦੋਹਰਾ

**ਬਿਬਧ ਵਿਖੈ ਕੋ ਭੋਗ ਕਰਿ ਨਹਿ ਬਿਬੁਧੇਸ ਅਘਾਤ ।**
**ਸ੍ਵਲਪਅਵਧ ਲਵ ਭੋਗ ਕਰਿ ਨਰ ਨ ਸਾਂਤਿ ਕਰਿ ਜਾਤ ॥੨੮॥**

ਬਿਬਧ-ਅਨੇਕਾਂ। ਬਿਬੁਧੇਸ-ਇੰਦ੍ਰ। ਅਘਾਤ-ਰੱਜਿਆ। ਸ੍ਵਲਪ-ਥੋੜ੍ਹੀ ਜਿਹੀ।

ਅਨੇਕ ਤਰ੍ਹਾਂ ਦੇ ਵਿਸ਼ੇਯ ਭੋਗਾਂ ਨੂੰ ਭੋਗ ਕਰਕੇ ਭੀ ਇੰਦ੍ਰ ਰੱਜਿਆ ਨਹੀਂ ਸੀ (ਤਾਂ ਫਿਰ) ਥੋੜ੍ਹੀ ਜਿੰਨੀ ਉਮਰਾ ਵਿਚ ਇਕ ਬੂੰਦ ਮਾਤ੍ਰ ਭੋਗ ਕਰਕੇ ਮਨੁੱਖ ਸ਼ਾਂਤੀ ਕਿਸ ਤਰ੍ਹਾਂ ਕਰ ਜਾਏਗਾ ॥੨੮॥

### ਦੋਹਰਾ

**ਤਾਂ ਤੇ ਇਛਾ ਨਾਸ ਕੀ ਜਾਕੋ ਇਛਾ ਆਹਿ ।**
**ਉਪਸਮ ਧਰੇ ਵਿਚਾਰ ਯੁਤ ਟਰੇ ਏਕ ਤੇ ਨਾਹਿ॥੨੯॥**

ਇਸ ਵਾਸਤੇ ਜਿਸਨੂੰ ਇੱਛਾ ਦੇ ਨਾਸ ਕਰਨ ਦੀ ਇੱਛਾ ਹੈ।

ਉਹ ਵਿਚਾਰ ਦੇ ਸਮੇਤ ਵੈਰਾਗ ਨੂੰ (ਹਿਰਦੇ ਵਿਚ) ਧਾਰਨ ਕਰੇ, (ਕਿਉਂਕਿ) ਇਕ ਇਕੱਲੇ ਵੈਰਾਗ ਤੋਂ ਭੀ ਇਹ ਕੰਮ ਪੂਰਾ ਨਹੀਂ ਹੁੰਦਾ ਹੈ ॥੨੯॥

### ਚੰਚਲ ਛੰਦ

**ਗੰਗ ਨੀਰ ਏ ਕਛੂ ਅਧੇ ਅਧੇ ਗਤੀ ਕਰੰਤ।**
**ਨਾਕ ਤੇ ਹਰੇ ਸਿਰੇ ਪੁਨਾ ਗਿੰਦ ਪੈ ਗਿਰੰਤ।**
**ਗਿਰੰਦ ਤੇ ਧਰਾ ਪਰੇ ਧਰਾ ਤੇ ਸਿੰਧ ਮੈ ਪਰੰਤ।**
**ਸੂਨ ਜੇ ਵਿਵੇਕ ਤੇ ਅਨੇਕ ਜੂਨ ਤੇ ਧਰੰਤ ॥੩੦॥**

ਇਹ ਗੰਗਾ ਦਾ ਪਾਣੀ ਕੁਝ ਹੇਠਾਂ ਹੀ ਹੇਠਾਂ ਜਾਣ ਦੀ ਚਾਲ ਕਰਦਾ ਹੈ।

(ਵੇਖੋ ਗੰਗਾ) ਸੁਰਗ ਤੋਂ ਸ਼ਿਵਜੀ ਦੇ ਸਿਰ ਉਤੇ ਅਤੇ (ਉਥੋਂ ਫਿਰ) ਪਹਾੜ ਉਤੇ ਡਿਗਦੀ ਹੈ। ਪਹਾੜ ਤੋਂ ਧਰਤੀ ਉਤੇ ਪੈਂਦੀ ਹੈ ਅਤੇ ਧਰਤੀ ਤੋਂ ਸਮੁੰਦਰ ਵਿਚ ਜਾ ਪੈਂਦੀ ਹੈ। (ਇਸੇ ਤਰ੍ਹਾਂ ਜੋ ਪੁਰਸ਼) ਵਿਵੇਕ ਤੋਂ ਖਾਲੀ ਹਨ ਉਹ ਅਨੇਕਾਂ ਜੂਨਾਂ ਧਾਰਦੇ ਹਨ ॥੩੦॥

### *ਕਬਿੱਤ*

**ਜਬ ਮੁਖ ਤਿਖਾ ਕਰ ਸੁਕੇ ਤਬ ਪੀਵੈ ਨਰੁ,**
**ਮੀਠੇ ਠੰਡੇ ਹਰ ਕੇ ਸੁਗੰਧ ਵਾਰੇ ਵਾਰ ਕੋ।**
**ਖੁਧਜਾ ਕਰ ਭਯੋ ਦੀਨ ਸਾ ਲੀਨ ਮਹੀਨ ਖਾਤ,**
**ਮੇਲ ਕੋ ਵਰੀਨ ਸਾਗ ਰਾਗ ਸੋ ਅਚਾਰ ਕੋ।**
**ਜਾਗੇ ਮਦੁਨਾਗੇ ਜਲ ਸਾਨੁਰਾਗੈ ਦੌਰ ਤਬ,**
**ਨਾਰ ਮੈ ਲਗਾਵੈ ਨਰ ਦ੍ਰਿੜ ਕਰ ਨਾਰ ਕੋ।**
**ਬਿਆਂਧਿ ਕੈ ਪਰਹਾਰ ਪ੍ਰਤਿ ਕਰੈ ਪਰਤੀਕਾਰ ਪਰਤਿ,**
**ਕੈਸੇ ਦੁਖ ਭਾਗੇ ਤਿਆਗੇ ਸੰਜਮੋ ਪਚਾਰ ਕੋ ॥੩੧॥**

ਜਦੋਂ ਤ੍ਰੇਹ ਨਾਲ ਮੂੰਹ ਸੁਕਦਾ ਹੈ, ਤਦ ਮਨੁੱਖ ਪੀਂਦਾ ਹੈ, ਮਿੱਠੇ, ਠੰਡੇ ਤੇ (ਹਰ) ਚੰਦਨ ਦੀ ਵਾਸਨਾ ਵਾਲੇ ਪਾਣੀ ਨੂੰ।

(ਜਦ) ਭੁੱਖ ਨਾਲ ਦੁਖੀ ਹੁੰਦਾ ਹੈ, ਤਾਂ ਮਹੀਨ ਚੌਲਾਂ ਨਾਲ ਵੜੀਆਂ, ਸਾਗ ਤੇ ਅਚਾਰ ਮਿਲਾ ਕੇ ਪ੍ਰੇਮ ਨਾਲ ਖਾਂਦਾ ਹੈ।

ਜਦੋਂ ਕਾਮ ਜਾਗਦਾ ਹੈ, ਤਦ ਪਰੇਮ ਨਾਲ ਭੱਜ ਕੇ ਜਾਂਦਾ ਹੈ ਅਤੇ ਪੁਰਸ਼ ਇਸਤ੍ਰੀ ਨੇ ਘੁੱਟ ਕੇ ਗਲ ਨਾਲ ਲਾਂਦਾ ਹੈ। ਰੋਗ ਦੇ ਨਾਸ ਲਈ ਉਸਦਾ ਉਪਚਾਰ ਕਰੇ ਅਤੇ ਸੰਜਮ ਤੇ ਉਪਚਾਰ (ਪਥਜਾ-ਪ੍ਰਹੇਜ) ਦਾ ਤਿਆਗ ਕਰੇਗਾ ਤਾਂ ਦੁੱਖ ਕਿਸ ਤਰ੍ਹਾਂ ਦੂਰ ਹੋਵੇਗਾ ? (ਭਾਵ ਇਹ ਹੈ, ਕਿ ਜਨਮ ਆਦਿਕ ਦੁੱਖਾਂ ਦੇ ਨਾਸ ਲਈ ਵੈਰਾਗ ਵਿਵੇਕ ਆਦਿਕ ਸੰਜਮ, ਜਪ, ਤਪ, ਸਿਮਰਨ ਰੂਪ ਔਖਧੀ ਖਾਵੇ ਤਾਂ ਇਹ ਦੁੱਖ ਦੂਰ ਹੋਵੇਗਾ ॥੩੧॥

### *ਸੋਰਠਾ*

**ਤ੍ਰਿਸ਼ਨਾ ਬ੍ਰਿਧ ਅਭੰਗ ਬਹੁ ਭੋਗਹੁ ਕੋ ਭੋਗ ਕਰ।**
**ਯਥਾ ਅਗਨਿ ਘ੍ਰਿਤ ਸੰਗ ਸੰਜਮ ਜਲ ਕਰਿ ਸਾਂਤਿ ਬਿਬ ॥੩੨॥**

ਸਹਤੇ ਭੋਗਾਂ ਦੇ ਭੋਗਣ ਕਰਕੇ ਤ੍ਰਿਸ਼ਨਾ ਵਧਦੀ ਹੈ ਤੇ ਨਾਸ ਨਹੀਂ ਹੁੰਦੀ।

ਜਿਸ ਤਰ੍ਹ ਅੱਗ ਘਿਉ ਦੇ ਨਾਲ ਮਿਲਕੇ ਵਧਦੀ ਹੈ, (ਜਿਵੇਂ) (ਪਾਣੀ ਨਾਲ (ਬਾਹਰਲੀ) ਅੱਗ ਸ਼ਾਂਤ ਹੁੰਦੀ ਹੈ, (ਇੰਦ੍ਰੀਆਂ ਦੇ ਰੋਕਣ ਰੂਪ) ਸੰਜਮ ਕਰਕੇ। ਤ੍ਰਿਸ਼ਨਾ ਮਿਟਦੀ ਹੈ, (ਇਨ੍ਹਾਂ) (ਬਿਬ) ਦੋਹਾਂ (ਅੱਗਾਂ ਦਾ ਇਕੋ ਸੁਭਾਵ ਹੈ)॥੩੨॥

## ਕਬਿੱਤ

**ਚਾਰੋਂ ਵੇਦ ਤੰਤ੍ਰ ਛਠੇ ਸਿੰਮ੍ਰਿਤਿ ਸਤਾਈ ਪਠੇ,**
**ਆਗਮਜੋ ਦਸ ਅਨੇ ਮਹਾ ਵਿਸਤਰੇ ਹੈਂ।**
**ਮਤੋ ਸੋ ਵਿਭ੍ਰਮ ਮਹਾਂ ਕਰਮ ਕ੍ਰਿਯਾ ਕਰ,**
**ਕਹਾਂ ਦੇਵ ਗ੍ਰਾਮ ਕੁਟੀ ਮੋ ਵਿਸ੍ਰਾਂਮ ਫਲ ਕਰੇ ਹੈਂ।**
**ਪ੍ਰਲੈ ਕਾਨ ਆਗ ਵਤ ਆਤਮ ਵਸ਼ੈਣੀ ਮਤਿ,**
**ਭਵ ਦੁਖ ਕਰੇ ਹਤ ਸੋ ਕੁਮਤਿ ਹਰੇ ਹੈਂ।**
**ਸ਼ੇਖ ਕਾਮ ਸਾਰੇ ਵਣਜਾਰੇ ਬ੍ਰਿਤਿ ਯੋਨਿਹਾਰੇ,**
**ਕੇ ਦੁਕਾਨ ਕੇ ਪੁਰਾਨ ਕਰ ਪ੍ਰਾਣ ਧਰੇ ਹੈ ॥੩੩॥**

ਚਾਰੇ ਵੇਦ ਸ਼ਾਸਤ੍ਰ ਸਤਾਈ ਸਿੰਮ੍ਰਿਤੀਆਂ ਪੜ੍ਹ ਲਵੋ ਅਤੇ ਅਠਾਰਾ ਜੋ ਪੁਰਾਣ ਹਨ, ਉਨ੍ਹਾਂ ਨੂੰ ਭੀ ਬੜੇ ਭਾਰ ਵਿਸਥਾਰ ਸਹਿਤ ਟੀਕੇ ਦੇ ਪੜ੍ਹ ਲਵੇ।

ਸੰਨਿਆਸੀ ਵੈਰਾਗੀ ਆਦਿ ਮੱਤਾਂ ਵਿਚ ਭੌਂਦਾ ਰਹਿ ਕੇ ਮਹਾਂ ਕਰਮ ਕ੍ਰਿਯਾ ਕਰ ਲਵੇ, ਜਿਸ ਦਾ ਫਲ ਭੋਗਣ ਲਈ ਸੁਰਗ ਦੀ ਕੁਟੀਆ ਵਿਚ ਵਿਸ਼੍ਰਾਮ ਕਰ ਲਵੇ।

ਪ੍ਰਲੈ ਕਾਲ ਦੀ ਅੱਗ ਸਮਾਨ ਆਤਮ ਵਿਸ਼ੈਨੀ ਬੁਧੀ ਹੈ ਜੋ ਸੰਸਾਰ ਦੇ ਦੁੱਖ ਨੂੰ ਨਾਸ ਕਰਦੀ ਹੈ ਅਤੇ ਉਹ ਖੋਟੀ ਬੁੱਧੀ ਨੂੰ ਭੀ ਨਾਸ ਕਰਦੀ ਹੈ।

ਬਾਕੀ ਹੋਰ ਜਿੰਨੇ ਭੀ ਕੰਮ ਹਨ, ਸਾਰੇ ਹੀ ਵਣਜਾਰੇ ਦੀ ਉਪਜੀਵਕਾਂ ਸਮਾਨ ਵੇਖੇ ਜਾਂਦੇ ਹਨ (ਕਿਉਂਕਿ) ਕਿਸੇ ਨੇ ਦੁਕਾਨ ਕਰਕੇ ਪੇਟ ਪਾਲਣਾ ਕੀਤੀ ਹੈ ਅਤੇ ਕਿਸੇ ਨੇ ਪੁਰਾਨ ਆਦਿਕ ਪੁਸਤਕ ਪੜ੍ਹ ਕੇ ਪ੍ਰਾਣ ਧਾਰਨ ਕੀਤੇ ਹੋਏ ਹਨ॥੩੩॥

## ਦੋਹਰਾ

**ਕਹਾ ਗ੍ਰਥ ਗਨ ਕੇ ਕਢੇ ਕਿੰ ਕਰਮੋ ਕੇ ਕੀਨ।**
**ਚਿਦ ਜੜ ਗ੍ਰੰਥ ਪ੍ਰਭੇਦਨੀ ਧੀਉਰ ਜਬ ਪਰਗਟੀਨ ॥੩੪॥**

ਬਹੁਤ ਸਾਰੇ ਗ੍ਰੰਥ ਪੜ੍ਹ ਲਏ ਤਾਂ ਕੀ ਹੋਣਾ ਹੈ ਅਤੇ ਕਰਮਾਂ ਦੇ ਕਰਨ ਨਾਲ ਭੀ ਕੀ ਹੋਣਾ ਹੈ ਜਦ ਤਕ ਜੜ-ਚੇਤਨ ਦੀ ਗੰਢ ਖੋਲ੍ਹਣ ਵਾਲੀ ਬੁੱਧੀ ਹਿਰਦੇ ਵਿਚ ਪ੍ਰਗਟ ਨਹੀਂ ਹੁੰਦੀ (ਤਦ ਤਕ

ਇਨ੍ਹਾਂ ਦਾ ਕੁਝ ਭੀ ਫਲ ਨਹੀਂ ਹੈ)॥੩੪॥

### ਛਪੈ ਛੰਦ ॥

**ਵਹੀ ਜਾਮਨੀ ਜਾਨ ਪੁਨਾ ਦਿਨ ਤਥਾ ਮਾਨ ਕਰ।**
**ਮੰਦ ਜੰਤ ਧਾਵੰਤ ਉਦਮ ਅਤਯੰਤ ਚਿੱਤ ਧਰ।**
**ਪ੍ਰਾਰੰਭੀ ਪ੍ਰਾਰਬਧ ਕ੍ਰਿਯਾ ਤਹਿ ਤਹਿ ਤਿਉ ਰਾਤੇ।**
**ਵਹੀ ਉਕਤਿ ਪਰਨਵਹੀ ਭੋਗ ਭੁਗਤੇ ਦਿਨਰਾਤੇ ਇਵੈ।**
**ਵਿਖੈ ਰੂਪ ਯਾਜੱਗ ਕੇ ਬਿਆਪਾਰੋ ਕਰਮ ਸਰਮ ਸਹੇ।**
**ਪਰ ਭ੍ਰਮਤ ਵ੍ਰਿਮਤ ਮੋਹੁ ਕਰ ਅਹੋ ਕਿਉਂ ਨ ਲਜਾ ਗਹੇ ॥੩੫॥**

(ਜੋ ਰਾਤ ਬੀਤ ਗਈ ਹੈ) ਓਹੀ ਰਾਤ ਜਾਨ ਕਰ, ਅਤੇ ਫਿਰ ਦਿਨ ਭੀ ਉਸੇ ਤਰ੍ਹਾਂ ਮੰਨ ਕਰਕੇ। ਮੰਦ (ਭਾਗੀ) ਜੀਵ ਚਿਤ ਵਿਚ ਅਤਿਯੰਤ ਉੱਦਮ ਧਾਰ ਕੇ ਦੇਸਾਂਤ੍ਰਾਂ ਵੱਲ ਦੌੜਦੇ ਹਨ।

ਪ੍ਰਾਰਬਧ (ਦੇ ਵੱਸ ਹੋ ਕੇ ਜਿਸ ਜਿਸ ਜਗ੍ਹਾ 'ਤੇ ਜੋ) ਕ੍ਰਿਯਾ ਆਰੰਭ ਕੀਤੀ ਹੈ, ਉਸ ਉਸ ਜਗ੍ਹਾ ਉਤੇ ਉਨ੍ਹਾਂ ਕਰਮਾਂ ਵਿਚ ਉਸੇ ਤਰ੍ਹਾਂ ਮਿਲ ਰਹੇ ਹਨ।

ਓਹੀ (ਉਕਤਿ) ਗੱਲਾਂ ਲੈਣ-ਦੇਣ ਦੀਆਂ ਹਨ ਅਤੇ ਓਹੀ ਭੋਗ ਹਨ, ਜਿਨ੍ਹਾਂ ਨੂੰ ਦਿਨੇ-ਰਾਤੀ ਭੋਗਦੇ ਹਨ।

ਇਸ ਤਰ੍ਹਾਂ ਉਹੀ ਪੁਰਖ ਉਨ੍ਹਾਂ ਵਿਉਹਾਰਾਂ ਵਿਚ ਲੱਗ ਕੇ ਇਸ ਵਿਸ਼ਯ ਰੂਪ ਜਗਤ ਦੇ ਵਿਉਹਾਰਾਂ ਕਰਕੇ ਦੁਖ ਤੇ ਸ਼ਰਮ ਨੂੰ ਸਹਾਰ ਰਹੇ ਹਨ ਵਿਸ਼ੇਸ਼ ਕਰਕੇ ਮੋਹ ਦੇ ਅਧੀਨ ਹੋਏ ਭ੍ਰਮਨ ਕਰਦੇ ਹਨ ਤੇ ਉਨ੍ਹਾਂ ਨੂੰ ਤਿਆਗਦੇ ਨਹੀਂ ਹਨ ਬੜਾ ਅਫਸੋਸ ਹੈ (ਕਿ) ਸ਼ਰਮ ਨੂੰ ਕਿਉਂ ਨਹੀਂ ਧਾਰਦੇ ਹਨ ॥੩੫॥

### ਦੋਹਰਾ

**ਅਹੋ ਸਬਦ ਪੁਨਰੁਕਤਿ ਤੇ ਅਤਿ ਡਰਪਹਿ ਬੁਧਿ ਮਾਨ ॥**
**ਪੁਨਾ ਉਕਤਿ ਪੁਨ ਭੁਗਤ ਯਹਿ ਕਤ ਪੁਨ ਰੁਕਤ ਪ੍ਰਮਾਨ ॥੩੬॥**

ਬੜਾ ਅਸਚਰਜ ਹੈ, ਬੁੱਧੀਮਾਨ ਸਿਆਣੇ ਪੁਰਸ਼ ਪੁਨਰੁਕਤਿ ਸ਼ਬਦ ਤੋਂ ਬਹੁਤ ਹੀ ਡਰਦੇ ਹਨ।

ਇਹ ਲੋਕ ਉਸ ਗੱਲ ਨੂੰ ਕਹਿੰਦੇ ਹਨ ਅਤੇ ਉਸ ਨੂੰ ਭੋਗਦੇ ਹਨ ਇਹ (ਕਥਨ) ਕਿਸ ਤਰ੍ਹਾਂ ਪੁਨਰੁਕਤ ਨਹੀਂ ਮੰਨਿਆ ਜਾਏਗਾ ॥੩੬॥

### ਗੀਆ ਮਾਲਤੀ ਛੰਦ

**ਨਟੁ ਵਾਂਟ ਨਰ ਬਹੁ ਸ੍ਵਾਂਗ ਧਰ ਬਪੁ ਬਾਲ ਪਲ ਮਹਿ ਲਸਕ ਹੈ।**
**ਪੁਨ ਖਿਨ ਬਿਖੇਤਨ ਤਰੁਣ ਹੁਇ ਤਰਣੀਨ ਭੋਗੇ ਰਸਕ ਹੈ।**

**ਹਤ ਦਰਬ ਨਿਮੇਖ ਮਹਿ ਪੁਨ ਪਲਕ ਮੋ ਹੁਇ ਧਨ ਸਬੀ।**
**ਦੂਰ ਬ੍ਰਿਧਤਾ ਕਰਿ ਅੰਗ ਖੀਣ ਵਿਲੀਨ ਕਰ ਸਬ ਛਬ ਦਬੀ ॥੩੭॥**

ਨਟੂਏ ਵਾਂਗੂੰ ਪੁਰਸ਼ ਬਹੁਤ ਸ੍ਵਾਂਗ ਧਾਰ ਲੈਂਦਾ ਹੈ, ਤਲ ਵਿਚ ਬਾਲ ਰੂਪ ਹੋ ਕੇ (ਲਕਸ) ਖੇਡਣ ਲੱਗਦਾ ਹੈ। ਫਿਰ ਇਕ ਖਿਨ ਵਿਚ ਹੀ ਜੁਆਨ ਸਰੀਰ ਵਾਲੇ ਹੋ ਕੇ ਇਸਤ੍ਰੀ ਦੇ ਭੋਗਾਂ ਦਾ ਰਸੀਆ ਬਣ ਜਾਂਦਾ ਹੈ। ਅੱਖ ਦੇ ਪਲ ਵਿਚ ਹੀ ਸਾਰੀ ਦੌਲਤ ਨਾਸ ਹੋ ਜਾਵੇ ਤਾਂ ਕੰਗਾਲ ਹੋ ਜਾਂਦਾ ਹੈ ਅਤੇ ਫਿਰ ਪਲ ਵਿਚ ਹੀ ਸਭ ਤਰ੍ਹਾਂ ਦੀ ਦੌਲਤ ਵਾਲਾ ਸ਼ਾਹੂਕਾਰ ਬਣ ਜਾਂਦਾ ਹੈ।

ਖੋਟੀ ਬ੍ਰਿਧ ਉਮਰਾ ਕਰਕੇ (ਪਲ ਵਿਚ) ਕਮਜ਼ੋਰ ਅੰਗਾਂ ਵਾਲਾ ਹੋ ਜਾਂਦਾ ਹੈ, (ਜਿਸ ਕਰਕੇ ਜ਼ੋਰ) ਗੁੰਮ ਹੋ ਜਾਂਦਾ ਹੈ ਅਤੇ ਚੇਹਰੇ ਦੀ ਸਾਰੀ ਰੌਣਕ (ਸੁੰਦਰਤਾ) ਦਬ ਜਾਂਦੀ ਹੈ ॥੩੭॥

**ਪਸਚਾਤ ਗਾਤ ਕੇ ਪਾਤ ਮੈ ਉਤਪਾਤ ਬ੍ਰਾਤ ਹਿਰਦੈ ਪਿਖੇ।**
**ਯਮ ਰਾਜਧਾਨੀ ਭੂ ਭਯਾਨੀ ਪਰਤ ਪ੍ਰਾਨੀ ਤਹਿ ਬਿਖੇ।**
**ਪ੍ਰਚੀਨ ਕਰਮ ਮਲੀਨ ਕੇ ਫਲ ਦੀਨ ਹ੍ਵੈ ਭੁਗਵੇ ਤਹੀ।**
**ਅਸ ਨਰਕ ਕੇ ਦੁਖ ਨਿਕਰ ਤੇ ਨਰ ਨਿਕਰ ਸਾਕੇ ਨਹੀਂ ॥੩੮॥**

(ਬੁਢੇਪੇ ਦੇ) ਮਗਰੋਂ ਸਰੀਰ ਦੇ (ਪਾਤ) ਮਰਣ ਵਿਚ ਉਪਦ੍ਰਵਾਂ ਦੀ ਜੰਞ ਭਾਵ ਅਨੇਕ ਤਰ੍ਹਾਂ ਦੇ ਉਪਦ੍ਰਵ ਹਿਰਦੇ ਵਿਚ ਵੇਖਦਾ ਹੈ।

(ਜੋ) ਯਮ ਦੀ ਰਾਜਧਾਨੀ ਦੀ ਡਰਾਉਣੀ ਧਰਤੀ ਹੈ, (ਫਿਰ) ਪ੍ਰਾਨੀ ਉਸ ਵਿਚ ਜਾ ਕੇ (ਡਿੱਗ) ਪੈਂਦਾ ਹੈ।

ਉਥੇ ਆਪਣੇ ਪਹਿਲੇ ਕੀਤੇ ਹੋਏ ਮਲੀਨ ਕਰਮਾਂ ਦੇ ਫਲ ਨੂੰ ਦੀਨ ਹੋ ਕੇ ਭੋਗਦਾ ਹੈ।

ਇਸ ਤਰ੍ਹਾਂ ਨਾਲ (ਜੋ) ਨਰਕਾਂ ਦੇ ਦੁਖਾਂ ਦਾ ਝੁੰਡ ਹੈ, ਪੁਰਸ਼ ਉਸ ਵਿਚੋਂ ਨਿਕਲ ਨਹੀਂ ਸਕਦਾ ॥੩੮॥

**ਕਹੂੰ ਪੁੰਨ ਪ੍ਰਤਾਪ ਤੇ ਤਿਸ ਤਾਪਤੇ ਨਿਕਸੇ ਜਬੀ।**
**ਧਰ ਬਿਬਧ ਵੇਖਨ ਮੂਰਧ ਵੇਖਹਿ ਨਿਜ ਸਰੂਪਹਿ ਹਠ ਕਬੀ।**
**ਵਿਖ ਵਤ ਵਿਖਮ ਰਸ ਵਿਖਯੋਂ ਕੇਜਨ ਤਿਹ ਵਿਖੇ ਮਨ ਲਾਇ ਹੈ।**
**ਇਤ ਹੇਤ ਨਰ ਦੁਖ ਕੋ ਤਪਾਇ ਨ ਪਾਇ ਹਰਿ ਕੇ ਧਯਾਇ ਹੈ ॥੩੯॥**

(ਭਲਾ ਜੇ) ਕਿਸੇ ਪੁੰਨ (ਕਰਮ ਦੇ) ਪ੍ਰਤਾਪ ਕਰਕੇ, ਉਸ (ਨਰਕ) ਦੁਖ ਤੋਂ ਜਦ ਨਿਕਲ ਆਵੇ। (ਤਦ ਫਿਰ) ਮੂਰਖ (ਬੰਦਾ, ਬਾਲ, ਯੁਵਾ ਆਦਿਕ) ਅਨੇਕਾਂ ਵੇਸ ਧਰਦਾ ਹੈ ਅਤੇ ਹਠ ਕਰਕੇ ਕਦੀ ਭੀ ਆਪਣੇ (ਆਤਮ) ਸਰੂਪ ਨੂੰ ਵੇਖਦਾ ਨਹੀਂ ਹੈ।

ਜ਼ਹਿਰ ਵਰਗੇ (ਜੋ ਮਾਰਨ ਵਾਲੇ) ਵਿਸ਼ਯ ਰਸ ਕਠਨ ਹਨ, ਪੁਰਸ਼ ਉਨ੍ਹਾਂ ਵਿਚ ਹੀ ਮਨ ਨੂੰ ਲਾਂਦਾ ਹੈ।

ਇਸ ਕਾਰਨ ਕਰਕੇ ਪੁਰਖ ਦੁਖ ਨਾਲ ਦੁਖੀ ਹੋਇਆ (ਰਹਿੰਦਾ ਹੈ ਅਤੇ) ਹਰੀ ਦੇ ਚਰਨਾਂ ਦਾ

ਧਿਆਨ ਨਹੀਂ ਕਰਦਾ ਹੈ ॥੩੯॥

### ਦੋਹਰਾ

**ਤਜੇਨ ਨਰੁ ਨਟ ਭਾਵ ਨਿਜ ਭਜੇ ਅਨੇਕ ਸਰੂਪ ।**
**ਨਟ ਤੇ ਨਰ ਸਠ ਤਜਿ ਸਿਵ ਬਪੁ ਭਜੇ ਬਿਬਧ ਨਿਜ ਰੂਪ ॥੪੦॥**

(ਨਟੂਆ ਪੁਰਸ਼ ਮਨ ਵਿਚੋਂ) ਆਪਨੇ ਨਟ ਭਾਵ ਨੂੰ ਨਹੀਂ ਤਿਆਗਦਾ, (ਭਾਵੇਂ ਉਹ) ਅਨੇਕਾਂ ਹੀ ਸਰੂਪ ਧਾਰਦਾ ਹੈ ।

ਇਹ ਬੰਦਾ ਨਟੂਏ ਨਾਲੋਂ ਭੀ ਮੂਰਖ ਹੈ, (ਜੋ) ਆਪ ਨੂੰ ਅਨੇਕਾਂ ਰੂਪ (ਕਰਕੇ ਮੰਨਦਾ ਹੈ, ਹੇ) ਬੰਦੇ ! (ਇਸ) ਮੂਰਖਤਾ ਨੂੰ ਤਿਆਗ ਕੇ ਆਪਣੇ ਆਤਮ ਸਰੂਪ 'ਸ਼ਿਵ' ਦਾ ਭਜਨ ਕਰ ! (ਇਸ ਦਾ ਭਾਵ ਇਹ ਹੈ ਕਿ ਬਹੁਰੂਪੀਆ ਕਦੇ ਰਾਜਾ, ਕਦੇ ਕੰਗਾਲ, ਕਦੇ ਸਾਧ, ਕਦੇ ਚੋਰ ਆਦਿਕ ਅਨੇਕਾਂ ਰੂਪ ਧਾਰ ਲੈਂਦਾ ਹੈ, ਪਰ ਆਪਣੇ ਆਪ ਨੂੰ 'ਬਹੁ ਰੂਪੀਆ' ਹੀ ਮੰਨਦਾ ਹੈ, ਪਰ ਇਹ ਮਨੁੱਖ ਆਪਣੇ ਆਤਮ ਰੂਪ ਨੂੰ ਭੁਲਾ ਕੇ ਆਪ ਨੂੰ ਕਦੇ ਬਾਲ, ਕਦੇ ਜੁਆਨ, ਕਦੇ ਸੁਖੀ, ਕਦੇ ਦੁਖੀ, ਕਦੇ ਗਰੀਬ ਤੇ ਕਦੇ ਅਮੀਰ ਆਦਿਕ ਮੰਨ ਲੈਂਦਾ ਹੈ, ਇਸ ਲਈ ਇਹ ਮਹਾਂ ਮੂਰਖ ਹੈ, ਇਸ ਲਈ ਉਪਦੇਸ਼ ਕੀਤਾ ਹੈ ਹੇ ਬੰਦੇ ! ਇਸ ਮੂਰਖਤਾ ਨੂੰ ਛੱਡਕੇ ਆਪਣੇ ਕਲਿਆਨ ਰੂਪ ਦਾ ਸਿਮਰਨ ਕਰ ॥੪੦॥

### *ਤੋਟਕ ਛੰਦ ॥*

**ਬਹੁ ਤੁੰਗ ਅਗਾਰ ਕੁਮਾਰ ਮਹਾਂ ।**
**ਨਵ ਚਾਰੁ ਪਤਿਬ੍ਰਤ ਨਾਰਿ ਤਹਾਂ ।**
**ਪੁਰਹੂਤ ਸਮਾਨ ਵਿਭੂਤਘਨੀ ।**
**ਨ ਪ੍ਰਮਾਨ ਕਹੂ ਕਰਿ ਜਾਤ ਗਨੀ ॥੪੧॥**
**ਸੁ ਮੁਹਾਂਜਨ ਮਾਹਿ ਮਹਾਜਨ ਹੈ ।**
**ਤਿਨ ਕੇ ਮਨ ਬਾਂਛਤ ਜੇ ਧਨ ।**
**ਵਰਤੇ ਮਮ ਅਗ੍ਰ ਸਮਗ੍ਰ ਵਹੇ ।**
**ਭਵ ਮੋ ਅਬ ਮੋ ਸਮ ਕੌਨ ਅਹੇ ॥੪੨॥**

ਅਗਾਰ-ਘਰ । ਮਹਾਂ-ਲਾਇਕ । ਪੁਰਹੂਤ-ਇੰਦ੍ਰ । ਪ੍ਰਮਾਨ-ਮਨੁੱਖ ।

ਬਹੁਤ ਉੱਚਾ ਘਰ ਹੈ, ਲਾਇਕ ਪੁਤ੍ਰ ਹੈ, ਨਵ ਯੋਬਨਾ-ਸੁੰਦਰ ਤੇ ਪਤਿਬ੍ਰਤਾ ਇਸਤ੍ਰੀ ਹੈ । ਇੰਦ੍ਰ ਦੇ ਸਮਾਨ ਬਹੁਤ ਸਾਰੀ ਦੌਲਤ ਹੈ, ਜੋ ਕਿਸੇ ਮਨੁੱਖ ਪਾਸੋਂ ਗਿਣੀ ਨਹੀਂ ਜਾ ਸਕਦੀ ॥੪੧॥

ਉਹ ਸ਼ਾਹੂਕਾਰਾਂ ਵਿਚੋਂ ਸ਼ਾਹੂਕਾਰ ਹੈ, ਉਸਦੇ ਘਰ ਵਿਚ ਮਨ ਭਾਉਂਦਾ ਪਦਾਰਥ ਹੈ, ਉਹ

(ਸਾਹੂਕਾਰ) ਸਦਾ ਹੀ ਮੇਰੇ ਅੱਗੇ (ਹੈਂਕੜਾਂ ਮਾਰਦਾ) ਰਹਿੰਦਾ ਹੈ, (ਇਸ ਲਈ) ਸੰਸਾਰ ਵਿਚ ਸੁਖ ਕਿਸ ਸਮਾਨ ਕੌਣ ਹੈ ! ॥੪੨॥

**ਜਬ ਜੰਤੁ ਇਵੇ ਜੜਤਾ ਕਰਕੈ।**
**ਗ੍ਰਬੈ ਅਤਸੈ ਮਤਿ ਕੌ ਹਰਕੈ।**
**ਸਬ ਵਿਸ਼ ਅਨਸੂਰ ਮਾਨ ਰਤੇ।**
**ਪ੍ਰਤੇ ਭਵ ਕ੍ਰਿਸ਼ਨ ਗ੍ਰਹੇ ਨਰੁਤੇ ॥੪੩॥**
**ਮਮਤਾ ਮਯ ਸੰਗਲ ਸੰਗ ਜਰੇ।**
**ਬਹੁ ਜੂਨ ਧਰੇ ਸੁਖ ਸੂਨ ਚਰੇ।**
**ਜਿਨਯਾ ਸਗਰੇਭਵ ਕੌਮਨ ਮੈ।**
**ਮਨਕੇ ਖਿਨ ਖੀਣਤਜਯੋ ਖਿਣ ਮੈ ॥੪੪॥**

ਅਨਸੂਰ-ਸਥਿਰ, ਸੱਤ। ਕ੍ਰਿਸ਼ਨਗ੍ਰਹੇ-ਜੇਲ੍ਹਖਾਨਾ। ਭਵ-ਜਨਮ (ਮਰਨ)। ਸੂਨ-ਖਾਲੀ, ਰਹਿਤ।

ਮੂਰਖ ਬੰਦਾ ਮੂਰਖਤਾ ਕਰਕੇ ਸ੍ਰੇਸ਼ਟ ਬੁੱਧੀ ਨੂੰ ਨਾਸ ਕਰਕੇ ਹੰਕਾਰ ਕਰਦਾ ਹੈ। ਸਾਰੇ ਸੰਸਾਰ ਨੂੰ ਸੱਤ ਮੰਨਕੇ (ਇਸ ਨਾਲ) ਪ੍ਰੇਮ ਕਰਦਾ ਹੈ, ਉਹ ਪੁਰਸ਼ ਜਨਮ (ਮਰਨ ਰੂਪ) ਜੇਲ੍ਹਖਾਨੇ ਵਿਚ ਪੈਂਦਾ ਹੈ ॥੪੩॥

ਮਮਤਾ ਰੂਪ ਸੰਗਲਾਂ ਨਾਲ ਜਕੜੇ ਰਹਿੰਦੇ ਹਨ (ਅਤੇ) ਸੁਖਾਂ ਤੋਂ ਹੀਨ (ਕਿਰਲਾ, ਟਿੱਡੀ, ਬਿੱਛੂ ਆਦਿਕ) ਬਹੁਤੀਆਂ ਜੂਨਾਂ ਵਿਚ ਫਿਰਦੇ ਹਨ।

ਜਿਨ੍ਹਾਂ ਪੁਰਸ਼ਾਂ ਨੇ ਇਸ ਸਾਰੇ ਸੰਸਾਰ ਨੂੰ ਮਨ ਵਿਚ ਇਕ ਖਿਨ ਵਿਚ ਨਾਸ ਹੋ ਜਾਣ ਵਾਲਾ ਜਾਨ ਕੇ ਇਕ ਖਿਨ ਵਿਚ ਹੀ ਮਨ ਤੋਂ ਤਿਆਗ ਦਿੱਤਾ ਹੈ ॥੪੪॥ ਅਤੇ

**ਬਸ ਕੇ ਬਨ ਮੈ ਸਭ ਚੇਤਨ ਮੈ।**
**ਤਤ ਰੂਪ ਭਏ ਜੁ ਇਸੇ ਤਨ ਮੈ।**
**ਸੁਰ ਪਿਤ੍ਰ ਸਭੀ ਜਨ ਤਾਂਹਿ ਜਜੇ।**
**ਤਿਹ ਨਾਮ ਭਜੇ ਅਘ ਓਘ ਭਜੇ ॥੪੫॥**

ਬਨ ਵਿਚ ਵਸ ਕਰਕੇ ਸਭ ਨੂੰ ਚੇਤਨ ਰੂਪ ਜਾਣਿਆ ਹੈ। ਉਹ ਇਸੇ ਸਰੀਰ ਵਿਚ ਉਸ ਸਤ, ਚਿਤ, ਅਨੰਦ ਦਾ ਰੂਪ ਹੋ ਗਏ ਹਨ।

ਉਨ੍ਹਾਂ ਪੁਰਸ਼ਾਂ ਨੇ ਸਾਰੇ ਦੇਵਤੇ ਤੇ ਪਿਤਰ ਪੂਜ ਲਏ ਹਨ, ਉਸਦਾ ਨਾਮ ਸਿਮਰਦਿਆਂ ਹੀ ਸਾਰੇ ਪਾਪ ਨਾਸ ਹੋ ਜਾਂਦੇ ਹਨ ॥੪੫॥

## ਦੋਹਰਾ

**ਦੇਤ ਦੰਡ ਬਹੁਤ ਦੰਡਧਰ ਜੇ ਗਰਬਤ ਧਨ ਪਾਇ ।**
**ਜਜੇ ਸੁ ਤਾ ਵਿਪਰੀਤ ਕੇ, ਸਹ ਕੁਟੰਬ ਬਿਬੁ ਪਾਇ ॥੪੬॥**

ਦੰਡਧਰ-ਦੰਡ ਰਖਨ ਵਾਲਾ, ਯਮਰਾਜਾ। ਜਜੇ-ਪੂਜਦਾ ਹੈ। ਤਾਂ-ਉਸ। ਵਿਪਰੀਤ-ਉਲਟ। ਬਿਬੁ-ਦੋਵੈ । ਪਾਇ-ਪੈਰ ।

ਜਿਹੜੇ ਪੁਰਸ਼ ਧਨ ਨੂੰ ਪਾ ਕੇ ਹੰਕਾਰ ਕਰਦੇ ਹਨ, ਯਮਰਾਜ (ਉਨ੍ਹਾਂ ਨੂੰ) ਬਹੁਤ ਸਜਾ ਦੇਂਦਾ ਹੈ।

(ਪਰ ਜਿਹੜੇ ਇਸ ਤੋਂ) ਉਲਟ ਹਨ, ਪਰਵਾਰ ਦੇ ਸਮੇਤ (ਯਮਰਾਜ) ਉਨ੍ਹਾਂ ਦੇ ਦੋਹਾਂ ਪੈਰਾਂ ਦੀ ਪੂਜਾ ਕਰਦਾ ਹੈ, (ਅਰਥਾਤ ਜਿਹੜੇ ਪੁਰਸ਼ ਧਨ ਨੂੰ ਪਾ ਕੇ ਨੀਵੇਂ ਹੋ ਕੇ ਰਹਿੰਦੇ ਤੇ ਦੀਨ-ਦੁਖੀਆਂ ਉਤੇ ਦਯਾ ਕਰਦੇ ਹਨ, ਯਮਰਾਜਾ ਆਪਨੇ ਸਾਰੇ ਪਰਵਾਰ ਸਮੇਤ ਉਨ੍ਹਾਂ ਦੇ ਦੋਹਾਂ ਪੈਰਾਂ ਦੀ ਪੂਜਾ ਕਰਦਾ ਹੈ ॥੪੬॥

### *ਗੀਆ ਮਾਲਤੀ ਛੰਦ*

**ਸ਼੍ਰੀ ਮਤਿ ਕਨਕ ਗਿਰ ਦਿਢ ਜਬੈ ਸੁਪਰਲੈ ਅਗਨਿ ਕਰ ਗਿਰਪਰੇ।**
**ਮਕਰਾਂਦਿ ਜੰਤੁ ਅਨੰਤ ਕੇ ਘਰ ਜਲਧਿ ਸੂਕਹਿ ਤਹਿ ਕਰੇ।**
**ਜਬ ਸ਼ੇਸ਼ਨਾਗ ਸਿਰਾਨ ਕਰਕੇ ਧਰਤਿ ਅਪਿ ਸਰਤੀ ਜਰੇ।**
**ਕਰੀ ਕਰਭ ਕੇ ਕਰਣਾਗ੍ਰ ਵਤ ਚਲ ਕਾਯ ਕੀ ਤਬ ਕਜਾ ਕਰੇ ॥੪੭॥**

ਕਨਕਗਿਰ-ਸੁਮੇਰ ਪਹਾੜ। ਮਕਰਾਂਦਿ-ਮਛ ਆਦਿਕ। ਜਲਧ-ਸਮੁੰਦਰ। ਕਰੀ ਕਰਭ-ਹਾਥੀ ਦਾ ਬੱਚਾ। ਕਰਣਾਂਗ੍ਰ-ਸੁੰਡ ਦਾ ਅਗਲਾ ਸਿਰਾ।

(ਜੋ) ਸੋਭਾ ਵਾਲਾ ਅਚਲ ਸੁਮੇਰ ਪਰਬਤ ਹੈ, ਜਦ ਪਰਲੈ ਕਾਲ ਦੀ (ਅੱਗ ਨਾਲ ਸੜਕੇ) ਡਿੱਗ ਪਵੇਗਾ। (ਜੋ) ਮੱਛ ਆਦਿਕ ਅਨੰਤ ਜੀਵਾਂ ਦਾ ਘਰ ਸਮੁੰਦਰ ਹੈ, (ਜਦ ਉਹ ਭੀ) ਪਰਲੇ ਦੀ ਅੱਗ ਨਾਲ ਸੁਕ ਜਾਵੇਗਾ। ਸ਼ੇਸ਼ਨਾਗ ਨੇ (ਆਪਨੇ) ਸਿਰਾਂ ਕਰਕੇ (ਜੋ) ਧਰਤੀ ਧਾਰਨ ਕੀਤੀ ਹੋਈ ਹੈ, ਜਦ ਉਹ ਭੀ) ਪਰਲੇ ਦੀ ਅਗਨੀ ਕਰਕੇ ਸੁੱਕ ਜਾਵੇਗੀ।

(ਜੋ) ਹਾਥੀ ਦੇ ਬੱਚੇ ਦੀ ਸੁੰਡ ਦੇ ਅਗਲੇ ਸਿਰੇ ਵਰਗਾ ਚੰਚਲ ਸਰੀਰ ਹੈ, ਤਦ (ਪਰਲੋ ਦੇ ਸਮੇਂ) ਏਹ ਕੀ ਕਰੇਗਾ ? (ਭਾਵ ਏਹ ਹੈ ਕਿ ਸਾਰਾ ਸੰਸਾਰ ਨਾਸਵੰਤ ਹੈ, ਤਾਂ ਇਸ ਸਰੀਰ ਨੂੰ ਭੀ ਸੱਤ ਨਾ ਮੰਨੋ) ॥੪੭॥

## ਦੋਹਰਾ

**ਹੇਮਾਂਦ੍ਰੀ ਬਾਰਿਧਿ ਧਰਾ ਰਵਿ ਬਿਧ ਬਿਧਿਨਾਤਹਿੰ ।**
**ਕਰੇ ਅੰਤ ਅੰਤਕ ਸਕਲ ਅਹੰ ਜੰਤੁ ਕਿਨ ਮਾਹਿੰ ॥੪੮॥**

ਅੰਤਕ-ਕਾਲ।

ਹਿਮਾਚਲ ਪਹਾੜ, ਸਮੁੰਦਰ, ਧਰਤੀ, ਸੂਰਜ, ਚੰਦ੍ਰਮਾ, ਬ੍ਰਹਮਾਦਿਕ ਜੋ ਦੇਵਤੇ ਹਨ। (ਜਦ ਕਿ ਕਾਲ (ਪਰਲੋ ਦੇ ਸਮੇਂ ਵਿਚ) ਇਤਿਆਦਿਕ ਸਭਨਾਂ ਦਾ ਅੰਤ (ਨਾਸ) ਕਰਦਾ ਹੈ, (ਤਾਂ ਫਿਰ ਅਸੀਂ ਜੀਵ ਕਿਸ ਗਿਣਤੀ) ਵਿਚ ਹਾਂ ॥੪੮॥

## ਕਬਿੱਤ

**ਸ਼ੁਭ ਸਤ ਸੰਵਤ ਨਰਾਨ ਕੀ ਪ੍ਰਮਾਨ ਆਯੂ,**
**ਤਾਸ ਆਧ ਭਾਗ ਨਾਸ ਹੋਇ ਰੈਨ ਸੋਇ ਹੈ।**
**ਬਾਲ ਬ੍ਰਿਧਮਾਹਿ ਤਾਹਿ ਆਧੋ ਭਾਗ ਬਾਧੋ ਆਹਿ,**
**ਜੜਤਾ ਆਸ਼ਕਤਾ ਕੀ ਖਾਣ ਵੈ ਸੁਦੋਇ ਹੈ।**
**ਸੇਸ ਕੀ ਅਵਧਿ ਜੋਊ ਆਧਿ ਬਿਆਧਿ ਸੰਗ ਸੋਊ,**
**ਭਰਮਨੋ ਭਿਦੇਸ ਹੋਊ ਸੇਵਕਾਦਿ ਖੋਇ ਹੈ।**
**ਜੀਵਨ ਕੀ ਆਉ ਮਾਂਹਿ ਸੁਖ ਕੋ ਤੋ ਨਾਂਉ ਨਾਂਹਿ,**
**ਤੋਇ ਕੇ ਤਰਮਗ ਕੇ ਸਮਾਨ ਭੰਗ ਹੋਇ ਹੈ ॥੪੯॥**

ਸ਼ੁਭ ਸੌ ਵਰ੍ਹੇ ਤਕ ਮਨੁੱਖਾਂ ਦੀ ਉਮਰਾ ਮੰਨੀ ਹੈ, ਉਸ ਦਾ ਅੱਧਾ ਹਿੱਸਾ ਰਾਤਾਂ ਦਾ ਸਮਾਂ ਹੈ, ਜੋ ਸੁੱਤਿਆਂ ਬੀਤ ਜਾਂਦਾ ਹੈ।

(ਬਾਕੀ ਅੱਧੀ ਉਮਰਾ ਵਿਚੋਂ) ਬਾਲ ਤੇ ਬ੍ਰਿਧ ਉਮਰਾ ਵਿਚ ਅੱਧਾ ਹਿੱਸਾ ਗੁਜ਼ਰ ਜਾਂਦਾ ਹੈ, ਉਹ ਦੋਵੇਂ ਉਮਰਾ ਮੂਰਖਤਾ ਤੇ ਕਮਜ਼ੋਰੀ ਦੀ ਖਾਣ ਕਹੀਆਂ ਜਾਂਦੀਆਂ ਹਨ।

ਬਾਕੀ ਦੀ ਜੋ ਉਮਰਾ ਹੈ, ਉਹ ਆਧਿ-ਬਿਆਧਿ (ਆਦਿਕ) ਰੋਗਾਂ ਨਾਲ ਅਤੇ ਨੌਕਰੀ ਆਦਿਕ ਦੇ ਸਬੰਧ ਵਿਚ ਪ੍ਰਦੇਸ਼ ਫਿਰਨ ਵਿਚ ਨਾਸ ਹੋ ਜਾਂਦੀ ਹੈ।

ਜੀਵਨ ਦੀ ਉਮਰਾ ਵਿਚ ਸੁਖ ਦਾ ਤਾਂ ਕਿਤੇ ਨਾਮ-ਨਿਸ਼ਾਨ ਭੀ ਨਹੀਂ ਹੈ, ਪਾਣੀ ਦੇ ਬੁਲਬਲੇ ਸਮਾਨ ਦੇਹ ਤੇ ਉਮਰਾ ਨਾਸ ਹੁੰਦੀ ਜਾ ਰਹੀ ਹੈ ॥੪੯॥

## ਭੁਯੰਗ ਪ੍ਰਯਾਤ ਛੰਦ ॥

**ਹਹਾ ਮੀਚ ਕੋ ਨੀਚ ਮਾਰੇ ਅਨੰਗਾ ॥**
**ਇੰਦੰ ਸ੍ਵਾਨ ਸ੍ਵਾਨੀ ਕੋ ਚਾਹੇ ਅਲਿੰਗਾ ॥**
**ਕ੍ਰਿਸਾ ਪਿੰਗ ਕਾਣਾ ਕਟੀ ਪੂਛ ਬੁੱਚਾ ॥**
**ਸ੍ਰਵੇ ਪੂੰ ਬਰਣੀ ਤੇ ਭਿਗੀ ਸਰਬ ਤੁੱਚਾ ॥੫੦॥**

ਮੀਚ-ਮੋਯਾ ਹੋਯਾ। ਅਨੰਗਾ-ਕਾਮਦੇਵ। ਸ੍ਵਾਨੀ-ਕੁੱਤੀ। ਅਲਿੰਗਾ-ਭੋਗ ਕਰਨਾ। ਕ੍ਰਿਸਾ-ਲਿੱਸਾ। ਪਿੰਗ-ਪਿੰਗਲਾ। ਬੁੱਚਾ-ਕੰਨ ਕੱਟਿਆਂ ਵਾਲਾ। ਪੂੰ-ਪਾਕ। ਬਰਣੀ-ਜ਼ਖ਼ਮ।

ਹਾਇ ਅਫਸੋਸ! ਮੋਏ ਹੋਏ ਨੂੰ ਭੀ ਨੀਚ ਕਾਮ ਮਾਰਦਾ ਹੈ, (ਵੇਖੋ) ਇਹ ਕੁੱਤਾ ਭੀ ਕੁੱਤੀ ਨੂੰ ਭੋਗਨਾ ਚਾਹੁੰਦਾ ਹੈ। (ਜੋ) ਲਿੱਸ਼ਾ ਹੈ, ਲੂਲਾ ਤੇ ਕਾਣਾ ਹੈ, ਕੱਟੀ ਪੂਛ ਵਾਲਾ ਤੇ ਕੰਨ ਵੱਢੇ ਹੋਏ ਹਨ, (ਜਿਸਦੇ) ਜ਼ਖ਼ਮਾਂ ਵਿਚੋਂ ਪਾਕ ਵਗਦੀ ਹੈ, ਜਿਸ ਨਾਲ (ਉਸਦੀ) ਸਾਰੀ ਦੇਹ ਭਿੱਜੀ ਹੋਈ ਹੈ ॥੫੦॥

**ਕ੍ਰਿਮਾ ਸੰਖਕੇ ਸੰਗ ਸੋਵਯਾ ਬਿਰਤਾਂਗਾ।**
**ਕਟੇ ਕੀਟ ਔ ਮੱਖ ਕਾ ਪੁੰਜ ਕਾਂਗਾ।**
**ਤ੍ਰਿਖਾ ਭੁਖ ਸੋਂਬਿਆਕੁਲਾ ਜੀਰੁਣਾਂਗਾ।**
**ਗਰੇ ਬੀਚ ਪੇਟਾਰ ਕੋ ਪਰੋ ਘਾਂਗਾ ॥੫੧॥**

ਕ੍ਰਿਮਾ ਸੰਖ-(ਕ੍ਰਿਮ+ਅਸੰਖ) ਬੇਅੰਤ ਕੀੜੇ। ਬਿਰਤਾਂਗਾ-(ਬਿਰਤ+ਆਂਗਾ) ਸਾਰੇ ਅੰਗ। ਮੱਖਕਾ-ਮੱਖੀਆਂ। ਜੀਰਣਾਂਗਾ-(ਜੀਰਣ+ਆਂਗਾਂ) ਬੁੱਢਾ ਸਰੀਰ। ਪੇਟਾਰ-ਪੁੱਛੀ। ਘਾਂਗਾ-ਘੇਰਾ।

ਬੇਅੰਤ ਕੀੜਿਆਂ ਦੇ ਨਾਲ ਜਿਸਦੇ ਸਾਰੇ ਅੰਗ ਭਰੇ ਹੋਏ ਹਨ, (ਜਿਸਨੂੰ) ਕੀੜੇ, ਮੱਖੀਆਂ ਤੇ ਕਾਵਾਂ ਦਾ ਝੁੰਡ ਵੱਢ-ਵੱਢ ਕੇ ਖਾਂਦਾ ਹੈ।

(ਜਿਸਦਾ) ਬੁੱਢਾ ਸਰੀਰ ਭੁਖ ਤੇ ਤੇਹ ਨਾਲ ਵਿਆਕੁਲ ਹੈ, (ਜਿਸਦੇ) ਗਲ ਵਿਚ ਪੱਛੀ ਦਾ ਘੇਰਾ ਪਿਆ ਹੋਇਆ ਹੈ ॥੫੧॥

**ਇਸੇ ਸ੍ਵਾਨ ਤੇ ਭੀ ਨਹੀ ਕਾਮ ਬਾਚੇ।**
**ਧਨੀ ਜੁਆਨ ਕੇ ਚਿਤ ਮੋ ਕਿੰਨ ਰਾਚੇ।**
**ਡਰੇ ਏਕ ਕਾਮਾਰਿ ਤੇ ਮੈਨ ਸੂਰਾ।**
**ਜਟੀ ਦਾਸ ਕੇ ਪਾਸ ਤੇ ਭੀ ਪਰ ਦੂਰਾ ॥੫੨॥**

ਕਮਾਰਿ-ਸ਼ਿਵਜੀ। ਮੈਂ-ਕਾਮ ਦੇਵ। ਜਟੀ-ਸ਼ਿਵਜੀ।

ਅਜਿਹਾ ਕੁੱਤਾ ਭੀ ਕਾਮ ਤੋਂ ਨਹੀਂ ਬਚਿਆ ਹੈ, (ਫਿਰ ਜੋ) ਧਨ ਵਾਲਾ ਤੇ ਜੁਆਨ ਪੁਰਸ਼ ਹੈ, ਉਸਦੇ ਚਿਤ ਵਿਚ (ਕਾਮ) ਕਿਉਂ ਨਾ ਰਚੇਗਾ।

ਕਾਮਦੇਵ ਸੂਰਮਾ ਇਕ ਸ਼ਿਵਜੀ ਪਾਸੋਂ ਡਰਦਾ ਹੈ ਅਤੇ ਸ਼ਿਵਜੀ ਦੇ ਦਾਸ ਦੇ ਪਾਸੋਂ ਭੀ ਡਰਦਾ ਹੋਇਆ ਕਾਮ ਦੇਵ ਦੂਰ ਰਹਿੰਦਾ ਹੈ ॥੫੨॥

### ਸੋਰਠਾ

**ਸ਼ਿਵ ਭ੍ਰਮਤ ਸ਼ਿਵਮਯ ਹੇਰ ਮਨਮਤ ਤਾਸ ਨ ਮਨ ਮਥੇ।**
**ਡਰੇ ਦਹੇ ਮਤ ਫੇਰ ਨਾਮ ਅਨੰਗ ਅਭਾਵ ਹੁਇ ॥੫੩॥**

ਭ੍ਰਿਤ-ਦਾਸ। ਮਯ-ਰੂਪ। ਮਨ ਮਥੇ-ਕਾਮ ਦੇਵ। ਅਭਾਵ-ਨਾਸ।

ਸ਼ਿਵਜੀ ਦੇ ਦਾਸ ਨੂੰ ਸ਼ਿਵ ਸਰੂਪ ਵੇਖਕੇ ਕਾਮਦੇਵ ਉਸਦੇ ਮਨ ਨੂੰ ਵਿਕਾਰ ਨਹੀਂ ਕਰਦਾ।

(ਇਸ ਲਈ) ਡਰਦਾ ਹੈ (ਕਿ ਕਿਤੇ) ਫੇਰ ਨਾ (ਮੈਨੂੰ) ਸਾੜ ਦੇਵੇ (ਤੇ ਮੇਰ) 'ਅਨੰਗ' ਨਾਮ ਦਾ ਭੀ ਨਾਸ ਹੋ ਜਾਵੇ॥੫੩॥

ਭਾਵ-ਇਹ ਹੈ, ਕਾਮ ਦੇਵ ਨੂੰ ਸ਼ਿਵਜੀ ਨੇ ਫੂਕ ਕੇ ਉਸਦਾ ਨਾਮ 'ਅਨੰਗ' ਕਰ ਦਿੱਤਾ ਸੀ। ਕਾਮਦੇਵ ਸੋਚਦਾ ਹੈ ਕਿ ਸ਼ਿਵਜੀ ਨੇ ਮੈਨੂੰ ਫੂਕ ਕੇ ਮੇਰਾ ਨਾਮ ਅਨੰਗ ਧਰ ਦਿੱਤਾ ਸੀ, ਪਰ ਜੇ ਸ਼ਿਵ ਭਗਤ ਮੈਨੂੰ ਫੂਕ ਸੁਟੇਗਾ ਤਾਂ ਉਸਨੇ ਮੇਰਾ 'ਅਨੰਗ' ਨਾਮ ਭੀ ਨਹੀਂ ਰਹਿਣ ਦੇਣਾ।

### *ਬਿਸਾਲ ਛੰਦ*

**ਦਰਸੈ ਜਨ ਜੋ ਨਿਜ ਮਾਨ ਮਲੀਨ।**
**ਨਿਤ ਕੀਣ ਪਿਖੇ ਧਨ ਲਾਭ ਰਤਨਿ।**
**ਅਰਥੀ ਵਿਅਰਥੇ ਫਿਰ ਜਾਤ ਕਦੰਬ।**
**ਹਤ ਬੰਧ ਜਨਾ ਪਿਖ ਨਸ਼ਟ ਕੁਟੰਬ॥੫੪॥**

ਜੋ ਪੁਰਸ਼ ਆਪਣਾ ਮਾਨ (ਮਲੀਨ) ਨਾਸ ਹੋਇਆ ਵੇਖਦਾ ਹੈ, (ਜੋ) ਸਦਾ ਧਨ ਨੂੰ ਨਾਸ ਹੁੰਦਾ ਵੇਖਦਾ ਹੈ, ਤੇ ਰਤੀ ਭਰ ਵੀ ਪ੍ਰਾਪਤ ਨਹੀਂ ਹੁੰਦਾ ਹੈ।

ਧਨ ਦੀ ਅਨਹੋਂਦ ਕਰਕੇ (ਘਰ ਦੇ ਬੂਹੇ ਉਤੋਂ) ਮੰਗਤੇ ਲੋਕ ਭੀ ਕਦੇ-ਕਦੇ ਖਾਲੀ ਮੁੜ ਜਾਂਦੇ ਹਨ, ਪਿਆਰੇ ਸੰਬੰਧੀ ਮਰ ਗਏ ਹਨ ਅਤੇ ਇਸਤ੍ਰੀ ਪੁਤ੍ਰ ਆਦਿਕ ਕੁਟੰਬ (ਦੇ ਲੋਕ ਭੀ) ਨਾਸ ਹੋਏ ਵੇਖਦਾ ਹੈ॥੫੪॥

**ਨਿਜ ਨਸ਼ਟ ਜੁਵਾ ਜੋ ਸਨੇ ਸਨੇ ਜੋਇ।**
**ਇਵ ਭਰਿਸ਼ਟ ਸਮਾਨ ਸਬੀ ਜਬ ਹੋਇ।**
**ਬੁਧਿ ਵਾਨਨ ਕੋ ਨਿਜ ਸ਼੍ਰੇਯ ਨਿਦਾਨ।**
**ਯੁਕਤੀਕ ਸੁਖੇਨ ਅਯੰ ਸੁਖ ਖਾਨ॥੫੫॥**

ਜੋਇ-ਵੇਖ ਲਵੇ। ਭ੍ਰਿਸ਼ਟ-ਨਾਸ ਹੋ ਗਿਆ। ਸ਼੍ਰੇਯ-ਕਲਿਆਨ। ਨਿਦਾਨ-ਕਾਰਣ। ਯੁਕਤੀਕ-ਯੁਕਤੀ ਇਕ। ਅਯੰ-ਏਹ ਤੇ।

ਜੋ (ਪੁਰਸ਼) ਆਪਣੀ ਜੋਬਨ ਅਵਸਥਾ ਨੂੰ ਹੌਲੀ-ਹੌਲੀ ਨਾਸ ਹੁੰਦੀ ਵੇਖ ਲਵੇ।

ਇਸ ਤਰ੍ਹਾਂ ਜਦ ਸਾਜੋ-ਸਮਾਨ ਨੂੰ ਨਸ਼ਟ-ਭ੍ਰਿਸ਼ਟ ਹੋਇਆ (ਜਾਨ ਲਵੇ)।

(ਉਸ ਵੇਲੇ) ਬੁੱਧੀਵਾਨਾਂ ਨੂੰ ਆਪਣੀ ਕਲਿਆਨ ਦਾ ਕਾਰਣ, ਇਹ ਇਕ ਸੁਖੈਨ ਜੁਗਤੀ (ਜੋ) ਸੁਖਾਂ ਦੀ ਖਾਨ ਹੈ। ਕਰਨੀ ਚਾਹੀਦੀ ਹੈ, ਅਰਥਾਤ:-

**ਜਲ ਦੇਵ ਨਦੀ ਕਰ ਜੋ ਸੁਚ ਆਹਿ।**
**ਗਿਰ ਰਾਜ ਸਿਲਾ ਉਤ ਕੰਦਰ ਮਾਹਿ।**
**ਅਥਵਾ ਬਨ ਕੁੰਜਨ ਮੈਂ ਬੁਧਿਵੰਤ।**
**ਬਸਕੇ ਕਤਹੂੰ ਸਿਮਰੇ ਭਗਵੰਤ ॥੫੬॥**

ਪਵਿੱਤ੍ ਜਲ ਜਾਂ ਗੰਗਾ ਨਦੀ ਦੇ (ਜੋ) ਪਵਿੱਤਰ ਕੰਢੇ ਹਨ, ਹਿਮਾਲਾ ਪਹਾੜ ਦੀ ਸਿਲਾ ਉੱਤੇ (ਜਾਂ ਕਿਸੇ ਹੋਰ ਪਹਾੜ ਦੀ) ਕੰਦ੍ਰਾ ਵਿਚ।

ਅਥਵਾ-ਬਨ ਦੀਆਂ ਕੁੰਜ ਗਲੀਆਂ ਵਿਚ ਬੁਧਿਵਾਨ ਪੁਰਸ਼ ਇਨ੍ਹਾਂ ਵਿਚੋਂ ਕਿਸੇ ਇਕ ਜਗ੍ਹਾ 'ਤੇ) ਵੱਸ ਕਰਕੇ ਭਗਵਾਨ ਦਾ ਸਿਮਰਨ ਕਰੇ (ਅਤੇ ਮਨ ਵਿਚ ਵਿਚਾਰ ਕਰੇ ਜੋ ਮੇਰੇ ਉੱਤੇ ਪਰਮੇਸ਼੍ਵਰ ਦੀ ਕ੍ਰਿਪਾ ਹੈ, ਜਿਸ ਕਰਕੇ ਮੇਰੇ ਬੰਧਨ ਟੁੱਟ ਗਏ ਹਨ) ॥੫੬॥

## ਦੋਹਰਾ

**ਨਸ਼ਟ ਭਏ ਭਵ ਭੋਗ ਕੋ ਪੁਨ ਨ ਭਜੇ ਜਨ ਸਯਾਨ।**
**ਕਹੂੰ ਵਿਰਕਤ ਸਥਾਨ ਮੈ ਬੈਸਿ ਕਰੇ ਹਰਿ ਧਿਆਨ ॥੫੭॥**

ਨਾਸ ਹੋ ਚੁਕੇ ਹੋਏ ਸੰਸਾਰ ਦੇ ਇਸਤ੍ਰੀ ਧਨ ਆਦਿਕ ਪਦਾਰਥਾਂ ਨੂੰ ਸਿਆਣਾ ਪੁਰਸ਼ ਫੇਰ ਗ੍ਰਹਿਣ ਨਹੀਂ ਕਰਦਾ।

(ਸਗੋਂ) ਕਿਸੇ ਵਿਰਕਤ (ਏਕਾਂਤ) ਸਥਾਨ ਵਿਚ ਬੈਠਕੇ ਹਰੀ ਦਾ ਧਿਆਨ ਤੇ ਸਿਮਰਨ ਕਰਦਾ ਹੈ ॥੫੭॥

ਨੋਟ-ਈਸ਼੍ਵਰ ਦੀ ਉਪਾਸ਼ਕ ਨੂੰ ਕਿਸ ਤਰ੍ਹਾਂ ਦਾ ਚਿਤ ਚਾਹੀਦਾ ਹੈ

## *ਕਬਿੱਤ*

**ਬਿਬਧ ਪ੍ਰਕਾਰ ਬੇਦ ਅਰਥ ਕੇ ਸੰਵੇਦ ਭਾਰੀ,**
**ਚੇਤਾਨ ਮੇਂ ਚੰਚਲਾਈ ਮੋ ਨਿਕਾਈ ਹਤ ਹੈ।**
**ਨਾਨਾ ਵਿਧ ਵਾਕਨ ਕੇ ਕੌਤਕ ਮੈ ਰਸ ਜੋਊ,**
**ਸੋ ਵਿਰਸ ਭਏ ਜਾਹਿ ਮਾਹਿ ਵਿਲਸਤ ਹੈ।**
**ਭਾਂਤਿ ਭਾਂਤਿ ਸਕਲ ਵਿਕਲ ਪ੍ਰਸਾਂਤਿ ਜਾਂਮੈ,**
**ਰਜੋ ਤਮੋ ਤੇ ਰਹਤ ਸਤੋ ਕੇ ਸਹਤ ਹੈ।**

**ਈਸ਼ੂਰ ਕੀ ਸੇਵ ਹਿਤ ਐਸੋ ਚਿਤ ਚਾਹੀਅਤੁ,**
**ਐਸੇ ਚਿਤ ਹੀ ਮੋ ਸਭ ਚਿਤ ਵਿਕਸਤੁ ਹੈ ॥੫੮॥**

ਬਿਬਿਧ ਪ੍ਰਕਾਰ-ਅਨੇਕ ਤਰ੍ਹਾਂ ਦੇ। ਸੰਵੇਦ-ਗਿਆਨ। ਚੇਤਨਾ-ਬੁੱਧੀ। ਨਿਕਾਈ-ਸਾਰੀ ਦੀ ਸਾਰੀ। ਹਤ-ਨਾਸ ਹੋ ਗਈ। ਵਿਧਿ ਵਾਕਨ-ਕਰਨ ਯੋਗ ਕਰਮਾਂ ਦਾ ਉਪਦੇਸ਼ ਕਰਨ ਵਾਲੇ। ਵਿਰਸ-ਫਿੱਕੇ। ਵਿਲਸਤ-ਖੁਸ਼ ਹੁੰਦਾ ਹੈ। ਵਿਕਲ-ਵਿਕਲਪ। ਪ੍ਰਸ਼ਾਂਤਿ-ਬਿਲਕੁਲ ਸਾਂਤ। ਸਿਕਸਤ-ਪ੍ਰਸੰਨ ਹੁੰਦਾ।

(ਜੋ) ਅਨੇਕ ਤਰ੍ਹਾਂ ਦੇ ਵੇਦਾਂ ਦੇ ਅਰਥਾਂ ਦੇ ਗਿਆਨ ਵਾਲੀ ਬੁੱਧੀ ਹੈ, ਉਸ (ਬੁੱਧੀ ਵਿਚੋਂ) ਸਾਰੀ ਚੰਚਲਤਾਈ ਨਾਸ ਹੋ ਗਈ ਹੈ।

(ਫਿਰ) ਅਨੇਕ ਤਰ੍ਹਾਂ ਦੇ ਵਿਧੀ ਵਾਕਾਂ ਦੇ ਕੌਤਕਾਂ ਵਿਚ ਜੋ ਰਸ ਹੈ, ਉਹ ਰਸ (ਜਿਸਨੂੰ) ਫਿੱਕੇ ਮਾਲੂਮ ਹੁੰਦੇ ਹਨ, ਜਿਨ੍ਹਾਂ ਰਸਾਂ ਵਿਚ (ਮਨ ਪਹਿਲੇ) ਖੁਸ਼ ਹੋਇਆ ਕਰਦਾ ਸੀ। ਜਿਸਦੇ ਹਿਰਦੇ ਵਿਚੋਂ ਤਰ੍ਹਾਂ-ਤਰ੍ਹਾਂ ਦੇ ਸਾਰੇ ਹੀ ਸੰਕਲਪ ਵਿਕਲਪ ਪੂਰੀ ਤਰ੍ਹਾਂ ਨਾਲ ਸਾਂਤ ਹੋ ਚੁੱਕੇ ਹਨ, (ਅਤੇ ਜੋ ਹਿਰਦਾ) ਰਜੋ-ਤਮੋ ਤੋਂ ਰਹਿਤ ਹੋ ਕੇ ਸਤੋ ਗੁਣ ਦੇ ਸਹਿਤ ਹੋ ਗਿਆ ਹੈ। ਈਸ਼ਵਰ ਦੀ ਸੇਵਾ ਕਰਨ ਵਾਸਤੇ ਇਸ ਤਰ੍ਹਾਂ ਦਾ ਚਿੱਤ ਚਾਹੀਦਾ ਹੈ, (ਕਿਉਂਕਿ) ਇਸ ਤਰ੍ਹਾਂ ਦੇ ਚਿੱਤ ਵਿਚ ਹੀ ਸਤ, ਚਿੱਤ ਤੇ ਅਨੰਦ ਸਰੂਪ ਪ੍ਰਭੂ (ਆਪਣਾ) ਪ੍ਰਕਾਸ਼ ਕਰਦਾ ਹੈ ॥੫੮॥

### ਕਬਿੱਤ

**ਹਰਿ ਮੈ ਸਨੇਹ ਤਰੁ ਜਨਮ ਮਰਨ ਡਰ,**
**ਉਰ ਮਾਹਿ ਕੀਨੋ ਘਰ ਬੰਧੂ ਮੈ ਨ ਰਾਗ ਹੈ।**
**ਮਨੋਭਵ ਜੋ ਵਿਕਾਰ ਮੰਦ ਸੰਸਕਾਰ ਡਾਰ,**
**ਸੰਗ ਦੋਖ ਦੁਖੋ ਟਾਰ ਬਸੇ ਕਾਂਤ ਬਾਗ ਹੈ।**
**ਯਾ ਵੈਰਾਗ ਭਏ ਕਹਾ ਹੋਰ ਤਿਆਗ ਯੋਗ,**
**ਰਹਾ ਹਤੀ ਸਰਬ ਚਾਹਜੋ ਵੈਰਾਗ ਤੇ ਵੈਰਾਗ ਹੈ।**
**ਹੇਤੁ ਪਰਮਾਰਥ ਕੋ ਉਤਮ ਵੈਰਾਗ ਐਸੋ,**
**ਵਾਗ ਬਡੋ ਭਾਗ ਕੋ ਅਭਾਜ ਤਾਂ ਤੇ ਭਾਗ ਹੈ ॥੫੯॥**

ਤਰੁ-ਬਹੁਤ। ਰਾਗ-ਪ੍ਰੇਮ, ਸਨੇਹ। ਮਨੋਭਵ-ਕਾਮਦੇਵ। ਕਾਂਤ-ਇਕਾਂਤ ਜਗ੍ਹਾ। ਹਤੀ-ਨਾਸ ਹੋ ਗਈ। ਹੇਤੁ-ਕਾਰਣ। ਭਾਗ-ਹਿੱਸਾ, ਛਾਂਦਾ। ਭਾਗ-ਭੱਜ ਜਾਂਦਾ ਹੈ।

(ਵੈਰਾਗੀ ਪੁਰਸ਼ ਦੇ) ਹਿਰਦੇ ਵਿਚ ਹਰੀ ਨਾਲ ਬਹੁਤਾ ਪ੍ਰੇਮ ਹੁੰਦਾ ਹੈ, ਜਨਮ-ਮਰਨ ਦੇ ਡਰ ਨੇ ਹਿਰਦੇ ਵਿਚ ਘਰ ਬਣਾ ਲਿਆ ਹੈ ਅਤੇ ਸਬੰਧੀਆਂ ਵਿਚ ਪ੍ਰੇਮ ਨਹੀਂ (ਰਿਹਾ ਹੈ)। ਜੋ ਕਾਮ ਦੇ ਵਿਕਾਰ ਤੇ ਮੰਦੇ ਸੰਸਕਾਰ ਹਨ (ਇਹ ਹਿਰਦੇ ਵਿਚ) ਸੁੱਟ ਦਿੱਤੇ ਹਨ ਅਤੇ (ਜਿਨ੍ਹਾਂ ਦੀ) ਸੰਗਤ ਕਰਨ ਤੋਂ ਦੋਸ਼

ਲੱਗ ਜਾਂਦਾ ਹੈ, ਉਨ੍ਹਾਂ ਦੁਖਦਾਈ ਕਰਮਾਂ ਨੂੰ ਤਿਆਗ ਕੇ ਇਕਾਂਤ ਜਗ੍ਹਾ ਬਾਗ ਵਿਚ ਵੱਸਦੇ ਹਨ।

ਇਸ ਤਰ੍ਹਾਂ ਦੇ ਵੈਰਾਗ ਦੇ ਹੋਇਆਂ, ਹੋਰ ਤਿਆਗਣ ਦੇ ਯੋਗ (ਬਾਕੀ) ਕੀ ਰਹਿ ਗਿਆ ਹੈ, ਸਾਰੀ ਇੱਛਾ ਨਾਸ ਹੋ ਗਈ ਹੈ ਅਤੇ ਵੈਰਾਗ ਹੋ ਗਿਆ ਹੈ। ਪਰਮਾਰਥ (ਪ੍ਰਾਪਤੀ ਦਾ) ਕਾਰਣ ਰੂਪ ਇਸ ਤਰ੍ਹਾਂ ਦਾ ਵੈਰਾਗ ਹੁੰਦਾ ਹੈ, (ਇਹ) ਵੱਡੇ ਭਾਗਾਂ ਵਾਲਿਆਂ ਦੇ ਭਾਗਾਂ (ਵਿਚ ਹੈ, ਅਤੇ) ਭਾਗਾਂ ਤੋਂ ਹੀਨੇ ਉਸ (ਵੈਰਾਗ) ਤੋਂ ਦੂਰ ਭੱਜ ਜਾਂਦੇ ਹਨ॥੫੯॥

### ਕਬਿੱਤ

**ਭੋਗਨ ਮੇ ਰੋਗ ਭਯ ਸੁਖੋਂ ਬਿਖੇ ਖਯ ਭਯ,**
**ਧਨ ਮਧਯ ਭਯ ਭੂਪ ਚੋਰ ਕੋ ਰਹਤ ਹੈ।**
**ਦਾਸ ਮਾਹਿ ਸ੍ਵਾਮਿ ਭਯ ਜਯ ਮਾਝਿ ਰਿਪੂ ਭਯ,**
**ਭਯ ਕੁਲ ਬੀਚ ਨੀਕ ਨਾਰੀ ਕੋ ਮਹਤ ਹੈ।**
**ਮਾਨ ਮਾਹਿ ਹਾਨ ਭਯ ਗੁਨੀ ਮੈ ਖਲਾਂਨ ਭਯ,**
**ਕਾਯ ਮੈ ਕ੍ਰਿਤਾਂਤ ਭੈ ਸਰਬ ਗਤਿ ਹੈ।**
**ਨਿਰਭੈ ਵੈਰਾਗ ਏਕ ਧਰੋ ਨਰੋ ਸਬਿਬੇਕ ਗਾਯੋ,**
**ਮੈ ਅਨੇਕ ਅਬ ਥਕੀ ਮੋਰੀ ਮਤਿ ਹੈ ॥੬੦॥**

ਭੋਗਾਂ ਦੇ ਭੋਗਨ ਵਿਚ ਰੋਗਾਂ ਦੇ ਪੈਦਾ ਹੋ ਜਾਣ ਦਾ ਡਰ ਹੈ, ਸੁਖਾਂ ਦੇ ਨਾਸ ਹੋਣ ਦਾ ਡਰ ਹੈ, ਧਨ ('ਕੱਠਾ ਕਰਨ) ਵਿਚ ਰਾਜੇ ਤੇ ਚੋਰ ਦਾ ਡਰ ਬਣਿਆ ਰਹਿੰਦਾ ਹੈ। ਨੌਕਰ (ਨੂੰ ਨੌਕਰੀ ਦੇ ਸਮੇਂ) ਵਿਚ ਮਾਲਕ ਦਾ ਡਰ ਹੁੰਦਾ ਹੈ, ਲੜਾਈ ਵਿਚ ਵੈਰੀ ਦਾ ਡਰ ਹੁੰਦਾ ਹੈ ਅਤੇ ਕੁਲ ਵਿਚ ਇਸਤ੍ਰੀ ਦੇ ਵਿਭਚਾਰਨੀ ਹੋਣ ਦਾ ਡਰ ਹੈ।

ਮਾਨ ਵਿਚ ਮਾਨ ਦੇ ਹਾਨ ਹੋ ਜਾਣ ਦਾ ਡਰ ਹੈ, ਗੁਣੀ ਲੋਕਾਂ ਵਿਚ ਮੂਰਖਾਂ ਦਾ ਡਰ ਹੈ, ਸਰੀਰ ਵਿਚ ਜੀਵ ਨੂੰ ਮੌਤ ਦਾ ਡਰ ਹੈ, ਸਭਨਾਂ ਹਾਲਤਾਂ ਵਿਚ ਡਰ ਨਾਲ ਹੀ ਲੱਗਾ ਰਹਿੰਦਾ ਹੈ।

ਇਕ ਵੈਰਾਗ ਹੀ ਡਰ ਤੋਂ ਰਹਿਤ ਹੈ, ਹੇ ਪੁਰਸ਼ੋ! ਵੈਰਾਗ ਨੂੰ ਵਿਵੇਕ ਦੇ ਸਹਿਤ ਹਿਰਦੇ ਵਿਚ ਧਾਰਨ ਕਰੋ, ਮੈਂ ਅਨੇਕ ਤਰ੍ਹਾਂ ਨਾਲ ਕਹਿ ਚੁਕਾ ਹਾਂ ਅਤੇ ਹੁਣ ਮੇਰੀ ਬੁੱਧੀ ਥੱਕ ਚੁੱਕੀ ਹੈ ॥੬੦॥

### ਦੋਹਰਾ

**ਸੁਭ ਵੈਰਾਗ ਬਿਬੇਕ ਬਿਬ ਕਰਹਿ ਬੇਗ ਕਲਿਆਨ ॥**
**ਦ੍ਰਿਗ ਆਦਿਤਯ ਵਤ ਹਰਤ ਹੈ ਅੰਧਕਾਰ ਅਗਯਾਨ ॥੬੧॥**

**ਬਿਬ-ਦੋਵੇਂ।** ਬੇਗ-ਛੇਤੀ। ਦ੍ਰਿਗਾਦਿਤਯ-(ਦ੍ਰਿਗ-ਅੱਖਾਂ) ਅਦਿਤਯ-ਸੂਰਜ।

ਸ਼ੁਭ ਵੈਰਾਗ ਤੇ ਬਿਬੇਕ ਦੋਵੇਂ (ਜੀਵ ਦੀ) ਛੇਤੀ ਹੀ ਕਲਿਆਨ ਕਰਦੇ ਹਨ। ਅੱਖਾਂ ਤੇ ਸੂਰਜ ਦੇ ਸਮਾਨ ਅਗਯਾਨ ਰੂਪ ਹਨੇਰੇ ਨੂੰ ਨਾਸ ਕਰਦੇ ਹਨ ਅਰਥਾਤ ਜੇ ਅੱਖਾਂ ਨਾ ਹੋਣ ਤਦ ਭੀ ਦਿਸਦਾ ਨਹੀਂ ਹੈ, ਇਸੇ ਤਰ੍ਹਾਂ ਵੈਰਾਗ ਤੋਂ ਬਿਨਾਂ 'ਕੱਲਾ ਵਿਵੇਕ ਮੁਕਤੀ ਨਹੀਂ ਦਿਵਾ ਸਕਦਾ ਤੇ ਵਿਵੇਕ ਤੋਂ ਬਿਨਾਂ ਵੈਰਾਗ ਭੀ ਮੁਕਤੀ ਦਾ ਅਧਿਕਾਰੀ ਨਹੀਂ ਬਣਾਉਂਦਾ ਇਸ ਲਈ ਵੈਰਾਗ ਤੇ ਵਿਵੇਕ ਦੋਹਾਂ ਦਾ ਹੋਣਾ ਹੀ ਜ਼ਰੂਰੀ ਹੈ ॥੬੧॥

### ਸੋਰਠਾ

## ਰਜਨੀ ਬਿਨ ਸਿਤ ਚੰਦ ਨਿਸਾ ਅਸਿਤ ਸਸਿ ਹੀਨ ਜਯੋਂ ।
## ਉਭਯ ਸਹਤ ਅਨੰਦ ਤਯੋ ਵੈਰਾਗ ਵਿਵੇਕ ਵਿਦ ॥੬੨॥

ਰਜਨੀ-ਰਾਤ। ਸਿਤ-ਚਿੱਟਾ, ਫਿੱਕਾ। ਨਿਸਾ-ਰਾਤ। ਅਸਿਤ-ਕਾਲੀ ਸਸਿ ਚੰਦ੍ਰਮਾ। ਉਭਯ-ਦੋਹਾਂ।

ਜਿਵੇਂ ਰਾਤ ਤੋਂ ਬਿਨਾਂ ਚਿੱਟਾ ਚੰਦਰਮਾਂ ਫਿੱਕਾ-ਫਿੱਕਾ ਹੁੰਦਾ ਹੈ ਅਤੇ ਚੰਦ੍ਰਮਾਂ ਤੋਂ ਬਿਨਾਂ ਰਾਤ ਕਾਲੀ ਹੁੰਦੀ ਹੈ।

ਦੋਹਾਂ ਦੇ ਸਹਿਤ ਹੀ ਅਨੰਦ ਹੈ, ਤਿਵੇਂ ਵੈਰਾਗ ਤੇ ਵਿਵੇਕ ਨੂੰ ਜਾਣੋ (ਅਰਥਾਤ ਵੈਰਾਗ ਤੋਂ ਬਿਨਾਂ ਵਿਵੇਕ ਤੇ ਵਿਵੇਕ ਬਿਨਾਂ ਵੈਰਾਗ ਕਿਸੇ ਕੰਮ ਦਾ ਨਹੀਂ ਹੈ ॥੬੨॥

### ਦੋਹਰਾ

## ਸਤ ਸਮਸਤ ਵੈਰਾਗ ਕੋ ਕਹਯੋ ਭਰਤ ਸਤ ਮਾਹਿ ॥
## ਸਤ ਪ੍ਰਾਪਤ ਹਿਤੁ ਬਚਨ ਸਤ ਧਰੋ ਨਰੋ ਉਰ ਤਾਂਹਿ ॥੬੩॥

ਸਤ-ਸ਼ਤਕ। ਸਤ-ਸੌ (੧੦੦)। ਸਤ-ਸਤ ਸਰੂਪ। ਸਤ-ਸੱਚਾ।

ਭਰਥਰੀ ਜੀ ਨੇ ਵੈਰਾਗ ਦਾ ਸਾਰਾ ਹੀ ਸੌ ਸਲੋਕ ਕਿਹਾ ਹੈ। ਸਤ (ਸਰੂਪ ਦੀ) ਪ੍ਰਾਪਤੀ ਵਾਸਤੇ, ਹੇ ਪੁਰਸ਼ੋ ! ਉਹਨਾਂ ਸੱਚੇ ਬਚਨਾਂ ਨੂੰ ਹਿਰਦੇ ਵਿਚ ਧਾਰਨ ਕਰੋ ॥੬੩॥

### ਸੋਰਠਾ

## ਬਿਨ ਸੰਗ੍ਰਹ ਸੁ ਵਿਚਾਰ ਪਸੂ ਬਧੁ ਗਯਾਨੀ ਦੁਖੀ ।
## ਪੰਖੀ ਪੰਖ ਪ੍ਰਕਾਰ ਉਭੈ ਸਹਿਤ ਦੁਖ ਗਤ ਲਹਿਤ ॥੬੪॥

ਸੰਗ੍ਰਹ-'ਕੱਠਾ ਕਰਨਾ। ਬਧੁ ਗਿਆਨੀ-ਵਿਚਾਰ ਤੋਂ ਹੀਨਾ ਗਿਆਨੀ। ਉਭੈ-ਦੋਵੇਂ ਹੀ।

ਜਿਸ ਤਰ੍ਹਾਂ ਵਿਚਾਰ ਤੋਂ ਹੀਨਾ ਪੁਰਸ਼ ਪਦਾਰਥ ਇਕੱਠੇ ਕਰਕੇ ਦੁਖੀ ਹੁੰਦਾ ਹੈ ਇਸੇ ਤਰ੍ਹਾਂ ਵੱਧ ਗਿਆਨੀ ਵੈਰਾਗ ਨੂੰ ਧਾਰਨ ਕਰਕੇ ਵਿਵੇਕ ਤੋਂ ਬਿਨਾਂ ਦੁਖ ਭੋਗਦਾ ਹੈ। (ਜਿਵੇਂ) ਪੰਛੀ ਨੂੰ ਦੋਹਾਂ ਖੰਭਾਂ ਕਰਕੇ (ਸੁਖ ਹੁੰਦਾ ਹੈ,ਇਸੇ) ਤਰ੍ਹਾਂ ਦੋਹਾਂ ਵੈਰਾਗ ਤੇ ਵਿਵੇਕ ਦੇ ਸਹਿਤ ਹੀ ਸੁਖਾਂ ਦੀ ਪ੍ਰਾਪਤੀ ਤੇ ਦੁਖਾਂ ਦੇ ਨਾਸ ਦੀ ਗਤੀ ਪ੍ਰਾਪਤ ਹੁੰਦੀ ਹੈ ॥੬੪॥

### ਦੋਹਰਾ

## ਮੂਰਖਹੁ ਕੇ ਉਰ ਉਪਲ ਮਹਿ ਭਰਤ ਨਚਨਬਟ ਹੇਤੁ ॥
## ਕਹੂੰ ਪੁਖਗ ਯੋਗ ਤੇ ਬਸੇ ਲਸੇ ਸੁਖ ਦੇਤ ॥੬੫॥

ਭਰਥਰੀ ਜੀ ਦੇ ਬਚਨ ਮੂਰਖਾਂ ਦੇ ਹਿਰਦੇ ਰੂਪ ਪੱਥਰ ਵਿਚ (ਗਿਆਨ ਰੂਪ) ਬੋਹੜ (ਪੈਦਾ ਕਰਨ ਦਾ) ਕਾਰਨ ਹਨ।

(ਜਿਵੇਂ ਬੋਹੜ ਦੇ ਬੀਜ ਨੂੰ ਪੰਛੀ ਖਾ ਲਵੇ ਤੇ ਉਹ ਬੀਜ ਪੰਛੀ ਦੀ ਵਿੱਠ ਵਿਚ ਸਾਬਤ ਹੋਵੇ ਅਤੇ ਪੰਛੀ ਪੱਥਰ ਉਤੇ ਵਿੱਠ ਕਰ ਦੇਵੇ ਤਾਂ ਉਹ ਬੀਜ ਪੱਥਰ ਉਤੇ ਹੀ ਬੋੜ੍ਹ ਉਗਾ ਦੇਂਦਾ ਹੈ। ਇਸੇ ਤਰ੍ਹਾਂ ਕਿਧਰੇ ਪੁੰਨ ਰੂਪ ਪੰਛੀ ਨਾਲ ਇਹ ਬਚਨਾਂ ਰੂਪ ਬੀਜ ਨਿਗਲ ਜਾਣ ਤੇ ਫਿਰ ਇਹ ਦੋਵੇਂ ਇਕੱਠੇ ਮੂਰਖ ਦੇ ਹਿਰਦੇ ਉਤੇ ਪੈ ਜਾਣ ਤਾਂ ਗਿਆਨ ਰੂਪ ਬੋੜ੍ਹ ਪੈਦਾ ਕਰਕੇ ਉਸਨੂੰ ਦੁੱਖ ਦੇਵਣਗੇ ॥੬੫॥

### ਦੋਹਰਾ

## ਲੋਟਸ ਛਾਪ ਭਾਖਾ ਯੁਕਤਿ ਬ੍ਰਜ ਭਰਤ ਕੇ ਬੈਨ ॥
## ਸਾਰ ਮਮੋਖੀ ਪਾਰਖੂ ਗਹੇ ਸਰਬਦਾ ਚੈਨ ॥੬੬॥

ਲੋਟਸ-ਲੋਹਾ। ਛਾਪ-ਮੁੰਦਰੀ। ਬਜ੍ਰ-ਹੀਰਾ। ਪਾਰਖੂ-ਜੌਹਰੀ।

ਬ੍ਰਿਜਭਾਸ਼ਾ ਬੋਲੀ ਰੂਪ ਲੋਹੇ ਦੀ ਮੁੰਦਰੀ ਵਿਚ ਭਰਥਰੀ ਜੀ ਦੇ ਬਚਨਾਂ ਰੂਪ ਹੀਰੇ ਜੜੇ ਹੋਏ ਹਨ। ਸ੍ਰੇਸ਼ਟ ਮਮੋਖੀ ਪੁਰਖ ਜੌਹਰੀ ਹਨ (ਜੋ ਲੋਹੇ ਨੂੰ ਨਾ ਵੇਖ ਕੇ ਹੀਰੇ ਨੂੰ) ਗ੍ਰਹਿਣ ਕਰਕੇ ਹਮੇਸ਼ਾਂ ਹੀ ਅਨੰਦ ਪ੍ਰਾਪਤ ਕਰਦੇ ਹਨ ॥੬੬॥

### ਦੋਹਰਾ

## ਪ੍ਰਗਟ ਵਿਸ਼ਨ ਸਮ ਸੰਸਕ੍ਰਿਤ ਭਾਖਾ ਹਰਿ ਪਾਖਾਨ ॥
## ਸਰਧਾ ਵਾਨ ਪੁਮਾਨ ਕੋ ਕਰਨ ਉਭੈ ਕਲਿਆਨ ॥੬੭॥

ਪਰਤੱਖ ਵਿਸ਼ਨੂੰ ਦੇ ਭਗਵਾਨ ਦੇ ਸਮਾਨ ਸੰਸਕ੍ਰਿਤ ਅਤੇ ਬ੍ਰਿਜਭਾਸ਼ਾ ਵਿਸ਼ਨੂੰ ਜੀ ਦੀ ਪੱਥਰ ਦੀ ਮੂਰਤੀ ਸਮਾਨ ਹੈ।

ਸ਼ਰਧਾਵਾਨ ਪੁਰਸ਼ ਨੂੰ ਦੋਵੇਂ ਹੀ ਮੁਕਤ ਕਰਦੇ ਹਨ (ਅਰਥਾਤ ਜਿਵੇਂ ਸ਼ਰਧਾ ਤੋਂ ਹੀਣੇ ਪੁਰਸ਼ ਨੂੰ ਪ੍ਰਤੱਖ ਵਿਸ਼ਨੂੰ ਭਗਵਾਨ ਭੀ ਮੁਕਤ ਨਹੀਂ ਕਰ ਸਕਦਾ, ਕਿਸੇ ਤਰ੍ਹਾਂ ਸੰਸਕ੍ਰਿਤ ਭੀ ਸ਼ਰਧਾ ਤੋਂ ਹੀਣੇ ਨੂੰ ਗਿਆਨ ਨਹੀਂ ਬਖਸ਼ਦੀ ਹੈ ॥੬੭॥

### ਸ੍ਵੈਯਾ

ਤੀਰਥਾਨ ਕੇ ਮਾਹਿ ਸਨਾਨ ਸਮਾਨ,
ਕਰੇ ਬਹੁ ਦਾਨ ਮਹਾਨ ਮਨੀ ਕੇ।
ਸ਼ਮਸ਼ਾਨ ਮਠਾਨ ਤਰੂਨ ਤੇਰੇ ਇਸ,
ਤਾਨ ਕਰੇ ਉਤ ਤੀਰ ਨਦੀ ਕੇ।
ਮੁਖ ਮੌਨ ਧਰੇ ਤਜ ਭੌਨ ਚਰੇ ਅਰੁ,
ਬੇਦ ਰਰੇ ਸ ਪਢਾਵਤ ਨੀਕੇ।
ਗੁਣ ਏਤਤ ਬ੍ਰਿੰਦ ਬਰਾਤਿ ਜਨਾਵਰ,
ਏਕ ਵੈਰਾਗ ਬਿਨਾ ਸਭ ਫੀਕੇ ॥੬੮॥

ਸਾਰੇ ਤੀਰਥਾਂ ਵਿਚ ਇਸ਼ਨਾਨ ਕਰੇ (ਆਪਣੇ ਸਰੀਰ ਦੇ) ਸਮਾਨ (ਤੋਲ ਕੇ) ਉਤਮ ਮਣੀਆਂ ਦਾ ਬਹੁਤਾ ਦਾਨ ਕਰੋ। ਮਸਾਨਾਂ ਦੇ ਮੱਠਾਂ ਵਿਚ (ਜਾਂ) ਦਰਖਤਾਂ ਦੇ ਹੇਠਾਂ (ਜਾਂ) ਦਰਖਤਾਂ (ਜਾਂ) ਨਦੀਆਂ ਦੇ ਕੰਢਿਆਂ ਉਤੇ ਬੈਠਣ ਦਾ ਸਥਾਨ ਬਣਾ ਲਵੇ। ਮੂੰਹੋਂ ਬਿਲਕੁਲ ਚੁੱਪ ਹੋ ਰਹੇ (ਜਾਂ) ਘਰ ਨੂੰ ਛੱਡਕੇ ਜੰਗਲਾਂ ਵਿਚ ਫਿਰਦਾ ਰਹੇ, (ਜਾਂ) ਚਾਰ ਵੇਦ ਮਰਯਾਦਾ ਨਾਲ ਪੜ੍ਹੇ ਅਤੇ ਚੰਗੀ ਤਰ੍ਹਾਂ ਨਾਲ ਵੇਦ ਪੜ੍ਹਾਉਂਦਾ ਭੀ ਰਹੇ।

ਇਤਾਦਿਕ ਬਹੁਤ ਸਾਰੇ ਗੁਣ ਬਰਾਤ ਦੇ ਆਦਮੀਆਂ ਸਮਾਨ ਹਨ, ਜੋ ਇਕ ਵੈਰਾਗ ਰੂਪ ਤੋਂ ਬਿਨਾਂ ਸਾਰੇ ਹੀ ਫਿੱਕੇ ਲੱਗਦੇ ਹਨ ॥੬੮॥

### *ਸਰੂਪਾਲੰਕਾਰ ਕੋ ਕਬਿੱਤ*

ਦੇਵੀ ਗੁਣਕਵੀ ਗਣ ਔਖਧੀ ਸਮਾਦਿ ਪੁਸਟੈ,
ਤ੍ਰਿਸ਼ਨਾ ਤਾਪ ਮੋਹ ਤਮ ਕਾਮ ਚੇਰ ਹਤ ਹੈ।
ਮੁਦਤ ਬਿਬੇਕੀ ਕਾਮੀ ਦੁਖੀ ਮੂਢ ਬ੍ਰੇਹੀ ਬਾਮੀ,
ਉਦਧਿ ਤ੍ਰਿਜਾਮੀ ਮੋ ਕੁਸੰਗ ਦਿਨੇ ਗਤਿ ਹੈ।
ਸੁਕਚੇਸਰੋਜ ਭੋਗੀ ਮੋਖ ਸੁਧਾ ਕੇ ਸੰਜੋਗੀ,
ਸਯਾਤਸੇਤ ਭੋਗੀ ਯੋਗੀ ਮੌ ਬਢੇ ਘਢਤ ਹੈ।

**ਦੇਖ ਬੇਦ ਮਾਨੇ ਨਾਹਿ ਜਨ ਮਨ ਬਯੋਮ ਮਾਹਿ,**
**ਵਿਧੁ ਵਤ ਵਿਕਸਤ ਨਿਰਵੇਦ ਸਤ ਹੈ ॥੬੯॥**

ਨੋਟ-(ਇਸ ਕਬਿੱਤ ਵਿਚ ਚੰਦ੍ਰਮਾਂ ਦੇ ਰੂਪਕ ਵਿਚ ਵੈਰਾਗ ਦਾ ਵਰਣਨ ਕੀਤਾ ਹੈ: (ਜਿਵੇਂ ਚੰਦਰਮਾਂ ਨੂੰ ਵੇਖਕੇ ਕੰਮੀਆਂ ਖਿੜਦੀਆਂ ਹਨ ਇਵੇਂ ਹੀ ਧੀਰਜ, ਧਰਮ, ਉਦਾਰਤਾ ਆਦਿਕ) ਦੇਵੀ ਗੁਣ ਕੰਮੀਆਂ (ਸਮਾਨ ਹਨ, ਚੰਦਰਮਾਂ ਔਸ਼ਧੀਆਂ ਨੂੰ ਪਕਾਉਂਦਾ ਹੈ ਸੋ ਇਥੇ) ਸਮ, ਦਮ ਆਦਿਕ ਸਾਧਨਾ ਰੂਪ ਔਸ਼ਧੀ ਨੂੰ (ਵੈਰਾਗ ਰੂਪ ਚੰਦਰਮਾਂ) ਪ੍ਰਪੱਕ ਕਰਦਾ ਹੈ, (ਚੰਦਰਮਾਂ ਤਾਪ ਨੂੰ ਹਨੇਰੇ ਨੂੰ ਤੇ ਚੋਰਾਂ ਨੂੰ ਨਾਸ ਕਰਦਾ ਹੈ, ਸੋ ਇਥੇ) ਤ੍ਰਿਸ਼ਨਾ ਰੂਪ ਤਾਪ ਨੂੰ ਮੋਹ ਰੂਪ ਹਨੇਰ ਨੂੰ ਤੇ ਕਾਮ ਰੂਪ ਚੋਰ (ਨੂੰ ਵੈਰਾਗ) ਨਾਸ ਕਰਦਾ ਹੈ।

ਚੰਦਰਮਾ ਨੂੰ ਵੇਖ ਕੇ ਇਸਤ੍ਰੀ ਦਾ ਸੰਜੋਗੀ ਕਾਮੀ ਖੁਸ਼ ਹੁੰਦਾ ਹੈ ਤੇ ਵਿਯੋਗੀ ਦੁਖੀ ਹੁੰਦਾ ਹੈ ਸੋ ਇਥੇ ਪੁਰਸ਼ ਬਿਬੇਕੀ ਅਤੇ ਇਸਤ੍ਰੀ ਕਾਮੀ ਹੈ, ਜੋ ਪ੍ਰਸੰਨ ਹੁੰਦਾ ਹੈ ਉਹ ਮੂਰਖ ਪੁਰਸ਼ ਇਸਤ੍ਰੀ ਤੋਂ ਵਿਯੋਗੀ ਹੋਣ ਕਰਕੇ ਦੁਖੀ ਹੁੰਦਾ ਹੈ, (ਚੰਦਰਮਾਂ ਰਾਤ ਨੂੰ ਚੜ੍ਹਦਾ ਹੈ, ਤੇ ਦਿਨੇ ਅਸਤ ਹੁੰਦਾ ਹੈ, ਸੋ ਇਥੇ) ਬੁਧੀ ਰੂਪ ਰਾਤ ਵਿਚ ਵੈਰਾਗ ਚੰਦਰਮਾ ਉਦੇ ਹੁੰਦਾ ਹੈ ਅਤੇ ਕੁਸੰਗ ਰੂਪ ਦਿਨ ਵਿਚ (ਵੈਰਾਗ ਚੰਦਰਮਾ) ਗਤਿ (ਅਸਤ) ਹੋ ਜਾਂਦਾ ਹੈ।

(ਚੰਦਰਮਾ ਨੂੰ ਵੇਖਕੇ ਕਮਲ ਮੁੰਦੇ ਜਾਂਦੇ ਹਨ) ਭੋਗੀ ਪੁਰਸ਼ਾਂ ਰੂਪ ਕਮਲ ਕੁਮਲਾ ਜਾਂਦੇ ਹਨ, (ਜਿਵੇਂ ਚੰਦਰਮਾ ਅੰਮ੍ਰਿਤ ਵਾਲਾ ਹੈ, ਇਵੇਂ ਹੀ ਵੈਰਾਗ ਰੂਪ ਚੰਦਰਮਾ) ਮੁਕਤੀ ਰੂਪ ਅੰਮ੍ਰਿਤ ਦਾ ਸੰਜੋਗੀ ਹੈ, ਜਿਵੇਂ (ਸਕਾਮ-ਸੇਤ) ਹਨੇਰੇ-ਚਾਨਣੇ (ਪੱਖ ਵਿਚ ਚੰਦਰਮਾ) ਵਧਦਾ ਤੇ ਘਟਦਾ ਹੈ, ਇਸੇ ਤਰ੍ਹਾਂ ਭੋਗੀ ਪੁਰਸ਼ ਦਾ ਹਿਰਦਾ ਹਨੇਰਾ ਪੱਖ ਹੈ ਇਸ ਵਿਚ ਵੈਰਾਗ ਚੰਦਰਮਾ ਘਟਦਾ ਹੈ ਅਤੇ ਯੋਗੀ ਪੁਰਸ਼ ਦਾ ਹਿਰਦਾ ਚਾਨਣਾ ਪੱਖ ਹੈ, ਜਿਸ ਵਿਚ ਵੈਰਾਗ ਚੰਦਰਮਾ ਵਧਦਾ ਹੈ। (ਜਿਵੇਂ ਚੰਦਰਮਾ ਵਿਚ ਕਲੰਕ ਹੈ, ਇਵੇਂ ਹੀ ਵੈਰਾਗੀ ਪੁਰਸ਼ ਜੋ) ਵੇਦ (ਦੇ ਪੂਰਬ ਭਾਗ ਵਿਚਲੇ ਕਰਮਾਂ ਨੂੰ) ਨਹੀਂ ਮੰਨਦਾ, (ਇਹ ਵੈਰਾਗ ਰੂਪ ਚੰਦਰਮਾ ਵਿਚ) ਦੋਖ ਹੈ, (ਜਿਵੇਂ ਚੰਦਰਮਾ ਅਕਾਸ਼ ਵਿਚ ਪ੍ਰਕਾਸ਼ ਕਰਦਾ ਹੈ, ਇਵੇਂ ਹੀ ਭਗਤ-ਜਨਾਂ ਦੇ ਮਨ ਰੂਪ (ਬਿਓਮ) ਅਕਾਸ਼ ਵਿਚ (ਵਿਕਸਤ) ਪ੍ਰਕਾਸ਼ ਕਰਦਾ ਹੈ, ਇਸ ਕਰਕੇ (ਨਿਰਵੈਦ) ਵੈਰਾਗ ਸੱਚ-ਮੁਚ ਹੀ (ਇਸ) ਚੰਦਰਮਾ ਸਮਾਨ ਹੈ ॥੬੯॥

### ਦੋਹਰਾ

**ਅੰਕ ਬ੍ਰਿੰਦ ਕੋ ਗੁੰਦ ਕਰ ਬੰਦ ਛੰਦ ਕੋ ਕੀਨ।**
**ਤੁਟਤ ਯੁਕਤ ਛੰਦਾਰਥ ਜਹਿੰ ਕਵੋ ਸੁਧਾਰੋ ਤੀਨ ॥੭੦॥**

ਅੱਖਰਾਂ ਦੇ ਝੁੰਡ ਨੂੰ ਜੋੜਕੇ, (ਮੈਂ) ਛੰਦਾਂ ਨੂੰ ਬੰਨ੍ਹ ਕੇ ਤਿਆਰ ਕੀਤਾ ਹੈ।

(ਇਸ ਵਿਚ ਜੇ) ਛੰਦ ਟੁਟਦੇ ਹੋਣ, ਯੁਕਤਿ ਟੁਟਦੀ ਹੋਵੇ ਜਾਂ ਅਰਥ ਟੁਟਦਾ ਹੋਵੇ, ਤਾਂ ਹੇ ਕਵੀ ਜਨੋਂ . ਇਹ ਤਿੰਨੇ ਦਰੁੱਸਤ ਕਰ ਲੈਣੇ ॥੭੦॥

## ਦੋਹਰਾ

**ਯੋਗੀ ਜਨ ਕੇ ਬਚਨ ਕੇ ਭੋਗੀ ਭੇਦ ਅਵਿੰਦੁ ।**
**ਈਸ ਕ੍ਰਿਪਾ ਬਲ ਜਥਾ ਮਤਿ ਕਹਯੋ ਸਿੰਧ ਮੋਂ ਬਿੰਦੁ ॥੭੧॥**

ਯੋਗੀ ਮਹਾਤਮਾ ਦੇ ਬਚਨਾਂ ਦੇ ਭੇਦ ਨੂੰ ਭੋਗੀ ਪੁਰਸ਼ (ਅਵਿੰਦ) ਨਹੀਂ ਜਾਣ ਸਕਦਾ। (ਪਰ) ਈਸ਼ਵਰ ਦੀ ਕ੍ਰਿਪਾ ਨਾਲ, ਜਿਹੋ ਜਿਹੀ ਬੁੱਧੀ ਸੀ, ਉਸ ਦੇ ਅਨੁਸਾਰ ਹੀ ਸਮੁੰਦਰ ਵਿਚ ਬੂੰਦ ਸਮਾਨ ਕਥਨ ਕੀਤਾ ਹੈ ॥੭੧॥

## *ਸ਼ਿਵ ਮੰਗਲ ਕਬਿੱਤ*

**ਬਸੇ ਸ਼ਿਵਾ ਬਾਮ ਅੰਗ ਲਸੇ ਭੂਤ ਜੂਥ ਸੰਗ,**
**ਗ੍ਰਸੇ ਭੰਗ ਸੀਸ ਗੰਗ ਗਜਾਨ ਤੀਨ ਕਾਲ ਕੋ ।**
**ਧੇਨ ਬਾਲ ਬਾਹਨ ਸੁਧਾਂਕ ਬਾਲ ਭਾਲ ਧਰੇ,**
**ਗਰੇ ਬਿਆਲ ਰੁੰਡਮਾਲ ਤਲੇ ਸਿੰਘ ਖਾਲ ਕੋ ।**
**ਨਾਥਨ ਕੋ ਨਾਥ ਹੈ ਅਨਾਥਨ ਕੇ ਨਾਥ ਦੇਵ,**
**ਜਾਂ ਕੇ ਪਾਦ ਪਾਥ ਮਾਥ ਧਰੇ ਹਰੇ ਕਾਲ ਕੋ ।**
**ਦਯਾ ਸਿੰਧ ਅਲ ਕਾਮ ਕਾਮ ਰਿਪ ਸੁਖ ਧਾਮ,**
**ਹਰ ਦਯਾਲ ਕੀ ਨਮਾਮਿ ਐਸੇ ਹਰ ਦਿਆਲ ਕੋ ॥੭੨॥**

ਸ਼ਿਵਾ-ਪਾਰਬਤੀ। ਬਾਮ ਅੰਗ-ਖੱਬੇ ਪਾਸੇ। ਜੂਥ-ਜਥਾ, ਝੁੰਡ। ਗ੍ਰਸੇ-ਪੀਤੀ ਹੋਈ। ਧੇਨ ਬਾਲ-ਗਊ ਦਾ ਪੁਤ੍ਰ ਬਲਦ। ਬਾਹਨ-ਘੋੜਾ। ਸੁਧਾਂਕ-ਚੰਦ੍ਰਮਾ। ਬਾਲ-ਦੂਜ ਦਾ। ਭਾਲ-ਮਥੇ ਉਤੇ। ਬਿਆਲ-ਸੱਪ। ਸਿੰਘ ਖਾਲ-ਸ਼ੇਰ ਦੀ ਖੱਲ। ਪਦ ਪਾਥ-ਚਰਨਾਂ ਦਾ ਜਲ ਚਰਨਾਂਮ੍ਰਿਤ। ਅਲ-ਪੂਰਨ। ਕਾਮ-ਇੱਛਾ। ਕਾਮਰਿਪ-ਕਾਮ ਦਾ ਵੈਰੀ ਸ਼ਿਵਜੀ।

ਜਿਹਨਾਂ ਦੇ ਖੱਬੇ ਹਿੱਸੇ ਵਿਚ ਪਾਰਬਤੀ ਵੱਸਦੀ ਹੈ, ਜਿਹਨਾਂ ਨਾਲ ਭੂਤਾਂ ਦੀ ਸੈਨਾ ਪ੍ਰਕਾਸ਼ ਰਹੀ ਹੈ, ਜਿਹਨਾਂ ਨੇ ਭੰਗ ਪੀਤੀ ਹੋਈ ਹੈ ਜਿਸਦੇ ਸਿਰ ਉਤੇ ਗੰਗਾ ਹੈ। ਤੇ ਤਿੰਨਾਂ ਸਮਿਆਂ ਦਾ (ਜਿਸਨੂੰ) ਗਿਆਨ ਹੈ। (ਜੋ) ਬਲਦ ਦਾ ਸਵਾਰ ਹੈ। ਦੂਜ ਦਾ ਚੰਦਰਮਾਂ (ਜਿਸਨੇ) ਮੱਥੇ ਉਤੇ ਧਰਿਆ ਹੋਇਆ ਹੈ, ਜਿਸ ਨੇ ਗਲ ਵਿਚ ਸੱਪ ਤੇ ਸਿਰਾਂ ਦੀ ਮਾਲਾ ਪਾਈ ਹੋਈ ਹੈ ਅਤੇ ਆਪਣੇ ਹੇਠਾਂ ਸ਼ੇਰ ਦੀ ਖੱਲ ਵਿਛਾਈ ਹੋਈ ਹੈ। (ਜੋ) ਨਾਥਾਂ ਦਾ ਨਾਥ ਹੈ ਤੇ ਅਨਾਥਾਂ ਦਾ ਭੀ ਨਾਥ ਹੈ, ਜਿਸਦੇ ਚਰਨਾਂ ਦਾ ਜਲ ਚਰਨਾਂਮ੍ਰਿਤ ਕਾਲ ਨੂੰ ਨਾਸ ਕਰ ਦੇਂਦਾ ਹੈ।

(ਜੋ) ਦਯਾ ਦਾ ਸਮੁੰਦਰ ਹੈ। (ਜੋ) ਸਾਰੀਆਂ ਕਾਮਨਾਵਾਂ ਪੂਰਨ ਕਰਦਾ ਹੈ, (ਜੋ) ਕਾਮ ਦਾ ਵੈਰੀ

ਸੁਖਾਂ ਦਾ ਘਰ ਹੈ, ਮੈਂ ਹਰ ਦਿਆਲ (ਕਵੀ) ਦੀ ਇਸ ਤਰ੍ਹਾਂ ਦੇ ਦਿਆਲੂ ਸ਼ਿਵਜੀ ਨੂੰ ਨਮਸਕਾਰ ॥੭੨॥

### *ਵਿਸ਼ਨ ਮੰਗਲ ਸ੍ਵੈਯਾ ॥*

**ਸਖੁ ਸਾਂਤਿ ਸਰੂਪ ਸਵੈ ਅਹਿ ਊਪਰ,**
**ਬਾਰਜ ਨਾਭਿ ਸੁਰੇਸ ਕੇ ਰਾਈ।**
**ਸਭ ਵਿਸ਼੍ਵਅਧਾਰ ਅਕਾਸ਼ ਪ੍ਰਕਾਰ,**
**ਸੁਬਾਰਿਦ ਰੰਗ ਸੁਭਾਂਗ ਸਬਾਈ।**
**ਵਰ ਸ੍ਰੀ ਵਰ ਲੋਚਨ ਨੀਰਜ ਸੇ,**
**ਜਿਹ ਚੀਨਤ ਜੋਗੀ ਸਮਾਧਿ ਲਗਾਈ।**
**ਭਵ ਤ੍ਰਾਸ ਕੇ ਨਾਸ ਕੋ ਹੇਤੁ ਨਮੋ,**
**ਤਿਨ ਲੋਕ ਪਤੀਇਕ ਤਾ ਹਰਿ ਤਾਂਈ ॥੭੩॥**

ਅਹਿ-ਸ਼ੇਸ਼ਨਾਗ। ਬਾਰਜ-ਕਮਲ। ਨਾਭਿ-ਧੁਨੀ ਵਿਚ। ਸੁਰੇਸ-ਇੰਦ੍ਰ। ਬਾਰਿਦ-ਬਦਲ। ਵਰ-ਸ੍ਰੇਸ਼ਟ। ਸ੍ਰੀਵਰ-ਲਛਮੀ ਦੇ ਸਵਾਮੀ। ਨੀਰਜ-ਕਮਲ।

(ਜੋ) ਸ਼ਾਂਤਿ ਸਰੂਪ ਸੁਖ (ਦੇਣ ਵਾਲੇ ਹਨ, ਜੋ) ਸ਼ੇਸ਼ਨਾਗ ਦੇ ਉਤੇ ਸੌਂਦੇ ਹਨ, (ਜਿਹਨਾਂ ਦੀ) ਧੁੰਨੀ ਵਿਚ ਕੰਵਲ ਹੈ, (ਜੋ) ਇੰਦਰ ਦੇ ਵੀ ਸ੍ਵਾਮੀ ਹਨ।

(ਜੋ) ਸਾਰੇ ਵਿਸ਼ਵ ਦਾ ਆਸਰਾ ਹੈ (ਜੋ) ਅਕਾਸ਼ ਵਾਂਗੂੰ ਸਭਨਾਂ ਵਿਚ ਵਿਆਪਕ ਹੈ ਤੇ ਨਿਰਲੇਪ ਹੈ, (ਜਿਸਦਾ) ਬਦਲਾਂ ਦੇ ਸਮਾਨ ਸੁੰਦਰ ਸ਼ਾਮ ਰੰਗ ਹੈ, ਜਿਹਨਾਂ ਦੇ ਸਾਰੇ ਹੀ ਅੰਗ ਸੋਭਾ ਵਾਲੇ ਹਨ।

(ਜੋ) ਸ੍ਰੇਸ਼ਟ ਲਛਮੀ ਦਾ ਸਵਾਮੀ ਹੈ (ਜਿਸਦੇ) ਕਮਲ ਸਮਾਨ ਨੇਤਰ ਹਨ, ਜਿਸ ਨੂੰ ਜਾਨਣ ਵਾਸਤੇ ਯੋਗੀ-ਜਨ ਸਮਾਧੀ ਲਾਂਦੇ ਹਨ।

(ਮੈਂ) ਜਨਮ-ਮਰਨ ਦੇ ਡਰ ਦੇ ਨਾਸ ਦੇ ਵਾਸਤੇ ਉਸ ਹਰੀ ਤਾਈਂ ਨਮਸਕਾਰ ਕਰਦਾ ਹਾਂ, (ਜੋ) ਤਿੰਨਾਂ ਲੋਕਾਂ ਦਾ ਇਕੋ ਇਕ ਪਤੀ ਹੈ ॥੭੩॥

### *ਛਪੈ ॥*

**ਉਚਿਤ ਭਰਤ ਵੈਰਾਗ ਇਨਹਿ ਇੰਦ੍ਰਾਦਿ ਨਾ ਪਾਵਹਿ।**
**ਵਿਖੈ ਭੋਗ ਸੰਜੋਗ ਵਿਖੇ ਸੁਰ ਜਨਮ ਬਿਤਾਵਹਿ।**
**ਪ੍ਰਗਟੇ ਜੋ ਇਕ ਬਾਰ ਪੁੰਨ ਸਭ ਬਹੁ ਜਨਮਾ ਕੋ।**
**ਯਹ ਵੈਰਾਗ ਵਿਭਾਗ ਤਾਂਹਿ ਵਡਭਾਗ ਜਨਾ ਕੋ।**

**ਭਵ ਹਰੇ ਖੇਦ ਨਿਰਵੇਦ ਤਿਹ ਕਰੇ ਸਾਂਤਿ ਉਰ ਭ੍ਰਾਂਤਿ ਹਤ।**
**ਜੋ ਕਰੇ ਨਿਰਾਦਰ ਤਾਂਹਿ ਸੋ ਕਹੂੰ ਨ ਸੁਖ ਆਦਰ ਲਹਤ ॥੭੪॥**

੧. (ਜੋ) ਉੱਚੇ ਦਰਜੇ ਦਾ ਵੈਰਾਗ ਭਰਥਰੀ ਜੀ ਨੂੰ ਹੋਇਆ ਸੀ, ਇਸ ਨੂੰ ਇੰਦਰ ਵਰਗੇ ਭੀ ਨਹੀਂ ਪਾਂਦੇ ਹਨ।

੨. (ਕਿਉਂਕਿ ਉਹ) ਦੇਵਤੇ ਵਿਸ਼ੇ ਭੋਗਾਂ ਦੇ ਜੋੜ ਜਨਮਾਂ ਕਰਨ ਵਿਚ ਹੀ ਦੇਵਤੇ ਜਨਮ ਗੁਜ਼ਾਰ ਲੈਂਦੇ ਹਨ।

੩. ਜੇ ਇਕੋ ਵੇਰੀ ਹੀ ਬਹੁਤ ਸਾਰੇ ਜਨਮਾਂ ਦੇ ਸਾਰੇ ਹੀ ਪੁੰਨ ਕਰਮ ਪ੍ਰਗਟ ਹੋ ਜਾਣ। ਤਦ:

੪. ਇਹ ਵੈਰਾਗ ਰੂਪ ਉੱਤਮ ਭਾਗ (ਹਿੱਸਾ) ਉਸ ਵਡਭਾਗੀ ਪੁਰਸ਼ਾਂ ਨੂੰ (ਮਿਲਦਾ ਹੈ)।

੫. ਇਹ ਵੈਰਾਗ ਉਸਦੇ ਹਿਰਦੇ ਦੀ ਭ੍ਰਾਂਤੀ ਨਾਸ ਕਰਦਾ ਹੈ (ਅਤੇ ਉਸਦੇ) ਸੰਸਾਰਕ ਦੁਖ ਨਾਸ ਕਰਦਾ ਹੈ।

੬. ਜੋ ਪੁਰਸ਼ (ਇਸ ਵੈਰਾਗ) ਦਾ ਨਿਰਾਦਰ ਕਰਦਾ ਹੈ ਉਹ ਨ ਕਿਧਰੇ ਆਦਰ ਲੈਂਦਾ ਹੈ ਤੇ ਨਾ ਹੀ ਸੁਖ ਪ੍ਰਾਪਤ ਕਰਦਾ ਹੈ ॥੭੪॥

### ਦੋਹਰਾ

**ਰਵਿ ਪ੍ਰਭਾਵ ਤ੍ਰਿਓਦਸੋ ਹਰਹਿ ਤਿਮਰ ਉਰ ਭ੍ਰਾਂਤਿ।**
**ਸਾਂਤਿ ਹੇਤ ਸੂਜਨਨ ਕੋ ਭਯੋ ਆਪ ਅਬ ਸਾਂਤਿ ॥੭੫॥**

ਇਹ ਤੇਰ੍ਹਵਾਂ ਅਧਯਾਇ ਸੂਰਜ (ਸਮਾਨ) (ਪ੍ਰਭਾਵ) ਪ੍ਰਚੰਡ ਤੇਜ ਵਾਲਾ ਹੈ, (ਜੋ) ਹਿਰਦੇ ਦੀ ਭ੍ਰਾਤੀ ਰੂਪ ਹਨੇਰੇ ਨੂੰ ਨਾਸ ਕਰਦਾ ਹੈ।

ਅਤੇ ਭਲੇ ਪੁਰਸ਼ਾਂ (ਦੇ ਹਿਰਦੇ) ਨੂੰ ਸਾਂਤਿ ਕਰਨ ਦਾ ਕਾਰਣ ਹੈ, (ਉਹ) ਹੁਣ ਆਪ ਭੀ ਸਾਤ ਹੋ ਗਿਆ ਹੈ, ਭਾਵ ਤੇਰ੍ਹਵਾਂ ਅਧਯਾਇ ਸਮਾਪਤ ਹੋਇਆ ਹੈ ॥੭੫॥

### ਸੋਰਠਾ

**ਭਰਤ ਸ਼ਤਕ ਵੈਰਾਗ ਪ੍ਰਾਰੰਭਯੋ ਚੂਹਣੀ ਪੁਰੇ।**
**ਸਮ ਪਵਿਤ੍ਰ ਪ੍ਰਯਾਗ ਸੁਧਾਸਰੇ ਇਤਿ ਸ੍ਰੀ ਭਯੋ ॥੭੬॥**

(ਜੋ) ਸ੍ਰੀ ਭਰਥਰੀ ਦਾ ਵੈਰਾਗ ਸ਼ਤਕ ਚੂਹਣੀ ਪੁਰ, ਜ਼ਿਲ੍ਹਾ ਲਾਹੌਰ) ਵਿਚ (ਸੰਸਕ੍ਰਿਤਾਂ ਤੋਂ ਬ੍ਰਿਜਭਾਸ਼ਾ ਵਿਚ ਅਨੁਵਾਦ ਕਰਨਾ) ਆਰੰਭ ਕੀਤਾ ਸੀ। ਸੋ ਪ੍ਰਯਾਗ ਦੇ ਸਮਾਨ ਪਵਿੱਤ੍ਰ ਸਥਾਨ ਸੀ, ਅੰਮ੍ਰਿਤਸਰ ਵਿਚ ਆਣ ਕੇ ਪੂਰਾ ਹੋਇਆ ਹੈ ॥੭੬॥

ਦੋਹਰਾ ॥

**ਸਸਿ ਵਸੁ ਵਸੁ ਰਸ ਸਸਿ ਵਤੀ ਦਰਸਾਸੂ ਕੇ ਮਾਹਿ ।**
**ਸੰਪੂਰਨ ਸੰਪੂਰਨੋ ਭਯੋ ਗ੍ਰੰਥ ਸ਼ੁਭ ਆਹਿ ॥੭੭॥**

ਸਸਿ-ਚੰਦ੍ਰਮਾਂ ੧ । ਵਸੁ-ਅੱਡ੮ । ਰਸ-੬ ।

ਸਸਿ ਵਤੀ-ਸੋਮਾਵਤੀ ਅਮਾਵਸ ॥ ਦਰਸਾਸੂ-ਅੱਸੂ ਦਾ ਮਹੀਨਾ ।

ਸੰਮਤ ੧੮੮੬ ਬਿਕ੍ਰਮੀ ਮਹੀਨਾ ਅੱਸੂ, ਸੋਮਾਵਤੀ ਅਮਾਵਸ ਦੇ ਵਿਚ ਇਹ ਪਵਿੱਤ੍ਰ ਗ੍ਰੰਥ ਸਾਰਾ ਹੀ ਪੂਰਾ ਹੋਇਆ ਹੈ ॥੭੭॥ ਤੇਰ੍ਹਵਾਂ ਅਧਯਾਯ ਸਮਾਪਤ ॥

*ਇਤਿ ਪੁਸਤਕ ਵੈਰਾਗ ਸ਼ੱਤਕ ਸਟੀਕ ਸਮਾਪਤੰ ॥*



ISBN 81-7601-715-9

2000 Certified Publishing House